**Start CDL TRAINING**

**Become Professional Truck Driver**

www.cdlstart.com

startcdl@gmail.com

**(844) 227-2162**

**We speak Hindi and English**

START CDL TRAINING

**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

*One of the Fastest Growing City in America and Best School System...*

■ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ

■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ

■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ

■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

**For the Best advice for BUYING-SELLING-RENTING**

Ben Singh Bashal (Realtor/Broker) Kamaljeet Kaur (Realtor/Broker)

Ph: 317-809-1818 Ph: 317-909-9295

midlandrealtygroup@yahoo.com kahlonkamaljeet@gmail.com

**Midland Realty Group-Company You Trust**



*Kamaljeet Kaur*

*Mortgage rates available from 2.1% to 3%*



Twenty-Second Year of Publication

*ਨਿਊ ਯਾਰਕ ਐਡੀਸ਼ਨ* Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 06, February 5, 2022 20451 N. Plum Grove Rd., Palatine, IL 60074 Ph:847-359-0746, Fax:847-705-9388


# ਮੋਦੀ ਸਰਕਾਰ ਦਾ ਖੇਤੀ ਖੇਤਰ ਨੂੰ ਹੋਰ ਝਟਕਾ

## ਬਜਟ ਨੇ ਮੱਧ ਵਰਗ, ਕਿਸਾਨਾਂ ਤੇ ਆਮ ਲੋਕਾਂ ਦੀਆਂ ਆਸਾਂ ਉਤੇ ਪਾਣੀ ਫੇਰਿਆ

**ਨਵੀਂ ਦਿੱਲੀ:** ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਪੇਸ਼ ਕੇਂਦਰੀ ਬਜਟ ਨੇ ਮੱਧ ਵਰਗ, ਕਿਸਾਨਾਂ, ਮੁਲਾਜ਼ਮਾਂ ਤੇ ਆਮ ਲੋਕਾਂ ਦੀਆਂ ਆਸਾਂ ਉਤੇ ਪਾਣੀ ਫੇਰ ਦਿੱਤਾ ਹੈ। ਪੰਜਾਬ ਸਣੇ ਅਗਾਮੀ ਚੋਣਾਂ ਵਾਲੇ ਪੰਜ ਰਾਜ ਕਿਸੇ ਵੱਡੀ ਸੌਗਾਤ ਦੀ ਆਸ ਲਾਈ ਬੈਠੇ ਸਨ ਪਰ ਉਨ੍ਹਾਂ ਹੱਥ ਵੀ ਨਿਰਾਸ਼ਾ ਹੀ ਲੱਗੀ। ਕਿਸਾਨਾਂ ਨੇ ਜਿਥੇ ਇਸ ਬਜਟ ਨੂੰ ਸਰਕਾਰ ਖਿਲਾਫ ਵਿੱਢੇ ਸੰਘਰਸ਼ ਬਦਲੇ ਕਿੜ ਕੱਢਣ ਵਾਲਾ ਕਰਾਰ ਦਿੱਤਾ ਹੈ, ਉਤੇ ਵਿਰੋਧੀ ਧਿਰਾਂ ਨੇ ਇਸ ਨੂੰ 'ਲੌਲੀਪੌਪ ਬਜਟ' ਦੱਸਿਆ ਹੈ।

ਸਭ ਤੋਂ ਵੱਡਾ ਝਟਕਾ ਖੇਤੀ ਸੈਕਟਰ ਨੂੰ ਦਿੱਤਾ ਗਿਆ ਹੈ। ਖੇਤੀ ਵਿਚ ਵਿੱਤੀ ਵੰਡ ਉਤੇ ਚੋਖਾ ਕੱਟ ਲਾਇਆ ਗਿਆ ਹੈ। ਪਿਛਲੇ ਸਾਲ ਦੇ ਮੁਕਾਬਲੇ ਕੁੱਲ ਬਜਟ ਵਿਚੋਂ ਖੇਤੀ ਲਈ ਅਲਾਟਮੈਂਟ ਵੀ ਘਟਾ ਦਿੱਤੀ ਗਈ ਹੈ। ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਉਲਟ ਕਿਸਾਨ ਸਨਮਾਨ ਨਿਧੀ ਦੀ ਅਲਾਟਮੈਂਟ ਨਾ ਵਧਾਉਣਾ, ਫਸਲ ਬੀਮਾ ਯੋਜਨਾ ਲਈ ਅਲਾਟਮੈਂਟ ਘਟਾਉਣਾ, ਫਸਲਾਂ ਦੀ ਖਰੀਦ ਲਈ ਪ੍ਰਧਾਨ ਮੰਤਰੀ ਆਸ਼ਾ ਯੋਜਨਾ ਵਿਚ ਅਲਾਟਮੈਂਟ ਘਟਾਉਣਾ, ਪਰਾਲੀ ਨਾ ਸਾੜਨ ਲਈ ਅਲਾਟਮੈਂਟ ਖਤਮ ਕਰਨਾ, ਖੇਤੀਬਾੜੀ ਬੁਨਿਆਦੀ ਢਾਂਚੇ ਨੂੰ ਘਟਾਉਣਾ ਆਦਿ ਖੇਤੀ ਖੇਤਰ ਤੋਂ ਹੱਥ ਪਿੱਛੇ ਖਿੱਚਣ ਦੇ ਸਿੱਧੇ ਸੰਕੇਤ ਹਨ।



ਖੇਤੀਬਾੜੀ ਵਿਚ ਵਰਤੀਆਂ ਜਾਣ ਵਾਲੀਆਂ ਵਸਤਾਂ ਜਿਵੇਂ ਬੀਜ, ਕੀਟਨਾਸ਼ਕ, ਨਦੀਨਨਾਸ਼ਕ, ਟਰੈਕਟਰ, ਪਸ਼ੂ ਤੇ ਪੋਲਟਰੀ ਫੀਡ ਆਦਿ ਵਿਚ ਜੀ.ਐਸ.ਟੀ. ਦੀਆਂ ਦਰਾਂ ਵਿਚ ਰਾਹਤ ਨਾ ਦੇਣਾ ਵੀ ਸਰਕਾਰ ਦੀ ਨੀਅਤ ਉਤੇ ਸਵਾਲ ਖੜ੍ਹੇ ਕਰ ਰਿਹਾ ਹੈ। ਰਵਾਇਤੀ ਫਸਲਾਂ ਕਣਕ-ਝੋਨੇ ਦੀ ਐਮ.ਐਸ.ਪੀ. ਉਤੇ ਖਰੀਦ ਕਰਨ ਲਈ ਪਿਛਲੇ ਸਾਲ ਨਾਲੋਂ ਕੁੱਲ ਬਜਟ 'ਚੋਂ 2 ਫੀਸਦ ਕਟੌਤੀ ਕਰਦਿਆਂ 2.42 ਲੱਖ ਕਰੋੜ ਰੁਪਏ ਤੋਂ ਘਟਾ ਕੇ 2.37 ਲੱਖ ਕਰੋੜ ਰੁਪਏ ਬਜਟ ਰੱਖਿਆ ਗਿਆ ਹੈ। ਕਿਸਾਨਾਂ ਦਾ ਖਦਸ਼ਾ ਹੈ ਕਿ ਮੋਦੀ ਸਰਕਾਰ ਕਿਸਾਨ ਜਥੇਬੰਦੀਆਂ ਦੀ ਮੁੱਖ ਮੰਗ ਮੁਤਾਬਕ ਸਾਰੀਆਂ ਫਸਲਾਂ ਨੂੰ ਐਮ.ਐਸ.ਪੀ. ਦੇ ਦਾਇਰੇ ਹੇਠ ਲਿਆਉਣ ਦੀ ਥਾਂ ਮੌਜੂਦਾ ਪ੍ਰਣਾਲੀ ਹੇਠਾਂ ਵੀ ਰਵਾਇਤੀ ਫਸਲਾਂ ਨੂੰ ਐਮ.ਐਸ.ਪੀ. ਉਤੇ ਖਰੀਦਣ ਦੀ ਵਿਵਸਥਾ ਤੋਂ ਹੱਥ ਪਿੱਛੇ ਖਿੱਚ ਰਹੀ ਹੈ।


*(ਬਾਕੀ ਸਫਾ 6 'ਤੇ)*


# ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਣ ਦੀ ਕਾਹਲੀ

**ਪ੍ਰਯਾਗਰਾਜ:** ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਣ ਲਈ ਵੱਡੀ ਗਿਣਤੀ ਕੱਟੜ ਹਿੰਦੂ ਜਥੇਬੰਦੀਆਂ ਕਾਹਲੀਆਂ ਪਈਆਂ ਜਾਪ ਰਹੀਆਂ ਹਨ। ਵੱਡੀ ਗਿਣਤੀ ਭਾਜਪਾ ਆਗੂਆਂ ਵੱਲੋਂ ਵੀ ਇਹ ਮੰਗ ਲਗਾਤਾਰ ਜ਼ੋਰ-ਸ਼ੋਰ ਨਾਲ ਚੁੱਕੀ ਜਾ ਰਹੀ ਹੈ। ਪ੍ਰਯਾਗਰਾਜ ਵਿਚ ਚੱਲ ਰਹੇ ਮਾਘ ਮੇਲੇ 'ਚ ਧਰਮ ਸੰਸਦ ਵਿਚ ਸ਼ਾਮਲ ਸੰਤਾਂ ਨੇ ਮੰਗ ਕੀਤੀ ਕਿ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਦੇਣਾ ਚਾਹੀਦਾ ਹੈ, ਸੁਭਾਸ਼ ਚੰਦਰ ਬੋਸ ਨੂੰ ਦੇਸ਼ ਦਾ ਪਹਿਲਾ ਪ੍ਰਧਾਨ ਮੰਤਰੀ ਐਲਾਨਣਾ ਚਾਹੀਦਾ ਹੈ, ਤੇ ਨਾਲ ਹੀ ਧਰਮ ਬਦਲੀਆਂ ਲਈ ਫਾਂਸੀ ਦੀ ਸਜ਼ਾ ਰੱਖਣੀ ਚਾਹੀਦੀ ਹੈ ਤੇ ਇਸ ਨੂੰ ਦੇਸ਼ਧ੍ਰੋਹ ਵਜੋਂ ਲਿਆ ਜਾਣਾ ਚਾਹੀਦਾ ਹੈ।

ਨਾਲ ਹੀ ਕਿਹਾ ਗਿਆ ਕਿ 'ਦੇਸ਼ ਭਗਤ' ਮੁਸਲਮਾਨ ਪਰਿਵਾਰ ਦਾ ਹਿੱਸਾ ਹਨ ਤੇ ਉਨ੍ਹਾਂ ਦੀ 'ਘਰ ਵਾਪਸੀ' ਮੁਹਿੰਮ ਤੇਜ ਕਰਨ ਬਾਰੇ ਜਿਹੜਾ ਫੈਸਲਾ ਕੀਤਾ ਗਿਆ ਹੈ, ਉਹ ਜਾਰੀ ਰਹੇਗਾ। ਇਸ ਸਮਾਗਮ ਦੇ ਮੁੱਖ ਮਹਿਮਾਨ ਸੁਮੇਰੂ ਪੀਠਾਧੀਸ਼ਵਰ ਦੇ ਜਗਤਗੁਰੂ ਸਵਾਮੀ ਨਰੇਂਦਰਨੰਦ ਸਰਸਵਤੀ ਸਨ। ਉਨ੍ਹਾਂ ਕਿਹਾ, "ਸਰਕਾਰ ਸ਼ਾਇਦ ਭਾਰਤ ਨੂੰ ਹਿੰਦੂ ਰਾਸ਼ਟਰ ਨਾ ਐਲਾਨੇ ਪਰ ਸਾਰੇ ਹਿੰਦੂਆਂ ਨੂੰ ਹੁਣ ਮੁਲਕ ਨੂੰ ਹਿੰਦੂ ਰਾਸ਼ਟਰ ਦੱਸਣਾ ਤੇ ਲਿਖਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਕਰ ਕੇ ਸਰਕਾਰ ਨੂੰ ਦੇਸ਼ ਨੂੰ ਹਿੰਦੂ ਰਾਸ਼ਟਰ ਐਲਾਨਣ ਲਈ ਮਜਬੂਰ ਕੀਤਾ ਜਾ ਸਕਦਾ ਹੈ।" ਸ਼ਕਤੀ ਪੀਠਾਧੀਸ਼ਵਰ ਸਵਾਮੀ ਲਲਿਤਾਨੰਦ ਨੇ ਕਿਹਾ, "ਹਰ ਬੱਚਾ ਜਨਮ ਤੋਂ ਹਿੰਦੂ ਹੈ, ਮਗਰੋਂ ਉਸ ਦੇ ਰਸਮਾਂ ਰਿਵਾਜ ਬਦਲਦੇ ਹਨ। ਅਸੀਂ ਆਪਣਾ ਸਭਿਆਚਾਰ ਛੱਡਿਆ ਹੈ ਤੇ ਇਸੇ ਲਈ ਹੁਣ ਦੂਜੇ ਇਸ ਨੂੰ ਅਪਣਾ ਰਹੇ ਹਨ।"



ਕੁਝ ਦਿਨ ਪਹਿਲਾਂ ਹੀ ਸਾਬਕਾ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਅਤੇ ਅਮਰੀਕਾ ਦੇ ਇਕ ਸੈਨੇਟਰ ਸਮੇਤ ਚਾਰ ਕਾਨੂੰਨ ਘਾੜਿਆਂ ਨੇ ਭਾਰਤ ਅੰਦਰ ਮਨੁੱਖੀ ਅਧਿਕਾਰਾਂ ਦੀ ਹਾਲਤ ਵਿਚ ਆ ਰਹੇ ਵਿਗਾੜ ਉੱਤੇ ਚਿੰਤਾ ਪ੍ਰਗਟ ਕੀਤੀ ਸੀ ਜਿਸ ਉਤੇ ਭਾਜਪਾ ਨੇ ਸਖਤ ਇਤਰਾਜ਼ ਜਤਾਇਆ ਸੀ। ਹੁਣ ਹਿੰਦੂ ਜਥੇਬੰਦੀਆਂ ਵੱਲੋਂ ਹਿੰਦੂ ਰਾਸ਼ਟਰ ਤੇ ਘੱਟ ਗਿਣਤੀਆਂ ਬਾਰੇ ਬਿਆਨ ਉਤੇ ਵੱਡੇ ਸਵਾਲ ਉਠ ਰਹੇ ਹਨ।

ਪਿਛਲੇ ਸਾਲਾਂ 'ਚ ਮੁਸਲਮਾਨ ਭਾਈਚਾਰੇ ਤੇ ਦਲਿਤਾਂ ਨੂੰ ਹਜੂਮੀ ਹਿੰਸਾ ਦਾ ਸ਼ਿਕਾਰ ਬਣਾਇਆ ਗਿਆ, ਅਜਿਹੀ ਹਿੰਸਾ ਕਰਨ ਵਾਲਿਆਂ ਦਾ ਸੱਤਾ 'ਚ ਬੈਠੇ ਕੁਝ ਤੱਤਾਂ ਨੇ ਜਨਤਕ ਤੌਰ 'ਤੇ ਮਾਣ-ਸਨਮਾਨ ਕੀਤਾ। ਧਰਮ ਸੰਸਦਾਂ ਦੇ ਨਾਂ 'ਤੇ ਨਫਰਤ ਭਰਿਆ ਪ੍ਰਚਾਰ ਕਰਦਿਆਂ ਵਿਦਿਆਰਥੀਆਂ ਨੂੰ ਕਿਤਾਬਾਂ ਛੱਡਣ ਤੇ ਤਲਵਾਰਾਂ ਉਠਾਉਣ ਲਈ ਕਿਹਾ ਜਾਂਦਾ ਹੈ। ਕਿਸਾਨ ਅੰਦੋਲਨ ਦੌਰਾਨ ਅੰਦੋਲਨਕਾਰੀਆਂ ਨੂੰ ਕਦੇ ਖਾਲਿਸਤਾਨੀ, ਕਦੇ ਅਤਿਵਾਦੀ, ਕਦੇ ਨਕਸਲੀ ਤੇ ਕਦੇ ਅੰਦੋਲਨਜੀਵੀ ਕਰਾਰ ਦਿੱਤਾ ਗਿਆ। ਜਮਹੂਰੀ ਹੱਕਾਂ ਲਈ ਆਵਾਜ਼ ਉਠਾਉਣ ਵਾਲਿਆਂ ਨੂੰ 'ਟੁਕੜੇ ਟੁਕੜੇ ਗੈਂਗ', 'ਦੇਸ਼ਧ੍ਰੋਹੀ', 'ਸ਼ਹਿਰੀ ਨਕਸਲੀ' ਆਦਿ ਗਰਦਾਨਿਆ ਜਾਂਦਾ ਰਿਹਾ।




*M Vivek Malik*

**Law Office of M Vivek Malik**

**Toll free no 866-424-4000**

ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ

ACCOMPLISHED IMMIGRATION Attorneys Help FAMILIES REUNITE in the UNITED STATES Our Global & Nationwide Services in the field of U.S. Immigration & Nationality law

**Business immigration & worksite compliance**
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
**Family & general immigration**
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
**Naturalization & citizenship**
ਨੈਚੂਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
**Removal defense & waivers**

**Our offices**

432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344

www.usa.immigrationlaw.com



*ਬੌਬੀ ਸਿੰਘ*

**ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ**

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419



Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 60 Cent + Team 70 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਅਮਰੀਕਾ ਦੇ ਸਿੱਖ ਭਾਈਚਾਰੇ ਨੇ ਫ਼ਤਹਿ ਦਿਵਸ ਮਨਾਇਆ

## ਅਮਰੀਕਨ ਅਧਿਕਾਰੀਆਂ ਨੇ ਸਿੱਖ ਭਾਈਚਾਰੇ ਨਾਲ ਖੜ੍ਹਨ ਦੀ ਵਚਨਬੱਧਤਾ ਪ੍ਰਗਟਾਈ

**ਫਰਿਜ਼ਨੋ, ਕੈਲੀਫੋਰਨੀਆ:** ਕਿਸਾਨ ਅੰਦੋਲਨ ਦੇ ਸ਼ੁਰੂ ਵਿਚ ਖੇਤੀ ਕਾਨੂੰਨਾਂ ਖ਼ਿਲਾਫ ਦੁਨੀਆ ਦੀ ਸਭ ਤੋਂ ਪਹਿਲੀ ਰੈਲੀ ਫਰਿਜ਼ਨੋ ਵਿਖੇ ਹੋਈ ਸੀ, ਜਿਸ ਤੋਂ ਬਾਅਦ ਕਈ ਰੈਲੀਆਂ ਅਤੇ ਫੰਡ ਰੇਜ਼ਰ ਹੋਏ ਅਤੇ ਅੰਦੋਲਨ ਕਰ ਰਹੇ ਕਿਸਾਨਾਂ ਦੀ ਮਦਦ ਕੀਤੀ ਗਈ। ਕਿਸਾਨ ਅੰਦੋਲਨ ਦੀ ਸਫਲਤਾ ਤੋਂ ਬਾਅਦ ਫਰਿਜ਼ਨੋ ਵਿਖੇ ਸਮੁੱਚੇ ਅਮਰੀਕਨ ਸਿੱਖ ਭਾਈਚਾਰੇ ਵਲੋਂ ਫਤਹਿ ਦਿਵਸ ਮਨਾਉਂਦਿਆਂ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ, ਜਿਸ ਵਿਚ ਭਾਰਤੀ ਭਾਈਚਾਰੇ ਤੋਂ ਇਲਾਵਾ ਅਮਰੀਕਾ ਦੇ ਵੱਖ-ਵੱਖ ਵਿਭਾਗਾਂ ਤੋਂ ਸਰਕਾਰੀ ਅਧਿਕਾਰੀ ਸ਼ਾਮਲ ਹੋਏ ਅਤੇ ਸਮੁੱਚੇ ਸਿੱਖ ਭਾਈਚਾਰੇ ਨੂੰ ਹਰ ਸਮੇਂ ਸਹਿਯੋਗ ਦੇਣ ਦੀ ਵਚਨਬੱਧਤਾ ਪ੍ਰਗਟਾਈ। ਇਨ੍ਹਾਂ ਵਿਚ ਫਰਿਜ਼ਨੋ ਸਿਟੀ ਕੌਂਸਲ ਦੇ ਮੇਅਰ ਜੈਰੀ ਡਾਇਰ, ਸਾਰੇ ਕੌਂਸਲ ਮੈਂਬਰ, ਇਲਾਕੇ ਦੇ ਕਾਂਗਰਸਮੈਨ ਡੇਵਿਡ ਵਲਡਿਉ ਅਤੇ ਹੋਰ ਵੱਡੇ ਅਧਿਕਾਰੀ ਸ਼ਾਮਲ ਸਨ।



ਇਸ ਸਮੇਂ ਖਾਸ ਤੌਰ 'ਤੇ ਭਾਰਤ ਤੋਂ ਡਾ. ਵਰਿੰਦਰਪਾਲ ਸਿੰਘ, ਇੰਗਲੈਂਡ ਤੋਂ ਯੂਨਾਈਟਿਡ ਨੇਸ਼ਨਜ਼ ਦੇ ਐਡਵਾਈਜ਼ਰ ਡਾ. ਇਕਤੀਦਾਰ ਚੀਮਾ ਨੇ ਸਿੱਖਾਂ ਦੀ ਦੁਨੀਆ ਦੇ ਸਮੁੱਚੇ ਭਾਈਚਾਰੇ ਲਈ ਦੇਣ ਅਤੇ ਆ ਰਹੀਆਂ ਮੁਸ਼ਕਲਾਂ ਬਾਰੇ ਭਾਸ਼ਨ ਦਿੱਤੇ। ਇਸ ਸਮੇਂ ਫਰਿਜ਼ਨੋ ਸਿਟੀ ਕੌਂਸਲ ਕੋਲ ਸਿੱਖ ਭਾਈਚਾਰੇ ਲਈ ਸਕੂਲਾਂ ਅਤੇ ਹੋਰ ਥਾਂਵਾਂ 'ਤੇ ਆ ਰਹੀਆਂ ਮੁਸ਼ਕਲਾਂ ਬਾਰੇ ਵੀ ਗੱਲ ਹੋਈ। ਇਸ ਸਮੁੱਚੇ ਪ੍ਰੋਗਰਾਮ ਦਾ ਟੀਚਾ ਭਾਰਤ ਦੇ ਕਿਸਾਨੀ ਭਾਈਚਾਰੇ ਨੂੰ ਉੱਚਾ ਚੁੱਕਣਾ, ਇੱਥੋਂ ਦੇ ਸਿੱਖ ਭਾਈਚਾਰੇ ਵਲੋਂ ਸਿੱਖਿਆ ਦੇ ਖੇਤਰ ਵਿਚ ਪੰਜਾਬ ਦੀ ਮਦਦ ਕਰਨ ਵਰਗੇ ਵਿਸ਼ੇ ਵੀ ਸ਼ਾਮਲ ਰਹੇ। ਇਸ ਪ੍ਰੋਗਰਾਮ ਦੌਰਾਨ ਫਰਿਜ਼ਨੋ ਸਿਟੀ ਕੌਂਸਲ ਵਲੋਂ ਇਤਿਹਾਸ ਸਿਰਜਦੇ ਹੋਏ 30 ਜਨਵਰੀ ਦਾ ਦਿਨ 'ਫ਼ਤਹਿ ਦਿਵਸ' ਦੇ ਤੌਰ 'ਤੇ ਦਰਜ ਕੀਤਾ ਗਿਆ। ਹੁਣ ਆਉਣ ਵਾਲੇ ਹਰ ਸਾਲ ਅਮਰੀਕਾ ਵਲੋਂ ਸਰਕਾਰੀ ਤੌਰ 'ਤੇ 30 ਜਨਵਰੀ ਨੂੰ ਫਤਹਿ ਦਿਵਸ ਵਜੋਂ ਮਨਾਇਆ ਜਾਇਆ ਕਰੇਗਾ।

ਇਸ ਮੌਕੇ ਸਿਟੀ ਅਧਿਕਾਰੀਆਂ ਵਲੋਂ ਪੰਜਾਬੀ ਭਾਈਚਾਰੇ ਲਈ ਸ਼ਹਿਰ ਵਿਚ 40 ਏਕੜ ਵਿਚ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਖ਼ੂਬਸੂਰਤ ਪਾਰਕ ਬਣਾਉਣ ਦਾ ਪ੍ਰਸਤਾਵ ਵੀ ਰੱਖਿਆ ਗਿਆ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਰਾਜ ਪੰਨੂ ਨੇ ਕੀਤਾ। ਵਿਦੇਸ਼ਾਂ ਵਿਚ ਰਹਿੰਦੇ ਹੋਏ ਅਮਰੀਕਨ ਭਾਈਚਾਰੇ ਵਲੋਂ ਇਹ ਪ੍ਰੋਗਰਾਮ ਆਪਸੀ ਸਾਂਝ ਦਾ ਸੁਨੇਹਾ ਦਿੰਦਾ ਇਤਿਹਾਸਕ ਪੈੜਾਂ ਪਾ ਗਿਆ।

# ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਵਾਲੇ ਸੱਤ ਭਾਰਤੀ ਰਿਹਾਅ

**ਨਿਊ ਯਾਰਕ:** ਪਿਛਲੇ ਹਫਤੇ ਅਮਰੀਕਾ ਵਿਚ ਨਾਜਾਇਜ਼ ਢੰਗ ਨਾਲ ਦਾਖਲ ਹੋਣ ਵੇਲੇ ਅਮਰੀਕਾ-ਕੈਨੇਡਾ ਸਰਹੱਦ 'ਤੇ ਗ੍ਰਿਫਤਾਰ ਕੀਤੇ ਗਏ ਸੱਤ ਭਾਰਤੀ ਨਾਗਰਿਕਾਂ ਨੂੰ ਅਮਰੀਕੀ ਸਰਹੱਦ ਗਸ਼ਤੀ ਬਲ ਦੀ ਹਿਰਾਸਤ 'ਚੋਂ ਰਿਹਾਅ ਕਰ ਦਿੱਤਾ ਗਿਆ ਹੈ। ਹੁਣ ਉਨ੍ਹਾਂ ਨੂੰ ਵਾਪਸ ਭਾਰਤ ਭੇਜਿਆ ਜਾਵੇਗਾ।

ਅਮਰੀਕੀ ਆਬਕਾਰੀ ਤੇ ਸਰਹੱਦ ਸੁਰੱਖਿਆ ਵਿਭਾਗ ਵੱਲੋਂ ਜਾਰੀ ਇਕ ਬਿਆਨ ਅਨੁਸਾਰ, "ਪਿਛਲੇ ਹਫਤੇ ਅਮਰੀਕਾ ਵਿਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲੇ ਸੱਤ ਪਰਵਾਸੀਆਂ ਨੂੰ ਇਮੀਗ੍ਰੇਸ਼ਨ ਤੇ ਨਾਗਰਿਕਤਾ ਕਾਨੂੰਨ ਤਹਿਤ ਦੇਸ਼ ਤੋਂ ਬਾਹਰ ਕੱਢਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।" ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਸੱਤ ਵਿੱਚੋਂ ਛੇ ਭਾਰਤੀਆਂ ਨੂੰ 'ਆਰਡਰ ਆਫ ਸੁਪਰਵਿਜਨ' ਅਧੀਨ ਰੱਖਿਆ ਗਿਆ ਹੈ ਅਤੇ ਇਕ ਵਿਅਕਤੀ ਨੂੰ ਮਨੁੱਖੀ ਉਦੇਸ਼ ਨਾਲ 'ਆਰਡਰ ਆਫ ਰੀਕੋਗਨੀਸੈਂਸ' ਤਹਿਤ ਛੱਡ ਦਿੱਤਾ ਗਿਆ ਹੈ।

ਬਿਆਨ ਵਿਚ ਕਿਹਾ ਗਿਆ ਹੈ, "ਸਾਰੇ ਪਰਵਾਸੀਆਂ ਨੂੰ ਸਰਹੱਦ ਗਸ਼ਤੀ ਬਲ ਦੀ ਹਿਰਾਸਤ 'ਚੋਂ ਰਿਹਾਅ ਕਰ ਦਿੱਤਾ ਗਿਆ ਅਤੇ ਬਾਅਦ ਵਿਚ ਉਨ੍ਹਾਂ ਨੂੰ ਅਮਰੀਕੀ ਇਮੀਗ੍ਰੇਸ਼ਨ ਤੇ ਆਬਕਾਰੀ ਐਨਫੋਰਸਮੈਂਟ ਕੋਲ ਰਿਪੋਰਟ ਕਰਨ ਲਈ ਕਿਹਾ ਗਿਆ ਹੈ।"

ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਗੁਜਰਾਤ ਦੇ ਰਹਿਣ ਵਾਲੇ ਸੱਤ ਭਾਰਤੀਆਂ ਨੂੰ ਅਮਰੀਕੀ ਅਧਿਕਾਰੀਆਂ ਨੇ ਅਮਰੀਕਾ-ਕੈਨੇਡਾ ਸਰਹੱਦ ਨੇੜੇ ਕਾਬੂ ਕੀਤਾ ਸੀ। ਇਸ ਦੌਰਾਨ ਸਟੀਵ ਸੈਂਡ ਨਾਂ ਦੇ 47 ਸਾਲਾ ਵਿਅਕਤੀ 'ਤੇ ਮਨੁੱਖੀ ਤਸਕਰੀ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਸੀ। ਉਹ 15 ਸਵਾਰੀਆਂ ਵਾਲੀ ਵੈਨ ਚਲਾ ਰਿਹਾ ਸੀ ਅਤੇ ਦੋ ਭਾਰਤੀ ਨਾਗਰਿਕਾਂ ਨੂੰ ਲੈ ਕੇ ਜਾ ਰਿਹਾ ਸੀ, ਜੋ ਅਮਰੀਕਾ ਵਿਚ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਸਨ। ਪੰਜ ਭਾਰਤੀ ਨਾਗਰਿਕਾਂ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਉਹ ਇਸ ਆਸ ਵਿਚ ਕੈਨੇਡਾ ਸਰਹੱਦ ਪਾਰ ਕਰ ਗਏ ਸਨ ਕਿ ਕੋਈ ਉਨ੍ਹਾਂ ਨੂੰ ਆਪਣੇ ਨਾਲ ਲੈ ਜਾਵੇਗਾ।

## ਮੂਲ ਨਿਵਾਸੀ ਬੱਚਿਆਂ ਦੇ 93 ਹੋਰ ਪਿੰਜਰ ਮਿਲੇ


**ਵੈਨਕੂਵਰ:** ਕੈਨੇਡਾ ਵਿਚ ਤਸ਼ੱਦਦ ਢਾਹ ਕੇ ਮਾਰੇ ਗਏ ਮੂਲ-ਨਿਵਾਸੀਆਂ ਦੇ ਬੱਚਿਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਇਥੇ ਕਬਾਇਲੀ ਬੱਚਿਆਂ ਦੇ 93 ਹੋਰ ਪਿੰਜਰ ਦੱਬੇ ਹੋਣ ਦਾ ਪਤਾ ਲੱਗਾ ਹੈ। ਵਿਲੀਅਮ ਲੇਕ ਦੇ ਸੇਂਟ ਜੋਜਫ ਰੈਜੀਡੈਂਸ਼ੀਅਲ ਸਕੂਲ ਜੋ 1891 ਤੋਂ 1981 ਤੱਕ ਚੱਲਦਾ ਰਿਹਾ ਹੈ, ਦੁਆਲੇ 14 ਏਕੜ ਜਮੀਨ ਦੇ ਰਡਾਰ ਰਾਹੀਂ ਕੀਤੀ ਗਈ ਭੂਗੋਲਿਕ ਵੀਡੀਓਗ੍ਰਾਫੀ ਵਿਚ ਇਹ ਤੱਥ ਸਾਹਮਣੇ ਆਏ ਹਨ। ਉਸ ਸਥਾਨ 'ਤੇ ਕੁਝ ਕਬਰਾਂ ਸੀਮਿੰਟ ਦੀਆਂ ਹਨ। ਹੁਣ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਜੇਕਰ ਮੌਤਾਂ ਨੂੰ ਛੁਪਾਉਣ ਦੇ ਯਤਨ ਕੀਤੇ ਗਏ ਸਨ ਤਾਂ ਕੁਝ ਕਬਰਾਂ ਲਈ ਸੀਮਿੰਟ ਕਿਉਂ ਵਰਤਿਆ ਗਿਆ?

ਕਰੀਬ 90 ਸਾਲ ਚੱਲੇ ਇਸ ਸਕੂਲ ਦਾ ਨਾਮ ਬਦਲਿਆ ਜਾਂਦਾ ਰਿਹਾ ਹੈ। ਇਸ ਸਕੂਲ ਦਾ ਨਾਂ ਕੈਰਿਬੂ ਇੰਡੀਅਨ ਇੰਡਸਟਰੀਅਲ ਸਕੂਲ ਵੀ ਰਿਹਾ। ਦੋਸ਼ ਹਨ ਕਿ ਸਮੇਂ-ਸਮੇਂ 'ਤੇ ਹਜ਼ਾਰਾਂ ਕਬਾਇਲੀ ਬੱਚਿਆਂ ਨੂੰ ਉਥੇ ਜਬਰੀ ਦਾਖਲ ਕਰ ਲਿਆ ਜਾਂਦਾ ਸੀ ਅਤੇ ਉਨ੍ਹਾਂ ਉਪਰ ਅਣਮਨੁੱਖੀ ਤਸ਼ੱਦਦ ਕੀਤਾ ਜਾਂਦਾ ਸੀ। ਲੰਘੇ ਸਾਲ ਪਹਿਲੀ ਵਾਰ ਸੈਂਕੜੇ ਬੱਚਿਆਂ ਦੇ ਪਿੰਜਰ ਮਿਲਣ ਨਾਲ ਕੈਨੇਡਾ ਸਰਕਾਰ ਹਿੱਲ ਗਈ ਸੀ ਅਤੇ ਪ੍ਰਧਾਨ ਮੰਤਰੀ ਨੂੰ ਨਿਯਮ ਉਲੰਘ ਕੇ ਮੂਲ-ਨਿਵਾਸੀਆਂ ਦਾ ਪੱਖ ਲੈਣਾ ਪਿਆ ਸੀ। ਮੂਲ-ਨਿਵਾਸੀਆਂ ਦਾ ਗੁੱਸਾ ਸ਼ਾਂਤ ਕਰਨ ਲਈ ਉਸੇ ਪਿਛੋਕੜ ਵਾਲੀ ਔਰਤ ਨੂੰ ਗਵਰਨਰ ਜਨਰਲ ਬਣਾਇਆ ਗਿਆ।


LAW OFFICES OF
VIVEK MALIK
Follow us on :



ACCOMPLISHED IMMIGRATION Attorneys help FAMILIES REUNITE in the



UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney
Toll Free No.
866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ

Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੁਵਲ ਡਿਫੈਂਸੀ ਐਂਡ ਵੇਵੇਰਸ

Languages SPOKEN Punjabi | Hindi | Urdu | Spanish & English



ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਿਸਟਰ ਸਿੰਘ
ਫੋਨ: 608-886-2500
41-48



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)
7021 Village Park Way, Dublin, CA 94568

Email: Homeomedicine@yahoo.com

# ਬਰਫੀਲੇ ਤੂਫਾਨ ਦੀ ਲਪੇਟ ਵਿਚ ਆਉਣ ਨਾਲ ਤਿੰਨ ਮੌਤਾਂ

**ਸੈਕਰਾਮੈਂਟੋ:** ਅਮਰੀਕਾ ਦੇ ਪੂਰਬੀ ਤੱਟ 'ਤੇ ਆਏ ਜ਼ਬਰਦਸਤ ਬਰਫੀਲੇ ਤੂਫਾਨ ਕਾਰਨ ਨਿਊਯਾਰਕ ਖੇਤਰ ਵਿਚ 3 ਲੋਕਾਂ ਦੀ ਮੌਤ ਹੋ ਗਈ ਹੈ ਤੇ ਬਿਜਲੀ ਵਿਚ ਵਿਘਨ ਪੈਣ ਕਾਰਨ ਹਜ਼ਾਰਾਂ ਲੋਕ ਬਿਜਲੀ ਤੋਂ ਬਿਨਾਂ ਰਹਿਣ ਲਈ ਮਜਬੂਰ ਹਨ। ਬਰਫੀਲੇ ਤੂਫਾਨ ਨੇ ਸਮੁੱਚੇ ਪੂਰਬੀ ਤੱਟ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ ਤੇ ਉਤਰ-ਪੂਰਬੀ ਖੇਤਰਾਂ ਵਿਚ 30 ਇੰਚ ਤਕ ਬਰਫਬਾਰੀ ਹੋਈ ਹੈ। ਤੂਫਾਨ ਦੀ ਲਪੇਟ ਵਿਚ ਆ ਕੇ ਇਕ ਬਜ਼ੁਰਗ ਵਿਅਕਤੀ ਦੀ ਤਲਾਬ ਵਿਚ ਡਿੱਗ ਕੇ ਮੌਤ ਹੋ ਗਈ।

ਨਸਾਉ ਕਾਊਂਟੀ ਦੇ ਅਧਿਕਾਰੀਆਂ ਅਨੁਸਾਰ 53 ਤੇ 75 ਸਾਲ ਦੇ ਦੋ ਵਿਅਕਤੀ ਸਾਇਸੈਟ ਕਸਬੇ ਵਿਚ ਮਾਰੇ ਗਏ। ਕੌਮੀ ਮੌਸਮ ਸੇਵਾ ਅਨੁਸਾਰ ਬੋਸਟਨ ਵਿਚ ਇਕ ਦਿਨ ਵਿਚ ਰਿਕਾਰਡ 23.6 ਇੰਚ ਬਰਫਬਾਰੀ ਹੋਈ। ਦੱਖਣੀ ਸਟੌਘਟਨ, ਮਾਸਾਚੂਸੈਟਸ ਵਿਚ 30.6 ਇੰਚ ਬਰਫਬਾਰੀ ਹੋਈ ਜੋ ਇਕ ਰਿਕਾਰਡ ਹੈ। ਨਿਊਯਾਰਕ ਸ਼ਹਿਰ ਦੇ ਆਸ-ਪਾਸ ਦੇ ਖੇਤਰਾਂ ਵਿਚ ਇਕ ਫੁੱਟ ਤਕ ਬਰਫਬਾਰੀ ਹੋਈ ਹੈ। ਟਾਲਾਹੈਸੀ, ਫਲੋਰਿਡਾ ਵਿਚ ਤਾਪਮਾਨ ਮਨਫੀ 20 ਡਿਗਰੀ ਤਕ ਲੁੜਕ ਗਿਆ ਹੈ। ਪਿਛਲੇ 10 ਸਾਲਾਂ ਦੌਰਾਨ ਪਹਿਲੀ ਵਾਰ ਇੱਥੇ ਤਾਪਮਾਨ ਵਿਚ ਏਨੀ ਗਿਰਾਵਟ ਦਰਜ ਹੋਈ ਹੈ। ਫਲੋਰਿਡਾ ਦੇ ਪ੍ਰਮੁੱਖ ਮੈਰਾਥਾਨ ਇੰਟਰਨੈਸ਼ਨਲ ਏਅਰ ਪੋਰਟ 'ਤੇ ਤਾਪਮਾਨ ਵਿਚ ਗਿਰਾਵਟ ਦਾ 65 ਸਾਲ ਪੁਰਾਣਾ ਰਿਕਾਰਡ ਟੁੱਟ ਗਿਆ ਹੈ ਤੇ ਇੱਥੇ ਤਾਪਮਾਨ ਮਨਫੀ 46 ਡਿਗਰੀ ਰਿਕਾਰਡ ਹੋਇਆ ਹੈ। ਇਕ ਲੱਖ ਤੋਂ ਵੱਧ ਲੋਕਾਂ ਦੀ ਬੱਤੀ ਗੁੱਲ ਹੋ ਗਈ ਹੈ। ਮਾਸਾਚੂਸੈਟਸ ਦੀ ਲੈਫਟੀਨੈਂਟ ਗਵਰਨਰ ਕਰੀਨ ਪੋਲੀਟੋ ਨੇ ਲੋਕਾਂ ਨੂੰ ਸੜਕਾਂ ਉਪਰ ਨਾ ਆਉਣ ਤੇ ਘਰਾਂ ਵਿਚ ਰਹਿਣ ਲਈ ਕਿਹਾ ਹੈ।



*ਸੰਘਣੀ ਬਰਫਬਾਰੀ ਦੀ ਚਾਦਰ ਵਿਚ ਲਿਪਟਿਆ ਪੁਰਾਣਾ ਮਾਸਾਚੂਸੈਟਸ ਸਟੇਟ ਹਾਊਸ*

## ਤਸਵੀਰ ਖਿੱਚਦਿਆਂ ਪੈਰ ਫਿਸਲਣ ਕਾਰਨ ਸੈਲਾਨੀ ਦੀ ਮੌਤ

**ਸੈਕਰਾਮੈਂਟੋ:** ਲੌਸਟ ਡੱਚਮੈਨ ਸਟੇਟ ਪਾਰਕ ਵਿਚ ਇਕ ਸੈਲਾਨੀ ਤਸਵੀਰ ਖਿੱਚਣ ਦੀ ਕੋਸ਼ਿਸ਼ ਦੌਰਾਨ ਪੈਰ ਫਿਸਲ ਜਾਣ ਦੇ ਸਿੱਟੇ ਵਜੋਂ ਸੈਂਕੜੇ ਫੁੱਟ ਹੇਠਾਂ ਡਿੱਗ ਗਿਆ, ਜਿਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਪੀਨਲ ਕਾਊਂਟੀ ਸ਼ੈਰਿਫ ਦਫਤਰ ਦੇ ਬੁਲਾਰੇ ਲੌਰੇਨ ਰੀਮਰ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਸੈਲਾਨੀ ਦੀ ਸ਼ਨਾਖਤ 21 ਸਾਲਾ ਰਿਚਰਡ ਜੈਕੋਬਰਸਨ ਵਜੋਂ ਹੋਈ ਤੇ ਉਸ ਦੀ ਲਾਸ਼ 700 ਫੁੱਟ ਹੇਠਾਂ ਖੱਡ ਵਿਚੋਂ ਮਿਲੀ ਹੈ। ਜੈਕੋਬਰਸਨ ਦੇ ਦੋਸਤ ਵਲੋਂ ਘਟਨਾ ਸਬੰਧੀ ਫੋਨ ਉਪਰ ਸੂਚਿਤ ਕਰਨ ਉਪਰੰਤ ਪੁਲਿਸ ਮੌਕੇ 'ਤੇ ਪੁੱਜੀ, ਜਿਸ ਉਪਰੰਤ ਜੈਕੋਬਰਸਨ ਦੀ ਲਾਸ਼ ਲੱਭਣ ਲਈ ਹੈਲੀਕਾਪਟਰ ਦੀਆਂ ਸੇਵਾਵਾਂ ਲਈਆਂ ਗਈਆਂ।


**ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ**

**ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।**



**ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ**

*ਸੰਪਰਕ ਕਰੋ:*

**ਫੋਨ: 651-353-9584**



**ਟਰੱਕ ਸਟਾਪ ਲਈ ਮੈਨੇਜਰ ਦੀ ਲੋੜ ਹੈ**

ਓਰੇਗਾਨ ਸਟੇਟ ਵਿਚ ਬਰੈਂਡਿਡ ਫਰੈਂਚਾਇਜ਼ੀ ਟਰੱਕ ਸਟਾਪ ਲਈ ਅਨੁਭਵੀ ਮੈਨੇਜਰ ਦੀ ਲੋੜ ਹੈ, ਜੋ 20-25 ਵਰਕਰਾਂ ਦੀ ਜ਼ਿੰਮੇਵਾਰੀ ਸੰਭਾਲ ਸਕਦਾ ਹੋਵੇ। ਜੇ ਪਰਿਵਾਰ ਨਾਲ ਓਰੇਗਾਨ ਵਿਚ ਮੂਵ ਹੋਣਾ ਚਾਹੇ ਤਾਂ ਪਰਿਵਾਰਕ ਮੈਂਬਰਾਂ ਨੂੰ ਵੀ ਯੋਗਤਾ ਅਨੁਸਾਰ ਨੌਕਰੀ ਮੁਹੱਈਆ ਕਰਵਾਈ ਜਾਵੇਗੀ।

**ਸ਼ੁਰੂ ਵਿਚ ਤਨਖਾਹ ਡਾਲਰ 90,000+ ਹੋਵੇਗੀ**
**ਚਾਹਵਾਨ ਸੰਪਰਕ ਕਰਨ: virkoil@hotmail.com**

**TRUCK STOP MANAGER REQUIRED**

Branded Franchise Truck Stop in Oregon looking well experienced person for Manager Position, who can manage 20-25 employees with all responsibilities. If willing to move with family, then we'll offer job based on experience to family members.

Starting salary be $90,000/- plus.
Please contact with resume: virkoil@hotmail.com


# Matrimonials

## ਲੜਕੇ ਦੀ ਲੋੜ ਹੈ

42 ਸਾਲਾ 5'4" ਜੱਟ ਸਿੱਖ, ਵਧੀਆ ਨੌਕਰੀ ਕਰਦੀ, ਅਮਰੀਕਨ ਸਿਟੀਜ਼ਨ ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ 45 ਸਾਲ ਤੋਂ ਵੱਧ ਉਮਰ ਦੇ, ਬਿਨਾਂ ਬੱਚੇ ਵਾਲੇ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ 540-479-0603 'ਤੇ ਸੰਪਰਕ ਕਰ ਸਕਦੇ ਹਨ। 6-9

---

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

---

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

## ਲੜਕੀ ਦੀ ਲੋੜ ਹੈ

31 ਸਾਲਾ ਜੱਟ ਸਿੱਖ, 6" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ -ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ 77986-13770 'ਤੇ ਸੰਪਰਕ ਕਰ ਸਕਦੇ ਹਨ। feb-apr

---

Suitable match for Tonk-Kshatriya turbanator, trimmed Beard sikh boy 29, 5'10". Qualification B Tech IT, H1B Visa holder. Residing in San Jose (California). US Resident/Work Permit girl preferred. Caste No Bar. Please Contact us at: 90852-81759 jan-mar

---

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6'1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com 'ਤੇ ਸੰਪਰਕ ਕਰ ਸਕਦੇ ਹਨ।

---

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com. Dec-Mar

---

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).


**ਫਲੈਟ ਵਿਕਾਊ ਹੈ**

ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ 'ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ 'ਤੇ ਸਥਿੱਤ ਮਾਰਕਿਟ।

*ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ*

**ਫੋਨ: 513-884-0456 ਜਾਂ 513-759 0010**

*(ਮੈਸੇਜ ਛੱਡ ਸਕਦੇ ਹੋ)*

**Flat For Sale**

**Flat for sale in a developed Sector 20 Panchkula near Chandigarh, Close to Zirakpur-Shimla Natonal Highway, Vacant to move in, Elevator, Car parking, Security. Market nearby within walking distance.**

*For more details please contact: Singh*

**Ph: 513-884-0456 or 513-759 0010**

*(Leave Message)*

5-6

# ਕਿਸ਼ਤੀ ਪਲਟਣ ਕਾਰਨ ਲਾਪਤਾ ਹੋਏ 40 ਵਿਅਕਤੀਆਂ ਵਿਚੋਂ 5 ਦੀਆਂ ਲਾਸ਼ਾਂ ਮਿਲੀਆਂ

**ਸੈਕਰਾਮੈਂਟੋ:** ਬੀਤੇ ਦਿਨੀਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਦੇ ਯਤਨ ਦੌਰਾਨ ਫਲੋਰਿਡਾ ਤੱਟ ਨੇੜੇ ਪਲਟੀ ਕਿਸ਼ਤੀ ਵਿਚ ਸਵਾਰ 34 ਵਿਅਕਤੀਆਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਹੁਣ ਤਕ ਪੰਜ ਜਣਿਆਂ ਦੀਆਂ ਲਾਸ਼ਾਂ ਬਰਾਮਦ ਹੋਈਆਂ ਹਨ। ਐਟਲਾਂਟਿਕ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਹੈ। ਕੋਸਟ ਗਾਰਡ ਟੀਮ ਨੂੰ ਹੁਣ ਤਕ 5 ਲਾਸ਼ਾਂ ਮਿਲ ਚੁੱਕੀਆਂ ਹਨ ਤੇ ਇਕ ਵਿਅਕਤੀ ਜੋ ਕਿਸੇ ਤਰ੍ਹਾਂ ਉਲਟੀ ਕਿਸ਼ਤੀ ਦੇ ਉਪਰ ਚੜ੍ਹ ਗਿਆ ਸੀ, ਨੂੰ ਬਚਾਅ ਲਿਆ ਗਿਆ ਹੈ। ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਕੋਸਟ ਗਾਰਡ ਕੈਪਟਨ ਜੋ-ਐਨ ਬਰਡੀਅਨ ਨੇ ਕਿਹਾ ਕਿ ਸ਼ਾਮ ਹੁੰਦਿਆਂ ਹੀ ਤਲਾਸ਼ੀ ਕਾਰਵਾਈ ਬੰਦ ਕਰਨੀ ਪੈਂਦੀ ਹੈ। ਕਿਸ਼ਤੀ ਵਿਚ ਕੁਲ 40 ਵਿਅਕਤੀ ਸਵਾਰ ਸਨ, ਜਿਨ੍ਹਾਂ ਕੋਲ ਜੀਵਨ ਜੈਕਟਾਂ ਵੀ ਨਹੀਂ ਸਨ। ਉਨ੍ਹਾਂ ਕਿਹਾ ਕਿ ਹਾਲਾਂਕਿ ਤਲਾਸ਼ੀ ਕਾਰਵਾਈ ਜਾਰੀ ਹੈ ਪਰ ਕਿਸੇ ਦੇ ਵੀ ਜੀਊਂਦਾ ਮਿਲਣ ਦੀ ਸੰਭਾਵਨਾ ਨਹੀਂ ਹੈ।



*ਯੂ ਐਸ ਕੋਸਟ ਗਾਰਡ ਦੁਆਰਾ ਉਲਟੀ ਕਿਸ਼ਤੀ ਦੀ ਜਾਰੀ ਕੀਤੀ ਗਈ ਤਸਵੀਰ*

# ਤੇਜ਼ ਰਫਤਾਰ ਕਾਰ ਕਈ ਵਾਹਨਾਂ ਨਾਲ ਟਕਰਾਈ, ਨੌਂ ਮੌਤਾਂ

**ਸੈਕਰਾਮੈਂਟੋ:** ਨਾਵੇਡਾ ਵਿਚ ਵਾਪਰੇ ਇਕ ਭਿਆਨਕ ਸੜਕ ਹਾਦਸੇ ਵਿਚ 9 ਵਿਅਕਤੀਆਂ ਦੀ ਮੌਤ ਹੋ ਗਈ ਤੇ ਕੁਝ ਹੋਰ ਜ਼ਖਮੀ ਹੋ ਗਏ, ਜਿਨ੍ਹਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਉਤਰੀ ਲਾਸ ਵੇਗਾਸ ਪੁਲਿਸ ਨੇ ਹਾਦਸੇ ਦਾ ਵੇਰਵਾ ਦਿੰਦਿਆਂ ਕਿਹਾ ਹੈ ਕਿ ਇਕ ਤੇਜ਼ ਰਫਤਾਰ ਕਾਰ ਨੇ ਕਈ ਹੋਰ ਵਾਹਨਾਂ ਨੂੰ ਟੱਕਰ ਮਾਰੀ।

ਪੁਲਿਸ ਅਧਿਕਾਰੀ ਅਗੈਲਜ਼ੈਂਡਰ ਕੁਵਾਸ ਨੇ ਕਿਹਾ ਕਿ ਮਾਰੇ ਗਏ ਲੋਕਾਂ ਵਿਚ ਬੱਚੇ ਤੇ ਅੱਧਖੜ ਉਮਰ ਦੇ ਲੋਕ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਡੌਜ ਚਾਰਜਰ ਕਾਰ ਦੀ ਰਫਤਾਰ ਬਹੁਤ ਤੇਜ਼ ਸੀ। ਪ੍ਰਮੁੱਖ ਚੌਕ ਵਿਚ ਲਾਲ ਬੱਤੀ ਦੀ ਪ੍ਰਵਾਹ ਕੀਤੇ ਬਿਨਾਂ ਤੇਜ਼ ਰਫਤਾਰ ਕਾਰ ਅੱਗੇ ਖੜ੍ਹੀਆਂ 6 ਕਾਰਾਂ ਨਾਲ ਜਾ ਟਕਰਾਈ ਜਿਨ੍ਹਾਂ ਵਿਚ 15 ਲੋਕ ਸਵਾਰ ਸਨ। ਕਾਰਾਂ ਇਕ ਦੂਸਰੇ ਵਿਚ ਧਸ ਗਈਆਂ ਤੇ ਲਾਸ਼ਾਂ ਨੂੰ ਭਾਰੀ ਮੁਸ਼ੱਕਤ ਤੋਂ ਬਾਅਦ ਕਾਰਾਂ ਵਿਚੋਂ ਕੱਢਿਆ ਗਿਆ। ਡੌਜ ਚਾਰਜਰ ਕਾਰ ਵਿਚ ਸਵਾਰ ਦੋਨੋਂ ਵਿਅਕਤੀ ਵੀ ਇਸ ਹਾਦਸੇ ਵਿਚ ਮਾਰੇ ਗਏ। ਹਾਦਸਾ ਤੇਜ਼ ਰਫਤਾਰ ਕਾਰਨ ਵਾਪਰਿਆ।

# 22ਵਾਂ ਮਾਨ ਕੌਰ ਯਾਦਗਾਰੀ ਮਿੰਨੀ ਕਹਾਣੀ ਪੁਰਸਕਾਰ ਸੁਖਦੇਵ ਸਿੰਘ ਸ਼ਾਂਤ ਨੂੰ ਦੇਣ ਦਾ ਫੈਸਲਾ

'ਕੇਂਦਰੀ ਪੰਜਾਬੀ ਮਿੰਨੀ ਕਹਾਣੀ ਲੇਖਕ ਮੰਚ' ਵਲੋਂ ਸਾਲ 2022 ਦਾ 22ਵਾਂ ਮਾਨ ਕੌਰ ਯਾਦਗਾਰੀ ਮਿੰਨੀ ਕਹਾਣੀ ਪੁਰਸਕਾਰ ਪੰਜਾਬੀ ਮਿੰਨੀ ਕਹਾਣੀ ਦੇ ਮੌਲਿਕ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਉਣ ਲਈ ਸ. ਸੁਖਦੇਵ ਸਿੰਘ ਸ਼ਾਂਤ ਜੀ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਸੁਖਦੇਵ ਸਿੰਘ ਸ਼ਾਂਤ ਦੇ ਹੋਰ ਵਿਧਾਵਾਂ ਤੋਂ ਇਲਾਵਾ ਦੋ ਮੌਲਿਕ ਮਿੰਨੀ ਕਹਾਣੀ ਸੰਗ੍ਰਹਿ 'ਸਿੰਮਲ ਰੁੱਖ '(1992), ਤੇ 'ਨਵਾਂ ਆਦਮੀ '(2021) ਛਪ ਚੁੱਕੇ ਹਨ। ਉਨ੍ਹਾਂ ਦੇ ਮਿੰਨੀ ਕਹਾਣੀ ਬਾਰੇ ਆਲੋਚਨਾਤਮਕ ਲੇਖ ਅਤੇ ਰੀਵਿਊ ਵੀ ਪ੍ਰਕਾਸ਼ਿਤ ਹੋ ਚੁੱਕੇ ਹਨ।

ਜ਼ਿਕਰਯੋਗ ਹੈ ਕਿ ਇਹ ਪੁਰਸਕਾਰ ਮੰਚ ਦੇ ਪ੍ਰਧਾਨ ਅਤੇ ਉੱਘੇ ਮਿੰਨੀ ਕਹਾਣੀ ਲੇਖਕ ਅਤੇ ਆਲੋਚਕ ਡਾ. ਹਰਪ੍ਰੀਤ ਸਿੰਘ ਰਾਣਾ ਵਲੋਂ ਆਪਣੇ ਮਾਤਾ ਜੀ ਦੀ ਯਾਦ ਵਿਚ ਸਾਲ 2001 ਤੋਂ ਨਿਰੰਤਰ ਹਰ ਸਾਲ ਉੱਘੇ ਪੰਜਾਬੀ ਮਿੰਨੀ ਕਹਾਣੀ ਲੇਖਕ ਨੂੰ ਦਿੱਤਾ ਜਾਂਦਾ ਹੈ।

ਹੁਣ ਤਕ ਸਰਵ ਸ੍ਰੀ ਸਤਵੰਤ ਕੈਂਥ (2001), ਡਾ. ਅਮਰ ਕੋਮਲ (2002), ਕਰਮਵੀਰ ਸਿੰਘ ਸੂਰੀ (2003), ਪ੍ਰਿੰ. ਸੁਲੱਖਣ ਮੀਤ (2004), ਰਾਜਿੰਦਰ ਕੌਰ ਵੰਤਾ(2005), ਮੋਹਨ ਸ਼ਰਮਾ (2006), ਮਹਿਤਾਬ ਉਦ ਦੀਨ (2007), ਸ਼ਿਆਮ ਸੁੰਦਰ ਅਗਰਵਾਲ (2008), ਡਾ. ਸ਼ਿਆਮ ਸੁੰਦਰ ਦੀਪਤੀ (2009), ਅਨਵੰਤ ਕੌਰ (2010), ਅਵੱਲ ਸਰਹੱਦੀ (2011), ਸੁਖਚੈਨ ਸਿੰਘ ਭੰਡਾਰੀ (2012), ਡਾ. ਧਰਮਪਾਲ ਸਾਹਿਲ (2013), ਤ੍ਰਿਪਤ ਭੱਟੀ (2014), ਸੁਰਿੰਦਰ ਕੈਲੇ (2015), ਬਿਕਰਮਜੀਤ ਨੂਰ (2016), ਹਰਭਜਨ ਸਿੰਘ ਖੇਮਕਰਨੀ (2017), ਬਲਵੀਰ ਪਰਵਾਨਾ (2018), ਡਾ. ਹਰਨੇਕ ਸਿੰਘ ਕੈਲੇ (2019), ਡਾ. ਸੁਖਮਿੰਦਰ ਸੇਖੋਂ (2020), ਨਿਰੰਜਨ ਬੋਹਾ (2021) ਨੂੰ ਇਹ ਪੁਰਸਕਾਰ ਦਿੱਤਾ ਜਾ ਚੁੱਕਾ ਹੈ। ਅਪ੍ਰੈਲ ਮਹੀਨੇ ਮੰਚ ਵਲੋਂ ਪਟਿਆਲਾ ਵਿਖੇ ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਸਹਿਯੋਗ ਨਾਲ ਵਿਸ਼ੇਸ਼ ਸਮਾਗਮ ਕਰ ਕੇ ਸ੍ਰੀ ਸ਼ਾਂਤ ਨੂੰ ਸਨਮਾਨਿਤ ਕੀਤਾ ਜਾਵੇਗਾ।

***-ਦਵਿੰਦਰ ਪਟਿਆਲਵੀ (ਸਕੱਤਰ)***

# ਵੈਨਕੂਵਰ: ਅੱਗ ਲੱਗਣ ਦੀਆਂ ਦੋ ਘਟਨਾਵਾਂ ਵਿਚ ਚਾਰ ਮੌਤਾਂ

**ਸਰੀ:** ਈਸਟ ਵੈਨਕੂਵਰ ਵਿਚ ਐਤਵਾਰ ਨੂੰ ਇਕ ਘਰ ਵਿਚ ਲੱਗੀ ਅੱਗ ਕਾਰਨ ਇਕ ਬੱਚੇ ਸਮੇਤ ਪਰਿਵਾਰ ਦੇ ਤਿੰਨ ਮੈਂਬਰਾਂ ਦੀ ਮੌਤ ਹੋਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਘਟਨਾ ਵਿਚ ਦੋ ਹੋਰ ਵਿਅਕਤੀ ਜ਼ਖ਼ਮੀ ਹੋਏ ਹਨ। ਅੱਗ ਲੱਗਣ ਦੇ ਕਾਰਨਾਂ ਸਬੰਧੀ ਫਿਲਹਾਲ ਸਥਿਤੀ ਸਪੱਸ਼ਟ ਨਹੀਂ ਹੋ ਸਕੀ। ਪੁਲਿਸ ਦੇ ਅਸਿਸਟੈਂਟ ਚੀਫ ਬਰਾਇਨ ਬੈਟ੍ਰਜੀ ਦਾ ਕਹਿਣਾ ਹੈ ਕਿ ਇਸ ਘਟਨਾ ਵਿਚ ਇਕ ਦਸ ਸਾਲ ਦਾ ਬੱਚਾ, ਉਸ ਦੀ ਮਾਂ ਅਤੇ ਉਸ ਦੇ ਦਾਦਾ ਦੀ ਜਾਨ ਚਲੀ ਗਈ। ਘਟਨਾ ਵਿਚ ਬੱਚੇ ਦੀ ਦਾਦੀ ਅਤੇ ਪਿਤਾ ਜ਼ਖਮੀ ਹੋਏ ਹਨ।

ਇਕ ਹੋਰ ਘਟਨਾ ਵਿਚ ਵੈਨਕੂਵਰ ਦੇ ਵੈਸਟ ਐਂਡ ਇਲਾਕੇ ਵਿਚ ਇਕ ਬਹੁਮੰਜ਼ਲੀ ਇਮਾਰਤ ਵਿਚ ਅੱਗ ਲੱਗ ਗਈ, ਜਿਸ ਨਾਲ 37 ਸਾਲਾ ਵਿਅਕਤੀ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਅੱਗ ਸਵੇਰੇ 6 ਵਜੇ ਫੈਡਰਲ ਸਟੇਟ ਕੋਲ ਸਥਿਤ ਇਕ ਹਾਈ-ਰਾਈਜ਼ ਬਿਲਡਿੰਗ ਦੀ ਚੌਥੀ ਮੰਜ਼ਿਲ ਦੇ ਇੱਕ ਯੂਨਿਟ ਵਿਚ ਲੱਗੀ।

ਇਸ ਯੂਨਿਟ ਵਿਚ ਇਕ ਜੋੜਾ ਰਹਿ ਰਿਹਾ ਸੀ। ਅੱਗ ਲੱਗਣ ਉਪਰੰਤ ਇਸ ਯੂਨਿਟ ਵਿਚੋਂ ਇਕ ਔਰਤ ਆਪਣੇ ਆਪ ਨੂੰ ਬਚਾ ਕੇ ਗੁਆਂਢੀਆਂ ਦੇ ਘਰ ਸ਼ਰਨ ਲੈਣ ਵਿਚ ਸਫਲ ਹੋ ਗਈ ਜਦਕਿ ਉਸ ਦਾ ਸਾਥੀ ਯੂਨਿਟ ਅੰਦਰ ਹੀ ਫਸ ਗਿਆ। ਬਾਅਦ ਵਿਚ ਉਸ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਅੱਗ ਲੱਗਣ ਕਾਰਨ ਤਕਰੀਬਨ ਇੱਕ ਦਰਜਨ ਯੂਨਿਟਸ ਨੂੰ ਨੁਕਸਾਨ ਹੋਇਆ ਹੈ।




ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ




ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।

ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਰਾਜਪਾਲ ਵੱਲੋਂ ਚੰਨੀ ਖਿਲਾਫ ਜਾਂਚ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਹੀ ਗੈਰਕਾਨੂੰਨੀ ਖਣਨ ਦੇ ਮੁੱਦੇ 'ਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਖਿਲਾਫ਼ ਉੱਚ ਪੱਧਰੀ ਜਾਂਚ ਦੇ ਹੁਕਮ ਜਾਰੀ ਕਰ ਦਿੱਤੇ ਹਨ। ਚੋਣਾਂ ਦੌਰਾਨ ਪੜਤਾਲ ਦੇ ਇਨ੍ਹਾਂ ਹੁਕਮਾਂ ਨਾਲ ਨਵਾਂ ਵਿਵਾਦ ਛਿੜ ਗਿਆ ਹੈ। ਇਸ ਤੋਂ ਪਹਿਲਾਂ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ 18 ਜਨਵਰੀ ਨੂੰ ਚਰਨਜੀਤ ਸਿੰਘ ਦੇ ਚੰਨੀ ਦੇ ਕਰੀਬੀ ਰਿਸ਼ਤੇਦਾਰ ਸਮੇਤ ਹੋਰ ਕਈ ਥਾਵਾਂ 'ਤੇ ਛਾਪੇ ਮਾਰੇ ਗਏ ਸੀ। ਰਾਜਪਾਲ ਨੇ 24 ਜਨਵਰੀ ਨੂੰ 'ਆਪ' ਦੇ ਮੰਗ ਪੱਤਰ ਦੇ ਹਵਾਲੇ ਨਾਲ ਗ਼ੈਰਕਾਨੂੰਨੀ ਖਣਨ ਦੇ ਮੁੱਦੇ ਨੂੰ ਲੈ ਕੇ ਡੀ.ਜੀ.ਪੀ. ਵੀ ਕੇ ਭੰਵਰਾ ਨੂੰ ਉੱਚ ਪੱਧਰੀ ਜਾਂਚ ਕਰਨ ਦੀ ਹਦਾਇਤ ਕੀਤੀ ਹੈ। ਉਨ੍ਹਾਂ ਡੀ.ਜੀ.ਪੀ. ਨੂੰ ਪੜਤਾਲ ਰਿਪੋਰਟ ਸੌਂਪਣ ਲਈ ਵੀ ਕਿਹਾ ਹੈ। ਚੇਤੇ ਰਹੇ ਕਿ ਆਮ ਆਦਮੀ ਪਾਰਟੀ ਦਾ ਇਕ ਵਫਦ ਪਾਰਟੀ ਦੇ ਸਹਿ ਇੰਚਾਰਜ ਰਾਘਵ ਚੱਢਾ ਦੀ ਅਗਵਾਈ ਵਿਚ 24 ਜਨਵਰੀ ਨੂੰ ਪੰਜਾਬ ਦੇ ਰਾਜਪਾਲ ਨੂੰ ਮਿਲਿਆ ਸੀ ਅਤੇ ਮੰਗ ਪੱਤਰ ਸੌਂਪ ਕੇ ਰੇਤ ਮਾਫ਼ੀਆ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ। ਮੰਗ ਪੱਤਰ 'ਚ ਈਡੀ ਵੱਲੋਂ ਮੁੱਖ ਮੰਤਰੀ ਦੇ ਰਿਸ਼ਤੇਦਾਰ 'ਤੇ ਮਾਰੇ ਗਏ ਛਾਪਿਆਂ ਅਤੇ 10 ਕਰੋੜ ਦੀ ਨਗਦੀ ਦਾ ਹਵਾਲਾ ਵੀ ਦਿੱਤਾ ਗਿਆ ਸੀ। ਉਂਜ ਮੁੱਖ ਮੰਤਰੀ ਅਤੇ ਕਾਂਗਰਸ ਨੇ ਕਿਹਾ ਹੈ ਕਿ ਇਹ ਛਾਪੇ ਬਦਲਾਖੋਰੀ ਤਹਿਤ ਮਾਰੇ ਗਏ ਹਨ।



ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਅਤੇ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਟਵੀਟ ਕਰਕੇ ਰਾਜਪਾਲ ਦੇ ਇਨ੍ਹਾਂ ਹੁਕਮਾਂ 'ਤੇ ਇਤਰਾਜ਼ ਜਤਾਇਆ ਹੈ। ਜਾਖੜ ਨੇ ਕਿਹਾ ਕਿ ਜ਼ਾਹਿਰਾ ਤੌਰ 'ਤੇ ਸੁਪਰੀਮ ਕੋਰਟ ਨੇ ਵੀ ਡਰੱਗ ਕੇਸ ਦਾ ਫੈਸਲਾ ਕਰਨ ਸਮੇਂ ਚੋਣ ਪ੍ਰਕਿਰਿਆ ਨੂੰ ਧਿਆਨ ਵਿਚ ਰੱਖਿਆ ਪਰ ਰਾਜਪਾਲ ਨੇ ਮੁੱਖ ਮੰਤਰੀ ਖ਼ਿਲਾਫ਼ ਪੜਤਾਲ ਦੇ ਹੁਕਮ ਜਾਰੀ ਕਰਨ ਲਈ ਚੋਣਾਂ ਦੇ ਸਮੇਂ ਨੂੰ ਚੁਣਿਆ ਹੈ।

## ਮਜੀਠੀਆ ਦੀ ਗ੍ਰਿਫਤਾਰੀ 'ਤੇ 23 ਤੱਕ ਰੋਕ

**ਮੁਹਾਲੀ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਨਸ਼ਾ ਤਸਕਰੀ ਮਾਮਲੇ 'ਚ ਵੱਡੀ ਰਾਹਤ ਦਿੰਦਿਆਂ ਸੁਪਰੀਮ ਕੋਰਟ ਨੇ 23 ਫਰਵਰੀ ਤੱਕ ਗ੍ਰਿਫਤਾਰੀ 'ਤੇ ਰੋਕ ਲਗਾ ਦਿੱਤੀ ਹੈ। ਅਰਜ਼ੀ 'ਤੇ ਸੁਣਵਾਈ ਦੌਰਾਨ ਚੀਫ ਜਸਟਿਸ ਐਨ.ਵੀ. ਰਾਮੰਨਾ ਨੇ ਚੋਣਾਂ ਤੋਂ ਪਹਿਲਾਂ ਸਿਆਸੀ ਆਗੂਆਂ ਵਿਰੁੱਧ ਇਸ ਤਰ੍ਹਾਂ ਦੇ ਅਪਰਾਧਿਕ ਮਾਮਲੇ ਸਾਹਮਣੇ ਆਉਣ 'ਤੇ ਹੈਰਾਨੀ ਪ੍ਰਗਟਾਈ। ਸੁਪਰੀਮ ਕੋਰਟ ਨੇ ਮਜੀਠੀਆ ਨੂੰ ਇਹ ਵੀ ਆਦੇਸ਼ ਦਿੱਤੇ ਹਨ ਕਿ ਉਹ 23 ਫਰਵਰੀ ਨੂੰ ਹੇਠਲੀ ਅਦਾਲਤ ਵਿਚ ਜੱਜ ਦੇ ਸਾਹਮਣੇ ਪੇਸ਼ ਹੋ ਕੇ ਪੱਕੀ ਜ਼ਮਾਨਤ ਲਈ ਅਰਜ਼ੀ ਦਾਇਰ ਕਰਨ।

## ਕਾਂਗਰਸੀ ਨੇਤਾ ਕੰਗ 'ਆਪ' ਵਿਚ ਸ਼ਾਮਲ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੰਤਰੀ ਤੇ ਕਾਂਗਰਸੀ ਆਗੂ ਜਗਮੋਹਨ ਸਿੰਘ ਕੰਗ ਅਤੇ ਉਨ੍ਹਾਂ ਦੇ ਪੁੱਤਰ ਯਾਦਵਿੰਦਰ ਸਿੰਘ ਕੰਗ ਅਤੇ ਅਮਰਿੰਦਰ ਸਿੰਘ ਕੰਗ ਆਮ ਆਦਮੀ ਪਾਰਟੀ (ਆਪ) ਵਿਚ ਸ਼ਾਮਲ ਹੋ ਗਏ ਹਨ। ਕਾਂਗਰਸ ਵੱਲੋਂ ਟਿਕਟ ਨਾ ਦਿੱਤੇ ਜਾਣ ਤੋਂ ਬਾਅਦ ਸ੍ਰੀ ਕੰਗ ਨੇ ਕੁਝ ਦਿਨ ਪਹਿਲਾਂ ਖਰੜ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦੀ ਧਮਕੀ ਦਿੱਤੀ ਸੀ। ਉਨ੍ਹਾਂ ਕਿਹਾ ਸੀ ਕਿ ਜੇਕਰ ਪਾਰਟੀ ਨੇ ਸਰਾਬ ਦੇ ਠੇਕੇਦਾਰ ਅਤੇ ਮੁਹਾਲੀ ਜਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਵਿੱਕੇ ਸ਼ਰਮਾ ਟਿੰਕੂ ਨੂੰ ਖਰੜ ਦੀ ਟਿਕਟ ਦੇਣ ਦੇ ਫੈਸਲੇ 'ਤੇ ਮੁੜ ਵਿਚਾਰ ਨਾ ਕੀਤਾ ਤਾਂ ਉਨ੍ਹਾਂ ਦਾ ਪੁੱਤਰ ਯਾਦਵਿੰਦਰ ਸਿੰਘ ਕੰਗ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੇਗਾ।

## ਗਿਰਦਾਵਰੀ ਤੋਂ ਪਹਿਲਾਂ ਮਿਲੇਗਾ 20 ਹਜ਼ਾਰ ਮੁਆਵਜ਼ਾ: ਭਗਵੰਤ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਵੱਲੋਂ ਮੁੱਖ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਅਤੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਬੇਮੌਸਮੀ ਬਰਸਾਤ ਕਾਰਨ ਫਸਲਾਂ ਦੀ ਬਰਬਾਦੀ ਕਰਕੇ ਬਹੁਤ ਘੱਟ ਮੁਆਵਜ਼ਾ ਮਿਲਦਾ ਹੈ। ਉਸ ਲਈ ਵੀ ਸੰਘਰਸ਼ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ 'ਆਪ' ਦੀ ਸਰਕਾਰ ਬਣਨ 'ਤੇ ਪੰਜਾਬ ਦੇ ਕਿਸਾਨਾਂ ਨੂੰ ਫਸਲ ਦੀ ਬਰਬਾਦੀ ਦੀ ਗਿਰਦਾਵਰੀ ਤੋਂ ਪਹਿਲਾਂ 20 ਹਜ਼ਾਰ ਰੁਪਏ ਪ੍ਰਤੀ ਏਕੜ ਦਾ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਬੇਮੌਸਮੀ ਬਰਸਾਤ ਕਾਰਨ ਫਸਲ ਖਰਾਬ ਹੋਣ 'ਤੇ ਦਿੱਲੀ ਦੇ ਕਿਸਾਨਾਂ ਨੂੰ ਪ੍ਰਤੀ ਏਕੜ 20,000 ਰੁਪਏ ਦੇ ਚੈੱਕ ਸੌਂਪੇ ਹਨ। ਇਹ ਸਿਸਟਮ ਪੰਜਾਬ ਵਿਚ ਵੀ 'ਆਪ' ਦੀ ਸਰਕਾਰ ਵੱਲੋਂ ਲਾਗੂ ਕੀਤਾ ਜਾਵੇਗਾ।

## ਕਿਸਾਨ ਦੀ ਮੋਦੀ ਨੂੰ ਮੁੜ ਵੰਗਾਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀਆਂ ਬਕਾਇਆ ਮੰਗਾਂ ਬਾਰੇ ਧਾਰੀ ਚੁੱਪ ਪਿੱਛੋਂ ਕਿਸਾਨ ਜਥੇਬੰਦੀਆਂ ਦਾ ਗੁੱਸਾ ਸਤਵੇਂ ਆਸਮਾਨ ਉਤੇ ਹੈ। ਇਸ ਦੇ ਰੋਸ ਵਿਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਪੂਰੇ ਮੁਲਕ ਵਿਚ 'ਵਿਸ਼ਵਾਸਘਾਤ ਦਿਵਸ' ਦਾ ਸੱਦਾ ਦਿੱਤਾ ਗਿਆ ਸੀ ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਮੋਰਚੇ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਉਹ ਦਸੰਬਰ 2021 ਨੂੰ ਦੇਸ਼ ਦੇ ਅੰਦੋਲਨਕਾਰੀ ਕਿਸਾਨਾਂ ਨਾਲ ਕੀਤੇ ਵਾਅਦਿਆਂ ਤੋਂ ਮੁਕਰਦੀ ਹੈ ਤਾਂ ਕਿਸਾਨਾਂ ਕੋਲ ਮੁੜ ਅੰਦੋਲਨ ਸ਼ੁਰੂ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚੇਗਾ।

ਉਨ੍ਹਾਂ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜ ਕੇ ਮੰਗ ਕੀਤੀ ਕਿ ਉਹ ਕੇਂਦਰ ਸਰਕਾਰ ਨੂੰ ਕਿਸਾਨਾਂ ਨਾਲ ਕੀਤੇ ਵਾਅਦੇ ਯਾਦ ਕਰਾਉਣ। ਮੋਰਚੇ ਵੱਲੋਂ 'ਮਿਸ਼ਨ ਉੱਤਰ ਪ੍ਰਦੇਸ਼' ਤਹਿਤ ਨਵੀਆਂ ਯੋਜਨਾਵਾਂ ਨਾਲ ਵਿਰੋਧ ਪ੍ਰਦਰਸ਼ਨ ਸ਼ੁਰੂ ਕਰਨ ਦਾ ਅਹਿਦ ਵੀ ਲਿਆ। ਲੱਖਾਂ ਕਿਸਾਨ ਵਿਸ਼ਵਾਸਘਾਤ ਦਿਵਸ ਮਨਾਉਣ ਅਤੇ ਕੇਂਦਰ ਦੇ ਵਾਅਦਿਆਂ ਦੀ ਯਾਦ ਦਿਵਾਉਣ ਲਈ ਸੜਕਾਂ 'ਤੇ ਉਤਰੇ। ਰਾਸ਼ਟਰਪਤੀ ਨੂੰ ਭੇਜੇ ਗਏ ਮੰਗ ਪੱਤਰ ਵਿਚ ਕਿਹਾ ਗਿਆ ਹੈ ਕਿ ਕਿਸਾਨਾਂ ਦੇ ਅਣਥੱਕ ਯਤਨਾਂ ਨਾਲ ਲੌਕਡਾਊਨ ਅਤੇ ਆਰਥਿਕ ਮੰਦੀ ਦੇ ਬਾਵਜੂਦ ਦੇਸ਼ ਦੇ ਖੇਤੀਬਾੜੀ ਉਤਪਾਦਨ ਵਿਚ ਲਗਾਤਾਰ ਵਾਧਾ ਹੋਇਆ ਹੈ। ਕਿਸਾਨਾਂ ਨਾਲ ਧੋਖਾ ਕਰਨਾ ਵਿਨਾਸ਼ਕਾਰੀ ਸਾਬਤ ਹੋ ਸਕਦਾ ਹੈ। ਮੋਰਚੇ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਕੀਤੇ ਗਏ ਵਾਅਦਿਆਂ ਵਿਚੋਂ ਕੋਈ ਵੀ ਪੂਰਾ ਨਹੀਂ ਕੀਤਾ ਗਿਆ। ਕਿਸਾਨਾਂ ਨੇ ਰਾਸ਼ਟਰਪਤੀ ਨੂੰ ਭੇਜੇ ਮੰਗ ਪੱਤਰ 'ਚ ਕੇਂਦਰ ਸਰਕਾਰ ਵੱਲੋਂ ਸੰਯੁਕਤ ਕਿਸਾਨ ਮੋਰਚੇ ਨੂੰ ਕਿਸਾਨ ਅੰਦੋਲਨ ਸਮਾਪਤ ਕਰਨ ਲਈ ਭੇਜੇ ਗਏ 9 ਦਸੰਬਰ ਦੇ ਪੱਤਰ ਵਿਚ ਕੀਤੇ ਗਏ ਵਾਅਦਿਆਂ ਅਤੇ ਅਸਲੀਅਤ ਨੂੰ ਆਧਾਰ ਬਣਾ ਕੇ ਸਰਕਾਰ ਦੀ ਕਥਨੀ ਅਤੇ ਕਰਨੀ ਦੇ ਫਰਕ ਨੂੰ ਨਿਖੇੜਿਆ ਹੈ। ਮੰਗ ਪੱਤਰ 'ਚ ਮੋਰਚੇ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਨਾਲ ਵਾਅਦਾ-ਖਿਲਾਫੀ ਕੀਤੀ ਹੈ।

## ਢੀਂਡਸਾ ਵੱਲੋਂ ਮੋਦੀ ਨਾਲ ਮੁਲਾਕਾਤ, 12 ਮੁੱਦੇ ਵਿਚਾਰੇ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਪੰਜਾਬ ਤੇ ਪੰਥਕ ਮੁੱਦਿਆਂ ਤੋਂ ਇਲਾਵਾ ਕਿਸਾਨਾਂ ਤੇ ਮਜ਼ਦੂਰਾਂ ਦੇ ਮਸਲਿਆਂ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਉਨ੍ਹਾਂ ਆਪਣੀ ਪਾਰਟੀ ਦੇ ਭਾਜਪਾ ਨਾਲ ਗੱਠਜੋੜ ਹੋਣ ਮੌਕੇ ਪਾਰਟੀ ਵੱਲੋਂ ਪੇਸ਼ ਕੀਤੇ ਗਏ 12 ਨੁਕਾਤੀ ਮੁੱਦਿਆਂ ਬਾਰੇ ਵੀ ਚਰਚਾ ਕੀਤੀ ਜਿਨ੍ਹਾਂ ਵਿਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਬੰਦੀਆਂ ਦੀ ਰਿਹਾਈ ਯਕੀਨੀ ਬਣਾਉਣਾ, ਸਿੱਖਾਂ ਦੀ ਕਾਲੀ ਸੂਚੀ ਰੱਦ ਕਰਨਾ, ਪੰਜਾਬ ਨੂੰ ਵਿਸ਼ੇਸ਼ ਆਰਥਿਕ ਪੈਕੇਜ ਦੇਣਾ, ਕਿਸਾਨਾਂ ਤੇ ਮਜ਼ਦੂਰਾਂ ਦੀ ਕਰਜ਼ਾ ਮੁਆਫੀ, ਜੰਮੂ ਕਸ਼ਮੀਰ ਦੇ ਪੈਟਰਨ 'ਤੇ ਉਦਯੋਗਾਂ ਨੂੰ ਵਿਸ਼ੇਸ਼ ਰਿਆਇਤਾਂ ਦੇਣ, ਪਾਕਿਸਤਾਨ ਨਾਲ ਵਪਾਰ ਖੋਲ੍ਹਣ ਸਮੇਤ ਅਹਿਮ ਮਸਲੇ ਸ਼ਾਮਲ ਹਨ।

## ਏਸ਼ਿਆਈ ਮੂਲ ਦੇ ਲੋਕਾਂ ਖਿਲਾਫ ਨਫਰਤੀ ਅਪਰਾਧ

**ਸਾਂ ਫਰਾਂਸਿਸਕੋ:** ਸਾਂ ਫਰਾਂਸਿਸਕੋ ਦੇ ਪੁਲਿਸ ਵਿਭਾਗ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਏਸ਼ਿਆਈ ਅਮਰੀਕੀਆਂ ਤੇ ਪ੍ਰਸ਼ਾਂਤ ਦੀਪ ਸਮੂਹ ਦੇ ਲੋਕਾਂ ਖਿਲਾਫ ਨਸਲੀ ਨਫਰਤ ਦੇ ਮਾਮਲਿਆਂ ਵਿਚ ਵਾਧਾ ਹੋਇਆ ਹੈ। ਸ਼ਹਿਰ ਵਿਚ 2020 'ਚ ਅਜਿਹੀਆਂ ਨੌਂ ਘਟਨਾਵਾਂ ਵਾਪਰੀਆਂ ਸਨ ਜੋ 2021 ਵਿਚ ਵਧ ਕੇ 60 ਹੋ ਗਈਆਂ। ਮੇਅਰ ਲੰਡਨ ਬ੍ਰੀਡ ਨੇ ਇਸ ਵਾਧੇ ਉਤੇ ਫਿਕਰ ਜ਼ਾਹਿਰ ਕੀਤਾ ਹੈ ਤੇ ਕਿਹਾ ਹੈ ਕਿ ਅਸਲ ਗਿਣਤੀ ਇਸ ਤੋਂ ਵੀ ਕਿਤੇ ਵੱਧ ਹੋ ਸਕਦੀ ਹੈ।

## ਮੋਦੀ ਸਰਕਾਰ ਦਾ ਖੇਤੀ ਖੇਤਰ ਨੂੰ ਹੋਰ ਝਟਕਾ

*(ਸਫਾ ਇਕ ਦੀ ਬਾਕੀ)*

ਕੇਂਦਰੀ ਵਿੱਤ ਮੰਤਰੀ ਨੇ ਜ਼ਿਕਰ ਕੀਤਾ ਹੈ ਕਿ ਕਿਸਾਨਾਂ ਤੋਂ 1208 ਲੱਖ ਮੀਟ੍ਰਿਕ ਟਨ ਕਣਕ ਤੇ ਝੋਨਾ ਖਰੀਦਿਆ ਗਿਆ ਹੈ ਜਦਕਿ ਪਿਛਲੇ ਸਾਲ ਸਰਕਾਰੀ ਅੰਕੜਿਆਂ ਅਨੁਸਾਰ 433 ਲੱਖ ਮੀਟ੍ਰਿਕ ਟਨ ਕਣਕ ਤੇ 873 ਲੱਖ ਮੀਟ੍ਰਿਕ ਟਨ ਝੋਨਾ ਖਰੀਦਿਆ ਗਿਆ ਜੋ 1306 ਲੱਖ ਮੀਟ੍ਰਿਕ ਟਨ ਬਣਦਾ ਹੈ। ਸਰਕਾਰ ਅੰਕੜਿਆਂ ਦਾ ਜਾਦੂ ਕਰਕੇ ਕਿਸਾਨਾਂ ਦੀਆਂ ਅੱਖਾਂ ਵਿਚ ਧੂੜ ਪਾ ਰਹੀ ਹੈ ਅਤੇ ਇਸ ਵਾਰ ਵੀ ਕੇਂਦਰੀ ਬਜਟ ਤੋਂ ਕਿਸਾਨ ਨਿਰਾਸ਼ ਹਨ।

ਖਾਦਾਂ ਉਤੇ ਦਿੱਤੀ ਜਾਂਦੀ ਸਬਸਿਡੀ ਵਿਚ 35,000 ਕਰੋੜ ਰੁਪਏ ਦੀ ਕਟੌਤੀ ਕੀਤੀ ਗਈ ਹੈ। ਐਮ.ਐਸ.ਪੀ. ਗਾਰੰਟੀ ਬਾਰੇ ਕੁਝ ਨਹੀਂ ਕਿਹਾ ਗਿਆ। ਇਸ ਵਾਰ ਐਮ.ਐਸ.ਪੀ. ਲਈ ਜੋ 2.37 ਲੱਖ ਕਰੋੜ ਰੁਪਏ ਰੱਖੇ ਹਨ, ਉਹ ਪਿਛਲੇ ਸਾਲ ਨਾਲੋਂ ਵੀ ਘੱਟ ਹਨ। ਪਿਛਲੇ ਸਾਲ ਇਹ ਪੈਸਾ 2.48 ਲੱਖ ਕਰੋੜ ਰੁਪਏ ਸੀ। ਖਾਦਾਂ ਉਤੇ ਮਿਲਦੀ ਸਬਸਿਡੀ ਵਿਚ ਕਟੌਤੀ ਕੀਤੀ ਗਈ ਹੈ ਤੇ ਨਾਲ ਹੀ ਖੁਰਾਕ ਸਬਸਿਡੀ ਤੇ ਮਨਰੇਗਾ ਫੰਡ ਵੀ ਘਟਾ ਦਿੱਤੇ ਗਏ ਹਨ।

ਬਜਟ ਵਿਚ ਖਰਚ ਵਧਾਉਣ ਤੇ ਛੋਟੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਬਾਰੇ ਵੀ ਕੋਈ ਜ਼ਿਕਰ ਨਹੀਂ ਹੈ। ਬਜਟ ਵਿਚ ਸਬਸਿਡੀ ਕਟੌਤੀ ਉਤੇ ਸਭ ਤੋਂ ਵੱਧ ਜ਼ੋਰ ਦਿੱਤਾ ਗਿਆ ਹੈ। ਖੁਰਾਕ ਸਬਸਿਡੀ 2.86 ਲੱਖ ਕਰੋੜ ਤੋਂ ਘਟ ਕੇ 2.06 ਲੱਖ ਕਰੋੜ ਰਹਿ ਗਈ ਹੈ। ਖਾਦਾਂ ਉਤੇ ਸਬਸਿਡੀ ਨੂੰ 1.40 ਲੱਖ ਕਰੋੜ ਰੁਪਏ ਤੋਂ ਘਟਾ ਕੇ 1.05 ਲੱਖ ਕਰੋੜ ਕਰ ਦਿੱਤਾ ਗਿਆ ਹੈ। ਮਗਨਰੇਗਾ ਦਾ ਬਜਟ ਵੀ 98 ਹਜ਼ਾਰ ਕਰੋੜ ਤੋਂ ਘਟਾ ਕੇ 73 ਹਜ਼ਾਰ ਕਰੋੜ ਕਰ ਦਿੱਤਾ ਗਿਆ ਹੈ।

ਮੋਟੀ ਨਜ਼ਰੇ ਹੀ ਬਜਟ ਪੂਰੀ ਤਰ੍ਹਾਂ ਕਾਰਪੋਰੇਟ ਵਿਕਾਸ ਵੱਲ ਝੁਕਾਅ ਰੱਖਣ ਵਾਲਾ ਹੈ। ਦਿਹਾਤੀ ਖੇਤਰ ਲਈ ਦੁਨੀਆ ਦੀ ਸਭ ਤੋਂ ਵੱਡੀ ਰੁਜ਼ਗਾਰ ਯੋਜਨਾ ਮੰਨੀ ਜਾ ਰਹੀ ਮਗਨਰੇਗਾ ਲਈ ਬਜਟ 2020-21 ਵਿਚ ਵਧਾ ਕੇ 1 ਲੱਖ 11 ਹਜ਼ਾਰ ਕਰੋੜ ਰੁਪਏ ਕਰਨਾ ਪਿਆ ਸੀ। 2021-22 ਦੌਰਾਨ 73 ਹਜ਼ਾਰ ਕਰੋੜ ਰੁਪਏ ਸੀ ਪਰ ਖਰਚਾ 98 ਹਜ਼ਾਰ ਕਰੋੜ ਰੁਪਏ ਹੋਇਆ; ਇਸ ਦੇ ਬਾਵਜੂਦ 2022-23 ਲਈ ਇਕ ਸਕੀਮ ਤਹਿਤ ਮੁੜ 73 ਹਜ਼ਾਰ ਕਰੋੜ ਰੁਪਏ ਰੱਖਣ ਪਿੱਛੇ ਕੋਈ ਦਲੀਲ ਨਹੀਂ ਦਿੱਤੀ ਗਈ। ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਪ੍ਰਧਾਨ ਮੰਤਰੀ ਦੇ ਵਾਅਦੇ ਦਾ ਇਹ ਆਖਰੀ ਸਾਲ ਹੈ। ਇਸ ਬਾਰੇ ਬਜਟ ਵਿਚ ਕੋਈ ਜ਼ਿਕਰ ਨਹੀਂ ਹੈ। ਕਿਸਾਨ ਅੰਦੋਲਨ ਦੀ ਮੁੱਖ ਮੰਗ 23 ਫਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ ਉਤੇ ਖਰੀਦ ਦੀ ਗਰੰਟੀ ਬਾਰੇ ਬਜਟ ਬਿਲਕੁਲ ਖਾਮੋਸ਼ ਹੈ। ਇੰਨਾ ਹੀ ਕਿਹਾ ਗਿਆ ਹੈ ਕਿ ਸਰਕਾਰ ਫਸਲਾਂ ਦੀ ਖਰੀਦ ਉਤੇ 2.37 ਲੱਖ ਕਰੋੜ ਖਰਚੇਗੀ ਜਦਕਿ ਪਿਛਲੇ ਸਾਲ ਇਸ ਤੋਂ ਵੱਧ ਖਰਚ ਹੋਇਆ ਸੀ।

ਸਿੱਖਿਆ ਦਾ ਬਜਟ 2021-22 ਵਿਚ 93 ਹਜ਼ਾਰ ਕਰੋੜ ਰੱਖਿਆ ਸੀ ਜਦਕਿ ਖਰਚ 88 ਹਜ਼ਾਰ ਕਰੋੜ ਰੁਪਏ ਕੀਤਾ ਗਿਆ। ਇਸ ਵਾਰ 1 ਲੱਖ ਚਾਰ ਹਜ਼ਾਰ ਕਰੋੜ ਦੇ ਕਰੀਬ ਰੱਖਿਆ ਹੈ, ਜੇਕਰ ਮਹਿੰਗਾਈ ਦਾ ਵਾਧੂ ਖਰਚ ਹੀ ਜੋੜ ਲਿਆ ਜਾਵੇ ਤਾਂ ਹਾਲਤ ਦਾ ਅੰਦਾਜ਼ਾ ਸੁਭਾਵਿਕ ਲਗਾਇਆ ਜਾ ਸਕਦਾ ਹੈ।

## ਪਿਤਾ ਦੇ ਭੋਗ ਵਿਚ ਸ਼ਾਮਲ ਹੋਣ ਪੁੱਜਾ ਰਾਜੋਆਣਾ

**ਲੁਧਿਆਣਾ:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲਕਾਂਡ ਕੇਸ 'ਚ ਸਜ਼ਾ ਕੱਟ ਰਹੇ ਬਲਵੰਤ ਸਿੰਘ ਰਾਜੋਆਣਾ ਆਪਣੇ ਪਿਤਾ ਦੇ ਭੋਗ ਸਮਾਗਮ ਵਿਚ ਸ਼ਾਮਲ ਹੋਣ ਲਈ ਪੁੱਜਾ। ਉਸ ਨੂੰ ਇਕ ਘੰਟੇ ਦੀ ਪੈਰੋਲ 'ਤੇ ਲੁਧਿਆਣਾ ਭੇਜਿਆ ਗਿਆ ਸੀ। ਸਖਤ ਸੁਰੱਖਿਆ ਵਿੱਚ ਬਲਵੰਤ ਸਿੰਘ ਰਾਜੋਆਣਾ ਨੂੰ ਦੁੱਗਰੀ ਦੇ ਗੁਰਦੁਆਰਾ ਸਾਹਿਬ ਲਿਆਂਦਾ ਗਿਆ। ਬਲਵੰਤ ਸਿੰਘ ਆਪਣੇ ਘਰ ਜਾਣਾ ਚਾਹੁੰਦਾ ਸੀ ਪਰ ਨਾ ਤਾਂ ਅਦਾਲਤ ਤੇ ਨਾ ਹੀ ਪ੍ਰਸ਼ਾਸਨ ਨੇ ਆਗਿਆ ਦਿੱਤੀ। ਉਸ ਦੇ ਪਿਤਾ ਦੀ ਮੌਤ 22 ਜਨਵਰੀ ਨੂੰ ਹੋ ਗਈ ਸੀ। ਇਸ ਦੌਰਾਨ ਹੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਉਨ੍ਹਾਂ ਦੇ ਸਿਰ 'ਤੇ ਦਸਤਾਰ ਸਜਾਈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਵੱਡੀ ਭੈਣ ਦੇ ਦੋਸ਼ਾਂ ਤੋਂ ਬਾਅਦ ਕਸੂਤੇ ਫਸੇ ਨਵਜੋਤ ਸਿੱਧੂ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਵੱਡੀ ਭੈਣ ਹੋਣ ਦਾ ਦਾਅਵਾ ਕਰ ਕੇ ਅਮਰੀਕਾ ਵਾਸੀ ਸੁਮਨ ਤੂਰ ਨੇ ਚੋਣਾਂ ਦੇ ਭਖੇ ਮਾਹੌਲ ਦੌਰਾਨ ਕਾਂਗਰਸ ਆਗੂ 'ਤੇ ਉਂਗਲ ਉਠਾਈ ਹੈ। ਸੁਮਨ ਤੂਰ ਨੇ ਸਿੱਧੂ ਦੀ ਭੈਣ ਹੋਣ ਦਾ ਦਾਅਵਾ ਕਰ ਕੇ ਗੰਭੀਰ ਇਲਜ਼ਾਮ ਲਾਏ ਹਨ।

ਉਨ੍ਹਾਂ ਮੀਡੀਆ ਵਾਰਤਾ ਦੌਰਾਨ ਦੋਸ਼ ਲਾਏ ਕਿ ਨਵਜੋਤ ਸਿੱਧੂ ਨੇ 1986 ਵਿਚ ਪਿਤਾ ਭਗਵੰਤ ਸਿੰਘ ਦੀ ਮੌਤ ਹੋਣ ਮਗਰੋਂ ਮਾਂ ਨੂੰ ਘਰੋਂ ਕੱਢ ਦਿੱਤਾ ਸੀ ਅਤੇ ਧੀਆਂ-ਪੁੱਤਰਾਂ ਦੇ ਹੁੰਦਿਆਂ ਉਨ੍ਹਾਂ ਦੀ ਮਾਂ ਬਿਨਾਂ ਸਾਂਭ-ਸੰਭਾਲ ਮੌਤ ਦੇ ਮੂੰਹ ਜਾ ਪਈ। ਸੁਮਨ ਤੂਰ ਨੇ ਦੋਸ਼ ਲਾਇਆ ਕਿ ਸਿੱਧੂ ਨੇ ਪੈਸੇ ਲਈ ਪਰਿਵਾਰ ਦੀ ਪ੍ਰਵਾਹ ਨਹੀਂ ਕੀਤੀ ਅਤੇ ਪਰਿਵਾਰ ਦੇ ਦੁੱਖ-ਸੁੱਖ ਵਿਚ ਸ਼ਰੀਕ ਹੋਣਾ ਵੀ ਬੰਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਉਹ ਪੰਜਾਬ ਦੀਆਂ ਭੈਣਾਂ ਅਤੇ ਮਾਵਾਂ ਨੂੰ ਅਪੀਲ ਕਰਦੀ ਹੈ ਕਿ ਉਨ੍ਹਾਂ ਨੂੰ ਇਨਸਾਫ਼ ਦਿਵਾਇਆ ਜਾਵੇ ਅਤੇ ਨਵਜੋਤ ਸਿੱਧੂ ਨੂੰ ਪੰਜਾਬ ਦੇ ਲੋਕ ਸੁਆਲ ਕਰਨ ਕਿ ਉਸ ਨੇ (ਸਿੱਧੂ) ਨੇ ਆਪਣੀਆਂ ਭੈਣਾਂ ਤੇ ਮਾਂ ਨਾਲ ਅਜਿਹਾ ਕਿਉਂ ਕੀਤਾ। ਸੁਮਨ ਤੂਰ ਦੇ ਇਨ੍ਹਾਂ ਇਲਜ਼ਾਮਾਂ ਨੇ ਚੋਣਾਂ ਮੌਕੇ ਵਿਰੋਧੀ ਧਿਰਾਂ ਦੇ ਹੱਥ ਇਕ ਮੌਕਾ ਦੇ ਦਿੱਤਾ ਹੈ।

ਸੁਮਨ ਤੂਰ ਵੱਲੋਂ ਚੋਣਾਂ ਤੋਂ ਐਨ ਪਹਿਲਾਂ ਇਸ ਤਰ੍ਹਾਂ ਦੇ ਇਲਜ਼ਾਮ ਲਾਏ ਜਾਣ ਤੋਂ ਸਿਆਸੀ ਹਲਕੇ ਇਸ ਪਿੱਛੇ ਦਾਲ ਵਿਚ ਕੁੱਝ ਕਾਲਾ ਦੱਸ ਰਹੇ ਹਨ ਅਤੇ ਸ਼ੰਕੇ ਖੜ੍ਹੇ ਕਰ ਰਹੇ ਹਨ ਕਿ ਇਹ ਵਿਰੋਧੀਆਂ ਦੀ ਕੋਈ ਚਾਲ ਵੀ ਹੋ ਸਕਦੀ ਹੈ। ਸੁਮਨ ਤੂਰ ਨੇ ਚੋਣਾਂ ਮੌਕੇ ਪ੍ਰੈੱਸ ਵਾਰਤਾ ਕੀਤੇ ਜਾਣ ਦੇ ਸੁਆਲ ਦੇ ਜੁਆਬ 'ਚ ਕਿਹਾ ਕਿ ਉਹ 20 ਜਨਵਰੀ ਨੂੰ ਨਵਜੋਤ ਸਿੱਧੂ ਦੇ ਘਰ ਗਏ ਸਨ ਪਰ



ਉਨ੍ਹਾਂ ਨੂੰ ਘਰ ਵਿਚ ਦਾਖਲ ਨਹੀਂ ਹੋਣ ਦਿੱਤਾ ਗਿਆ ਅਤੇ ਸਿੱਧੂ ਨੇ ਉਨ੍ਹਾਂ ਦਾ ਵੱਟਸਐਪ ਨੰਬਰ ਵੀ ਬਲਾਕ ਕੀਤਾ ਹੋਇਆ ਹੈ ਜਿਸ ਕਰਕੇ ਉਹ ਹੁਣ ਉਹ ਰੁਕ ਨਾ ਸਕੇ। ਸੁਮਨ ਤੂਰ ਨੇ ਕਿਹਾ ਕਿ ਇਸ ਨਾਲ ਕਿਸੇ ਸਿਆਸਤ ਜਾਂ ਪਾਰਟੀ ਦਾ ਸਬੰਧ ਨਹੀਂ ਹੈ। ਤੂਰ ਨੇ ਕਿਹਾ ਕਿ ਸਿੱਧੂ ਨੇ ਜਾਇਦਾਦ ਖ਼ਾਤਰ 1987 ਵਿਚ ਦਿੱਤੀ ਇਕ ਇੰਟਰਵਿਊ 'ਚ ਇਹ ਵੀ ਕਿਹਾ ਕਿ ਉਸ ਦੀ ਦੋ ਸਾਲ ਦੀ ਉਮਰ ਵਿਚ ਹੀ ਉਸ ਦੇ ਮਾਪੇ ਅਦਾਲਤੀ ਹੁਕਮਾਂ ਨਾਲ ਵੱਖ ਹੋ ਗਏ ਸਨ।

ਤੂਰ ਨੇ ਕਿਹਾ ਕਿ ਉਹ ਦੋ ਭੈਣਾਂ ਸਨ ਪਰ ਦੂਸਰੀ ਭੈਣ ਨੀਲਮ ਮਹਾਜਨ ਦੀ 2013 ਵਿਚ ਮੌਤ ਹੋ ਗਈ ਸੀ। ਉਨ੍ਹਾਂ ਕਿਹਾ ਕਿ ਦੋਵੇਂ ਭੈਣਾਂ ਨੇ ਕਦੇ ਵੀ ਜਾਇਦਾਦ ਵਿਚੋਂ ਕੋਈ ਹਿੱਸਾ ਸਿੱਧੂ ਤੋਂ ਨਹੀਂ ਮੰਗਿਆ। ਤੂਰ ਨੇ ਕਿਹਾ ਕਿ ਨਵਜੋਤ ਸਿੱਧੂ ਉਨ੍ਹਾਂ ਦੀ ਮਾਂ ਨਿਰਮਲ ਅਤੇ ਪਿਤਾ ਭਗਵੰਤ ਸਿੰਘ ਦਾ ਨਾਂ ਵਰਤਣਾ ਬੰਦ ਕਰੇ।

### ਨਵਜੋਤ ਦਾ ਕੋਈ ਨਾਤਾ ਨਹੀਂ: ਡਾ. ਸਿੱਧੂ

**ਚੰਡੀਗੜ੍ਹ:** ਸਾਬਕਾ ਵਿਧਾਇਕਾ ਡਾ. ਨਵਜੋਤ ਕੌਰ ਸਿੱਧੂ ਨੇ ਸੁਮਨ ਤੂਰ ਦੇ ਇਲਜ਼ਾਮਾਂ ਬਾਰੇ ਕਿਹਾ ਕਿ ਸਿੱਧੂ ਦੇ ਪਿਤਾ ਦਾ ਜਿਸ ਔਰਤ ਨਾਲ ਵਿਆਹ ਹੋਇਆ ਸੀ, ਉਸ ਦਾ ਪਹਿਲਾਂ ਵੀ ਵਿਆਹ ਹੋਇਆ ਸੀ ਜਿਸ ਦੀ ਕੁੱਖੋਂ ਇਹ ਦੋ ਧੀਆਂ ਸਨ। ਨਵਜੋਤ ਸਿੱਧੂ ਸੱਤ ਸਾਲ ਦੇ ਸਨ, ਜਦੋਂ ਉਨ੍ਹਾਂ ਦੀ ਮਾਂ ਛੱਡ ਕੇ ਚਲੀ ਗਈ ਸੀ ਕਿਉਂਕਿ ਉਨ੍ਹਾਂ ਦੇ ਮਾਪਿਆਂ ਦਾ ਤਲਾਕ ਹੋ ਗਿਆ ਸੀ। ਜਦੋਂ ਤੋਂ ਉਹ ਵਿਆਹ ਕੇ ਆਈ ਹੈ ਤਾਂ ਉਦੋਂ ਤੋਂ ਨਵਜੋਤ ਸਿੱਧੂ ਇਕੱਲੇ ਹੀ ਹਨ ਅਤੇ ਇਨ੍ਹਾਂ ਭੈਣਾਂ ਨਾਲ ਕਦੇ ਕੋਈ ਲੈਣਾ-ਦੇਣਾ ਨਹੀਂ ਰਿਹਾ।

# ਚੋਣ ਮਨੋਰਥ ਪੱਤਰ ਨੂੰ ਕਾਨੂੰਨੀ ਦਸਤਾਵੇਜ਼ ਬਣਾਉਣ ਦਾ ਮਸਲਾ ਭਖਿਆ

**ਚੰਡੀਗੜ੍ਹ:** ਪੰਜਾਬ ਵਾਤਾਵਰਨ ਲੋਕ ਚੇਤਨਾ ਲਹਿਰ ਦੀ ਅਗਵਾਈ ਕਰ ਰਹੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਕਨਵੀਨਰ ਕਾਹਨ ਸਿੰਘ ਪੰਨੂ ਵੱਲੋਂ ਪੰਜਾਬ ਦੇ ਮੁੱਖ ਚੋਣ ਕਮਿਸ਼ਨ ਅਧਿਕਾਰੀ ਨੂੰ ਇਕ ਮੰਗ ਪੱਤਰ ਸੌਂਪਿਆ ਗਿਆ ਹੈ ਜਿਸ ਰਾਹੀਂ ਸਿਆਸੀ ਪਾਰਟੀਆਂ ਵੱਲੋਂ ਚੋਣਾਂ ਦੌਰਾਨ ਜਾਰੀ ਕੀਤੇ ਜਾਣ ਵਾਲੇ ਚੋਣ ਮਨੋਰੱਥ ਪੱਤਰ ਨੂੰ ਕਾਨੂੰਨੀ ਦਸਤਾਵੇਜ਼ ਬਣਾਉਣ ਦੀ ਮੰਗ ਕੀਤੀ ਗਈ ਹੈ। ਪੰਜਾਬ ਦੇ ਚੋਣ ਕਮਿਸ਼ਨਰ ਡਾ. ਐੱਸ ਕਰੁਣਾ ਰਾਜੂ ਮੰਗ ਪੱਤਰ ਨੂੰ ਭਾਰਤ ਸਰਕਾਰ ਦੇ ਮੁੱਖ ਚੋਣ ਕਮਿਸ਼ਨਰ ਤੱਕ ਪਹੁੰਚਾਉਣਗੇ।

ਪੰਜਾਬ ਵਿਚ ਲੋਕ ਚੇਤਨਾ ਲਹਿਰ ਦੇ ਕਨਵੀਨਰ ਕਾਹਨ ਸਿੰਘ ਪਨੂੰ ਨੇ ਕਿਹਾ ਕਿ ਅੱਜ ਤੱਕ ਸਰਕਾਰਾਂ ਸਾਡਾ ਮੁਢਲਾ ਜਿਊਣ ਦਾ ਅਧਿਕਾਰ ਪ੍ਰਦਾਨ ਕਰਨ ਵਿਚ ਨਾਕਾਮ ਰਹੀਆਂ ਹਨ। ਸਿਆਸੀ ਪਾਰਟੀਆਂ ਨੇ ਝੂਠੇ ਲੋਕ ਲੁਭਾਉਣੇ ਲਾਰੇ ਲਾ ਕੇ ਉਨ੍ਹਾਂ ਦਾ ਭਾਵਨਾਤਮਕ ਸ਼ੋਸ਼ਣ ਕਰਦੀਆਂ ਆ ਰਹੀਆਂ ਹਨ। ਉਨ੍ਹਾਂ ਚੋਣ ਕਮਿਸ਼ਨ ਦੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਸਿਆਸੀ ਪਾਰਟੀਆਂ ਵੱਲੋਂ ਲਾਲਚ ਦੇ ਕੇ ਅਤੇ ਝੂਠੇ ਲੋਕ ਲੁਭਾਊ ਵਾਅਦਿਆਂ ਨਾਲ ਲੋਕਾਂ ਦੀ ਭਾਵਨਾਤਮਕ ਸ਼ੋਸ਼ਣ ਰੋਕਣ ਅਤੇ ਚੋਣ ਮੈਨੀਫੈਸਟੋ ਨੂੰ ਕਾਨੂੰਨੀ ਦਸਤਾਵੇਜ਼ ਬਣਾਉਣ ਤਾਂ ਜੋ ਲੋਕ ਆਪਣੇ ਜਿਊਣ ਦੇ ਅਧਿਕਾਰ ਸ਼ੁੱਧ ਹਵਾ ਪਾਣੀ ਤੇ ਖੁਰਾਕ ਅਤੇ ਲੋਕ ਮਸਲਿਆਂ ਦੇ ਹੱਲ ਲਈ ਨਿਡਰ ਤੇ ਆਸਵੰਦ ਹੋ ਕੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਣ।

ਵਾਤਾਵਰਨ ਪ੍ਰੇਮੀ ਪਦਮਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਪੰਜਾਬ ਦੀ ਹਵਾ, ਪਾਣੀ ਤੇ ਧਰਤੀ ਤਿੰਨੋਂ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁੱਕੇ ਹਨ। ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੈ, ਜਿਥੇ ਹਰ 5 ਸਾਲ ਬਾਅਦ ਲੋਕ ਆਪਣੀ ਵੋਟ ਦੀ ਤਾਕਤ ਨਾਲ ਸਰਕਾਰ ਦੀ ਚੋਣ ਕਰਦੇ ਹਨ ਪਰ ਦੁੱਖ ਦੀ ਗੱਲ ਹੈ ਕਿ ਹਰ ਵਾਰ ਲੋਕ ਸੇਵਾ ਦੇ ਨਾਂ 'ਤੇ ਸਿਆਸੀ ਪਾਰਟੀਆਂ ਸੱਤਾ ਤਾਂ ਹਾਸਲ ਕਰ ਲੈਂਦੀਆਂ ਹਨ, ਪਰ ਲੋਕਾਂ ਦੇ ਜੀਵਨ ਨਾਲ ਜੁੜੇ ਇਸ ਅਹਿਮ ਮੁੱਦੇ 'ਤੇ ਹਮੇਸ਼ਾ ਚੁੱਪ ਰਹਿੰਦੀਆਂ ਹਨ।

# ਕਿਸਾਨ ਜਥੇਬੰਦੀ ਨੇ ਕਰੋਨਾ ਕਾਰਨ ਬੰਦ ਪਏ ਸਰਕਾਰੀ ਸਕੂਲ ਖੁੱਲ੍ਹਵਾਏ

**ਲਹਿਰਾਗਾਗਾ:** ਬਲਾਕ ਲਹਿਰਾਗਾਗਾ ਦੇ ਨਜ਼ਦੀਕ ਪੈਂਦੇ ਪਿੰਡ ਲਹਿਲ ਖੁਰਦ, ਭੁਟਾਲ ਅਤੇ ਡੂਡੀਆਂ ਦੇ ਵਾਸੀਆਂ ਨੇ ਇਕੱਠੇ ਹੋਕੇ ਪਿੰਡ ਦੇ ਸਰਕਾਰੀ ਸਕੂਲਾਂ ਨੂੰ ਖੁਲ੍ਹਵਾਇਆ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਪਿੰਡ ਇਕਾਈ ਦੇ ਪ੍ਰਧਾਨ ਜਗਦੀਪ ਸਿੰਘ ਅਤੇ ਮਹਿਲਾ ਵਿੰਗ ਦੀ ਪ੍ਰਧਾਨ ਰਣਜੀਤ ਕੌਰ ਨੇ ਦੱਸਿਆ ਕਰੋਨਾ ਦੀ ਆੜ ਵਿਚ ਬੱਚਿਆਂ ਦਾ ਭਵਿੱਖ ਖਰਾਬ ਕੀਤਾ ਜਾ ਰਿਹਾ।

ਦੋ ਸਾਲ ਤੋਂ ਸਰਕਾਰ ਨੇ ਸਕੂਲ ਬੰਦ ਕੀਤੇ ਹੋਏ ਹਨ। ਜਦ ਕਿ ਵੋਟਾਂ ਦੇ ਪ੍ਰਚਾਰ ਲਈ ਰੈਲੀਆਂ ਅਤੇ ਇਕੱਠ ਹੋ ਰਹੇ ਹਨ। ਸਿੱਖਿਆ ਸੰਸਥਾਵਾਂ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ। ਇਸ ਸਭ ਲਈ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਜ਼ਿੰਮੇਵਾਰ ਹੈ। ਉਨ੍ਹਾਂ ਸਕੂਲ ਖੁੱਲ੍ਹਵਾਉਣ ਤੋਂ ਬਾਅਦ ਕਿਹਾ ਕਿ ਜੇਕਰ ਸਕੂਲ ਦੁਆਰਾ ਬੰਦ ਹੁੰਦਾ ਹੈ ਤਾਂ ਇਥੋਂ ਦਾ ਪ੍ਰਸ਼ਾਸਨ ਅਤੇ ਸਰਕਾਰ ਜ਼ਿੰਮੇਵਾਰ ਹੋਣਗੇ ਅਤੇ ਜਥੇਬੰਦੀ ਪਿੰਡ ਵਾਸੀਆਂ ਅਤੇ ਬੱਚਿਆਂ ਅਤੇ ਪਰਿਵਾਰਾਂ ਸਮੇਤ ਪ੍ਰਸ਼ਾਸਨ ਖਿਲਾਫ ਸੜਕਾਂ ਉਤੇ ਉੱਤਰੇਗੀ। ਦੂਜੇ ਪਾਸੇ ਇਸ ਮਸਲੇ ਬਾਰੇ ਐਸ.ਡੀ.ਐਮ. ਨਵਰੀਤ ਕੌਰ ਸੇਖੋਂ ਨੇ ਦੱਸਿਆ ਕਿ ਕਰੋਨਾ ਮਹਾਮਾਰੀ ਕਰਕੇ ਸਰਕਾਰ ਨੇ ਸਕੂਲਾਂ ਨੂੰ ਬੰਦ ਰੱਖਣ ਦੀ ਹਦਾਇਤ ਕੀਤੀ ਸੀ ਅਤੇ ਸਕੂਲ ਖੋਲ੍ਹਣ ਵਾਲੇ ਪ੍ਰਿੰਸੀਪਲਾਂ/ਮੁੱਖ ਅਧਿਆਪਕਾਂ ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੇ ਸਕੂਲ ਖੋਲ੍ਹ ਦਿੱਤੇ ਹਨ ਅਤੇ ਜਦੋਂ ਪੰਜਾਬ ਸਰਕਾਰ ਇਜਾਜ਼ਤ ਦੇਵੇਗੀ ਤਾਂ ਸਕੂਲ ਖੋਲ੍ਹੇ ਜਾਣਗੇ।

## ਪੰਜਾਬ ਦੇ ਹਿੱਸੇ ਆਏ ਪੰਜ ਪਦਮ ਐਵਾਰਡ

**ਚੰਡੀਗੜ੍ਹ:** ਪੰਜਾਬ ਦੇ ਹਿੱਸੇ ਇਸ ਵਾਰ ਪੰਜ ਪਦਮ ਐਵਾਰਡ ਆਏ ਹਨ। ਐਵਾਰਡ ਹਾਸਲ ਕਰਨ ਵਾਲੀਆਂ ਹਸਤੀਆਂ ਵਿਚੋਂ ਲੰਮੀ ਹੇਕ ਵਾਲੀ ਗਾਇਕਾ ਗੁਰਮੀਤ ਬਾਵਾ ਨੂੰ ਪਦਮ ਭੂਸ਼ਨ ਐਵਾਰਡ (ਮਰਨ ਉਪਰੰਤ) ਨਾਲ ਨਿਵਾਜਿਆ ਗਿਆ ਹੈ। ਸੀਨੀਅਰ ਪੱਤਰਕਾਰ, ਚੜ੍ਹਦੀ ਕਲਾ ਅਖਬਾਰ ਦੇ ਬਾਨੀ ਤੇ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਚੇਅਰਮੈਨ ਜਗਜੀਤ ਸਿੰਘ ਦਰਦੀ ਨੂੰ ਪਦਮਸ੍ਰੀ ਨਾਲ ਸਨਮਾਨਿਤ ਕੀਤਾ ਗਿਆ ਹੈ। ਸ੍ਰੀ ਦਰਦੀ ਨੂੰ ਇਹ ਐਵਾਰਡ ਕੌਮੀ ਏਕਤਾ, ਭਾਈਚਾਰਜ ਸਾਂਝ, ਮੀਡੀਆ ਤੇ ਵਿੱਦਿਆ ਖੇਤਰ 'ਚ ਪਾਏ ਯੋਗਦਾਨ ਸਦਕਾ ਦਿੱਤਾ ਗਿਆ ਹੈ। ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ ਦੇ ਚਾਂਸਲਰ ਹਰਮੋਹਿੰਦਰ ਸਿੰਘ ਬੇਦੀ ਨੂੰ ਸਾਹਿਤ ਤੇ ਵਿੱਦਿਆ ਦੇ ਖੇਤਰ 'ਚ ਪਾਏ ਯੋਗਦਾਨ ਲਈ ਪਦਮਸ੍ਰੀ ਨਾਲ ਸਨਮਾਨਿਆ ਗਿਆ ਹੈ। ਕਲਗੀਧਰ ਟਰੱਸਟ ਬੜੂ ਸਾਹਿਬ ਦੇ ਬਾਬਾ ਇਕਬਾਲ ਸਿੰਘ ਤੇ ਸ੍ਰੀ ਪ੍ਰੇਮ ਸਿੰਘ ਨੂੰ ਸਮਾਜ ਭਲਾਈ ਦੇ ਕਾਰਜਾਂ 'ਚ ਪਾਏ ਯੋਗਦਾਨ ਸਦਕਾ ਪਦਮਸ੍ਰੀ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ ਹੈ।

# ਕਿਸਾਨ ਜਥੇਬੰਦੀਆਂ ਦੀ ਮੁਅੱਤਲੀ ਦਾ ਫੈਸਲਾ ਮੁੜ ਘੋਖਣ ਦੀ ਅਪੀਲ



**ਮੁੱਲਾਂਪੁਰ ਦਾਖਾ:** ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੀ ਇਥੇ ਗੁਰਸ਼ਰਨ ਕਲਾ ਭਵਨ 'ਚ ਹੋਈ ਮੀਟਿੰਗ ਦੌਰਾਨ ਸਰਬਸੰਮਤੀ ਨਾਲ ਮਤਾ ਪਾਸ ਕਰਦਿਆਂ ਕਿਸਾਨ ਆਗੂਆਂ ਨੇ ਪੰਜਾਬ ਵਿਧਾਨ ਸਭਾ ਚੋਣਾਂ ਲੜਨ ਲਈ ਹਾਮੀ ਭਰਨ ਵਾਲੀਆਂ 22 ਕਿਸਾਨ ਜਥੇਬੰਦੀਆਂ ਨੂੰ ਸੰਯੁਕਤ ਕਿਸਾਨ ਮੋਰਚੇ ਤੋਂ ਚਾਰ ਮਹੀਨੇ ਲਈ ਮੁਅੱਤਲ ਕਰਨ ਦੇ ਫੈਸਲੇ 'ਤੇ ਮੁੜ ਨਜ਼ਰਸਾਨੀ ਕਰਨ ਦੀ ਅਪੀਲ ਕੀਤੀ ਹੈ।

ਭਾਰਤੀ ਕਿਸਾਨ ਯੂਨੀਅਨ (ਏਕਤਾ ਡਕੌਂਦਾ) ਦੇ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ, ਕਿਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਅਤੇ ਭਾਰਤੀ ਕਿਸਾਨ ਯੂਨੀਅਨ (ਦੋਆਬਾ) ਦੇ ਪ੍ਰਧਾਨ ਮਨਜੀਤ ਸਿੰਘ ਰਾਏ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਤੋਂ ਬਾਅਦ ਕਿਸਾਨ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 22 ਕਿਸਾਨ ਜਥੇਬੰਦੀਆਂ ਨੂੰ ਚਾਰ ਮਹੀਨੇ ਲਈ ਮੁਅੱਤਲ ਕਰਨ ਦਾ ਫੈਸਲਾ ਕਾਹਲੀ ਵਿਚ ਚੁੱਕਿਆ ਕਦਮ ਹੈ। ਉਨ੍ਹਾਂ ਕਿਹਾ ਕਿ 22 ਕਿਸਾਨ ਜਥੇਬੰਦੀਆਂ ਚੋਣਾਂ ਵਿਚ ਹਿੱਸਾ ਨਹੀਂ ਲੈ ਰਹੀਆਂ। ਸਿਰਫ ਅੱਠ ਜਥੇਬੰਦੀਆਂ ਹੀ ਸਿੱਧੇ ਤੌਰ 'ਤੇ ਚੋਣਾਂ ਲੜ ਰਹੀਆਂ ਹਨ। ਕਿਸਾਨ ਆਗੂਆਂ ਨੇ ਕਿਹਾ ਕਿ 32 ਕਿਸਾਨ ਜਥੇਬੰਦੀਆਂ ਦੀ ਇਥੇ ਹੀ ਹੋਈ ਪਿਛਲੀ ਮੀਟਿੰਗ ਦੇ ਫੈਸਲੇ 'ਤੇ ਉਹ ਅੱਜ ਵੀ ਕਾਇਮ ਹਨ, ਜਿਸ ਵਿਚ ਕਿਹਾ ਗਿਆ ਸੀ ਕਿ ਚੋਣਾਂ ਵਿਚ ਹਿੱਸਾ ਲੈਣਾ ਜਾਂ ਨਾ ਲੈਣਾ ਉਨ੍ਹਾਂ ਦੀ ਮਰਜ਼ੀ ਹੈ ਪਰ ਸੰਯੁਕਤ ਕਿਸਾਨ ਮੋਰਚੇ ਦਾ ਪਲੇਟਫਾਰਮ ਚੋਣ ਲੜਨ ਲਈ ਨਹੀਂ ਵਰਤਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਕ ਸਾਲ ਤੋਂ ਉਪਰ ਚੱਲੇ ਲੰਬੇ ਘੋਲ ਦੌਰਾਨ ਗਲਤੀ ਕਰਨ ਵਾਲੇ ਕਿਸਾਨ ਆਗੂ ਨੂੰ ਮੁਅੱਤਲ ਕਰਨ ਦੀ ਪਰੰਪਰਾ ਤਾਂ ਰਹੀ ਹੈ ਪਰ ਕਿਸੇ ਜਥੇਬੰਦੀ ਨੂੰ ਹੀ ਮੁਅੱਤਲ ਕਰਨ ਦਾ ਫੈਸਲਾ ਮੋਰਚੇ ਦੀ ਏਕਤਾ ਨੂੰ ਢਾਹ ਲਾਵੇਗਾ। ਕਿਸਾਨ ਆਗੂਆਂ ਨੇ ਮੀਟਿੰਗ ਵਿਚ 23 ਕਿਸਾਨ ਜਥੇਬੰਦੀਆਂ ਵੱਲੋਂ ਹਿੱਸਾ ਲੈਣ ਦਾ ਦਾਅਵਾ ਕੀਤਾ ਹੈ। ਚਾਰ ਕਿਸਾਨ ਜਥੇਬੰਦੀਆਂ ਨੇ ਮੀਟਿੰਗ ਦੇ ਫੈਸਲਿਆਂ ਨਾਲ ਸਹਿਮਤੀ ਜਤਾਈ ਹੈ, ਭਾਵੇਂ ਉਹ ਖੁਦ ਹਾਜਰ ਨਹੀਂ ਸਨ। ਡਾ. ਦਰਸ਼ਨਪਾਲ ਵਾਲੀ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਅਤੇ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਵਾਲੀ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਨੇ ਮੀਟਿੰਗ ਤੋਂ ਦੂਰੀ ਬਣਾ ਕੇ ਰੱਖੀ।

### ਕਿਸਾਨਾਂ ਲਈ ਸੰਘਰਸ਼ ਕਰਦਾ ਰਹਾਂਗਾ: ਚੜੂਨੀ

**ਦਿੜ੍ਹਬਾ ਮੰਡੀ:** ਸੰਯੁਕਤ ਕਿਸਾਨ ਪਾਰਟੀ ਦੇ ਪ੍ਰਧਾਨ ਅਤੇ ਕਿਸਾਨ ਨੇਤਾ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਉਹ ਕਿਸਾਨਾਂ ਲਈ ਹਰ ਸਮੇਂ ਸੰਘਰਸ਼ ਕਰਨ ਲਈ ਤਿਆਰ ਸੀ ਅਤੇ ਤਿਆਰ ਰਹੇਗਾ। ਚੜੂਨੀ ਨੇ ਕਿਹਾ ਕਿ ਐਸ.ਕੇ.ਐਮ. ਨੇ ਉਨ੍ਹਾਂ ਨੂੰ ਮੋਰਚੇ 'ਚੋਂ ਅਲੱਗ ਕੀਤਾ ਹੈ, ਉਸ ਗੱਲ ਦੀ ਉਨ੍ਹਾਂ ਨੂੰ ਕੋਈ ਪਰਵਾਹ ਨਹੀਂ ਹੈ ਪਰ ਉਹ ਕਿਸਾਨਾਂ ਅਤੇ ਮਜ਼ਦੂਰਾਂ ਦੀ ਬਿਹਤਰੀ ਅਤੇ ਉਨ੍ਹਾਂ ਦੀ ਅਹਿਮ ਮੰਗਾਂ ਲਈ ਹਕੂਮਤਾਂ ਨਾਲ ਲੜਾਈ ਜਾਰੀ ਰੱਖਣਗੇ।


ਖੁੱਲ੍ਹ ਗਿਆ ਹੈ! ਖੁੱਲ੍ਹ ਗਿਆ ਹੈ!! ਖੁੱਲ੍ਹ ਗਿਆ ਹੈ!!!



Rosie Sandhu, MSN, NP-C
Co-Founder & Owner
Website: harmonyprimarycare.com

ਤੁਹਾਡੀ ਸਿਹਤ ਤੇ ਸੁੰਦਰਤਾ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇੱਥੇ ਉਪਲੱਬਧ ਹਨ

SERVICES:

ਪ੍ਰਾਇਮਰੀ ਕੇਅਰ /ਸਾਲਾਨਾ ਮੈਡੀਕਲ ਚੈਕਅੱਪ
ਡੀ.ਓ.ਟੀ.
ਪਰੀ ਇੰਪਲਾਈਮੈਂਟ ਫਿਜ਼ੀਕਲ
ਹਾਈ ਸਕੂਲ ਸਪੋਰਟ ਫਿਜ਼ੀਕਲ
ਮੈਡੀਕਲ ਸਪਾ ਸੇਵਾਵਾਂ

BOTOX
Dermal filler
Micro-Needling
Kybella
Lip Blushing
Immune Boost Injections




640 Patrick place, Suite B, Brownsburg, IN 46112
Contact: (317)456-0411

Derma Plane
Skin Medica Chemical Peels
PRP Micro Needling
B12 Injections
Vitamin D Injections
Lipi-Mino Injections



Kamna Agarwal, OTC & Certified Yoga Instructor
Co-Founder & Owner

We also offer a variety of Yoga classes including Bikram Style Yoga.

Serving Indian American community in Hendricks County and all surrounding counties in Indiana. Our aim is to bring a unique concept of primary care, aesthetics, yoga, and wellness under one roof.

We will soon be launching laser treatments, acupuncture, and Ayurvedic supplements!

Hours: Open Tuesday-Friday 8 am to 4pm
Saturday 11:30 am to 3:30 pm

# ਵੋਟਾਂ ਮੰਗਣ ਤੁਰੇ ਰਵਾਇਤੀ ਧਿਰਾਂ ਦੇ ਉਮੀਦਵਾਰਾਂ ਦੀ ਪਿੰਡਾਂ ਵਿਚ ਤਿੱਖੀ ਘੇਰਾਬੰਦੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਲਈ ਸਿਆਸੀ ਸਰਗਰਮੀਆਂ ਸਿਖਰਾਂ ਉਤੇ ਹਨ। ਨਾਮਜ਼ਦਗੀ ਪੱਤਰ ਦਾਖਲ ਕਰਨ ਪਿੱਛੋਂ ਸਿਆਸੀ ਧਿਰਾਂ ਦੇ ਉਮੀਦਵਾਰ ਘਰ-ਘਰ ਵੋਟਾਂ ਮੰਗਣ ਲਈ ਤੁਰ ਪਏ ਹਨ। ਇਸ ਦੌਰਾਨ ਜਿਥੇ ਉਮੀਦਵਾਰਾਂ ਦੀ ਘੇਰਾਬੰਦੀ ਹੋ ਰਹੀ ਹੈ, ਉਥੇ ਤਿੱਖੇ ਸਵਾਲ ਵੀ ਕੀਤੇ ਜਾ ਰਹੇ ਹਨ।

ਸਾਬਕਾ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਨੂੰ ਮੰਡੀ ਘੁਬਾਇਆ ਦੇ ਪਿੰਡ ਲੱਖੇ ਕੇ ਉਤਾੜ (ਲੱਖੇ ਕੜਾਹੀਆਂ) ਵਿਚ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਉਹ ਇਥੇ ਆਪਣੇ ਪੁੱਤਰ ਕਾਂਗਰਸੀ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਦੇ ਹੱਕ ਵਿਚ ਚੋਣ ਪ੍ਰਚਾਰ ਕਰਨ ਪਹੁੰਚੇ ਸਨ। ਪਿੰਡ ਵਾਸੀਆਂ ਨੇ ਕਿਹਾ ਕਿ ਉਨ੍ਹਾਂ ਦਵਿੰਦਰ ਘੁਬਾਇਆ ਨੂੰ ਵੋਟਾਂ ਪਾ ਕੇ ਮਾਣ-ਸਨਮਾਨ ਦਿੱਤਾ ਸੀ ਪਰ ਉਹ ਪੰਜ ਸਾਲਾਂ ਵਿਚ ਨਾ ਤਾਂ ਪਿੰਡ 'ਚ ਆਇਆ ਅਤੇ ਨਾ ਹੀ ਕੋਈ ਗਰਾਂਟ ਜਾਰੀ ਕੀਤੀ। ਸਗੋਂ ਉਨ੍ਹਾਂ ਦੇ ਆਟਾ-ਦਾਲ ਦੇ ਕਾਰਡ ਵੀ ਕਟਾ ਦਿੱਤੇ ਅਤੇ ਪਿੰਡ ਵਾਸੀਆਂ 'ਤੇ ਨਾਜਾਇਜ਼ ਪਰਚੇ ਵੀ ਕਰਵਾਏ ਗਏ। ਲੋਕਾਂ ਨੂੰ ਸਮਝਾਉਣ ਲਈ ਸ਼ੇਰ ਸਿੰਘ ਘੁਬਾਇਆ ਭਾਵੇਂ ਦਲੀਲਾਂ ਦਿੰਦੇ ਰਹੇ ਪਰ ਪਿੰਡ ਦੇ ਲੋਕਾਂ ਨੇ ਉਨ੍ਹਾਂ ਦੀ ਇਕ ਨਾ ਸੁਣੀ। ਅਖੀਰ ਉਨ੍ਹਾਂ ਹੱਥ ਜੋੜ ਕੇ ਉਥੋਂ ਜਾਣਾ ਹੀ ਠੀਕ ਸਮਝਿਆ। ਵਿਰੋਧ ਕਰ ਰਹੇ ਲੋਕਾਂ ਵੱਲੋਂ ਘੁਬਾਇਆ ਪਰਿਵਾਰ ਖਿਲਾਫ ਨਾਅਰੇਬਾਜ਼ੀ ਵੀ ਕੀਤੀ ਗਈ।

ਇਸੇ ਤਰ੍ਹਾਂ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਲਈ ਪਿੰਡ ਦੀਪ ਸਿੰਘ ਵਾਲਾ ਗਏ ਫਰੀਦਕੋਟ ਦੇ ਵਿਧਾਇਕ ਅਤੇ ਕਾਂਗਰਸੀ ਉਮੀਦਵਾਰ



ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਨੂੰ ਪਿੰਡ ਵਾਸੀਆਂ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਪਿੰਡ ਵਾਸੀ ਨੌਨਿਹਾਲ ਸਿੰਘ, ਜਸਕਰਨ ਸਿੰਘ, ਜਰਨੈਲ ਸਿੰਘ ਅਤੇ ਲੱਡੂ ਸਿੰਘ ਨੇ ਢਿੱਲੋਂ ਤੋਂ ਪੰਜ ਸਾਲਾਂ ਵਿਚ ਨਸ਼ਿਆਂ ਦੀ ਸਮੱਸਿਆ ਹੱਲ ਨਾ ਹੋਣ ਦਾ ਕਾਰਨ ਪੁੱਛਿਆ। ਨੌਜਵਾਨਾਂ ਨੇ ਦੋਸ਼ ਲਾਇਆ ਕਿ ਇਲਾਕੇ ਦੇ ਕੁਝ ਕਾਂਗਰਸੀ ਆਗੂਆਂ ਦੇ ਦਬਾਅ ਕਾਰਨ ਪੁਲਿਸ ਨੇ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਨਹੀਂ ਕੀਤੀ, ਜਿਸ ਕਰਕੇ ਪਿੰਡ ਦੀਪ ਸਿੰਘ ਵਾਲਾ, ਗੁਰੂਹਰਸਹਾਏ ਅਤੇ ਹਿਠਾੜ ਦੇ ਇਲਾਕੇ ਵਿਚ ਹਜ਼ਾਰਾਂ ਨੌਜਵਾਨ ਚਿੱਟੇ ਤੇ ਹੋਰ ਨਸ਼ਿਆਂ ਦੀ ਗ੍ਰਿਫਤ ਵਿਚ ਹਨ। ਉਨ੍ਹਾਂ ਬੇਰੁਜ਼ਗਾਰੀ ਦੀ ਸਮੱਸਿਆ ਬਾਰੇ ਵੀ ਸਵਾਲ ਕੀਤੇ।

ਪਿੰਡ ਵਾਸੀ ਨੌਨਿਹਾਲ ਸਿੰਘ ਨੇ ਕਿਹਾ ਕਿ ਵੋਟਾਂ ਮੰਗਣ ਆ ਰਹੇ ਬਾਕੀ ਪਾਰਟੀਆਂ ਦੇ ਆਗੂਆਂ ਨੂੰ ਵੀ ਪੁੱਛਿਆ ਜਾਵੇਗਾ ਕਿ ਚੋਣਾਂ ਵਿਚ ਕੀਤੇ ਜਾ ਰਹੇ ਵਾਅਦੇ ਪੂਰੇ ਕਰਨ ਲਈ ਉਨ੍ਹਾਂ ਕੋਲ ਕਿਹੜਾ ਮਾਸਟਰ ਪਲਾਨ ਹੈ।

ਭਵਾਨੀਗੜ੍ਹ ਦੇ ਨੇੜਲੇ ਪਿੰਡ ਤੁਰੀ ਵਿਚ ਚੋਣ ਮੀਟਿੰਗ ਕਰਨ ਪਹੁੰਚੇ ਭਾਜਪਾ ਦੇ ਹਲਕਾ ਸੰਗਰੂਰ ਤੋਂ ਉਮੀਦਵਾਰ ਅਰਵਿੰਦ ਖੰਨਾ ਖਿਲਾਫ ਕਿਸਾਨਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਕਿਸਾਨਾਂ ਨੇ ਭਾਜਪਾ ਆਗੂ ਨੂੰ ਕਾਲੀਆਂ ਝੰਡੀਆਂ ਵੀ ਦਿਖਾਈਆਂ। ਕਿਸਾਨਾਂ ਨੇ ਕਿਹਾ ਕਿ ਤਿੰਨ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੌਰਾਨ ਕਿਸਾਨ ਦਿੱਲੀ ਦੀਆਂ ਸੜਕਾਂ 'ਤੇ ਰੁਲਦੇ ਰਹੇ। ਹੁਣ ਵੀ ਮੋਦੀ ਸਰਕਾਰ ਬਾਕੀ ਮਸਲੇ ਹੱਲ ਕਰਨ ਤੋਂ ਭੱਜ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇ ਚੋਣ ਪ੍ਰਚਾਰ ਦਾ ਵਿਰੋਧ ਜਾਰੀ ਰੱਖਿਆ ਜਾਵੇਗਾ। ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਜ਼ਿਲ੍ਹਾ ਆਗੂ ਗੁਰਬਖਸ਼ੀਸ਼ ਸਿੰਘ ਬਾਲਦ ਕਲਾਂ ਨੇ ਕਿਹਾ ਕਿ ਭਾਜਪਾ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਦੇਸ਼ ਅਤੇ ਪੰਜਾਬ ਨੂੰ ਬਰਬਾਦ ਕਰ ਕੇ ਰੱਖ ਦੇਣਗੀਆਂ।

## 'ਪੈਨਸ਼ਨ ਸਕੀਮ ਲਾਗੂ ਕਰਾਉਣ ਵਾਲਾ ਹੀ ਵੋਟ ਮੰਗਣ ਆਵੇ'

**ਸੰਗਰੂਰ:** ਸਾਲ 2004 ਤੋਂ ਬਾਅਦ ਭਰਤੀ ਐਨ.ਪੀ.ਐਸ. ਮੁਲਾਜ਼ਮਾਂ ਨੇ ਆਪਣੇ ਘਰਾਂ ਅੱਗੇ ਪੋਸਟਰ ਲਗਾ ਕੇ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਉਸ ਸਿਆਸੀ ਪਾਰਟੀ ਦਾ ਉਮੀਦਵਾਰ ਹੀ ਉਨ੍ਹਾਂ ਦੇ ਘਰ ਵੋਟ ਮੰਗਣ ਲਈ ਆਵੇ, ਜਿਹੜਾ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਾਉਣ ਦਾ ਦਮ ਰੱਖਦਾ ਹੋਵੇ ਅਤੇ ਇਸ ਸਬੰਧੀ ਵਾਅਦਾ ਕਰਕੇ ਜਾਵੇ। ਐਨ.ਪੀ.ਐਸ. ਮੁਲਾਜ਼ਮਾਂ ਨੇ ਪੋਸਟਰ ਲਗਾਉਣ ਦੀ ਮੁਹਿੰਮ ਸ਼ੁਰੂ ਕਰਦਿਆਂ ਪੰਜਾਬ ਸਰਕਾਰ ਖਿਲਾਫ਼ ਰੋਸ ਪ੍ਰਗਟ ਕੀਤਾ। ਉਨ੍ਹਾਂ ਨੇ ਘਰਾਂ ਦੇ ਮੁੱਖ ਗੇਟਾਂ ਉਪਰ ਚਿਪਕਾਏ ਪੋਸਟਰਾਂ ਉਪਰ ਲਿਖਿਆ ਹੈ ਕਿ "ਮੈਂ 2004 ਤੋਂ ਬਾਅਦ ਭਰਤੀ ਹੋਇਆ ਸਰਕਾਰੀ ਮੁਲਾਜ਼ਮ ਹਾਂ, ਪੰਜਾਬ ਸਰਕਾਰ ਨੇ ਸਾਡੀ ਪੁਰਾਣੀ ਪੈਨਸ਼ਨ ਬੰਦ ਕਰ ਦਿੱਤੀ ਹੈ ਅਤੇ ਸਾਡੇ ਘਰ ਉਹ ਹੀ ਸਿਆਸੀ ਪਾਰਟੀ ਦਾ ਉਮੀਦਵਾਰ ਵੋਟ ਮੰਗਣ ਆਵੇ ਜੋ ਸਾਡੀ ਪੁਰਾਣੀ ਪੈਨਸ਼ਨ ਬਹਾਲ ਕਰ ਸਕਦਾ ਹੋਵੇ।"

## ਇੰਡੀਅਨ ਫਾਰਮਰਜ਼ ਵੱਲੋਂ ਭਾਜਪਾ ਦਾ ਬਾਈਕਾਟ

**ਪਟਿਆਲਾ:** ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਦਮਹੇੜੀ ਦੀ ਪ੍ਰਧਾਨਗੀ ਹੇਠ ਮੀਟਿੰਗ ਵਿਚ ਵੱਖ-ਵੱਖ ਜ਼ਿਲ੍ਹਿਆਂ ਦੇ ਪ੍ਰਧਾਨ ਤੇ ਪੰਜਾਬ ਦੇ ਅਹੁਦੇਦਾਰ ਸ਼ਾਮਲ ਹੋਏ। ਖੇਤੀ ਵਿਰੋਧੀ ਕਾਨੂੰਨਾਂ ਖਿਲਾਫ ਚੱਲੇ ਅੰਦੋਲਨ ਦੇ ਮੱਦੇਨਜ਼ਰ ਐਸੋਸੀਏਸ਼ਨ ਨੇ ਫੈਸਲਾ ਕੀਤਾ ਹੈ ਕਿ ਉਨ੍ਹਾਂ ਦੀ ਜਥੇਬੰਦੀ ਨਾਲ ਸਬੰਧਤ ਆਗੂ, ਵਰਕਰ ਭਾਜਪਾ ਨੂੰ ਛੱਡ ਕੇ ਹੋਰ ਕਿਸੇ ਵੀ ਸਿਆਸੀ ਪਾਰਟੀ ਨੂੰ ਵੋਟਾਂ ਪਾ ਸਕਦੇ ਹਨ।

# ਭਾਜਪਾ ਆਗੂ ਮਿੱਤਲ ਅਕਾਲੀ ਦਲ ਵਿਚ ਸ਼ਾਮਲ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਮਦਨ ਮੋਹਨ ਮਿੱਤਲ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਮੌਜੂਦਗੀ ਵਿਚ ਮਿੱਤਲ ਨੇ ਕਿਹਾ ਕਿ ਉਨ੍ਹਾਂ ਬੇਹੱਦ ਭਰੇ ਮਨ ਨਾਲ ਪਿਤਰੀ ਪਾਰਟੀ ਛੱਡਣ ਦਾ ਫੈਸਲਾ ਲਿਆ ਹੈ।

ਉਨ੍ਹਾਂ ਕਿਹਾ ਕਿ ਅਕਾਲੀ ਦਲ ਹੀ ਪੰਜਾਬ ਨੂੰ ਸਹੀ ਸੇਧ ਦੇਣ ਦੇ ਸਮਰੱਥ ਹੈ। ਸ੍ਰੀ ਮਿੱਤਲ ਨੇ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਪ੍ਰਸ਼ੰਸਾ ਦੇ ਪੁਲ ਵੀ ਬੰਨ੍ਹੇ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਗੱਠਜੋੜ ਦਾ ਮੁੱਢ ਮੈਂ (ਮਿੱਤਲ) ਬੰਨ੍ਹਿਆ ਸੀ ਤੇ ਹੁਣ ਉਸੇ ਪਾਰਟੀ ਵਿਚ ਸ਼ਾਮਲ ਹੋਣ ਦਾ ਮਾਣ ਹੈ। ਭਾਜਪਾ ਵੱਲੋਂ ਟਿਕਟ ਨਾ ਦੇਣ 'ਤੇ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਇੱਕ ਅਜਿਹੇ ਵਿਅਕਤੀ ਨੂੰ ਟਿਕਟ ਦਿੱਤੀ ਗਈ ਹੈ ਜਿਸ ਨੇ ਕਾਂਗਰਸ ਦੇ 5 ਸਾਲਾ ਰਾਜ ਦੌਰਾਨ ਭਾਜਪਾ ਵਰਕਰਾਂ ਦੀ ਸਾਰ ਨਹੀਂ ਲਈ। ਉਨ੍ਹਾਂ ਇਹ ਵੀ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਰੋਪੜ ਜ਼ਿਲ੍ਹੇ ਵਿਚ ਭਾਜਪਾ ਵਰਕਰਾਂ ਨਾਲ ਜ਼ਿਆਦਤੀਆਂ ਕੀਤੀਆਂ ਜਿਨ੍ਹਾਂ ਖਿਲਾਫ ਲੜਨ ਦੀ ਲੋੜ ਹੈ।

ਸੁਖਬੀਰ ਬਾਦਲ ਨੇ ਮਿੱਤਲ ਨੂੰ ਅਕਾਲੀ ਦਲ ਦਾ ਸੀਨੀਅਰ ਮੀਤ ਪ੍ਰਧਾਨ ਅਤੇ ਵਿਧਾਨ



ਸਭਾ ਹਲਕਾ ਆਨੰਦਪੁਰ ਸਾਹਿਬ ਦਾ ਇੰਚਾਰਜ ਵੀ ਨਿਯੁਕਤ ਕੀਤਾ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਬਿਆਨਬਾਜ਼ੀ 'ਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਕਾਂਗਰਸ ਪ੍ਰਧਾਨ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ, ਇਸ ਲਈ ਕੋਈ ਜਵਾਬ ਦੇਣਾ ਸੰਭਵ ਨਹੀਂ। ਉਨ੍ਹਾਂ ਇਹ ਵੀ ਕਿਹਾ ਕਿ ਸ੍ਰੀ ਮਿੱਤਲ ਦੇ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਸਿਆਸੀ ਤੌਰ 'ਤੇ ਵੱਡਾ ਲਾਭ ਹੋਵੇਗਾ। ਮਹੱਤਵਪੂਰਨ ਤੱਥ ਇਹ ਹੈ ਕਿ ਅਕਾਲੀ ਦਲ ਵੱਲੋਂ ਬਹੁਜਨ ਸਮਾਜ ਪਾਰਟੀ ਨਾਲ ਗੱਠਜੋੜ ਤੋਂ ਬਾਅਦ ਆਨੰਦਪੁਰ ਸਾਹਿਬ ਹਲਕਾ ਆਪਣੇ ਭਾਈਵਾਲ ਬਸਪਾ ਲਈ ਛੱਡਿਆ ਹੈ।

ਪਾਰਟੀ ਸੂਤਰਾਂ ਨੇ ਕਿਹਾ ਕਿ ਜੇਕਰ ਬਸਪਾ ਨਾਲ ਕਿਸੇ ਵਿਧਾਨ ਸਭਾ ਹਲਕੇ ਸਬੰਧੀ ਕੋਈ ਅਦਲਾ-ਬਦਲੀ ਹੋ ਗਈ ਤਾਂ ਸ੍ਰੀ ਮਿੱਤਲ ਜਾਂ ਉਨ੍ਹਾਂ ਦੇ ਪੁੱਤਰ ਨੂੰ ਅਕਾਲੀ ਦਲ ਵੱਲੋਂ ਉਮੀਦਵਾਰ ਵੀ ਬਣਾਇਆ ਜਾ ਸਕਦਾ ਹੈ।

ਅਕਾਲੀ ਦਲ ਦਾ ਭਾਜਪਾ ਨਾਲ ਗੱਠਜੋੜ ਹੋਣ ਸਮੇਂ ਇਹ ਹਲਕਾ ਭਾਜਪਾ ਦੇ ਹਿੱਸੇ ਸੀ ਅਤੇ ਮਦਨ ਮੋਹਨ ਮਿੱਤਲ ਇਸ ਹਲਕੇ ਦੀ ਨੁਮਾਇੰਦਗੀ ਕਰ ਚੁੱਕੇ ਹਨ। ਉਹ ਚਾਰ ਵਾਰ ਇਸ ਹਲਕੇ ਤੋਂ ਚੁਣੇ ਗਏ ਅਤੇ ਅਕਾਲੀ-ਭਾਜਪਾ ਸਰਕਾਰ ਵਿਚ ਦੋ ਵਾਰ ਮੰਤਰੀ ਵੀ ਰਹੇ। ਇਸ ਵਾਰ ਸ੍ਰੀ ਮਿੱਤਲ ਆਪਣੇ ਪੁੱਤਰ ਨੂੰ ਹਲਕਾ ਆਨੰਦਪੁਰ ਸਾਹਿਬ ਤੋਂ ਟਿਕਟ ਲਈ ਜ਼ੋਰ-ਅਜ਼ਮਾਈ ਕਰ ਰਹੇ ਸਨ ਅਤੇ ਭਾਜਪਾ ਨੇ ਇਸ ਹਲਕੇ ਤੋਂ ਕਿਸੇ ਹੋਰ ਆਗੂ ਨੂੰ ਟਿਕਟ ਦਿੱਤੀ ਹੈ।

# ਉਮੀਦਵਾਰਾਂ ਦੇ ਅਪਰਾਧਿਕ ਪਿਛੋਕੜ ਬਾਰੇ ਜਾਣਕਾਰੀ ਦੇਣ ਦੀ ਹਦਾਇਤ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਲੜਨ ਵਾਲੇ ਉਮੀਦਵਾਰ ਅਤੇ ਸਬੰਧਤ ਸਿਆਸੀ ਪਾਰਟੀ ਵੱਲੋਂ ਇਲਾਕੇ ਵਿਚ ਪ੍ਰਚਲਤ ਅਖ਼ਬਾਰਾਂ ਵਿਚ ਇਕ ਘੋਸ਼ਣਾ ਪੱਤਰ ਜਾਰੀ ਕਰ ਕੇ ਅਤੇ ਇਲੈਕਟ੍ਰਾਨਿਕ ਮੀਡੀਆ ਵਿਚ ਵਿਆਪਕ ਪ੍ਰਚਾਰ ਰਾਹੀਂ ਉਮੀਦਵਾਰ ਦੇ ਪਿਛੋਕੜ ਸਬੰਧੀ ਜਾਣਕਾਰੀ ਦੇਣੀ ਹੋਵੇਗੀ।

ਸੂਬੇ ਦੇ ਮੁੱਖ ਚੋਣ ਅਧਿਕਾਰੀ (ਸੀ.ਈ.ਓ.) ਡਾ. ਐਸ. ਕਰੁਣਾ ਰਾਜੂ ਨੇ ਦੱਸਿਆ ਕਿ ਸਬੰਧਤ ਸਿਆਸੀ ਪਾਰਟੀ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਦੀ ਜਾਣਕਾਰੀ ਆਪਣੀ ਵੈੱਬਸਾਈਟ 'ਤੇ ਪਾਉਣ ਲਈ ਪਾਬੰਦ ਹੋਵੇਗੀ।

ਉਨ੍ਹਾਂ ਕਿਹਾ ਕਿ ਸਿਆਸੀ ਪਾਰਟੀਆਂ (ਕੇਂਦਰੀ ਅਤੇ ਰਾਜ ਚੋਣ ਪੱਧਰ 'ਤੇ) ਲਈ ਇਹ ਲਾਜ਼ਮੀ ਹੋਵੇਗਾ ਕਿ ਉਹ ਆਪਣੀ ਵੈੱਬਸਾਈਟ 'ਤੇ ਲੰਬਿਤ ਅਪਰਾਧਿਕ ਕੇਸਾਂ ਵਾਲੇ ਵਿਅਕਤੀਆਂ, ਜਿਨ੍ਹਾਂ ਨੂੰ ਉਮੀਦਵਾਰ ਵਜੋਂ ਚੁਣਿਆ ਗਿਆ ਹੈ, ਦੇ ਕੇਸਾਂ ਸਬੰਧੀ ਪੂਰੀ ਜਾਣਕਾਰੀ ਅਪਲੋਡ ਕਰਨ। ਰਾਜਨੀਤਕ ਪਾਰਟੀ ਨੂੰ ਇਹ ਵੀ ਸਪੱਸ਼ਟ ਕਰਨਾ ਹੋਵੇਗਾ ਕਿ ਸਾਫ ਸੁਥਰੀ ਦਿੱਖ ਵਾਲਾ ਉਮੀਦਵਾਰ ਚੁਣਨ ਦੀ ਥਾਂ ਅਪਰਾਧਕ ਪਿਛੋਕੜ ਵਾਲਾ ਉਮੀਦਵਾਰ ਕਿਉਂ ਚੁਣਿਆ ਗਿਆ ਅਤੇ ਇਹ ਵੀ ਸਪੱਸ਼ਟ ਕਰਨਾ ਹੋਵੇਗਾ ਕਿ ਚੁਣੇ ਗਏ ਉਮੀਦਵਾਰ ਦੀ ਵਿੱਦਿਅਕ ਯੋਗਤਾ ਅਤੇ ਮੈਰਿਟ ਕੀ ਸੀ, ਜਿਸ ਕਰਕੇ ਉਸ ਨੂੰ ਚੋਣਾਂ ਵਿਚ ਉਤਾਰਿਆ ਗਿਆ ਹੈ। ਜੇ ਕੋਈ ਪਾਰਟੀ ਅਜਿਹੀ ਰਿਪੋਰਟ ਪੇਸ਼ ਕਰਨ ਵਿਚ ਅਸਫਲ ਰਹਿੰਦੀ ਹੈ ਤਾਂ ਇਹ ਮਾਮਲਾ ਅਦਾਲਤ ਦੇ ਹੁਕਮਾਂ ਤੇ ਨਿਰਦੇਸ਼ਾਂ ਦੀ ਉਲੰਘਣਾ ਵਜੋਂ ਸੁਪਰੀਮ ਕੋਰਟ ਦੇ ਧਿਆਨ ਵਿਚ ਲਿਆਂਦਾ ਜਾਵੇਗਾ।

# ਕਾਂਗਰਸ ਤੇ ਅਕਾਲੀ ਦਲ ਲਈ ਮੁੱਛ ਦਾ ਸਵਾਲ ਬਣੀ ਅੰਮ੍ਰਿਤਸਰ ਪੂਰਬੀ ਸੀਟ

**ਅੰਮ੍ਰਿਤਸਰ:** ਅੰਮ੍ਰਿਤਸਰ ਵਿਧਾਨ ਸਭਾ ਹਲਕਾ ਪੂਰਬੀ ਤੋਂ ਅਕਾਲੀ ਦਲ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਹਲਕਾ ਵਿਧਾਇਕ ਨਵਜੋਤ ਸਿੰਘ ਸਿੱਧੂ ਦੇ ਮੁਕਾਬਲੇ ਮਾਝੇ ਦੇ ਜਰਨੈਲ ਵਜੋਂ ਜਾਣੇ ਜਾਂਦੇ ਬਿਕਰਮ ਸਿੰਘ ਮਜੀਠੀਆ ਨੂੰ ਮੈਦਾਨ 'ਚ ਉਤਾਰਿਆ ਹੈ। ਮਜੀਠੀਆ ਦੇ ਨਾਂ ਦਾ ਐਲਾਨ ਹੁੰਦੇ ਹੀ ਅੰਮ੍ਰਿਤਸਰ ਪੂਰਬੀ ਪੰਜਾਬ ਦੀ ਸਭ ਤੋਂ ਹਾਈ ਪ੍ਰੋਫਾਈਲ ਅਤੇ ਚਰਚਿਤ ਸੀਟ ਬਣ ਗਈ ਹੈ।

ਇਹ ਸੀਟ ਹੁਣ ਸਿਰਫ ਸਿਆਸੀ ਰੰਜਿਸ਼ ਤੱਕ ਸੀਮਤ ਨਾ ਰਹਿ ਕੇ ਦੋਵਾਂ ਪਾਰਟੀਆਂ ਲਈ ਮੁੱਛ ਦਾ ਵੀ ਸਵਾਲ ਬਣ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਅਕਾਲੀ ਦਲ ਦੇ ਆਗੂ ਅਤੇ ਵਰਕਰ ਲੰਬੇ ਸਮੇਂ ਤੋਂ ਮਜੀਠੀਆ ਨੂੰ ਸਿੱਧੂ ਖਿਲਾਫ ਮੈਦਾਨ 'ਚ ਉਤਾਰਨ ਦੀ ਮੰਗ ਕਰ ਰਹੇ ਸਨ। ਬਿਕਰਮ ਸਿੰਘ ਮਜੀਠੀਆ ਤੇ ਨਵਜੋਤ ਸਿੰਘ ਸਿੱਧੂ ਦੀ ਖਹਿਬਾਜ਼ੀ ਕਾਫੀ ਪੁਰਾਣੀ ਹੈ ਅਤੇ ਉਹ ਲਗਾਤਾਰ ਇਕ-ਦੂਜੇ 'ਤੇ ਬਿਆਨੀ ਹਮਲੇ ਕਰ ਰਹੇ ਹਨ। ਨਵਜੋਤ ਸਿੰਘ ਸਿੱਧੂ ਜਦੋਂ ਭਾਜਪਾ ਦਾ ਹਿੱਸਾ ਸਨ ਤਾਂ ਉਨ੍ਹਾਂ ਨੇ ਆਪਣੇ ਸਹਿਯੋਗੀ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ 'ਤੇ ਸਵਾਲ ਉਠਾਉਣੇ ਸ਼ੁਰੂ ਕੀਤੇ ਸਨ। ਮੰਨਿਆ





ਜਾ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਨਾਰਾਜ਼ਗੀ ਕਾਰਨ ਹੀ ਭਾਜਪਾ ਨੇ ਨਵਜੋਤ ਸਿੰਘ ਸਿੱਧੂ ਨੂੰ 2014 'ਚ ਅੰਮ੍ਰਿਤਸਰ ਤੋਂ ਲੋਕ ਸਭਾ ਟਿਕਟ ਨਹੀਂ ਦਿੱਤੀ ਸੀ। ਇਸ ਤੋਂ ਬਾਅਦ ਨਵਜੋਤ ਸਿੰਘ ਸਿੱਧੂ ਨੇ ਕਾਂਗਰਸ 'ਚ ਸ਼ਾਮਲ ਹੋ ਕੇ ਬਿਕਰਮ ਸਿੰਘ ਮਜੀਠੀਆ ਖਿਲਾਫ ਡਰੱਗਜ ਮਾਮਲੇ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਠਾਇਆ। ਮਜੀਠੀਆ ਖਿਲਾਫ ਪੰਜਾਬ ਸਰਕਾਰ ਵੱਲੋਂ ਡਰੱਗਜ ਮਾਮਲੇ 'ਚ ਦਰਜ ਕਰਵਾਈ ਗਈ ਐਫ.ਆਈ.ਆਰ. ਵਿਚ ਵੀ ਸਿੱਧੂ ਨੇ ਅਹਿਮ ਭੂਮਿਕਾ ਨਿਭਾਈ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਨੇ ਹੀ ਚਰਨਜੀਤ ਸਿੰਘ ਚੰਨੀ ਦੀ ਸਰਕਾਰ 'ਤੇ ਮਜੀਠੀਆ ਖਿਲਾਫ ਕਾਰਵਾਈ ਕਰਨ ਲਈ ਦਬਾਅ ਬਣਾਇਆ ਸੀ। ਦੱਸਣਯੋਗ ਹੈ ਕਿ ਸਾਲ 2012 'ਚ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਅੰਮ੍ਰਿਤਸਰ ਵਿਧਾਨ ਸਭਾ ਹਲਕਾ ਪੂਰਬੀ ਤੋਂ ਭਾਜਪਾ ਦੀ ਟਿਕਟ 'ਤੇ ਜੇਤੂ ਰਹੇ ਸਨ। 15 ਜਨਵਰੀ 2017 ਨੂੰ ਭਾਜਪਾ ਛੱਡ ਕੇ ਕਾਂਗਰਸ 'ਚ ਸ਼ਾਮਲ ਹੋਏ ਨਵਜੋਤ ਸਿੰਘ ਸਿੱਧੂ ਨੇ ਇਥੋਂ ਚੋਣ ਲੜੀ ਅਤੇ ਭਾਜਪਾ ਦੇ ਉਮੀਦਵਾਰ ਨੂੰ 42,809 ਵੋਟਾਂ ਨਾਲ ਹਰਾਇਆ। ਸਿੱਧੂ ਨੂੰ ਕੁੱਲ ਵੋਟਾਂ 60,477 ਪਈਆਂ ਤੇ ਉਹ 60.68 ਫੀਸਦੀ ਵੋਟਾਂ ਨਾਲ ਜੇਤੂ ਰਹੇ ਸਨ।

ਸੁਖਬੀਰ ਬਾਦਲ ਨੇ ਕਿਹਾ ਕਿ ਹੁਣ ਨਵਜੋਤ ਸਿੰਘ ਸਿੱਧੂ ਆਪਣੇ ਹਲਕੇ ਵਿਚ ਸਖਤ ਮੁਕਾਬਲੇ ਲਈ ਤਿਆਰ ਰਹੇ। ਉਨ੍ਹਾਂ ਅਕਾਲੀ ਵਰਕਰਾਂ ਨੂੰ ਕਿਹਾ ਕਿ ਸ੍ਰੀ ਸਿੱਧੂ ਨਾਲ ਲੋਹਾ ਲੈਣ ਲਈ ਤਿਆਰ ਰਹਿਣ ਅਤੇ ਤਿਆਰੀ ਸ਼ੁਰੂ ਕਰ ਦੇਣ। ਉਨ੍ਹਾਂ ਦਾਅਵਾ ਕੀਤਾ ਕਿ ਇਸ ਹਲਕੇ ਵਿਚ ਨਵਜੋਤ ਸਿੰਘ ਸਿੱਧੂ ਨੂੰ ਹਰਾ ਕੇ ਉਸ ਦੇ 'ਅਹਿਮ' ਨੂੰ ਤੋੜਨਗੇ। ਉਨ੍ਹਾਂ ਸਿੱਧੂ 'ਤੇ ਦੋਸ਼ ਲਾਇਆ ਕਿ ਸਥਾਨਕ ਸਰਕਾਰਾਂ ਦਾ ਮੰਤਰੀ ਹੁੰਦਿਆਂ ਵੀ ਉਨ੍ਹਾਂ ਹਲਕੇ ਦੇ ਲੋਕਾਂ ਲਈ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਨੂੰ ਕਾਂਗਰਸ ਸਰਕਾਰ ਨੇ ਝੂਠੇ ਕੇਸ ਵਿਚ ਫਸਾ ਕੇ ਸਿਆਸੀ ਮੰਤਵ ਨਾਲ ਨਿਸ਼ਾਨਾ ਬਣਾਇਆ ਹੈ।

## ਸਿੱਧੂ ਵੱਲੋਂ ਮਜੀਠੀਆ ਨੂੰ ਇਕ ਹਲਕੇ ਤੋਂ ਚੋਣ ਲੜਨ ਦੀ ਚੁਣੌਤੀ

**ਅੰਮ੍ਰਿਤਸਰ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਆਪਣੇ ਵਿਰੋਧੀ ਅਕਾਲੀ ਉਮੀਦਵਾਰ ਬਿਕਰਮ ਸਿੰਘ ਮਜੀਠੀਆ 'ਤੇ ਪਲਟਵਾਰ ਕਰਦਿਆਂ ਉਸ ਖਿਲਾਫ ਕਈ ਗੰਭੀਰ ਦੋਸ਼ ਲਾਏ ਹਨ। ਉਨ੍ਹਾਂ ਮਜੀਠੀਆ ਨੂੰ ਚੁਣੌਤੀ ਦਿੱਤੀ ਹੈ ਕਿ ਜੇਕਰ ਉਸ ਨੂੰ ਹਲਕੇ ਦੇ ਲੋਕਾਂ 'ਤੇ ਇੰਨਾ ਵਿਸ਼ਵਾਸ ਹੈ ਤਾਂ ਫਿਰ ਉਹ ਮਜੀਠਾ 'ਚ ਦਾਖਲ ਪਰਚੇ ਵਾਪਸ ਲੈ ਲਏ ਅਤੇ ਉਨ੍ਹਾਂ ਖਿਲਾਫ ਇਕੋ ਸੀਟ ਤੋਂ ਚੋਣ ਲੜੇ। ਸਿੱਧੂ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਚੁਣੌਤੀ ਦਿੱਤੀ ਹੈ ਕਿ ਜੇਕਰ ਉਹ ਚੋਣਾਂ ਵਿਚ ਜ਼ੋਰ-ਅਜ਼ਮਾਈ ਕਰਨਾ ਚਾਹੁੰਦੇ ਹਨ ਤਾਂ ਅੰਮ੍ਰਿਤਸਰ ਪੂਰਬੀ ਹਲਕੇ ਵਿਚ ਆ ਕੇ ਉਨ੍ਹਾਂ ਖਿਲਾਫ ਚੋਣ ਲੜਨ। ਸ੍ਰੀ ਸਿੱਧੂ ਨੇ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ।

# ਹੁਣ ਭੁੱਲਰ ਦੀ ਰਿਹਾਈ ਲਈ ਹੰਭਲਾ ਮਾਰੇਗੀ ਕੇਜਰੀਵਾਲ ਸਰਕਾਰ

**ਅੰਮ੍ਰਿਤਸਰ:** ਦਿੱਲੀ ਦੀ ਕੇਜਰੀਵਾਲ ਸਰਕਾਰ ਵੱਲੋਂ ਸਿੱਖ ਬੰਦੀ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਮਾਮਲਾ ਸੈਂਟੈਂਸ ਰੀਵਿਊ ਬੋਰਡ ਦੀ ਅਗਲੀ ਮੀਟਿੰਗ ਵਿਚ ਵਿਚਾਰਿਆ ਜਾਵੇਗਾ। ਇਹ ਖੁਲਾਸਾ ਇਥੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕੀਤਾ ਹੈ।

ਸ੍ਰੀ ਕੇਜਰੀਵਾਲ ਨੇ ਦੱਸਿਆ ਕਿ ਇਸ ਮਾਮਲੇ ਬਾਰੇ ਉਨ੍ਹਾਂ ਗ੍ਰਹਿ ਵਿਭਾਗ ਨੂੰ ਆਦੇਸ਼ ਦਿੱਤੇ ਹਨ ਕਿ ਸੈਂਟੈਂਸ ਰੀਵਿਊ ਬੋਰਡ ਦੀ ਅਗਲੀ ਮੀਟਿੰਗ ਤੁਰਤ ਰੱਖੀ ਜਾਵੇ ਤੇ ਇਹ ਮਾਮਲਾ ਏਜੰਡੇ ਵਿਚ ਸ਼ਾਮਲ ਕੀਤਾ ਜਾਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਸ੍ਰੀ ਭੁੱਲਰ ਦੀ ਰਿਹਾਈ ਦਾ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਨਹੀਂ ਸੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਅੰਤਿਮ ਫੈਸਲਾ ਦਿੱਲੀ ਦੇ ਲੈਫਟੀਨੈਂਟ ਗਵਰਨਰ ਵੱਲੋਂ ਕੀਤਾ ਜਾਵੇਗਾ।

ਕੇਜਰੀਵਾਲ ਨੇ ਸ਼੍ਰੋਮਣੀ ਅਕਾਲੀ ਦਲ 'ਤੇ ਸ਼ਬਦੀ ਵਾਰ ਕਰਦਿਆਂ ਕਿਹਾ ਕਿ ਉਹ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੇ ਮਾਮਲੇ 'ਤੇ ਹੋਛੀ ਰਾਜਨੀਤੀ ਕਰ ਰਿਹਾ ਹੈ। ਉਨ੍ਹਾਂ ਕਿਹਾ



ਕਿ ਇਹ ਬਹੁਤ ਸੰਵੇਦਨਸ਼ੀਲ ਮਾਮਲਾ ਹੈ। ਅਕਾਲੀ ਦਲ ਵੱਲੋਂ ਇਸ ਸਬੰਧੀ ਕੀਤੀ ਜਾ ਰਹੀ ਰਾਜਨੀਤੀ ਦੀ ਉਹ ਸਖਤ ਨਿਖੇਧੀ ਕਰਦੇ ਹਨ।

ਪ੍ਰੋ. ਭੁੱਲਰ ਦੀ ਰਿਹਾਈ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਬਹੁਤ ਸਾਰੀਆਂ ਗੱਲਾਂ ਮੁੱਖ ਮੰਤਰੀ ਤੱਕ ਨਹੀਂ ਪਹੁੰਚਦੀਆਂ। ਉਹ ਥੋੜ੍ਹੇ ਦਿਨ ਪਹਿਲਾਂ ਜਦੋਂ ਇਕ-ਦੋ ਵਾਰ ਪੰਜਾਬ ਆਏ ਸਨ ਤਾਂ ਉਨ੍ਹਾਂ ਨੂੰ ਇਸ ਮਸਲੇ ਬਾਰੇ ਜਾਣੂ ਕਰਵਾਇਆ ਗਿਆ ਸੀ। ਕੇਜਰੀਵਾਲ ਨੇ ਦਿੱਲੀ ਸਰਕਾਰ ਦੀ ਸਥਿਤੀ ਬਾਰੇ ਸਪੱਸ਼ਟ ਕਰਦਿਆਂ ਕਿਹਾ ਕਿ ਉਥੋਂ ਦੀ ਪੁਲਿਸ ਤੇ ਅਮਨ ਕਾਨੂੰਨ ਦੀ ਸਥਿਤੀ ਕੇਂਦਰ ਸਰਕਾਰ ਦੇ ਹੱਥਾਂ ਵਿਚ ਹੈ, ਜਿਸ ਕਿਸੇ ਦੀ ਵੀ ਸਜ਼ਾ ਘੱਟ ਕਰਨੀ ਹੁੰਦੀ ਹੈ, ਰਿਹਾਈ ਕਰਵਾਉਣੀ ਹੁੰਦੀ ਹੈ ਜਾਂ ਸਜ਼ਾ ਮੁਆਫ ਕਰਵਾਉਣੀ ਹੁੰਦੀ ਹੈ, ਇਹ ਮਾਮਲੇ ਸਜ਼ਾ ਸਮੀਖਿਆ ਬੋਰਡ ਕੋਲ ਜਾਂਦੇ ਹਨ। ਉਸ ਤੋਂ ਬਾਅਦ ਫਾਈਲ ਐੱਲਜੀ ਕੋਲ ਜਾਂਦੀ ਹੈ। ਜਦੋਂ ਤੋਂ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਤਾਂ ਉਨ੍ਹਾਂ ਕਮੇਟੀ ਨੂੰ ਮੀਟਿੰਗ ਕਰ ਕੇ ਜਲਦੀ ਫੈਸਲਾ ਕਰਨ ਲਈ ਕਿਹਾ ਹੈ। ਆਮ ਆਦਮੀ ਪਾਰਟੀ 'ਤੇ ਟਿਕਟਾਂ ਵੇਚਣ ਦੇ ਲੱਗੇ ਦੋਸ਼ਾਂ ਬਾਰੇ ਪੁੱਛੇ ਸਵਾਲਾਂ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਜੇ ਕਿਸੇ ਕੋਲ ਕੋਈ ਸਬੂਤ ਹੈ ਤਾਂ ਉਨ੍ਹਾਂ ਕੋਲ ਲਿਆਂਦਾ ਜਾਵੇ।

ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਬਿਕਰਮ ਮਜੀਠੀਆ ਨੂੰ ਨਸ਼ਾ ਤਸਕਰ ਮੰਨਦੇ ਹਨ? ਤਾਂ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਦੇ ਮੰਨਣ ਜਾਂ ਨਾ ਮੰਨਣ ਨਾਲ ਕੋਈ ਫਰਕ ਨਹੀਂ ਪੈਂਦਾ। ਮਜੀਠੀਆ ਵਿਰੁੱਧ ਐੱਫ.ਆਈ.ਆਰ. ਦਰਜ ਹੋਈ ਹੈ ਤੇ ਕਾਨੂੰਨੀ ਪ੍ਰਕਿਰਿਆ ਚੱਲ ਰਹੀ ਹੈ। ਸਿੱਖਿਆ ਮੰਤਰੀ ਪਰਗਟ ਸਿੰਘ ਵੱਲੋਂ ਦਿੱਤੇ ਗਏ ਬਿਆਨ ਕਿ ਕੇਜਰੀਵਾਲ ਮਜੀਠੀਆ ਕੋਲੋਂ ਮੁਆਫੀ ਮੰਗ ਚੁੱਕੇ ਹਨ, ਉਹ ਨਸ਼ਿਆਂ ਬਾਰੇ ਕੀ ਨੀਤੀ ਬਣਾਉਣਗੇ, 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਮੁਆਫੀ ਮੰਗਣ ਦਾ ਮਜੀਠੀਆ ਦੀ ਗ੍ਰਿਫਤਾਰੀ ਨਾਲ ਕੋਈ ਸਬੰਧ ਨਹੀਂ ਹੈ। ਪਰਗਟ ਸਿੰਘ ਨੂੰ ਦੱਸਣਾ ਚਾਹੀਦਾ ਹੈ ਕਿ ਗ੍ਰਿਫਤਾਰੀ ਕਿਉਂ ਨਹੀਂ ਹੋਈ।

## ਰਿਹਾਈ ਲਈ ਸਿੱਖ ਜਥੇਬੰਦੀਆਂ ਵੱਲੋਂ ਰੋਸ ਮਾਰਚ

**ਭਗਤਾ ਭਾਈ:** ਪਿਛਲੇ 26 ਸਾਲਾਂ ਤੋਂ ਜੇਲ੍ਹ ਵਿਚ ਬੰਦ ਭਾਈ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਲਈ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਹੋਰ ਪੰਥਕ ਜਥੇਬੰਦੀਆਂ ਨੇ ਪਿੰਡ ਰੋਡੇ (ਮੋਗਾ) ਤੋਂ ਪ੍ਰੋ. ਭੁੱਲਰ ਦੇ ਜੱਦੀ ਪਿੰਡ ਦਿਆਲਪੁਰਾ ਭਾਈਕਾ ਤੱਕ ਰੋਸ ਮਾਰਚ ਕੀਤਾ। ਮਾਰਚ ਵਿਚ ਸ਼ਾਮਲ ਸੰਗਤਾਂ ਦੇ ਹੱਥ ਵਿਚ ਪ੍ਰੋ. ਭੁੱਲਰ ਦੀ ਰਿਹਾਈ ਦੀ ਮੰਗ ਵਾਲੀਆਂ ਤਖ਼ਤੀਆਂ ਚੁੱਕੀਆਂ ਹੋਈਆਂ ਸਨ। ਦਰਬਾਰ-ਏ-ਖਾਲਸਾ ਦੇ ਆਗੂ ਭਾਈ ਹਰਜੀਤ ਸਿੰਘ ਢਪਾਲੀ ਨੇ ਦੱਸਿਆ ਕਿ ਇਹ ਮਾਰਚ ਅਰਦਾਸ ਉਪਰੰਤ ਗੁਰਦੁਆਰਾ ਸੰਤ ਖਾਲਸਾ ਸਾਹਿਬ ਪਿੰਡ ਰੋਡੇ ਤੋਂ ਚੱਲ ਕੇ ਪਿੰਡ ਨੱਥੂਵਾਲਾ, ਲੰਗੇਆਣਾ, ਬਾਘਾ ਪੁਰਾਣਾ, ਰਾਜੇਆਣਾ, ਬੁੱਧ ਸਿੰਘ ਵਾਲਾ, ਚੰਨੂਵਾਲਾ, ਸੰਗਤਪੁਰਾ, ਸਰਾਜ, ਭਗਤਾ ਭਾਈ, ਜਲਾਲ ਵਿੱਚੋਂ ਹੁੰਦਾ ਹੋਇਆ ਗੁਰਦੁਆਰਾ ਜ਼ਫ਼ਰਨਾਮਾ ਸਾਹਿਬ ਦਿਆਲਪੁਰਾ ਭਾਈਕਾ ਵਿੱਚ ਸਮਾਪਤ ਹੋਇਆ।

## ਭਾਜਪਾ ਤੇ ਕੇਜਰੀਵਾਲ ਨੇ ਜੇਲ੍ਹ ਭੇਜਣ ਦੀ ਸਾਜ਼ਿਸ਼ ਰਚੀ: ਖਹਿਰਾ

**ਫਗਵਾੜਾ:** ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਗਾਇਆ ਹੈ ਕਿ ਉਨ੍ਹਾਂ ਨੂੰ ਜੇਲ੍ਹ ਭੇਜਣ ਲਈ ਭਾਜਪਾ ਤੇ ਕੇਜਰੀਵਾਲ ਨੇ ਸਾਜ਼ਿਸ਼ ਰਚੀ ਹੈ, ਜਿਸ ਦਾ ਅਸਲ ਚਿਹਰਾ ਛੇਤੀ ਹੀ ਲੋਕਾਂ ਦੇ ਸਾਹਮਣੇ ਆ ਜਾਵੇਗਾ ਅਤੇ ਈਡੀ ਨੂੰ ਵੀ ਉਨ੍ਹਾਂ ਦੇ ਕੇਸ ਵਿਚ ਸ਼ਰਮਿੰਦਗੀ ਝੱਲਣੀ ਪਵੇਗੀ। ਜੇਲ੍ਹ ਦੀ ਰਿਹਾਈ ਤੋਂ ਬਾਅਦ ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਖਿਲਾਫ ਜੋ ਉਨ੍ਹਾਂ ਸਰਗਰਮ ਭੂਮਿਕਾ ਨਿਭਾਈ ਹੈ, ਇਹ ਉਸ ਦਾ ਹੀ ਨਤੀਜਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਿਹੜੇ ਸੂਬਿਆਂ 'ਚ ਚੋਣਾਂ ਹੁੰਦੀਆਂ ਹਨ, ਉਥੇ ਭਾਜਪਾ ਆਪਣੇ ਵਿਰੋਧੀਆਂ ਖਿਲਾਫ ਅਜਿਹੇ ਹੀ ਹੱਥਕੰਡੇ ਵਰਤਦੀ ਹੈ। ਜਦੋਂ ਉਹ ਵਿਰੋਧੀ ਧਿਰ ਦੇ ਆਗੂ ਸਨ, ਉਦੋਂ ਕੇਜਰੀਵਾਲ ਨੇ ਚੰਦਾ ਇਕੱਠਾ ਕਰਨ ਲਈ ਉਨ੍ਹਾਂ ਅਤੇ ਸੰਜੈ ਸਿੰਘ ਨੂੰ ਅਮਰੀਕਾ ਭੇਜਿਆ ਸੀ ਅਤੇ ਉਥੇ ਹੋਏ ਇਕੱਠ ਦੌਰਾਨ ਲੋਕਾਂ ਨੇ ਆਨਲਾਈਨ ਚੰਦਾ ਭੇਜਿਆ ਸੀ। ਇਸ ਚੰਦੇ ਦਾ ਮੁੱਦਾ ਵੀ ਈ.ਡੀ. ਦੇ ਕੇਸ 'ਚ ਸ਼ਾਮਲ ਕੀਤਾ ਗਿਆ ਸੀ ਪਰ ਇਸ ਬਾਰੇ ਕੇਜਰੀਵਾਲ ਨੇ ਪਾਰਟੀ ਆਗੂ ਪੰਕਜ ਗੁਪਤਾ ਤੋਂ ਬਿਆਨ ਦਿਵਾਇਆ ਕਿ ਪਾਰਟੀ ਵੱਲੋਂ ਉਨ੍ਹਾਂ ਨੂੰ ਚੰਦਾ ਇਕੱਠਾ ਕਰਨ ਲਈ ਭੇਜਿਆ ਹੀ ਨਹੀਂ ਗਿਆ।

# ਕੇਜਰੀਵਾਲ ਨੂੰ 'ਆਪ' ਦੀਆਂ ਟਿਕਟਾਂ ਵੇਚਣ ਦੇ ਸਬੂਤ ਦਿੱਤੇ ਸਨ: ਰਾਜੇਵਾਲ

**ਮਾਛੀਵਾੜਾ:** ਹਲਕਾ ਸਮਰਾਲਾ ਤੋਂ ਸੰਯੁਕਤ ਸਮਾਜ ਮੋਰਚੇ ਦੇ ਉਮੀਦਵਾਰ ਬਲਬੀਰ ਸਿੰਘ ਰਾਜੇਵਾਲ ਨੇ ਆਮ ਆਦਮੀ ਪਾਰਟੀ ਨਾਲ ਗੱਠਜੋੜ ਨਾ ਹੋਣ ਦੇ ਕਾਰਨ ਸਪੱਸ਼ਟ ਕੀਤੇ। ਉਨ੍ਹਾਂ 'ਆਪ' ਉਮੀਦਵਾਰਾਂ ਦੀਆਂ ਟਿਕਟਾਂ ਵੇਚਣ ਦੇ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ ਇਸ ਸਬੰਧੀ ਸਾਰੇ ਸਬੂਤ 'ਆਪ' ਮੁਖੀ ਅਰਵਿੰਦ ਕੇਜਰੀਵਾਲ ਨੂੰ ਸੌਂਪ ਦਿੱਤੇ ਸਨ।

ਮਾਛੀਵਾੜਾ ਦੀ ਕੈਂਟਰ ਯੂਨੀਅਨ ਵਿਚ ਮਿਨੀ ਟਰੱਕ ਚਾਲਕਾਂ ਨੂੰ ਸੰਯੁਕਤ ਸਮਾਜ ਮੋਰਚੇ ਨਾਲ ਜੋੜਨ ਲਈ ਆਏ ਰਾਜੇਵਾਲ ਨੇ ਕਿਹਾ ਕਿ 'ਆਪ' ਮੁਖੀ ਅਰਵਿੰਦ ਕੇਜਰੀਵਾਲ ਨਾਲ ਜਦੋਂ ਉਨ੍ਹਾਂ ਦੀ ਗੱਠਜੋੜ ਸਬੰਧੀ ਮੀਟਿੰਗ ਹੋਈ ਤਾਂ ਉਨ੍ਹਾਂ ਕਿਹਾ ਕਿ ਜੇ ਉਹ ਉਨ੍ਹਾਂ ਨੂੰ ਪੰਜਾਬ ਤੋਂ 'ਆਪ' ਦਾ ਮੁੱਖ ਮੰਤਰੀ ਚਿਹਰਾ ਬਣਾਉਣਾ ਚਾਹੁੰਦੇ ਹਨ ਤਾਂ ਭ੍ਰਿਸ਼ਟਾਚਾਰ ਬਿਲਕੁਲ ਵੀ ਬਰਦਾਸ਼ਤ ਨਹੀਂ ਹੋਵੇਗਾ।

ਉਨ੍ਹਾਂ ਕਿਹਾ ਕਿ 'ਆਪ' ਨੇ ਸਰਮਾਏਦਾਰਾਂ ਤੋਂ ਕੋਠੀਆਂ ਤੇ ਕਾਰਾਂ ਲੈ ਕੇ ਟਿਕਟਾਂ ਦਿੱਤੀਆਂ ਹਨ ਜਿਸ ਸਬੰਧੀ ਉਨ੍ਹਾਂ ਸਬੂਤ ਵੀ ਕੇਜਰੀਵਾਲ ਨੂੰ ਸੌਂਪੇ ਹਨ। ਰਾਜੇਵਾਲ ਨੇ ਕਿਹਾ ਕਿ ਜਿਹੜੇ ਸਰਮਾਏਦਾਰ ਸਿਆਸੀ ਆਗੂ ਕਰੋੜਾਂ ਰੁਪਏ



ਦੀਆਂ ਟਿਕਟਾਂ ਖਰੀਦ ਕੇ ਵਿਧਾਇਕ ਬਣਦੇ ਹਨ, ਉਹ ਵੱਡਾ ਭ੍ਰਿਸ਼ਟਾਚਾਰ ਕਰਨਗੇ ਤਾਂ ਕਿ ਸਿਆਸਤ ਨੂੰ ਵਪਾਰ ਬਣਾਇਆ ਜਾ ਸਕੇ ਪਰ ਇਹ ਉਨ੍ਹਾਂ ਨੂੰ ਬਿਲਕੁਲ ਬਰਦਾਸ਼ਤ ਨਹੀਂ। ਉਨ੍ਹਾਂ ਸਪੱਸ਼ਟ ਕੀਤਾ ਕਿ ਸੰਯੁਕਤ ਸਮਾਜ ਮੋਰਚੇ ਦਾ ਗਠਨ ਪੰਜਾਬ ਦੀ ਸਿਆਸਤ ਵਿਚ ਫੈਲੀ ਗੰਦਗੀ ਨੂੰ ਸਾਫ ਕਰਨ ਲਈ ਹੋਇਆ ਹੈ। ਸ੍ਰੀ ਰਾਜੇਵਾਲ ਨੇ ਕਿਹਾ ਕਿ ਉਹ ਨਾ ਤਾਂ ਵਿਧਾਨ ਸਭਾ ਚੋਣ ਲੜਨ ਦੇ ਇੱਛੁਕ ਸਨ ਅਤੇ ਨਾ ਹੀ ਮੁੱਖ ਮੰਤਰੀ ਬਣਨਾ ਚਾਹੁੰਦੇ ਸਨ ਪਰ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਤੇ ਲੋਕਾਂ ਦੇ ਕਹਿਣ 'ਤੇ ਹੀ ਉਹ ਚੋਣ ਲੜ ਰਹੇ ਹਨ। ਉਨ੍ਹਾਂ ਕਿਹਾ ਕਿ ਜੇ ਅੱਜ ਵੀ ਪੰਜਾਬ ਦੇ ਲੋਕ ਨਾ ਜਾਗੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਤੇ ਸੂਬਾ ਤਬਾਹ ਹੋ ਜਾਵੇਗਾ।

## ਭਗਵੰਤ ਮਾਨ ਨੇ ਕਾਗਜ਼ ਭਰੇ

**ਧੂਰੀ:** 'ਆਪ' ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਮਾਨ ਨੇ ਧੂਰੀ ਤੋਂ ਨਾਮਜ਼ਦਗੀ ਕਾਗਜ਼ ਭਰ ਦਿੱਤੇ ਹਨ। ਚੋਣ ਕਮਿਸ਼ਨ ਵੱਲੋਂ ਕਰੋਨਾ ਸਬੰਧੀ ਜਾਰੀ ਦਿਸ਼ਾ-ਨਿਰਦੇਸ਼ਾਂ ਤਹਿਤ ਉਹ ਸਿਰਫ ਆਪਣੀ ਮਾਤਾ ਹਰਪਾਲ ਕੌਰ ਅਤੇ ਗਵਾਹ ਵਜੋਂ 'ਆਪ' ਆਗੂ ਦਲਵੀਰ ਸਿੰਘ ਢਿੱਲੋਂ ਨਾਲ ਕਾਗਜ਼ ਭਰਨ ਅੰਦਰ ਗਏ। ਉਨ੍ਹਾਂ ਨੇ ਆਪਣੇ ਨਾਮਜ਼ਗੀ ਪੱਤਰ ਸਥਾਨਕ ਐਸ.ਡੀ.ਐਮ. ਤੇ ਰਿਟਰਨਿੰਗ ਅਫਸਰ ਇਸ਼ਮਿਤ ਵਿਜੈ ਸਿੰਘ ਕੋਲ ਜਮ੍ਹਾਂ ਕਰਵਾਏ।

ਨਾਮਜ਼ਦਗੀ ਭਰਨ ਮਗਰੋਂ ਮਾਨ ਨੇ ਕਿਹਾ ਕਿ ਪੰਜਾਬ ਵਿਚ 'ਆਪ' ਦੀ ਸਰਕਾਰ ਬਣਨੀ ਤੈਅ ਹੈ। ਗਲੀਂ-ਬਾਤੀਂ ਵਿਕਾਸ ਕਰਵਾਉਣ ਵਾਲੇ ਆਗੂਆਂ ਵੱਲੋਂ ਕਰਵਾਏ ਗਏ ਕੰਮਾਂ ਦਾ ਹਿਸਾਬ ਲਿਆ ਜਾਵੇਗਾ। ਇਸ ਮੌਕੇ 'ਆਪ' ਆਗੂ ਸਤਿੰਦਰ ਸਿੰਘ ਚੱਠਾ ਨੇ ਕਿਹਾ ਕਿ ਭਾਵੇਂ ਪਹਿਲਾਂ ਵਿਧਾਨ ਸਭਾ ਹਲਕਾ ਧੂਰੀ ਤੋਂ ਦਾਅਵੇਦਾਰ ਉਨ੍ਹਾਂ ਨੂੰ ਮੰਨਿਆ ਜਾ ਰਿਹਾ ਸੀ ਪਰ ਹੁਣ ਉਹ ਸੂਬਾ ਪ੍ਰਧਾਨ ਭਗਵੰਤ ਮਾਨ ਦੇ ਹੱਕ ਵਿਚ ਡੱਟ ਕੇ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਵਰਕਰਾਂ ਵਿਚ ਫੁੱਟ ਦਾ ਸਵਾਲ ਹੀ ਨਹੀਂ ਹੈ।

# ਆਮ ਆਦਮੀ ਪਾਰਟੀ ਵੱਲੋਂ ਸ਼ਹਿਰੀ ਵੋਟਰਾਂ ਲਈ ਐਲਾਨਾਂ ਦੀ ਝੜੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਦੇ ਨਜ਼ਦੀਕ ਆਉਣ ਦੇ ਨਾਲ ਹੀ ਸਾਰੀਆਂ ਸਿਆਸੀ ਪਾਰਟੀਆਂ ਨੇ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਵੋਟਰਾਂ ਨੂੰ ਲੁਭਾਉਣ ਲਈ ਵੱਡੇ-ਵੱਡੇ ਵਾਅਦੇ ਕੀਤੇ ਜਾ ਰਹੇ ਹਨ। ਇਸੇ ਦੌਰਾਨ ਆਮ ਆਦਮੀ ਪਾਰਟੀ (ਆਪ) ਵੀ ਪੰਜਾਬੀਆਂ ਨੂੰ ਲੁਭਾਉਣ ਦੀ ਕੋਸ਼ਿਸ਼ਾਂ ਕਰ ਰਹੀ ਹੈ, ਜੋ ਕਿ ਹੋਰਨਾਂ ਪਾਰਟੀਆਂ ਤੋਂ ਹਟ ਕੇ ਨਵੇਂ ਐਲਾਨ ਕਰ ਰਹੀ ਹੈ।

ਆਮ ਆਦਮੀ ਪਾਰਟੀ ਨੇ ਪੰਜਾਬ ਦੇ ਸ਼ਹਿਰਾਂ ਲਈ ਦਸ ਗਰੰਟੀਆਂ ਦੇਣ ਦਾ ਐਲਾਨ ਕੀਤਾ ਹੈ। ਪੰਜਾਬ ਦੇ ਸ਼ਹਿਰਾਂ ਲਈ 10 ਗਰੰਟੀਆਂ ਦਾ ਐਲਾਨ ਕਰਦਿਆਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸਾਰੇ ਸ਼ਹਿਰ ਸਾਫ-ਸੁਥਰੇ ਹੋਣਗੇ। ਸ਼ਹਿਰ ਦੇ ਲੋਕਾਂ ਨੂੰ 24 ਘੰਟੇ ਪੀਣ ਵਾਲੇ ਪਾਣੀ ਦੀ ਸਪਲਾਈ ਹੋਵੇਗੀ। 24 ਘੰਟੇ ਬਿਜਲੀ ਮਿਲੇਗੀ। ਵਪਾਰੀਆਂ ਲਈ ਕੋਈ ਨਵਾਂ ਟੈਕਸ ਨਹੀਂ ਲੱਗੇਗਾ। ਸ਼ਹਿਰਾਂ ਵਿਚ ਮੁਹੱਲਾ ਕਲੀਨਿਕ ਖੋਲ੍ਹੇ ਜਾਣਗੇ। ਔਰਤਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇਗੀ ਤੇ ਪੰਜਾਬ ਦੇ ਕੋਨੇ-ਕੋਨੇ 'ਤੇ ਸੀ.ਸੀ.ਟੀ.ਵੀ. ਕੈਮਰੇ ਲਾਏ ਜਾਣਗੇ। ਉਨ੍ਹਾਂ ਦਿੱਲੀ ਦੀ ਮਿਸਾਲ ਦਿੰਦਿਆਂ ਕਿਹਾ ਕਿ ਉਥੇ ਸੀ.ਸੀ.ਟੀ.ਵੀ. ਕੈਮਰਿਆਂ ਦਾ ਏਨਾ ਵੱਡਾ ਨੈੱਟਵਰਕ ਹੈ ਕਿ ਅਮਰੀਕਾ ਦੇ ਸ਼ਹਿਰ ਨਿਊ ਯਾਰਕ ਤੇ ਇੰਗਲੈਂਡ ਦੇ ਸ਼ਹਿਰ ਲੰਡਨ ਤੋਂ ਵੀ ਵੱਧ ਸੀ.ਸੀ.ਟੀ.ਵੀ. ਕੈਮਰੇ ਦਿੱਲੀ ਵਿਚ ਲੱਗੇ ਹੋਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਦਿੱਲੀ ਵਾਂਗ ਲੋਕਾਂ ਦਾ ਕੰਮ ਘਰ ਬੈਠਿਆਂ ਹੀ ਹੋਵੇਗਾ।

ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਸਥਾਪਤ ਹੋਣ



## ਦਿੱਲੀ ਦੇ 'ਆਪ' ਵਿਧਾਇਕਾਂ ਨੇ ਪੰਜਾਬ 'ਚ ਕਮਾਨ ਸਾਂਭੀ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਨੇ ਦਿੱਲੀ ਦੇ ਵਿਧਾਇਕਾਂ ਨੂੰ ਪੰਜਾਬ ਵਿਚ ਵੱਖ-ਵੱਖ ਇਲਾਕਿਆਂ ਵਿਚ ਜ਼ਿੰਮੇਵਾਰੀਆਂ ਦਿੱਤੀਆਂ ਹਨ। ਪਾਰਟੀ ਨੇ ਹਰੀ ਨਗਰ ਤੋਂ ਵਿਧਾਇਕਾ ਰਾਜਕੁਮਾਰੀ ਢਿੱਲੋਂ ਨੂੰ ਬਟਾਲਾ ਤੇ ਗੁਰਦਾਸਪੁਰ, ਵਿਧਾਇਕ ਅਜੈ ਦੱਤ ਨੂੰ ਗੁਰਦਾਸਪੁਰ, ਬੁਰਾੜੀ ਤੋਂ ਵਿਧਾਇਕ ਸੰਜੀਵ ਝਾਅ ਨੂੰ ਲੁਧਿਆਣਾ, ਸੌਰਭ ਭਾਰਦਵਾਜ ਨੂੰ ਕਈ ਸ਼ਹਿਰ ਦਿੱਤੇ ਗਏ ਹਨ। 'ਆਪ' ਦੇ ਘੱਟ ਗਿਣਤੀ ਸੈੱਲ ਦੇ ਵਿੰਗ ਦੇ ਮੀਤ ਪ੍ਰਧਾਨ ਜਸਮੀਤ ਸਿੰਘ ਗੋਬਿੰਦਪੁਰੀ ਨੇ ਦੱਸਿਆ ਕਿ ਹੋਰ ਵਰਕਰਾਂ ਦੀਆਂ ਡਿਊਟੀਆਂ ਵੀ ਲਾਈਆਂ ਗਈਆਂ ਹਨ ਤੇ ਪਾਰਟੀ ਇਸ ਵਾਰ ਵੱਡੀ ਉਮੀਦ ਨਾਲ ਡਟੀ ਹੋਈ ਹੈ। ਉਹ ਖੁਦ ਗੜ੍ਹਸ਼ੰਕਰ 'ਚ ਸਥਾਨਕ ਉਮੀਦਵਾਰ ਲਈ ਆਪਣੇ ਸਾਥੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਨ।

ਮਗਰੋਂ ਸਰਕਾਰ ਦੇ ਹਰੇਕ ਦਫਤਰ ਵਿਚ ਮੁੱਖ ਮੰਤਰੀ ਦੀ ਤਸਵੀਰ ਦੀ ਥਾਂ ਸ਼ਹੀਦ ਭਗਤ ਸਿੰਘ ਅਤੇ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦੀ ਤਸਵੀਰ ਲਗਾਈ ਜਾਵੇਗੀ। 'ਆਪ' ਨੇ ਸਾਰੀਆਂ ਰਿਵਾਇਤੀ ਪਾਰਟੀਆਂ ਨਾਲੋਂ ਪਹਿਲਾਂ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਭਗਵੰਤ ਮਾਨ ਦਾ ਐਲਾਨ ਕੀਤਾ ਹੈ। ਹੁਣ 'ਆਪ' ਨੇ ਆਪਣਾ ਨਾਅਰਾ ਵੀ ਬਦਲ ਦਿੱਤਾ ਹੈ। ਨਵੇਂ ਨਾਅਰੇ ਵਿਚ ਭਗਵੰਤ ਮਾਨ ਦਾ ਨਾਂ ਵੀ ਸ਼ਾਮਲ ਕੀਤਾ ਹੈ। ਭਗਵੰਤ ਮਾਨ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਉਮੀਦਵਾਰ ਐਲਾਨੇ ਜਾਣ ਤੋਂ ਪਹਿਲਾਂ 'ਆਪ' ਪੰਜਾਬ ਦੇ ਲੋਕਾਂ ਨੂੰ ਦਿੱਲੀ ਦੇ ਮਾਡਲ ਅਤੇ ਕੇਜਰੀਵਾਲ ਦੇ ਕੰਮਾਂ ਦੇ ਆਧਾਰ 'ਤੇ ਪ੍ਰਚਾਰ-ਪ੍ਰਸਾਰ ਕੀਤਾ ਜਾ ਰਿਹਾ ਸੀ।

ਨਵੇਂ ਨਾਅਰੇ 'ਇਕ ਮੌਕਾ ਕੇਜਰੀਵਾਲ ਨੂੰ, ਇਕ ਮੌਕਾ ਭਗਵੰਤ ਮਾਨ ਨੂੰ' ਦੇ ਬੋਰਡ ਵੀ ਪੰਜਾਬ ਭਰ ਵਿਚ ਲੱਗਣੇ ਸ਼ੁਰੂ ਹੋ ਗਏ ਹਨ। ਸੋਸ਼ਲ ਮੀਡੀਆ 'ਤੇ ਵੀ ਗੀਤਾਂ ਰਾਹੀਂ ਨਵੇਂ ਨਾਅਰੇ ਨੂੰ ਪ੍ਰਚਾਰਿਆ ਜਾ ਰਿਹਾ ਹੈ। ਇਸ ਤੋਂ ਸਾਫ ਹੈ ਕਿ ਆਮ ਆਦਮੀ ਪਾਰਟੀ (ਆਪ) ਵਿਧਾਨ ਸਭਾ ਚੋਣਾਂ ਵਿਚ ਵੋਟਾਂ ਖੁੱਸਣ ਲਈ ਕੋਈ ਗਲਤੀ ਨਹੀਂ ਕਰਨਾ ਚਾਹੁੰਦੀ ਹੈ। 'ਆਪ' ਨੇ ਵਿਧਾਨ ਸਭਾ ਚੋਣਾਂ 2017 'ਚ ਦਿਹਾਤੀ ਖੇਤਰ ਵਿਚ 23.7 ਫ਼ੀਸਦ ਵੋਟਾਂ ਹਾਸਲ ਕਰਕੇ 20 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। ਇਨ੍ਹਾਂ ਵਿਚੋਂ ਜ਼ਿਆਦਾਤਰ ਵੋਟਾਂ ਪਿੰਡਾਂ ਵਿਚੋਂ ਮਿਲੀਆਂ ਸਨ। ਪੰਜਾਬ ਵਿਧਾਨ ਸਭਾ ਚੋਣਾਂ 2022 ਲਈ 'ਆਪ' ਪੰਜਾਬ ਦੇ ਸ਼ਹਿਰੀ ਅਤੇ ਦਿਹਾਤੀ ਖੇਤਰ ਦੋਵਾਂ ਵਿਚ ਪੈਰ ਪਸਾਰ ਚੁੱਕੀ ਹੈ ਜਿਨ੍ਹਾਂ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਵੀ ਮਿਲਦਾ ਦਿਖਾਈ ਦੇ ਰਿਹਾ ਹੈ।

## ਅਧਿਆਪਕਾਂ ਦੇ ਸਾਰੇ ਉਲਾਂਭੇ ਲਾਹ ਦਿਆਂਗੇ: ਮਾਨ

**ਸ਼ੇਰਪੁਰ:** ਇਥੇ ਕੱਚੇ ਅਧਿਆਪਕਾਂ ਨੇ ਆਪਣੀਆਂ ਸੇਵਾਵਾਂ ਰੈਗੂਲਰ ਦੀ ਮੰਗ ਨੂੰ ਚੋਣ ਮੈਨੀਫੈਸਟੋ ਵਿਚ ਦਰਜ ਕਰਵਾਉਣ ਲਈ 'ਆਪ' ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨਾਲ ਮੁਲਾਕਾਤ ਕੀਤੀ। ਅਧਿਆਪਕ ਯੂਨੀਅਨ ਦੇ ਆਗੂਆਂ ਨੇ ਦੱਸਿਆ ਕਿ ਜੇ 'ਆਪ' ਆਪਣੀ ਸਰਕਾਰ ਆਉਣ 'ਤੇ ਪਹਿਲੀ ਕੈਬਨਿਟ ਮੀਟਿੰਗ 'ਚ ਉਨ੍ਹਾਂ ਦੀ ਤਨਖਾਹ ਦਾ ਸਨਮਾਨਜਨਕ ਵਾਧਾ ਅਤੇ 6 ਮਹੀਨੇ ਬਾਅਦ ਪੱਕੇ ਕਰਨ ਦੀ ਮੰਗ ਨੂੰ ਆਪਣੇ ਚੋਣ ਮੈਨੀਫੈਸਟੋ ਦਾ ਹਿੱਸਾ ਬਣਾਉਂਦੀ ਹੈ ਤਾਂ ਉਹ ਪੰਜਾਬ ਭਰ ਅੰਦਰ ਪਾਰਟੀ ਨੂੰ ਹਮਾਇਤ ਦੇਣ ਬਾਰੇ ਸੋਚਣਗੇ। ਭਗਵੰਤ ਮਾਨ ਨੇ ਉਨ੍ਹਾਂ ਦਾ ਮਸਲਾ ਆਪਣੇ ਚੋਣ ਮੈਨੀਫੈਸਟੋ ਵਿਚ ਦਰਜ ਕਰਵਾਏ ਜਾਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਜੇ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਸੱਤਾ ਵਿਚ ਆਈ ਤਾਂ ਉਹ ਕੱਚੇ ਅਧਿਆਪਕਾਂ ਦੇ ਉਲਾਂਭੇ ਲਾਹ ਦੇਣਗੇ।

## ਐਤਕੀਂ ਸਾਨੂੰ ਮੌਕਾ ਦੇਣਗੇ ਲੋਕ: ਰਾਘਵ ਚੱਢਾ


**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਦੇ ਪੰਜਾਬ ਮਾਮਲਿਆਂ ਬਾਰੇ ਸਹਿ ਇੰਚਾਰਜ ਅਤੇ ਦਿੱਲੀ ਤੋਂ ਵਿਧਾਇਕ ਰਾਘਵ ਚੱਢਾ ਨੇ ਪੂਰਬੀ ਵਿਧਾਨ ਸਭਾ ਹਲਕੇ ਤੋਂ 'ਆਪ' ਉਮੀਦਵਾਰ ਜੀਵਨਜੋਤ ਕੌਰ ਦੇ ਹੱਕ ਵਿਚ ਪ੍ਰਚਾਰ ਕਰਦਿਆਂ ਕਿਹਾ ਕਿ ਇੱਥੋਂ ਚੋਣ ਲੜ ਰਹੇ ਰਵਾਇਤੀ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਲੋਕ ਰੱਦ ਕਰ ਦੇਣਗੇ। ਇਥੋਂ ਸ਼੍ਰੋਮਣੀ ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਅਤੇ ਕਾਂਗਰਸ ਦੇ ਨਵਜੋਤ ਸਿੰਘ ਸਿੱਧੂ ਚੋਣ ਲੜ ਰਹੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਸਿੱਧੂ ਤਕਰੀਬਨ ਦੋ ਦਹਾਕਿਆਂ ਤੋਂ ਕਦੇ ਸੰਸਦ ਮੈਂਬਰ ਅਤੇ ਕਦੇ ਮੰਤਰੀ ਤੇ ਵਿਧਾਇਕ ਵਜੋਂ ਅੰਮ੍ਰਿਤਸਰ ਦੀ ਨੁਮਾਇੰਦਗੀ ਕਰਦੇ ਆ ਰਹੇ ਹਨ ਪਰ ਉਹ ਕਦੇ ਵੀ ਲੋਕਾਂ ਦੇ ਕੰਮ ਨਹੀਂ ਆਏ।

# ਪਦਮਸ੍ਰੀ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਦਾ ਅਕਾਲ ਚਲਾਣਾ

**ਚੀਮਾ ਮੰਡੀ:** ਕਲਗੀਧਰ ਟਰੱਸਟ ਬੜੂ ਸਾਹਿਬ ਦੇ ਪ੍ਰਧਾਨ ਤੇ ਸ਼੍ਰੋਮਣੀ ਪੰਥ ਰਤਨ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਮੁੱਖ ਪ੍ਰਬੰਧਕ ਗੁਰਦੁਆਰਾ ਜਨਮ ਅਸਥਾਨ ਚੀਮਾ ਦਾ ਦੇਹਾਂਤ ਹੋ ਗਿਆ। ਗੁਰਦੁਆਰਾ ਜਨਮ ਅਸਥਾਨ ਚੀਮਾ ਦੇ ਸੇਵਾਦਾਰ ਭਾਈ ਜਗਜੀਤ ਸਿੰਘ ਨੇ ਦੱਸਿਆ ਕਿ ਬਾਬਾ ਇਕਬਾਲ ਸਿੰਘ ਬੀਤੇ ਕਾਫੀ ਦਿਨਾਂ ਤੋਂ ਬਿਮਾਰ ਚੱਲ ਰਹੇ ਸਨ। ਉਨ੍ਹਾਂ ਦੇ ਦੇਹਾਂਤ 'ਤੇ ਚੀਮਾ ਮੰਡੀ ਇਲਾਕੇ ਦੇ ਲੋਕਾਂ ਨੇ ਭਾਰੀ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਪਦਮਸ੍ਰੀ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਦਾ ਗੁਰਦੁਆਰਾ ਬੜੂ ਸਾਹਿਬ ਵਿਚ ਸਸਕਾਰ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤ ਸ਼ਾਮਲ ਹੋਈ। ਗੁਰਦੁਆਰਾ ਜਨਮ ਅਸਥਾਨ ਚੀਮਾ ਦੇ ਮੁੱਖ ਸੇਵਾਦਾਰ ਭਾਈ ਜਗਜੀਤ ਸਿੰਘ ਨੇ ਦੱਸਿਆ ਕਿ ਬਾਬਾ ਇਕਬਾਲ ਸਿੰਘ ਦੇ ਸਸਕਾਰ ਤੋਂ ਪਹਿਲਾਂ ਗੁਰਦੁਆਰੇ ਵਿਚ ਗੁਰਬਾਣੀ ਪ੍ਰਵਾਹ ਚੱਲਦਾ ਰਿਹਾ ਤੇ ਬੜੂ ਸਾਹਿਬ ਦੀਆਂ ਬੀਬੀਆਂ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ।

ਇਸ ਮੌਕੇ ਪਹੁੰਚੀਆਂ ਸ਼ਖਸੀਅਤਾਂ ਨੇ ਬਾਬਾ ਇਕਬਾਲ ਸਿੰਘ ਦੇ ਜੀਵਨ ਬਾਰੇ ਵਿਸਥਾਰ ਵਿਚ ਚਾਨਣਾ ਪਾਇਆ। ਇਸ ਮੌਕੇ ਗੁਰਦੁਆਰਾ ਜਨਮ ਅਸਥਾਨ ਚੀਮਾ, ਗੁਰਦੁਆਰਾ ਨਾਨਕਸਰ ਚੀਮਾ, ਗੁਰਦੁਆਰਾ ਮਸਤੂਆਣਾ ਸਾਹਿਬ ਤੋਂ ਪੁੱਜੀ ਸੰਗਤ ਤੋਂ ਇਲਾਵਾ ਸਮੂਹ ਨਗਰ ਪੰਚਾਇਤ ਚੀਮਾ, ਵੱਖ-ਵੱਖ ਕਲੱਬਾਂ ਦੇ ਅਹੁਦੇਦਾਰ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਆਗੂ ਮੌਜੂਦ ਸਨ।




ਸਿੱਖਿਆ ਦੇ ਖੇਤਰ ਵਿਚ ਅਹਿਮ ਭੂਮਿਕਾ ਨਿਭਾਅ ਰਹੀਆਂ ਅਕਾਲ ਅਕੈਡਮੀਆਂ ਦੇ ਸੰਸਥਾਪਕ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਦੇ ਦੇਹਾਂਤ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਵਿੱਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਬਾਬਾ ਇਕਬਾਲ ਸਿੰਘ ਕਰੜੀ ਘਾਲਣਾ ਦੁਆਰਾ ਸਿੱਖਿਆ ਦੇ ਪਸਾਰ ਲਈ ਮਾਰਗ ਦਰਸ਼ਕ ਬਣੇ। ਉਨ੍ਹਾਂ ਅਕਾਲ ਅਕੈਡਮੀਆਂ ਦੀ ਲੜੀ ਚਲਾ ਕੇ ਪੱਛੜੇ ਇਲਾਕਿਆਂ ਤੱਕ ਵਿੱਦਿਆ ਦਾ ਚਾਨਣ ਵੰਡਣ ਦਾ ਯਤਨ ਕੀਤਾ।

ਇਸੇ ਦੌਰਾਨ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਦੀਆਂ ਸੇਵਾਵਾਂ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਇਕ ਸਿਰੜੀ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਸਮਾਜ ਦੀ ਬਿਹਤਰੀ ਲਈ ਕਾਰਜ ਕੀਤੇ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਸੁਰਿੰਦਰ ਸਿੰਘ, ਜਨਰਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੰਜੋਲੀ, ਸਕੱਤਰ ਮਹਿੰਦਰ ਸਿੰਘ ਆਹਲੀ, ਸੁਖਦੇਵ ਸਿੰਘ ਭੂਰਾਕੋਹਨਾ, ਡਾ. ਪਰਮਜੀਤ ਸਿੰਘ ਸਰੋਆ ਨੇ ਵੀ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਬਾਬਾ ਜੀ ਦੇ ਅੰਤਿਮ ਸਸਕਾਰ ਲਈ ਰਵਾਨਾ ਹੋਣ ਤੋਂ ਪਹਿਲਾਂ ਜਿੱਥੇ ਭਾਈ ਜਗਜੀਤ ਸਿੰਘ ਨੇ ਅਰਦਾਸ ਕੀਤੀ, ਉਥੇ ਨਾਲ ਹੀ ਕਲਗੀਧਰ ਟਰੱਸਟ ਬੜੂ ਸਾਹਿਬ ਦੇ ਸਕੱਤਰ ਡਾ. ਦਵਿੰਦਰ ਸਿੰਘ, ਭਾਈ ਰਵਿੰਦਰਪਾਲ ਸਿੰਘ ਕੋਹਲੀ ਤੋਂ ਇਲਾਵਾ ਟਰੱਸਟ ਦੇ ਹੋਰਨਾਂ ਸੇਵਾਦਾਰਾ ਨੇ ਸੰਗਤਾਂ ਦਾ ਧੰਨਵਾਦ ਕੀਤਾ। ਅੰਤਿਮ ਸਸਕਾਰ ਸਮੇਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੂੰਮਾ ਦੀ ਤਰਫੋਂ ਬਾਬਾ ਸੁਖਦੇਵ ਸਿੰਘ ਮਹਿਤਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਤਰਫੋਂ ਭਾਈ ਪਰਮਜੀਤ ਸਿੰਘ ਸਕੱਤਰ ਧਰਮ ਪ੍ਰਚਾਰ ਕਮੇਟੀ, ਬਾਬਾ ਬਚਨ ਸਿੰਘ ਕਾਰਸੇਵਾ ਦਿੱਲੀ ਵਾਲਿਆਂ ਵੱਲੋਂ ਬਾਬਾ ਗੁਲਜਾਰ ਸਿੰਘ, ਭਾਈ ਜੋਗਿੰਦਰ ਸਿੰਘ ਮੁੱਖ ਗ੍ਰੰਥੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਅਕਸ਼ਰਧਾਮ ਦਿੱਲੀ ਤੋਂ ਪੁੱਜੇ ਸਵਾਮੀ ਜੀ ਨੇ ਬਾਬਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਜ਼ਿਕਰਯੋਗ ਹੈ ਕਿ ਬਾਬਾ ਇਕਬਾਲ ਸਿੰਘ ਜੀ ਜਦੋਂ ਵੀ ਸ਼ਿਕਾਗੋ ਆਉਂਦੇ, ਹਮੇਸ਼ਾ ਇੱਥੋਂ ਦੀ ਉੱਘੀ ਸ਼ਖਸੀਅਤ ਮੇਜਰ ਗੁਰਚਰਨ ਸਿੰਘ ਝੱਜ ਦੇ ਗ੍ਰਹਿ ਵਿਖੇ ਠਹਿਰਦੇ ਸਨ। ਮੇਜਰ ਝੱਜ ਲੰਮੇ ਸਮੇਂ ਤੋਂ ਕਲਗੀਧਰ ਸੁਸਾਇਟੀ ਬੜੂ ਸਾਹਿਬ ਨਾਲ ਜੁੜੇ ਹੋਏ ਹਨ ਤੇ ਅਮਰੀਕਾ ਰਹਿੰਦਿਆਂ ਵੀ ਬੜੂ ਸਾਹਿਬ ਦੀਆਂ ਸਿੱਖਿਆ ਸੰਸਥਾਵਾਂ ਦੇ ਬੱਚਿਆਂ ਦੀ ਉਚੇਰੀ ਸਿੱਖਿਆ ਲਈ ਤਤਪਰ ਰਹਿੰਦੇ ਹਨ। ਹਾਲ ਹੀ ਵਿਚ ਉਨ੍ਹਾਂ ਨੇ ਸ਼ਿਕਾਗੋ ਦੀ ਸੰਗਤ ਦੇ ਸਹਿਯੋਗ ਨਾਲ ਬੱਚਿਆਂ ਲਈ ਵੱਡੀ ਰਾਸ਼ੀ ਇਕੱਠੀ ਕੀਤੀ ਸੀ। ਮੇਜਰ ਝੱਜ ਨੇ ਬਾਬਾ ਇਕਬਾਲ ਸਿੰਘ ਜੀ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਇਜ਼ਹਾਰ ਕੀਤਾ ਹੈ ਤੇ ਇਸ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ ਹੈ।

# ਸਰਨਾ ਤੇ ਜੀ.ਕੇ. ਵੱਲੋਂ ਬਾਦਲਾਂ ਨੂੰ ਵੋਟਾਂ ਨਾ ਪਾਉਣ ਦੀ ਅਪੀਲ



**ਜਲੰਧਰ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਦੌਰਾਨ ਬਾਦਲ ਦਲ ਵੱਲੋਂ ਪੁਲਿਸ ਭੇਜਣ ਦੇ ਦੋਸ਼ ਲਾਉਂਦਿਆਂ ਦਿੱਲੀ ਕਮੇਟੀ ਦੇ ਦੋ ਸਾਬਕਾ ਪ੍ਰਧਾਨਾਂ ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀ.ਕੇ. ਨੇ ਪੰਜਾਬ ਦੇ ਲੋਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਨੂੰ ਵੋਟਾਂ ਨਾ ਪਾਉਣ ਦੀ ਅਪੀਲ ਕੀਤੀ ਹੈ। ਦੋਵੇਂ ਆਗੂਆਂ ਨੇ ਕਿਹਾ ਕਿ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਆਪਣੇ ਮੈਂਬਰਾਂ ਦੀ ਕ੍ਰਾਸ ਵੋਟਿੰਗ ਦੇ ਖਦਸ਼ੇ ਨੂੰ ਠੱਲ੍ਹਣ ਵਾਸਤੇ ਵਿਰੋਧੀ ਧਿਰ ਦੇ ਕਮੇਟੀ ਮੈਂਬਰਾਂ ਨੂੰ ਬਾਹਰ ਰੱਖਣ ਦਾ ਟੀਚਾ ਮਿਥਿਆ ਗਿਆ ਸੀ। ਇਸ ਸਬੰਧੀ ਕਾਲਕਾ ਨੇ ਪੁਲਿਸ ਮੰਗਵਾਉਣ ਲਈ 30 ਮੈਂਬਰਾਂ ਦੇ ਦਸਤਖਤਾਂ ਨਾਲ ਡਾਇਰੈਕਟਰ ਦਿੱਲੀ ਗੁਰਦੁਆਰਾ ਚੋਣ ਬੋਰਡ ਨੂੰ ਪੱਤਰ ਲਿਖਿਆ, ਜਿਸ ਵਿਚ 29ਵੇਂ ਨੰਬਰ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਦਸਤਖ਼ਤ ਵੀ ਹਨ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਚਲਦੇ ਇਜਲਾਸ ਵਿਚ ਪਹਿਲਾਂ ਕਾਬਜ਼ ਧਿਰ ਵੱਲੋਂ ਇਕ ਵੋਟ ਨੂੰ ਲੈ ਕੇ ਬੇਲੋੜਾ ਵਿਚਾਰਕ ਟਕਰਾਅ ਪੈਦਾ ਕੀਤਾ ਗਿਆ ਤੇ ਫਿਰ ਆਪਣੀ ਜ਼ਿੱਦ ਪੁਗਾਉਣ ਲਈ 11 ਘੰਟੇ ਤੱਕ ਪੁਲਿਸ ਬੁਲਾਈ ਗਈ।

ਸਰਨਾ ਨੇ ਦੱਸਿਆ ਕਿ ਦਿੱਲੀ ਕਮੇਟੀ ਦਫਤਰ ਵਿਚ ਜੁੱਤੀਆਂ ਸਣੇ ਵਰਦੀਧਾਰੀ ਪੁਲਿਸ ਵਾੜੀ ਗਈ। ਸਰਨਾ ਅਤੇ ਜੀ.ਕੇ. ਨੇ ਇਸ ਮਾਮਲੇ ਵਿਚ ਅਕਾਲ ਤਖ਼ਤ ਦੇ ਜਥੇਦਾਰ ਦੀ ਚੁੱਪ 'ਤੇ ਸਵਾਲ ਖੜ੍ਹੇ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਅਤੇ ਹਰਜਿੰਦਰ ਸਿੰਘ ਧਾਮੀ ਤੋਂ ਅਸਤੀਫਾ ਮੰਗਿਆ ਹੈ।

# ਸਿੱਖ ਕਤਲੇਆਮ: ਹਾਈ ਕੋਰਟ ਵੱਲੋਂ 'ਸਿੱਟ' ਦੀ ਕਾਰਵਾਈ ਰਿਪੋਰਟ ਤਲਬ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਦਿੱਲੀ ਹਾਈ ਕੋਰਟ ਵੱਲੋਂ 1984 ਸਿੱਖ ਕਤਲੇਆਮ ਨਾਲ ਸਬੰਧਤ ਕੇਸ ਵਿਚ ਦਿੱਤੇ ਗਏ ਹੁਕਮਾਂ ਮਗਰੋਂ ਕਾਂਗਰਸੀ ਆਗੂ ਕਮਲਨਾਥ ਦਾ ਜੇਲ੍ਹ ਜਾਣ ਦਾ ਰਸਤਾ ਸਾਫ ਹੋ ਗਿਆ ਹੈ।

ਉਨ੍ਹਾਂ ਦੱਸਿਆ ਕਿ ਜਸਟਿਸ ਸੁਬਰਾਮਨੀਅਮ ਪ੍ਰਸਾਦ ਦੇ ਬੈਂਚ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਮਗਰੋਂ ਵਿਸ਼ੇਸ਼ ਜਾਂਚ ਟੀਮ (ਸਿੱਟ) ਨੂੰ ਨੋਟਿਸ ਜਾਰੀ ਕਰਦਿਆਂ ਹੁਣ ਤੱਕ ਦੀ ਕਾਰਵਾਈ ਰਿਪੋਰਟ ਤਲਬ ਕਰ ਲਈ ਹੈ। ਕੇਸ ਦੀ ਅਗਲੀ ਸੁਣਵਾਈ 28 ਮਾਰਚ ਨੂੰ ਹੋਵੇਗੀ।

ਇਕ ਸਾਂਝੇ ਬਿਆਨ ਵਿਚ ਹਰਮੀਤ ਕਾਲਕਾ ਤੇ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਕਮਲਨਾਥ 1984 ਵਿਚ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਦੋ ਸਿੱਖਾਂ ਨੂੰ ਮਾਰਨ ਵਾਲੀ ਭੀੜ ਦੀ ਅਗਵਾਈ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਫੀ ਦੇਰ ਤੋਂ ਇਸ ਮਾਮਲੇ ਦੀ ਪੈਰਵੀ ਕਰ ਰਹੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਇਸ ਮਾਮਲੇ ਵਿਚ ਕਾਂਗਰਸੀ ਆਗੂ ਕਮਲਨਾਥ ਕਥਿਤ ਸਿੱਧਾ ਸਿੱਧਾ ਦੋਸ਼ੀ ਹੈ, ਪਰ ਕਾਂਗਰਸ ਪਾਰਟੀ ਵੱਲੋਂ ਹੁਣ ਤੱਕ ਕੀਤੀ ਜਾਂਦੀ ਪੁਸ਼ਤਪਨਾਹੀ ਕਰਕੇ ਬਚਦਾ ਰਿਹਾ ਹੈ, ਪਰ ਹੁਣ ਉਸ ਦਾ ਜੇਲ੍ਹ ਜਾਣਾ ਤੈਅ ਹੈ।



ਉਧਰ, ਭਾਜਪਾ ਆਗੂ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦਿੱਲੀ ਸਿੱਖ ਕਤਲੇਆਮ ਨਾਲ ਜੁੜੇ ਕੇਸ ਵਿਚ ਹਾਈ ਕੋਰਟ ਵੱਲੋਂ 'ਸਿੱਟ' ਤੋਂ ਮੰਗੀ ਕਾਰਵਾਈ ਰਿਪੋਰਟ ਨੂੰ ਵੱਡੀ ਸਫਲਤਾ ਕਰਾਰ ਦਿੱਤਾ ਹੈ। ਸਿਰਸਾ ਨੇ ਕਿਹਾ ਕਿ ਉਨ੍ਹਾਂ ਪ੍ਰਧਾਨ ਵਜੋਂ ਆਪਣੇ ਕਾਰਜਕਾਲ ਦੌਰਾਨ ਪਾਰਲੀਮੈਂਟ ਸਟਰੀਟ ਪੁਲਿਸ ਥਾਣੇ ਵਿਚ ਦਰਜ ਕੇਸ ਦੇ ਸਬੰਧ ਵਿਚ ਦਿੱਲੀ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਮੰਗ ਕੀਤੀ ਸੀ ਕਿ 'ਸਿੱਟ' ਨੂੰ ਕਮਲਨਾਥ ਖਿਲਾਫ ਕਾਰਵਾਈ ਕਰਨ ਅਤੇ ਉਸ ਨੂੰ ਗ੍ਰਿਫਤਾਰ ਕਰਨ ਦੀ ਹਦਾਇਤ ਕੀਤੀ ਜਾਵੇ।

## ਪੰਜਾਬ ਚੋਣਾਂ ਨੇੜੇ ਡੇਰਾ ਸਿਰਸਾ ਦੀਆਂ ਸਰਗਰਮੀਆਂ ਵਧੀਆਂ

**ਮੋਗਾ:** ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆਉਂਦਿਆਂ ਦੇਖ ਕੇ ਡੇਰਾ ਸਿਰਸਾ ਨੇ ਵੀ ਆਪਣੀਆਂ ਸਰਗਰਮੀਆਂ ਵਧਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਡੇਰਿਆਂ 'ਚ ਕਰਵਾਏ ਜਾ ਰਹੇ ਸਤਿਸੰਗ ਮੌਕੇ ਵੱਡੀ ਗਿਣਤੀ 'ਚ ਡੇਰਾ ਪ੍ਰੇਮੀ ਪਹੁੰਚ ਰਹੇ ਹਨ।

ਡੇਰੇ ਦੀਆਂ ਇਨ੍ਹਾਂ ਸਰਗਰਮੀਆਂ ਨੂੰ ਇਸ ਦੇ ਮੁੜ ਪੈਰਾਂ ਸਿਰ ਹੋਣ ਦੀਆਂ ਕੋਸ਼ਿਸ਼ਾਂ ਦੇ ਰੂਪ 'ਚ ਦੇਖਿਆ ਜਾ ਰਿਹਾ ਹੈ। ਇਥੇ ਕੋਟਕਪੂਰਾ ਬਾਈਪਾਸ 'ਤੇ ਨਾਮ ਚਰਚਾ ਘਰ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਡੇਰਾ ਪ੍ਰੇਮੀਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿਚ ਵੱਡੀ ਗਿਣਤੀ ਔਰਤਾਂ ਸ਼ਾਮਲ ਸਨ। ਇਸ ਮੌਕੇ ਬਲਾਕ ਭੰਗੀਦਾਸ ਬਲਵਿੰਦਰ ਸਿੰਘ ਨੇ ਕਿਹਾ ਕਿ ਮਾਨਵਤਾ ਭਲਾਈ ਦੇ ਕੰਮਾਂ ਦੀ ਲੜੀ ਨੂੰ ਵਧਾਉਂਦੇ ਹੋਏ ਲੋੜਵੰਦਾਂ ਨੂੰ ਰਾਸ਼ਨ, ਕੰਬਲ, ਕੋਟੀਆਂ ਆਦਿ ਵੰਡੀਆਂ ਗਈਆਂ। ਡੇਰਾ ਕਮੇਟੀ ਦੇ 45 ਮੈਂਬਰੀ ਕਮੇਟੀ ਆਗੂ ਗੁਰਜੀਤ ਸਿੰਘ ਇੰਸਾਂ ਨੇ ਦੱਸਿਆ ਕਿ ਗੁਰਮੀਤ ਰਾਮ ਰਹੀਮ ਸਿੰਘ ਇੰਸਾਂ ਦੀਆਂ ਸਿੱਖਿਆਵਾਂ ਨੂੰ ਮੰਨਦੇ ਹੋਏ ਸੇਵਾਦਾਰਾਂ ਨੇ 53 ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਤੇ 145 ਕੰਬਲ, ਕੱਪੜੇ ਅਤੇ ਕੋਟੀਆਂ ਵੰਡੀਆਂ ਹਨ।

# ਦਿੱਲੀ ਸਰਕਾਰ ਨੂੰ ਭਗਤ ਸਿੰਘ ਦੀਆਂ ਅਸਲ ਤਸਵੀਰਾਂ ਵਰਤਣ ਦੀ ਅਪੀਲ

**ਨਵੀਂ ਦਿੱਲੀ:** ਸਾਬਕਾ ਪ੍ਰੋਫੈਸਰ ਚਮਨ ਲਾਲ ਨੇ ਦਿੱਲੀ ਸਰਕਾਰ ਵੱਲੋਂ ਸਰਕਾਰੀ ਦਫਤਰਾਂ ਵਿਚ ਸਿਰਫ ਭਗਤ ਸਿੰਘ ਅਤੇ ਡਾ. ਭੀਮ ਰਾਓ ਅੰਬੇਡਕਰ ਦੀਆਂ ਤਸਵੀਰਾਂ ਲਾਉਣ ਦੇ ਫੈਸਲੇ ਨੂੰ ਠੋਸ ਕਦਮ ਕਰਾਰ ਦਿੰਦੇ ਹੋਏ ਕਿਹਾ ਕਿ ਕੇਜਰੀਵਾਲ ਸਰਕਾਰ ਸ਼ਹੀਦੇ ਆਜ਼ਮ ਦੀਆਂ ਅਸਲੀ ਚਾਰ ਤਸਵੀਰਾਂ ਦੀ ਵਰਤੋਂ ਕਰੇ।

ਉਨ੍ਹਾਂ ਕਿਹਾ ਕਿ ਦਿੱਲੀ ਦੇ ਸਰਕਾਰੀ ਦਫਤਰਾਂ ਵਿਚ ਦੇਸ਼ ਭਗਤਾਂ ਦੀਆਂ ਪੇਂਟਿੰਗ ਆਧਾਰਿਤ ਕਿਸੇ ਵੀ ਤਸਵੀਰ ਨੂੰ ਵਰਤਣ ਤੋਂ ਪਰਹੇਜ਼ ਕੀਤਾ ਜਾਣਾ ਚਾਹੀਦਾ ਹੈ। ਸ਼ਹੀਦ ਭਗਤ ਸਿੰਘ ਦੀਆਂ ਚਾਰ ਤਸਵੀਰਾਂ ਉਨ੍ਹਾਂ ਦੇ ਪਰਿਵਾਰ ਵੱਲੋਂ ਪ੍ਰਮਾਣਿਤ ਹਨ। ਉਨ੍ਹਾਂ ਕਿਹਾ ਕਿ ਕਈ ਵਾਰ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਸ਼ਹੀਦ ਭਗਤ ਸਿੰਘ ਦੀਆਂ ਪੇਂਟਿੰਗਾਂ 'ਤੇ ਆਧਾਰਿਤ ਅਸਥਾਈ ਤਸਵੀਰਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਨ੍ਹਾਂ 'ਤੇ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਅਤੇ ਸੁਤੰਤਰਤਾ ਸੰਗਰਾਮੀਆਂ ਵੱਲੋਂ ਹਮੇਸ਼ਾ ਇਤਰਾਜ਼ ਕੀਤਾ ਜਾਂਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਬੇਇਨਸਾਫੀ ਆਜ਼ਾਦੀ ਸੰਗਰਾਮ ਦੇ ਕੌਮੀ ਨਾਇਕਾਂ ਭਗਤ ਸਿੰਘ, ਊਧਮ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਨਾਲ ਹੀ ਹੁੰਦੀ ਹੈ। ਪ੍ਰੋਫੈਸਰ ਚਮਨ ਲਾਲ ਮੁਤਾਬਕ ਦਿੱਲੀ ਸਰਕਾਰ ਇਸ ਫੈਸਲੇ ਨੂੰ ਲਾਗੂ ਕਰਦਿਆਂ ਕੇਂਦਰ ਅਤੇ ਕਈ ਰਾਜ ਸਰਕਾਰਾਂ ਦੁਆਰਾ ਭਗਤ ਸਿੰਘ ਦੀ ਗਲਤ, ਨੁਕਸਦਾਰ, ਬੇਤੁਕੀ ਅਤੇ ਪੇਂਟਿੰਗ ਆਧਾਰਿਤ ਤਸਵੀਰ ਦੀ ਵਰਤੋਂ ਰਾਹੀਂ ਕੀਤੀ ਗਈ ਬੇਇਨਸਾਫੀ ਨੂੰ ਵੀ ਦੂਰ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਆਰਕਾਈਵਜ ਵਿਚ ਪਹਿਲਾਂ ਹੀ ਸ਼ਹੀਦ ਭਗਤ ਸਿੰਘ ਆਰਕਾਈਵਜ ਐਂਡ ਰਿਸੋਰਸ ਸੈਂਟਰ ਸਥਾਪਤ ਕੀਤਾ ਹੋਇਆ ਹੈ, ਇਸ ਲਈ ਪੁਰਾਲੇਖ ਤੋਂ ਵੀ ਭਗਤ ਸਿੰਘ ਦੀ ਤਸਵੀਰ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਦੁਆਰਾ ਸਥਾਪਤ ਕੀਤੀਆਂ ਗਈਆਂ ਨਵੀਆਂ ਯੂਨੀਵਰਸਿਟੀਆਂ ਵਿਚੋਂ ਇਕ ਦਾ ਨਾਮ ਸ਼ਹੀਦ ਭਗਤ ਸਿੰਘ ਰੱਖਿਆ ਜਾ ਸਕਦਾ ਹੈ। ਉਨ੍ਹਾਂ ਟੀਚਰ ਟਰੇਨਿੰਗ ਯੂਨੀਵਰਸਿਟੀ ਦਾ ਨਾਂ ਭਗਤ ਸਿੰਘ ਦੇ ਨਾਂ 'ਤੇ ਰੱਖਣ ਦੀ ਵਕਾਲਤ ਕੀਤੀ।

# ਬੇਅਦਬੀ ਕਾਂਡ: ਡੇਰਾ ਮੁਖੀ ਸਮੇਤ 10 ਪ੍ਰੇਮੀਆਂ ਖਿਲਾਫ ਚਲਾਨ ਪੇਸ਼

**ਫਰੀਦਕੋਟ:** ਬਹੁ-ਚਰਚਿਤ ਬੇਅਦਬੀ ਕਾਂਡ ਵਿਚ ਵਿਸ਼ੇਸ਼ ਜਾਂਚ ਟੀਮ ਨੇ ਇਥੇ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿਚ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਮੇਤ 10 ਡੇਰਾ ਪ੍ਰੇਮੀਆਂ ਖਿਲਾਫ਼ ਚਲਾਨ ਪੇਸ਼ ਕਰ ਦਿੱਤਾ ਹੈ। ਪਹਿਲੀ ਜੂਨ 2015 ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਵਿਚੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋਣ ਸਬੰਧੀ ਅਗਲੇ ਦਿਨ ਬਾਜਾਖਾਨਾ ਥਾਣੇ ਵਿਚ ਆਈ.ਪੀ.ਸੀ. ਦੀ ਧਾਰਾ 380/295/414/451/120-ਬੀ ਤਹਿਤ ਪਰਚਾ ਦਰਜ ਕੀਤਾ ਗਿਆ ਸੀ। ਿ

ਇਸ ਮਾਮਲੇ ਵਿਚ ਪਹਿਲਾਂ ਇਕ ਚਲਾਨ ਫਰੀਦਕੋਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ ਪਰ ਇਹ ਚਲਾਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 4 ਜਨਵਰੀ 2020 ਨੂੰ ਰੱਦ ਕਰਦਿਆਂ ਪੰਜਾਬ ਸਰਕਾਰ ਨੂੰ ਨਿਰਦੇਸ਼ ਦਿੱਤੇ ਸਨ ਕਿ ਨਵੀਂ ਜਾਂਚ ਟੀਮ ਬਣਾ ਕੇ ਬੇਅਦਬੀ ਕਾਂਡ ਦੀ ਕਾਨੂੰਨ ਮੁਤਾਬਕ ਨਿਰਪੱਖ ਪੜਤਾਲ ਕੀਤੀ ਜਾਵੇ ਜਿਸ 'ਤੇ ਪੰਜਾਬ ਸਰਕਾਰ ਨੇ ਆਈ.ਜੀ. ਸੁਰਿੰਦਰਪਾਲ ਸਿੰਘ ਪਰਮਾਰ ਦੀ ਅਗਵਾਈ ਵਿਚ ਜਾਂਚ ਟੀਮ ਦਾ ਗਠਨ ਕੀਤਾ ਸੀ। ਇਹ ਜਾਂਚ ਟੀਮ ਦੋ ਵਾਰ ਸੁਨਾਰੀਆ ਜੇਲ੍ਹ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਤੋਂ ਵੀ ਪੁੱਛ



ਪੜਤਾਲ ਕਰ ਚੁੱਕੀ ਹੈ। ਇਕ ਸਾਲ ਲੰਬੀ ਚੱਲੀ ਪੜਤਾਲ ਤੋਂ ਬਾਅਦ ਜਾਂਚ ਟੀਮ ਨੇ ਆਪਣੀ ਪੜਤਾਲ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ ਦੀ ਸਾਜ਼ਿਸ਼ ਡੇਰਾ ਸਿਰਸਾ ਦੇ ਪ੍ਰਬੰਧਕੀ ਕੰਪਲੈਕਸ ਵਿਚ ਰਚੀ ਗਈ ਸੀ ਅਤੇ ਇਸ ਸਾਜ਼ਿਸ਼ ਬਾਰੇ ਡੇਰਾ ਮੁਖੀ ਨੂੰ ਵੀ ਜਾਣਕਾਰੀ ਸੀ।

ਜਾਂਚ ਟੀਮ ਨੇ ਇਸ ਮਾਮਲੇ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ, ਪ੍ਰਦੀਪ ਕਲੇਰ, ਸੰਦੀਪ ਬਰੇਟਾ, ਹਰਸ਼ ਧੂਰੀ, ਸ਼ਕਤੀ ਸਿੰਘ, ਰਣਜੀਤ ਸਿੰਘ, ਨਿਸ਼ਾਨ ਸਿੰਘ, ਬਲਜੀਤ ਸਿੰਘ, ਸੁਖਜਿੰਦਰ ਸਿੰਘ, ਸੁਖਵਿੰਦਰ ਸਿੰਘ, ਰਣਦੀਪ ਸਿੰਘ ਅਤੇ ਨਾਭਾ ਜੇਲ੍ਹ ਵਿਚ ਕਤਲ ਕੀਤੇ ਗਏ ਮਹਿੰਦਰਪਾਲ ਬਿੱਟੂ ਨੂੰ ਵੀ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਹੈ।

# ਬਾਗੀਆਂ ਦੀ ਸਰਗਰਮੀ ਨਾਲ ਕਾਂਗਰਸ ਹਾਈਕਮਾਨ ਨੂੰ ਤ੍ਰੇਲੀਆਂ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਪਾਰਟੀ ਦੀ ਦੂਜੀ ਸੂਚੀ ਪਿੱਛੋਂ ਪਾਰਟੀ ਵਿਚ ਬਗਾਵਤੀ ਸੁਰ ਖੜ੍ਹੇ ਹੋ ਗਏ ਹਨ। ਇਸ ਸੂਚੀ ਨੇ ਦਰਜਨ ਹਲਕਿਆਂ ਵਿਚ ਪਾਰਟੀ ਉਮੀਦਵਾਰਾਂ ਲਈ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਕਾਂਗਰਸ ਵਲੋਂ 23 ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕੀਤੀ ਗਈ ਹੈ ਜਿਸ 'ਚ ਤਿੰਨ ਵਿਧਾਇਕਾਂ ਦੀ ਟਿਕਟ ਕੱਟ ਦਿੱਤੀ ਗਈ ਹੈ। ਸੁਤਰਾਣਾ ਤੋਂ ਨਿਰਮਲ ਸਿੰਘ, ਸਮਰਾਲਾ ਤੋਂ ਅਮਰੀਕ ਸਿੰਘ ਢਿੱਲੋਂ ਤੇ ਫ਼ਿਰੋਜ਼ਪੁਰ ਦਿਹਾਤੀ ਤੋਂ ਸਤਿਕਾਰ ਕੌਰ ਗਹਿਰੀ ਨੂੰ ਟਿਕਟ ਤੋਂ ਇਨਕਾਰ ਕਰ ਦਿੱਤਾ ਗਿਆ ਹੈ ਜਦਕਿ ਹਲਕਾ ਅਮਰਗੜ੍ਹ ਤੋਂ ਵਿਧਾਇਕ ਸੁਰਜੀਤ ਸਿੰਘ ਧੀਮਾਨ ਦੀ ਥਾਂ ਉਸ ਦੇ ਲੜਕੇ ਨੂੰ ਟਿਕਟ ਦਿੱਤੀ ਗਈ ਹੈ।



ਵੇਰਵਿਆਂ ਅਨੁਸਾਰ ਖਰੜ ਹਲਕੇ ਤੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਨੇੜਲੇ ਵਿਜੈ ਸ਼ਰਮਾ ਟੀਨੂੰ ਨੂੰ ਉਮੀਦਵਾਰ ਬਣਾਇਆ ਗਿਆ ਹੈ ਜਿਸ ਕਰਕੇ ਸਾਬਕਾ ਮੰਤਰੀ ਜਗਮੋਹਨ ਸਿੰਘ ਕੰਗ ਦਾ ਪਾਰਾ ਚੜ੍ਹ ਗਿਆ ਹੈ। ਕੰਗ ਪਰਿਵਾਰ ਨੇ ਕਿਹਾ ਕਿ ਜੇ ਟਿਕਟ ਬਦਲੀ ਨਾ ਗਈ ਤਾਂ ਉਸ ਦਾ ਲੜਕਾ ਖਰੜ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੇਗਾ। ਹਲਕਾ ਸੁਨਾਮ ਤੋਂ ਜਸਵਿੰਦਰ ਸਿੰਘ ਧੀਮਾਨ ਨੂੰ ਉਮੀਦਵਾਰ ਬਣਾਇਆ ਗਿਆ ਹੈ ਜਿਸ ਦੇ ਵਿਰੋਧ ਵਿਚ ਹਲਕਾ ਇੰਚਾਰਜ ਅਤੇ ਟਿਕਟ ਦੀ ਚਾਹਵਾਨ ਦਮਨ ਬਾਜਵਾ ਨੇ ਬਗਾਵਤੀ ਬਿਗਲ ਵਜਾ ਦਿੱਤਾ ਹੈ। ਦਮਨ ਬਾਜਵਾ ਨੇ ਵਰਕਰਾਂ ਅਤੇ ਆਗੂਆਂ ਦਾ ਇਕੱਠ ਕਰਕੇ ਸ਼ਕਤੀ ਪ੍ਰਦਰਸ਼ਨ ਕੀਤਾ। ਉਨ੍ਹਾਂ ਟਿਕਟ ਕੱਟੇ ਜਾਣ ਪਿੱਛੇ ਨਵਜੋਤ ਸਿੱਧੂ ਨੂੰ ਨਿਸ਼ਾਨੇ 'ਤੇ ਲਿਆ। ਇਸੇ ਤਰ੍ਹਾਂ ਹਲਕਾ ਸਾਹਨੇਵਾਲ ਤੋਂ ਪਾਰਟੀ ਨੇ ਵਿਕਰਮ ਸਿੰਘ ਬਾਜਵਾ ਨੂੰ ਉਮੀਦਵਾਰ ਐਲਾਨਿਆ ਹੈ। ਇਸ ਹਲਕੇ ਤੋਂ ਪਹਿਲਾਂ ਚੋਣ ਲੜ ਚੁੱਕੀ ਸਤਵਿੰਦਰ ਕੌਰ ਬਿੱਟੀ ਨੇ ਕਿਹਾ ਕਿ ਕਾਂਗਰਸ ਪਾਰਟੀ ਵਲੋਂ ਔਰਤਾਂ ਨੂੰ ਨਜ਼ਰ-ਅੰਦਾਜ਼ ਕੀਤਾ ਗਿਆ ਹੈ। ਉਹ ਜਲਦੀ ਹੀ ਵਰਕਰਾਂ ਨਾਲ ਸਲਾਹ ਕਰਕੇ ਅਗਲਾ ਫੈਸਲਾ ਲੈਣਗੇ। ਹਲਕਾ ਫ਼ਿਰੋਜ਼ਪੁਰ ਦਿਹਾਤੀ ਤੋਂ ਮੌਜੂਦਾ ਵਿਧਾਇਕਾ ਸਤਿਕਾਰ ਕੌਰ ਗਹਿਰੀ ਦੀ ਟਿਕਟ ਕੱਟ ਦਿੱਤੀ ਗਈ ਹੈ। ਉਸ ਨੇ ਇਲਜ਼ਾਮ ਲਾਏ ਕਿ ਗ਼ਰੀਬ ਤੇ ਦਲਿਤ ਹੋਣ ਕਰਕੇ ਉਸ ਦੀ ਟਿਕਟ ਕੱਟੀ ਗਈ ਹੈ। ਹਲਕਾ ਬਟਾਲਾ ਵਿਚ ਨਵੇਂ ਉਮੀਦਵਾਰ ਅਸ਼ਵਨੀ ਸੇਖੜੀ ਖ਼ਿਲਾਫ਼ ਵਿਰੋਧ ਖੜ੍ਹਾ ਹੋ ਗਿਆ ਹੈ। ਇਸ ਹਲਕੇ ਤੋਂ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਟਿਕਟ ਲੈਣ ਦੇ ਇਛੁੱਕ ਸਨ ਪਰ ਹੁਣ ਬਾਜਵਾ ਦੇ ਹਮਾਇਤੀਆਂ ਨੇ ਬਗਾਵਤ ਕਰ ਦਿੱਤੀ ਹੈ।

ਹਲਕਾ ਬਟਾਲਾ ਵਿਚ ਨਿਗਮ ਚੇਅਰਮੈਨ ਸੁਖਦੀਪ ਸਿੰਘ ਤੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਕਸਤੂਰੀ ਲਾਲ ਦੀ ਅਗਵਾਈ ਵਿਚ 72 ਪਿੰਡਾਂ ਦੇ ਸਰਪੰਚਾਂ ਤੇ 30 ਨਗਰ ਕੌਂਸਲਰਾਂ ਸਮੇਤ ਵਰਕਰਾਂ ਦਾ ਇਕੱਠ ਹੋਇਆ। ਆਗੂਆਂ ਨੇ ਇਸ ਹਲਕੇ ਤੋਂ ਬਾਜਵਾ ਪਰਿਵਾਰ ਨੂੰ ਚੋਣ ਲੜਨ ਲਈ ਕਿਹਾ। ਸਮਰਾਲਾ ਹਲਕੇ ਤੋਂ ਕਾਂਗਰਸੀ ਟਿਕਟ ਨਾ ਮਿਲਣ ਕਰਕੇ ਚਾਰ ਦਫ਼ਾ ਵਿਧਾਇਕ ਰਹੇ ਅਮਰੀਕ ਸਿੰਘ ਢਿੱਲੋਂ ਨੇ ਬਤੌਰ ਆਜ਼ਾਦ ਉਮੀਦਵਾਰ ਨਾਮਜ਼ਦਗੀ ਪੱਤਰ ਦਾਖਲ ਕਰ ਦਿੱਤੇ ਹਨ। ਇਸੇ ਤਰ੍ਹਾਂ ਹਲਕਾ ਨਕੋਦਰ ਤੋਂ ਡਾ.ਨਵਜੋਤ ਸਿੰਘ ਦਾਹੀਆ ਨੂੰ ਟਿਕਟ ਮਿਲਣ ਮਗਰੋਂ ਟਿਕਟ ਦੇ ਦਾਅਵੇਦਾਰ ਬਲਜੀਤ ਸਿੰਘ ਜੌਹਲ ਨੇ ਆਪਣੇ ਵਰਕਰਾਂ ਦਾ ਇਕੱਠ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਨੇ ਪੈਰਾਸ਼ੂਟ ਉਮੀਦਵਾਰ ਹਲਕੇ ਵਿਚ ਉਤਾਰ ਦਿੱਤਾ ਹੈ।

ਪੰਜਾਬ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਵੱਲੋਂ ਲੁਧਿਆਣਾ ਜ਼ਿਲ੍ਹੇ ਦੀਆਂ 14 ਵਿਧਾਨ ਸਭਾ ਸੀਟਾਂ 'ਚੋਂ 13 ਸੀਟਾਂ 'ਤੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਥੇ ਟਿਕਟਾਂ ਦੀ ਵੰਡ ਤੋਂ ਬਾਅਦ ਕਾਂਗਰਸ ਦੇ ਕਈ ਸੀਨੀਅਰ ਆਗੂ ਹੀ ਪਾਰਟੀ ਦਾ ਸਿਆਸੀ ਗਣਿਤ ਵਿਗਾੜਨਗੇ।

ਕਾਂਗਰਸ ਦੇ ਚਾਰ ਵਾਰ ਵਿਧਾਇਕ ਅਮਰੀਕ ਸਿੰਘ ਢਿੱਲੋਂ ਤੇ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਨੇ ਟਿਕਟ ਨਾ ਮਿਲਣ ਤੋਂ ਨਾਰਾਜ਼ ਹੋ ਕੇ ਬਗਾਵਤ ਕਰ ਦਿੱਤੀ ਹੈ। ਉਨ੍ਹਾਂ ਐਲਾਨ ਕੀਤਾ ਹੈ ਕਿ ਉਹ ਆਜ਼ਾਦ ਚੋਣ ਲੜਨਗੇ। ਇਸੇ ਤਰ੍ਹਾਂ ਪਿਛਲੇ ਪੰਜ ਸਾਲ ਤੋਂ ਸਾਹਨੇਵਾਲ ਦੀ ਹਲਕਾ ਇੰਚਾਰਜ ਸਤਵਿੰਦਰ ਕੌਰ ਬਿੱਟੀ ਵੀ ਟਿਕਟ ਨਾ ਮਿਲਣ ਕਾਰਨ ਬਾਗੀ ਹੋ ਚੁੱਕੀ ਹੈ। ਇਨ੍ਹਾਂ ਤਿੰਨ ਕਾਂਗਰਸੀ ਆਗੂਆਂ ਦਾ ਵਿਰੋਧ ਲੁਧਿਆਣਾ ਵਿਚ ਕਾਂਗਰਸ ਨੂੰ ਭਾਰੀ ਪਵੇਗਾ। ਇਸ ਜ਼ਿਲ੍ਹੇ ਵਿਚ ਇਨ੍ਹਾਂ ਤਿੰਨਾਂ ਆਗੂਆਂ ਨੇ ਪਾਰਟੀ ਦੇ ਸੀਨੀਅਰ ਆਗੂਆਂ ਖਿਲਾਫ਼ ਖੁੱਲ੍ਹ ਕੇ ਬੋਲਣਾ ਸ਼ੁਰੂ ਕਰ ਦਿੱਤਾ ਹੈ। ਸਮਰਾਲਾ ਦੇ ਵਿਧਾਇਕ ਰਹੇ ਅਮਰੀਕ ਸਿੰਘ ਢਿੱਲੋਂ ਨੇ ਤਾਂ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਸਮਝੌਤੇ ਬਾਰੇ ਗੱਲ ਕਰਨ ਦਾ ਮੌਕਾ ਵੀ ਨਹੀਂ ਦਿੱਤਾ। ਉਨ੍ਹਾਂ ਆਜ਼ਾਦ ਚੋਣ ਲੜਨ ਦਾ ਐਲਾਨ ਕੀਤਾ ਤੇ ਕੁਝ ਸਮੇਂ ਬਾਅਦ ਸਮਰਾਲਾ 'ਚ ਨਾਮਜ਼ਦਗੀ ਕਾਗਜ਼ ਦਾਖਲ ਕਰ ਦਿੱਤੇ। ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਕੈਪਟਨ ਅਮਰਿੰਦਰ ਸਿੰਘ ਨੇ ਵਾਅਦਾ ਕੀਤਾ ਸੀ ਕਿ ਜੇਕਰ ਸਮਰਾਲਾ ਦੇ ਲੋਕ ਉਨ੍ਹਾਂ ਨੂੰ ਜਿਤਾਉਂਦੇ ਹਨ ਤਾਂ ਪਾਰਟੀ ਵੱਲੋਂ ਉਨ੍ਹਾਂ ਨੂੰ ਮੰਤਰੀ ਬਣਾਇਆ ਜਾਵੇਗਾ ਪਰ ਉਨ੍ਹਾਂ ਨੂੰ ਮੰਤਰੀ ਨਹੀਂ ਬਣਾਇਆ ਗਿਆ। ਇਸ ਵਾਰ ਅਮਰੀਕ ਸਿੰਘ ਢਿੱਲੋਂ ਖੁਦ ਚੋਣ ਨਾ ਲੜ ਕੇ ਆਪਣੇ ਪੋਤਰੇ ਲਈ ਟਿਕਟ ਦੀ ਮੰਗ ਕਰ ਰਹੇ ਸਨ ਪਰ ਪਾਰਟੀ ਨੇ ਉਨ੍ਹਾਂ ਦੀ ਟਿਕਟ ਕੱਟ ਕੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਪਰਿਵਾਰ ਦੇ ਨਜ਼ਦੀਕੀ ਰਾਜਾ ਗਿੱਲ ਨੂੰ ਦੇ ਦਿੱਤੀ।

ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਦੀ ਜਗਰਾਉਂ ਤੋਂ ਟਿਕਟ ਕੱਟਣ ਤੋਂ ਬਾਅਦ ਉਨ੍ਹਾਂ ਦਾ ਕਹਿਣਾ ਹੈ ਕਿ ਚੰਨੀ ਦੇ ਕਾਰਨ ਹੀ ਉਨ੍ਹਾਂ ਦੀ ਟਿਕਟ ਕੱਟੀ ਗਈ ਹੈ। ਸਤਵਿੰਦਰ ਕੌਰ ਬਿੱਟੀ 2017 'ਚ ਸ਼ਰਨਜੀਤ ਸਿੰਘ ਢਿੱਲੋਂ ਖਿਲਾਫ਼ ਹਲਕਾ ਸਾਹਨੇਵਾਲ ਤੋਂ ਚੋਣ ਮੈਦਾਨ 'ਚ ਉਤਰੀ ਸੀ ਪਰ ਕੁਝ ਵੋਟਾਂ ਨਾਲ ਹਾਰ ਗਈ ਸੀ। ਉਸ ਤੋਂ ਬਾਅਦ ਪਾਰਟੀ ਨੇ ਉਨ੍ਹਾਂ ਨੂੰ ਹਲਕਾ ਇੰਚਾਰਜ ਲਾਇਆ। ਉਹ ਪਾਰਟੀ ਲਈ ਪੰਜ ਸਾਲ ਕੰਮ ਕਰਦੀ ਰਹੀ ਤੇ ਅਖੀਰਲੇ ਸਮੇਂ 'ਤੇ ਟਿਕਟ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਦੇ ਜਵਾਈ ਨੂੰ ਦੇ ਦਿੱਤੀ ਗਈ। ਬਿੱਟੀ ਦੇ ਪਾਰਟੀ ਵਿਰੋਧੀ ਹੋਣ ਤੋਂ ਬਾਅਦ ਸਾਹਨੇਵਾਲ ਤੋਂ ਵਿਕਰਮ ਬਾਜਵਾ ਦਾ ਰਾਹ ਆਸਾਨ ਨਹੀਂ ਹੈ। ਪਾਰਟੀ ਦੇ ਕਈ ਆਗੂ ਉਨ੍ਹਾਂ ਨੂੰ ਮਨਾਉਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਬਿੱਟੀ ਆਜ਼ਾਦ ਚੋਣ ਲੜਨ ਦਾ ਮਨ ਬਣਾ ਚੁੱਕੀ ਹੈ।

### ਚੰਨੀ ਵੱਲੋਂ ਕਾਂਗਰਸ ਨੂੰ ਮੁੜ ਸੱਤਾ 'ਚ ਲਿਆਉਣ ਦੀ ਅਪੀਲ

**ਰੂਪਨਗਰ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੇ ਹਲਕੇ ਦੇ ਪਿੰਡਾਂ ਦਾ ਤੂਫਾਨੀ ਦੌਰਾ ਕਰਕੇ ਲੋਕਾਂ ਨੂੰ ਕਾਂਗਰਸ ਪਾਰਟੀ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਸਿੰਘ ਭਗਵੰਤਪੁਰ ਇਲਾਕੇ ਨਾਲ ਸਬੰਧਤ ਪਿੰਡ ਖਾਬੜਾ ਤੇ ਬਾਲਸੰਢਾ ਤੋਂ ਇਲਾਵਾ ਚਮਕੌਰ ਸਾਹਿਬ ਦੇ ਪਿੰਡਾਂ ਝੱਲੀਆਂ ਕਲਾਂ ਤੇ ਭੱਕੂਮਾਜਰਾ ਵਿਚ ਚੋਣ ਪ੍ਰਚਾਰ ਕੀਤਾ। ਉਨ੍ਹਾਂ ਨੇ ਵੋਟਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਵੱਜੋਂ ਥੋੜੇ ਜਿਹੇ ਸਮੇਂ ਅੰਦਰ ਹੀ ਲੋਕਾਂ ਦਾ ਜੋ ਪਿਆਰ ਮਿਲਿਆ ਹੈ, ਉਸ ਪਿਆਰ ਦੀ ਬਦੌਲਤ ਉਹ ਦਾਅਵੇ ਨਾਲ ਕਹਿ ਸਕਦੇ ਹਨ ਕਿ ਪੰਜਾਬ ਦੇ ਲੋਕ ਮੁੜ ਕਾਂਗਰਸ ਪਾਰਟੀ ਨੂੰ ਸਰਕਾਰ ਬਣਾਉਣ ਦਾ ਮੌਕਾ ਦੇਣਗੇ। ਸ੍ਰੀ ਚੰਨੀ ਨੇ ਕਿਹਾ ਕਿ ਬਤੌਰ ਮੁੱਖ ਮੰਤਰੀ ਵਜੋਂ ਉਨ੍ਹਾਂ ਨੇ ਪੰਜਾਬ ਵਾਸੀਆਂ ਦੀਆਂ ਮੁਸ਼ਕਲਾਂ ਦਾ ਨਿਪਟਾਰਾ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ।

# ਐਤਕੀਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਕਾਂਗਰਸੀ ਵਿਗਾੜ ਸਕਦੇ ਨੇ ਖੇਡ

**ਚੰਡੀਗੜ੍ਹ:** ਪੰਜਾਬ ਚੋਣਾਂ ਵਿਚ ਟਿਕਟਾਂ ਦੀ ਵੰਡ ਤੋਂ ਕਾਂਗਰਸ ਪਾਰਟੀ 'ਚ ਉੱਠੀ ਬਗਾਵਤ ਕਾਂਗਰਸੀ ਉਮੀਦਵਾਰ 'ਤੇ ਭਾਰੀ ਪੈ ਸਕਦੀ ਹੈ। ਕਈ ਕਾਂਗਰਸੀ ਆਗੂਆਂ ਨੇ ਪਾਰਟੀ ਵੱਲੋਂ ਟਿਕਟ ਨਾ ਮਿਲਣ ਕਰਕੇ ਹੁਣ ਆਜ਼ਾਦ ਉਮੀਦਵਾਰਾਂ ਵਜੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਰਾ ਡਾ. ਮਨੋਹਰ ਸਿੰਘ ਨੇ ਹਲਕਾ ਬੱਸੀ ਪਠਾਣਾ ਤੋਂ ਆਜ਼ਾਦ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖਲ ਕਰ ਦਿੱਤੇ ਹਨ। ਹਾਲਾਂਕਿ ਮੁੱਖ ਮੰਤਰੀ ਚੰਨੀ ਆਖ ਚੁੱਕੇ ਹਨ ਕਿ ਉਹ ਆਪਣੇ ਭਰਾ ਨੂੰ ਮਨਾ ਲੈਣਗੇ। ਡਾ. ਮਨੋਹਰ ਸਿੰਘ ਨੇ ਟਿਕਟ ਨਾ ਮਿਲਣ ਮਗਰੋਂ ਹੀ ਆਜ਼ਾਦ ਤੌਰ 'ਤੇ ਲੜਨ ਦਾ ਐਲਾਨ ਕੀਤਾ ਸੀ।

ਤਲਵੰਡੀ ਸਾਬੋ ਤੋਂ ਸਾਬਕਾ ਕਾਂਗਰਸੀ ਮੰਤਰੀ ਅਤੇ ਤਿੰਨ ਦਫ਼ਾ ਵਿਧਾਇਕ ਰਹੇ ਹਰਮਿੰਦਰ ਸਿੰਘ ਜੱਸੀ ਨੇ ਵੀ ਆਜ਼ਾਦ ਤੌਰ 'ਤੇ ਚੋਣ ਲੜਨ ਦਾ ਬਿਗਲ ਵਜਾ ਦਿੱਤਾ ਹੈ। ਕਾਂਗਰਸ ਨੇ ਐਤਕੀਂ ਉਨ੍ਹਾਂ ਦੀ ਜਗ੍ਹਾ ਮੁੜ ਤਲਵੰਡੀ ਸਾਬੋ ਤੋਂ ਖੁਸ਼ਬਾਜ ਸਿੰਘ ਜਟਾਣਾ ਨੂੰ ਉਮੀਦਵਾਰ ਬਣਾਇਆ ਹੈ।

ਹਰਮਿੰਦਰ ਸਿੰਘ ਜੱਸੀ ਜੋ ਡੇਰਾ ਸਿਰਸਾ ਦੇ ਮੁਖੀ ਦੇ ਕੁੜਮ ਵੀ ਹਨ, ਦਾ ਕਹਿਣਾ ਸੀ ਕਿ ਤਲਵੰਡੀ ਸਾਬੋ ਉਨ੍ਹਾਂ ਦਾ ਪੁਰਾਣਾ ਹਲਕਾ ਹੈ, ਜਿਥੋਂ ਉਹ 1992 ਤੇ 1997 ਵਿਚ ਦੋ ਵਾਰ ਜਿੱਤੇ ਹਨ। ਉਨ੍ਹਾਂ ਕਿਹਾ ਕਿ ਹਲਕੇ ਅੰਦਰ ਭ੍ਰਿਸ਼ਟਾਚਾਰ ਤੇ ਗੁੰਡਾਗਰਦੀ ਬਹੁਤ ਵਧ ਗਈ ਹੈ, ਜਿਸ ਦੇ ਖ਼ਾਤਮੇ ਲਈ ਉਹ ਸਿਆਸੀ ਮੈਦਾਨ ਵਿਚ ਡਟੇ ਹਨ।

ਇਸ ਤੋਂ ਇਲਾਵਾ ਹਲਕਾ ਸਮਰਾਲਾ ਤੋਂ ਚਾਰ ਦਫ਼ਾ ਵਿਧਾਇਕ ਰਹੇ ਅਮਰੀਕ ਸਿੰਘ ਢਿੱਲੋਂ ਨੇ ਪਹਿਲਾਂ ਹੀ ਹਲਕਾ ਸਮਰਾਲਾ ਤੋਂ ਆਜ਼ਾਦ ਉਮੀਦਵਾਰ ਵਜੋਂ ਕਾਗ਼ਜ਼ ਦਾਖਲ ਕਰ ਦਿੱਤੇ ਹਨ। ਹਲਕਾ ਖਰੜ ਤੋਂ ਟਿਕਟ ਨਾ ਮਿਲਣ ਮਗਰੋਂ ਸਾਬਕਾ ਮੰਤਰੀ ਜਗਮੋਹਨ ਸਿੰਘ ਕੰਗ ਵੀ ਪਾਰਟੀ ਖ਼ਿਲਾਫ਼ ਬਿਗਲ ਵਜਾ ਚੁੱਕੇ ਹਨ।

ਸਾਬਕਾ ਮੰਤਰੀ ਕੰਗ ਨੇ ਹਲਕਾ ਖਰੜ ਦੇ ਪਿੰਡ ਮਾਜਰੀ ਵਿਚ ਕਿਹਾ ਕਿ ਉਨ੍ਹਾਂ ਦਾ ਲੜਕਾ ਹਲਕਾ ਖਰੜ ਤੋਂ ਆਜ਼ਾਦ ਤੌਰ 'ਤੇ ਚੋਣ ਲੜੇਗਾ। ਪਤਾ ਲੱਗਾ ਹੈ ਕਿ ਟਿਕਟ ਨਾ ਮਿਲਣ ਕਰਕੇ ਕਈ ਹੋਰ ਕਾਂਗਰਸੀ ਆਗੂ ਵੀ ਆਜ਼ਾਦ ਤੌਰ 'ਤੇ ਚੋਣ ਲੜਨ ਦੀ ਤਿਆਰੀ ਕਰ ਰਹੇ ਹਨ। ਕਾਂਗਰਸ ਪਾਰਟੀ ਨੂੰ ਇਹ ਬਗ਼ਾਵਤ ਸਿਆਸੀ ਤੌਰ 'ਤੇ ਨੁਕਸਾਨ ਪਹੁੰਚਾ ਸਕਦੀ ਹੈ।

# ਅੰਦਰੂਨੀ ਦਬਾਅ ਪਿੱਛੋਂ ਕਾਂਗਰਸ ਨੇ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਦਾ ਮਨ ਬਣਾਇਆ

**ਚੰਡੀਗੜ੍ਹ:** ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਯੋਜਨਾਬੱਧ ਤਰੀਕੇ ਨਾਲ ਪੰਜਾਬ ਵਿਧਾਨ ਸਭਾ ਚੋਣਾਂ 'ਚ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਤੋਂ ਪਹਿਲਾਂ ਸਿਆਸੀ ਜਮੀਨ ਤਿਆਰ ਕਰ ਲਈ ਹੈ। ਉਂਜ, ਇਹ ਸਾਫ ਹੈ ਕਿ ਕਾਂਗਰਸ ਹਾਈਕਮਾਨ ਇਨ੍ਹਾਂ ਚੋਣਾਂ 'ਚ ਮੁੱਖ ਮੰਤਰੀ ਦਾ ਚਿਹਰਾ ਐਲਾਨੇ ਜਾਣ ਤੋਂ ਦੁਬਿਧਾ ਦੀ ਬੇੜੀ ਵਿਚ ਵੀ ਸਵਾਰ ਹੈ।



ਰਾਹੁਲ ਗਾਂਧੀ ਨੇ ਜਲੰਧਰ ਵਿਚ ਮੁੱਖ ਮੰਤਰੀ ਦੇ ਚਿਹਰੇ ਦਾ ਐਲਾਨ ਨਹੀਂ ਕੀਤਾ ਪਰ ਸਾਫ ਕੀਤਾ ਹੈ ਕਿ ਵਰਕਰਾਂ ਦੇ ਮਸ਼ਵਰੇ ਨਾਲ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ ਜਾਵੇਗਾ। ਪੰਜਾਬ ਚੋਣਾਂ 2022 ਲਈ ਕਾਂਗਰਸ ਦੀ ਇਹ ਪਹਿਲੀ ਆਨਲਾਈਨ ਰੈਲੀ ਸੀ ਜਿਸ ਦੀ ਸ਼ੁਰੂਆਤ ਰਾਹੁਲ ਗਾਂਧੀ ਨੇ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਚੋਣਾਂ ਲਈ ਮੁੱਖ ਮੰਤਰੀ ਦਾ ਚਿਹਰਾ ਐਲਾਨ ਦਿੱਤਾ ਗਿਆ ਹੈ ਜਿਸ ਕਰਕੇ ਕਾਂਗਰਸ 'ਤੇ ਵੀ ਦਬਾਅ ਬਣਨ ਲੱਗਾ ਹੈ। ਕਈ ਕੈਬਨਿਟ ਮੰਤਰੀ ਖੁੱਲ੍ਹੇਆਮ ਆਖ ਚੁੱਕੇ ਹਨ ਕਿ ਪਾਰਟੀ ਚੋਣਾਂ ਵਿਚ ਮੁੱਖ ਮੰਤਰੀ ਦੇ ਚਿਹਰੇ ਨਾਲ ਉੱਤਰੇ। ਇਨ੍ਹਾਂ ਸਿਆਸੀ ਹਾਲਾਤਾਂ ਵਿਚ ਰਾਹੁਲ ਗਾਂਧੀ ਨੇ ਆਪਣੀ ਫੇਰੀ ਮੌਕੇ ਧਰਾਤਲ ਤਿਆਰ ਕੀਤਾ ਹੈ। ਸਿਆਸੀ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਰਾਹੁਲ ਗਾਂਧੀ ਨੇ ਆਪਣੇ ਭਾਸ਼ਣ ਵਿਚ ਮੁੱਖ ਮੰਤਰੀ ਦਾ ਚਿਹਰਾ ਐਲਾਨੇ ਜਾਣ ਦੀ ਗੱਲ ਆਖ ਕੇ ਵਿਰੋਧੀਆਂ ਦੀਆਂ ਸੁਰਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਦੂਜਾ, ਮੁੱਖ ਮੰਤਰੀ ਚਰਨਜੀਤ ਚੰਨੀ ਅਤੇ ਨਵਜੋਤ ਸਿੰਘ ਸਿੱਧੂ ਨੂੰ ਆਪਣੀ ਹਾਜਰੀ ਵਿਚ ਇਕ ਸਟੇਜ ਤੋਂ ਇਕੱਠੇ ਪੇਸ਼ ਕਰਕੇ ਆਗੂਆਂ ਦਰਮਿਆਨ ਏਕਤਾ ਅਤੇ ਸਭ ਅੱਛਾ ਹੋਣ ਦਾ ਸੁਨੇਹਾ ਦੇਣ ਦੀ ਕਸ਼ਿਸ਼ ਕੀਤੀ ਗਈ ਹੈ। ਤੀਜਾ, ਰਾਹੁਲ ਗਾਂਧੀ ਨੇ ਮੁੱਖ ਮੰਤਰੀ ਚੰਨੀ ਅਤੇ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਤੋਂ ਜਨਤਕ ਤੌਰ 'ਤੇ ਵਚਨਬੱਧਤਾ ਲਈ ਹੈ ਕਿ ਉਹ ਮੁੱਖ ਮੰਤਰੀ ਦੇ ਚਿਹਰੇ ਬਾਰੇ ਹਾਈਕਮਾਨ ਦੇ ਫੈਸਲੇ ਦੀ ਪਾਲਨਾ ਕਰਨਗੇ। ਸੂਤਰ ਆਖਦੇ ਹਨ ਕਿ ਸਿਆਸੀ ਯੋਜਨਾਬੰਦੀ ਅਨੁਸਾਰ ਪਹਿਲਾਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਨੇ ਮੁੱਖ ਮੰਤਰੀ ਦਾ ਚਿਹਰਾ ਐਲਾਨੇ ਜਾਣ ਦੀ ਮੰਗ ਰੱਖੀ ਸੀ। ਹੁਣ ਕਾਂਗਰਸ ਲਈ ਇਹ ਵੱਡੀ ਦੁਬਿਧਾ ਹੈ ਕਿ ਜੇਕਰ ਉਹ ਚੰਨੀ ਨੂੰ ਚਿਹਰਾ ਐਲਾਨਦੀ ਹੈ ਤਾਂ ਜੱਟ ਸਿੱਖ ਵੋਟ ਦੀ ਨਾਰਾਜ਼ਗੀ ਦਾ ਡਰ ਹੈ। ਦੂਜੇ ਪਾਸੇ ਨਵਜੋਤ ਸਿੱਧੂ ਨੂੰ ਚਿਹਰਾ ਐਲਾਨੇ ਜਾਣ ਦੀ ਸੂਰਤ ਵਿਚ ਦਲਿਤ ਵੋਟ ਬੈਂਕ ਖੁੱਸਣ ਦਾ ਡਰ ਹੈ। ਇਸ ਤਰ੍ਹਾਂ ਦੀ ਸਥਿਤੀ ਵਿਚ ਹਾਈ ਕਮਾਨ ਸਿਆਸੀ ਦਬਾਅ ਹੇਠ ਹੈ।

ਕੇਂਦਰੀ ਲੀਡਰਸ਼ਿਪ ਵੱਲੋਂ ਹੁਣ ਤੱਕ ਪੰਜਾਬ ਚੋਣਾਂ ਸਾਂਝੀ ਕਮਾਨ ਹੇਠ ਲੜੇ ਜਾਣ ਦੀ ਗੱਲ ਆਖੀ ਜਾ ਰਹੀ ਸੀ ਅਤੇ ਪਹਿਲੀ ਵਾਰ ਕਾਂਗਰਸ ਨੇ ਇਸ ਪਾਸੇ ਵੱਲ ਇਸ਼ਾਰਾ ਕੀਤਾ ਹੈ ਕਿ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ ਜਾਵੇਗਾ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਪੰਜਾਬ ਵਿਚ ਚੋਣ ਮੁਹਿੰਮ ਦਾ ਰਸਮੀ ਆਗਾਜ਼ ਕਰਦਿਆਂ ਐਲਾਨ ਕੀਤਾ ਕਿ ਪਾਰਟੀ ਜਲਦੀ ਹੀ ਸੂਬੇ ਵਿਚ ਮੁੱਖ ਮੰਤਰੀ ਦੇ ਚਿਹਰੇ ਦਾ ਫੈਸਲਾ ਕਰੇਗੀ। ਉਨ੍ਹਾਂ ਕਿਹਾ ਕਿ ਪਾਰਟੀ ਆਪਣੇ ਵਰਕਰਾਂ ਦੀ ਰਾਇ ਜਾਨਣ ਤੋਂ ਬਾਅਦ ਮੁੱਖ ਮੰਤਰੀ ਦਾ ਚਿਹਰਾ ਐਲਾਨੇਗੀ। ਉਨ੍ਹਾਂ ਦਾਅਵਾ ਕੀਤਾ ਕਿ ਉਹ ਮਰ ਜਾਣਗੇ, ਪਰ ਕਾਂਗਰਸ ਪਾਰਟੀ ਨੂੰ ਟੁੱਟਣ ਨਹੀਂ ਦੇਣਗੇ। ਇਥੇ ਜਲੰਧਰ ਛਾਉਣੀ ਵਿਧਾਨ ਸਭਾ ਹਲਕੇ ਵਿਚ 'ਪੰਜਾਬ ਫਤਿਹ ਵਰਚੁਅਲ ਰੈਲੀ' ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਜਦੋਂ ਉਹ ਗੱਡੀ ਵਿਚ ਆ ਰਹੇ ਸਨ ਤਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਉਨ੍ਹਾਂ ਨਾਲ ਇਸ ਮਸਲੇ ਨੂੰ ਵਿਚਾਰਿਆ ਕਿ ਜਿਸ ਨੂੰ ਵੀ ਮੁੱਖ ਮੰਤਰੀ ਦਾ ਉਮੀਦਵਾਰ ਬਣਾਇਆ ਜਾਵੇਗਾ ਉਹ ਇਕਜੁੱਟਤਾ ਨਾਲ ਇਕ-ਦੂਜੇ ਦੇ ਨਾਲ ਖੜ੍ਹਨਗੇ। ਰਾਹੁਲ ਗਾਂਧੀ ਨੇ ਕਿਹਾ ਕਿ ਸਿੱਧੂ ਤੇ ਚੰਨੀ ਦੀ ਵੀ ਇਹ ਰਾਇ ਸੀ ਕਿ ਦੋ ਚਿਹਰੇ ਅਗਵਾਈ ਨਹੀਂ ਕਰ ਸਕਦੇ, ਇਕ ਆਗੂ ਦੇ ਨਾਂ ਦਾ ਐਲਾਨ ਕਰ ਦਿੱਤਾ ਜਾਵੇ ਤੇ ਦੂਜਾ ਆਗੂ ਉਸ ਦੀ ਪੂਰੀ ਤਰ੍ਹਾਂ ਡੱਟ ਕੇ ਹਮਾਇਤ ਕਰੇਗਾ। ਦੂਜੇ ਸਾਰੇ ਲੋਕ ਇਕ ਟੀਮ ਵਾਂਗ ਲੜਾਈ ਲੜਨਗੇ।

### ਮੁੱਖ ਮੰਤਰੀ ਬਾਰੇ ਦੁਚਿੱਤੀ ਖਤਮ ਹੋਵੇ: ਸਿੱਧੂ

ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਵਰਚੁਅਲ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਤਿੰਨ ਗੱਲਾਂ ਦੇ ਜਵਾਬ ਮੰਗਦੇ ਹਨ ਕਿ ਉਨ੍ਹਾਂ ਨੂੰ ਚਿੱਕੜ 'ਚੋਂ ਕੌਣ ਕੱਢੇਗਾ ਤੇ ਕਿਵੇਂ ਕੱਢੇਗਾ, ਉਸ ਦਾ ਕਿਹੜਾ ਰੋਡ ਮੈਪ ਹੋਵੇਗਾ। ਪੰਜਾਬ ਦੇ ਲੋਕ ਤੀਜਾ ਸਵਾਲ ਪੁੱਛਦੇ ਹਨ ਕਿ ਬੰਦਾ ਕੌਣ ਹੋਵੇਗਾ, ਚਿਹਰਾ ਕਿਸ ਨੂੰ ਬਣਾਇਆ ਜਾਵੇਗਾ? ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇਸ ਦੁਚਿੱਤੀ ਵਿਚੋਂ ਕੱਢੋ।

### ਮੈਂ ਤੇ ਸਿੱਧੂ ਇਕ-ਦੂਜੇ ਦਾ ਸਾਥ ਦੇਵਾਂਗੇ: ਚੰਨੀ

**ਮੋਰਿੰਡਾ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਉਹ ਤੇ ਪਾਰਟੀ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਹਰ ਹਾਲ ਵਿਚ ਇਕ-ਦੂਜੇ ਦਾ ਸਾਥ ਦੇਣਗੇ। ਪਾਰਟੀ ਵੱਲੋਂ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਬਾਰੇ ਚੰਨੀ ਨੇ ਕਿਹਾ ਕਿ ਉਨ੍ਹਾਂ ਤੇ ਨਵਜੋਤ ਸਿੰਘ ਸਿੱਧੂ ਨੇ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਨੂੰ ਕਿਹਾ ਹੈ ਕਿ ਉਹ ਦੋਹਾਂ 'ਚੋਂ ਜਿਸ ਨੂੰ ਮਰਜ਼ੀ ਮੁੱਖ ਮੰਤਰੀ ਦਾ ਚਿਹਰਾ ਐਲਾਨ ਦੇਣ। ਦੋਵੇਂ ਇਕ-ਦੂਜੇ ਦਾ ਸਾਥ ਦੇਣਗੇ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵੀ ਮੁੱਖ ਮੰਤਰੀ ਦੇ ਦਾਅਵੇਦਾਰ ਨਹੀਂ ਸਨ ਪਰ ਪਾਰਟੀ ਨੇ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਤਾਂ ਉਨ੍ਹਾਂ ਨੇ ਪੂਰੀ ਇਮਾਨਦਾਰੀ ਇਸ ਨੂੰ ਨਿਭਾਇਆ।

ਪੰਜਾਬ ਟਾਈਮਜ਼

*ਸਨਿਚਰਵਾਰ, 5 ਫਰਵਰੀ 2022*

# ਭਾਜਪਾ ਦੀ ਸਿਆਸਤ

ਐਤਕੀਂ ਕੇਂਦਰੀ ਬਜਟ ਵੱਲ ਸਭ ਦਾ ਧਿਆਨ ਸੀ। ਆਰਥਿਕ ਮਾਹਿਰ ਭਵਿੱਖਬਾਣੀ ਕਰ ਰਹੇ ਸਨ ਕਿ ਇਸ ਵਾਰ ਬਜਟ ਪਹਿਲਾਂ ਨਾਲੋਂ ਨਿਵੇਕਲਾ ਹੋ ਸਕਦਾ ਹੈ। ਇਸ ਬਾਰੇ ਦੋ ਮਸਲੇ ਸਭ ਤੋਂ ਵੱਧ ਵਿਚਾਰ-ਚਰਚਾ ਹੇਠ ਸਨ। ਇਕ ਤਾਂ ਕਿਸਾਨ ਅੰਦੋਲਨ ਨੇ ਸਿਆਸੀ ਗਿਣਤੀਆਂ-ਮਿਣਤੀਆਂ ਵਿਚ ਵਾਹਵਾ ਹੀ ਵਾਧਾ-ਘਾਟਾ ਕੀਤਾ ਸੀ; ਤੇ ਦੂਜੇ, ਪੰਜ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਹੋਣ ਕਾਰਨ ਵਿਸ਼ੇਸ਼ ਪੈਕੇਜਾਂ ਬਾਰੇ ਕਿਆਸ-ਆਰਾਈਆਂ ਚੱਲ ਰਹੀਆਂ ਸਨ। ਇਸ ਦੇ ਨਾਲ ਹੀ ਕੁਝ ਵਿਦਵਾਨਾਂ ਦੀ ਇਹ ਰਾਇ ਵੀ ਸੀ ਕਿ ਚੋਣ ਜ਼ਾਬਤੇ ਕਾਰਨ ਅਜਿਹੇ ਪੈਕੇਜ ਸੰਭਵ ਨਹੀਂ ਸਨ। ਫਿਰ ਵੀ ਕਿਹਾ ਜਾ ਰਿਹਾ ਸੀ ਕਿ ਕੇਂਦਰ ਸਰਕਾਰ ਕੁਝ ਖੇਤਰਾਂ ਵਿਚ ਰਾਹਤ ਦੇ ਕੇ ਪੰਜ ਸੂਬਿਆਂ ਦੇ ਵੋਟਰਾਂ ਨੂੰ ਇਹ ਇਸ਼ਾਰਾ ਦੇ ਸਕਦੀ ਸੀ ਕਿ ਇਹ ਸਰਕਾਰ ਲੋਕ ਭਲਾਈ ਨੂੰ ਪ੍ਰਨਾਈ ਹੋਈ ਹੈ ਪਰ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਇਸ ਸਰਕਾਰ ਨੇ ਅਜਿਹਾ ਕੋਈ ਯਤਨ ਨਹੀਂ ਕੀਤਾ। ਉਂਝ ਵੀ, ਪਿਛਲੇ ਕੁਝ ਸਮੇਂ ਤੋਂ ਸਰਕਾਰ ਦਾ ਰਵੱਈਆ ਇਹ ਰਿਹਾ ਹੈ ਕਿ ਇਹ ਟੈਕਸਾਂ ਦੇ ਰੂਪ ਵਿਚ ਵਸੂਲੀ ਤਾਂ ਬਥੇਰੀ ਕਰ ਰਹੀ ਹੈ ਪਰ ਇਵਜ਼ ਵਿਚ ਆਮ ਲੋਕਾਂ ਨੂੰ ਓਨੀਆਂ ਸਹੂਲਤਾਂ ਨਹੀਂ ਦਿੱਤੀਆਂ ਜਾ ਰਹੀਆਂ। ਬਜਟ ਤੋਂ ਇਕ ਦਿਨ ਪਹਿਲਾਂ ਜਾਰੀ ਆਰਥਿਕ ਸਰਵੇਖਣ ਵਿਚ ਸਰਕਾਰ ਨੇ ਭਾਵੇਂ ਵਿਕਾਸ ਦਰ ਬਾਰੇ ਬੜੇ ਲੰਮੇ-ਚੌੜੇ ਦਾਅਵੇ ਕੀਤੇ ਪਰ ਭਾਰਤ ਦੀ ਆਰਥਿਕ ਹਾਲਤ ਬਾਰੇ ਜੋ ਰਵੱਈਆ ਸਰਕਾਰ ਨੇ ਅਖਤਿਆਰ ਕੀਤਾ ਹੈ, ਉਸ ਤੋਂ ਜਾਪਦਾ ਨਹੀਂ ਕਿ ਸਰਕਾਰ ਇਸ ਆਰਥਿਕ ਸੰਕਟ ਨਾਲ ਨਜਿੱਠਣ ਲਈ ਗੰਭੀਰ ਹੈ। ਨੋਟਬੰਦੀ ਅਤੇ ਜੀ.ਐਸ.ਟੀ. ਵਰਗੇ ਆਰਥਿਕ ਫੈਸਲਿਆਂ ਨਾਲ ਆਮ ਕਾਰੋਬਾਰੀਆਂ ਦਾ ਬਹੁਤ ਹਰਜਾ ਹੋਇਆ ਅਤੇ ਰਹਿੰਦੀ-ਖੂੰਹਦੀ ਕਸਰ ਕਰੋਨਾ ਵਾਇਰਸ ਦੇ ਬਹਾਨੇ ਲਾਏ ਲੌਕਡਾਊਨ ਨੇ ਪੂਰੀ ਕਰ ਦਿੱਤੀ। ਇਸ ਤੋਂ ਬਾਅਦ ਮੁਲਕ ਦੀ ਆਰਥਿਕਤਾ ਨੂੰ ਉਠਾਉਣ ਲਈ ਕੋਈ ਖਾਸ ਤਰੱਦਦ ਵੀ ਨਹੀਂ ਕੀਤਾ ਗਿਆ।

ਅਸਲ ਵਿਚ, ਭਾਰਤੀ ਜਨਤਾ ਪਾਰਟੀ ਨੇ ਪਿਛਲੇ ਸਾਲਾਂ ਦੌਰਾਨ ਆਪਣਾ ਸਭ ਤੋਂ ਵੱਧ ਧਿਆਨ ਵੋਟ ਮੈਨੇਜਮੈਂਟ ਵੱਲ ਲਾਇਆ ਹੈ ਅਤੇ ਲੋਕ ਕਲਿਆਣ ਤੋਂ ਹੱਥ ਲਗਾਤਾਰ ਖਿੱਚਿਆ ਹੈ। ਇਸ ਦੇ ਨਾਲ ਹੀ ਆਮ ਲੋਕਾਂ ਦੀ ਥਾਂ ਸਹੂਲਤਾਂ ਦੀ ਪੋਟਲੀ ਕਾਰਪੋਰੇਟ ਖੇਤਰ ਲਈ ਖੋਲ੍ਹੀ ਹੋਈ ਹੈ। ਮੋੜਵੇਂ ਰੂਪ ਵਿਚ ਕਾਰਪੋਰੇਟ ਜਗਤ ਇਸ ਪਾਰਟੀ ਲਈ ਦਿਲ ਖੋਲ੍ਹ ਕੇ ਫੰਡਿੰਗ ਕਰਦਾ ਹੈ। ਚੋਣ ਬਾਂਡ ਬਾਰੇ ਜੋ ਤੱਥ ਹੁਣ ਤੱਕ ਸਾਹਮਣੇ ਆਏ ਹਨ, ਉਹ ਹੈਰਾਨ ਕਰਨ ਵਾਲੇ ਹਨ। ਇਨ੍ਹਾਂ ਬਾਂਡਾਂ ਰਾਹੀਆਂ ਸਭ ਤੋਂ ਵੱਧ ਫੰਡਿੰਗ ਭਾਰਤੀ ਜਨਤਾ ਪਾਰਟੀ ਨੂੰ ਹੀ ਹੋਈ ਹੈ। ਸਭ ਤੋਂ ਵੱਡੀ ਗੱਲ, ਇਸ ਲੈਣ-ਦੇਣ ਵਿਚ ਫੰਡ ਦੇਣ ਵਾਲੇ ਦਾ ਨਾਂ ਵੀ ਕਿਤੇ ਨਸ਼ਰ ਨਹੀਂ ਹੁੰਦਾ। ਜ਼ਾਹਿਰ ਹੈ ਕਿ ਭਾਰਤੀ ਜਨਤਾ ਪਾਰਟੀ ਸਰਕਾਰੀ ਮਸ਼ੀਨਰੀ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤ ਰਹੀ ਹੈ। ਸਾਲ 2014 ਵਿਚ ਜਦੋਂ ਤੋਂ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਹੈ, ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਦੀਆਂ ਸਭ ਹੱਦਾਂ ਤੋੜ ਦਿੱਤੀਆਂ ਗਈਆਂ ਹਨ। ਵੱਖ-ਵੱਖ ਸੰਸਥਾਵਾਂ ਅਤੇ ਅਦਾਰਿਆਂ ਉਤੇ ਇਸ ਤਰ੍ਹਾਂ ਕਬਜ਼ਾ ਜਮਾ ਲਿਆ ਗਿਆ ਹੈ ਕਿ ਵਿਰੋਧੀ ਧਿਰ ਨੂੰ ਕੁਸਕਣ ਹੀ ਨਹੀਂ ਦਿੱਤਾ ਜਾ ਰਿਹਾ। ਇਨ੍ਹਾਂ ਸੰਸਥਾਵਾਂ ਅਤੇ ਅਦਾਰਿਆਂ ਦੇ ਇਸ ਆਪ-ਹੁਦਰੇਪਣ ਨੇ ਮੁਲਕ ਦੇ ਜਮਹੂਰੀ ਤਾਣੇ-ਬਾਣੇ ਨੂੰ ਵੱਡੀ ਢਾਹ ਲਾਈ ਹੈ।

ਇਹ ਸੂਰਤੇ-ਹਾਲ ਹੈ ਜਿਸ ਤਹਿਤ ਭਾਰਤੀ ਜਨਤਾ ਪਾਰਟੀ ਆਪਣੇ ਸਿਆਸੀ ਅਤੇ ਆਰਥਿਕ ਫੈਸਲੇ ਕਰ ਰਹੀ ਹੈ। ਇਸ ਵਕਤ ਇਸ ਦੇ ਕੇਂਦਰ ਵਿਚ ਸਿਆਸਤ ਹੈ। ਸਿਆਸਤ ਦੀ ਇਸ ਕਵਾਇਦ ਵਿਚ ਵਿਰੋਧੀ ਧਿਰ ਨੂੰ ਕਮਜ਼ੋਰ ਕਰਕੇ ਬੁਰੀ ਤਰ੍ਹਾਂ ਲਤਾੜਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਵੱਖ-ਵੱਖ ਧਿਰਾਂ ਨਾਲ ਸਿਆਸੀ ਜੋਟੀਆਂ ਵੀ ਪਾਈਆਂ ਜਾ ਰਹੀਆਂ ਹਨ। ਪੰਜਾਬ ਇਸ ਦੀ ਸਭ ਤੋਂ ਉਮਦਾ ਮਿਸਾਲ ਬਣ ਗਿਆ ਹੈ ਜਿਥੇ ਵਿਧਾਨ ਸਭਾ ਚੋਣਾਂ ਲਈ ਵੋਟਾਂ 20 ਫਰਵਰੀ ਨੂੰ ਪੈ ਰਹੀਆਂ ਹਨ। ਅਜੇ ਬਹੁਤਾ ਚਿਰ ਨਹੀਂ ਹੋਇਆ ਕਿ ਕਿਸਾਨ ਅੰਦੋਲਨ ਕਾਰਨ ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦਾ ਘਰੋਂ ਬਾਹਰ ਨਿੱਕਲਣਾ ਔਖਾ ਹੋਇਆ ਪਿਆ ਸੀ। ਹੁਣ ਹਾਲ ਇਹ ਹੈ ਕਿ ਚੁਣ-ਚੁਣ ਕੇ ਵੱਖ-ਵੱਖ ਪਾਰਟੀਆਂ ਦੇ ਲੀਡਰ ਪਾਰਟੀ ਵਿਚ ਸ਼ਾਮਿਲ ਕੀਤੇ ਜਾ ਰਹੇ ਹਨ। ਪਿੰਡਾਂ ਵਿਚ ਤਿੱਖੇ ਵਿਰੋਧ ਦੇ ਬਾਵਜੂਦ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਭਾਰਤੀ ਜਨਤਾ ਪਾਰਟੀ ਨਾਲ ਚੋਣ ਗੱਠਜੋੜ ਕੀਤਾ ਹੈ। ਜਾਪਦਾ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਵੱਖ-ਵੱਖ ਸਿਆਸੀ ਧਿਰਾਂ ਦੀਆਂ ਅੰਦਰੂਨੀ ਵਿਰੋਧਤਾਈਆਂ ਦਾ ਲਾਹਾ ਲੈਣਾ ਚਾਹੁੰਦੀ ਹੈ। ਪੰਜਾਬ ਇਸ ਵਕਤ ਸੰਜੀਦਾ ਸਿਆਸੀ ਖਲਾਅ ਵਿਚੋਂ ਗੁਜ਼ਰ ਰਿਹਾ ਹੈ। ਲੱਖ ਯਤਨਾਂ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਦੇ ਪੈਰ ਨਹੀਂ ਲੱਗ ਰਹੇ। ਸੂਬੇ ਵਿਚ ਸਰਕਾਰ ਹੋਣ ਦੇ ਬਾਵਜੂਦ ਕਾਂਗਰਸ ਕਈ ਤਰ੍ਹਾਂ ਦੇ ਸੰਕਟਾਂ ਨਾਲ ਜੂਝ ਰਹੀ ਹੈ। ਆਮ ਆਦਮੀ ਪਾਰਟੀ ਆਪਣੇ ਕਈ ਫੈਸਲਿਆਂ ਕਾਰਨ ਲੋਕਾਂ ਨੂੰ ਦੂਰ ਭਜਾ ਰਹੀ ਹੈ ਹਾਲਾਂਕਿ ਕਈ ਲੋਕ ਇਸ ਪਾਰਟੀ ਨੂੰ ਅਕਾਲੀ ਦਲ ਅਤੇ ਕਾਂਗਰਸ ਦੇ ਬਦਲ ਵਜੋਂ ਵੀ ਦੇਖ ਰਹੇ ਹਨ। ਇਹੀ ਉਹ ਸਿਆਸੀ ਖਲਾਅ ਹੈ ਜੋ ਕਿਸੇ ਵੀ ਨਵੀਂ ਪੁਰਾਣੀ ਧਿਰ ਤੋਂ ਫਿਲਹਾਲ ਭਰਿਆ ਨਹੀਂ ਜਾ ਰਿਹਾ। ਭਾਰਤੀ ਜਨਤਾ ਪਾਰਟੀ ਦੀ ਅੱਖ ਇਸੇ ਸਿਆਸੀ ਖਲਾਅ ਉਤੇ ਹੈ। ਇਸੇ ਕਰ ਕੇ ਇਹ ਤਿੱਖੇ ਵਿਰੋਧ ਦੇ ਬਾਵਜੂਦ ਵੱਧ ਤੋਂ ਵੱਧ ਹਲਕਿਆਂ ਉਤੇ ਪੂਰੀ ਸਰਗਰਮੀ ਕਰ ਰਹੀ ਹੈ। ਇਸ ਦੀ ਨਿਗ੍ਹਾ ਚੋਣ ਨਤੀਜਿਆਂ ਤੋਂ ਬਾਅਦ ਦੇ ਹਾਲਾਤ ਉਤੇ ਵੀ ਹੈ। ਮਾਹਿਰਾਂ ਦੀਆਂ ਕਿਆਸ-ਆਰਾਈਆਂ ਹਨ ਕਿ ਐਤਕੀਂ ਕਿਸੇ ਵੀ ਧਿਰ ਨੂੰ ਬਹੁਮਤ ਸ਼ਾਇਦ ਨਾ ਮਿਲ ਸਕੇ। ਇਸ ਸੂਰਤ ਵਿਚ ਇਹ ਪਾਰਟੀ ਸਿਆਸੀ ਭੰਨ-ਘੜ ਕਰ ਸਕਦੀ ਹੈ। ਮੁਲਕ ਦੇ ਹੋਰ ਕਈ ਸੂਬਿਆਂ ਵਿਚ ਇਸ ਨੇ ਅਜਿਹਾ ਹੀ ਕੀਤਾ ਹੈ ਅਤੇ ਹਾਰਨ ਦੇ ਬਾਵਜੂਦ, ਮਗਰੋਂ ਉਥੇ ਸਰਕਾਰਾਂ ਵੀ ਬਣਾਈਆਂ ਹਨ। ਸ਼ਾਇਦ ਇਸੇ ਕਰ ਕੇ ਭਾਰਤੀ ਜਨਤਾ ਪਾਰਟੀ ਦਾ ਸਮੁੱਚਾ ਧਿਆਨ ਲੋਕ ਕਲਿਆਣ ਦੀ ਥਾਂ ਸਿਆਸੀ ਤਿਕੜਮਾਂ ਵੱਲ ਵਧੇਰੇ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਲੁਟੇਰਿਆਂ ਦੀ ਲੋੜ ?*

'ਇੱਛਾ ਪੂਰੀਆਂ' ਹੋਣ ਦੇ ਕਰਨ ਦਾਅਵੇ, 'ਬਾਬੇ' ਸੈਂਕੜੇ ਜਟਾਂ ਖਿਲਾਰ ਬੈਠੇ।
ਦਿਲ ਟੁੰਬਵੀਂ ਵਰਤ ਸ਼ਬਦਾਵਲੀ ਨੂੰ, ਦੇਈ ਜਾਂਦੇ ਨੇ ਰੋਜ਼ ਇਸ਼ਤਿਹਾਰ ਬੈਠੇ।
ਚੰਗੇ ਭਲੇ ਪਰ ਕਰਨ ਪਾਖੰਡ ਬਹੁਤੇ, ਮਦਦ ਲੈਣ ਲਈ ਕਈ ਬਿਮਾਰ ਬੈਠੇ।
ਗੁਰੂ ਮਾਨਿਓ ਗ੍ਰੰਥ ਜੀ ਗਾਉਣ ਮੂੰਹੋਂ, ਉਂਜ ਧਰਮ ਦਾ ਕਰਨ 'ਵਪਾਰ' ਬੈਠੇ।
ਜਿਹੜੇ ਜਾਣਦੇ ਅਸਲ ਹਕੀਕਤਾਂ ਨੂੰ, ਸੋਚੀਂ ਪਏ ਉਹ ਹੋਏ ਲਾਚਾਰ ਬੈਠੇ।
ਆਵੇ ਲੋਟੂ ਕੋਈ ਸਾਊ ਸ਼ਰੀਫ ਬਣ ਕੇ, ਲੁੱਟ ਹੋਣ ਲਈ ਲੋਕ ਨੇ ਤਿਆਰ ਬੈਠੇ!

# ਖੇਤੀ ਏਜੰਡਾ ਤੇ ਸਿਆਸੀ ਪਾਰਟੀਆਂ

***ਇਸ ਲੇਖ ਦੇ ਲੇਖਕ ਅੰਮ੍ਰਿਤ ਸਾਗਰ ਮਿੱਤਲ, ਸੋਨਾਲੀਕਾ ਗਰੁੱਪ ਦੇ ਵਾਈਸ ਚੇਅਰਮੈਨ ਹਨ। ਕੈਪਟਨ ਅਮਰਿੰਦਰ ਸਿੰਘ ਸਰਕਾਰ ਵੇਲੇ ਉਨ੍ਹਾਂ ਨੂੰ ਕੈਬਨਿਟ ਮੰਤਰੀ ਦਾ ਰੈਂਕ ਦਿੱਤਾ ਗਿਆ ਸੀ। ਉਹ ਪੰਜਾਬ ਰਾਜ ਯੋਜਨਾ ਬੋਰਡ ਦੇ ਉਪ ਚੇਅਰਮੈਨ ਅਤੇ ਐਸੋਚੈਮ ਦੇ ਉਤਰੀ ਖੇਤਰ ਕੌਂਸਲ ਦੇ ਚੇਅਰਮੈਨ ਵੀ ਹਨ। ਇਸ ਲੇਖ ਵਿਚ ਉਨ੍ਹਾਂ ਖੇਤੀ ਏਜੰਡੇ ਬਾਰੇ ਕੁਝ ਗੱਲਾਂ ਨਿਤਾਰ ਕੇ ਕੀਤੀਆਂ ਹਨ।***



**ਅੰਮ੍ਰਿਤ ਸਾਗਰ ਮਿੱਤਲ**

ਕਈ ਦਹਾਕਿਆਂ ਬਾਅਦ ਦੇਸ਼ ਨੇ ਹੁਣ ਤੱਕ ਦੇ ਸਭ ਤੋਂ ਵੱਡੇ ਕਿਸਾਨ ਅੰਦੋਲਨ ਨੂੰ ਅੱਖੀਂ ਵੇਖਿਆ ਹੈ। 18 ਮਹੀਨਿਆਂ ਤੱਕ ਨਿਰੰਤਰ ਚੱਲੇ ਇਸ ਅੰਦੋਲਨ ਨੇ ਸਰਕਾਰ ਨੂੰ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਵੀ ਪ੍ਰੇਰਿਆ। ਇਸ ਦੌਰਾਨ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਗਿਆ ਹੈ ਅਤੇ ਕਾਨੂੰਨੀ ਗਾਰੰਟੀਸ਼ੁਦਾ ਐਮ.ਐਸ.ਪੀ. ਦਾ ਮੁੱਦਾ ਵਧੇਰੇ ਚਰਚਾ ਦੀ ਰਾਹ 'ਤੇ ਹੈ। ਭਾਵੇਂ ਇਸ ਦੇ ਪਿਛੋਕੜ ਵਿਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਜੋ ਮਰਜ਼ੀ ਹੋਣ ਪਰ ਇਸ ਦਾ ਸੂਬੇ ਦੀਆਂ ਖੇਤੀ ਨਾਲ ਸੰਬੰਧਿਤ ਨੀਤੀਆਂ ਅਤੇ ਖੇਤੀ ਆਰਥਿਕਤਾ 'ਤੇ ਬਹੁਤ ਦੇਰ ਤੱਕ ਅਸਰ ਦਿਸਦਾ ਰਹੇਗਾ।

ਸਾਰੀਆਂ ਸਿਆਸੀ ਪਾਰਟੀਆਂ ਕਿਸਾਨਾਂ ਦੀਆਂ ਵੋਟਾਂ ਆਪਣੇ ਹੱਕ ਵਿਚ ਭੁਗਤਾਉਣ ਲਈ, ਦਾਅਵਿਆਂ ਦੇ ਨਾਲ-ਨਾਲ ਲੁਭਾਉਣ ਵਾਲੇ ਵਾਅਦਿਆਂ ਦੀ ਗੱਲ ਵੀ ਕਰ ਰਹੀਆਂ ਹਨ ਤੇ ਇਸ ਦੇ ਨਾਲ-ਨਾਲ ਉਨ੍ਹਾਂ ਨੇ ਚੋਣਾਂ ਵਿਚ ਕਿਸਾਨ ਵਰਗ ਦੀ ਭਲਾਈ ਅਤੇ ਬਿਹਤਰੀ ਨੂੰ ਆਪਣੀ ਪ੍ਰਚਾਰ ਮੁਹਿੰਮ ਵਿਚ ਵੀ ਸ਼ਾਮਿਲ ਕੀਤਾ ਹੈ। ਅੰਦੋਲਨ ਕਰ ਰਹੇ ਕਿਸਾਨਾਂ ਨੂੰ ਆਪਣੀ ਸਿਆਸੀ ਜਥੇਬੰਦੀ ਸੰਯੁਕਤ ਸਮਾਜ ਮੋਰਚਾ ਅਤੇ ਦੂਜੀਆਂ ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ ਜ਼ਰੀਏ ਆਪਣੀ ਆਮਦਨ ਦਾ ਮੁੱਦਾ ਇਸ ਵਾਰ ਜ਼ਰੂਰ ਚੁੱਕਣਾ ਚਾਹੀਦਾ ਹੈ। ਇਸ ਦੇ ਨਾਲ-ਨਾਲ ਇਕ ਦਿਸ਼ਾ-ਨਿਰਦੇਸ਼ ਵੀ ਸਾਹਮਣੇ ਆਉਣਾ ਚਾਹੀਦਾ ਹੈ ਕਿ ਕਿਸਾਨਾਂ ਦੀ ਆਮਦਨ ਆਖਿਰ ਵਧਾਈ ਕਿਵੇਂ ਜਾਵੇ? ਭਾਰਤ ਸਰਕਾਰ 2017 ਵਿਚ, 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਦ੍ਰਿਸ਼ਟੀਕੋਣ ਲੈ ਕੇ ਆਈ ਪਰ ਅਜੇ ਵੀ ਆਰਥਿਕ ਸੂਚਕ ਅੰਕ ਇਸ ਆਮਦਨੀ ਵਿਚ ਬਰਾਬਰੀ ਅਤੇ ਸਮਾਨਤਾਵਾਦੀ ਵਿਕਾਸ ਨੂੰ ਕਿਤੇ ਨਹੀਂ ਦਰਸਾਉਂਦੇ।

ਕਿਸਾਨਾਂ ਦੀ ਆਮਦਨ ਨੂੰ ਉਨ੍ਹਾਂ ਦੇ ਖਰਚੇ ਪੂਰੇ ਕਰਨ ਦੇ ਕਾਬਲ ਬਣਾਉਣ ਅਤੇ ਇਸ ਵਿਚ ਵਾਧਾ ਕਰਨ ਲਈ 'ਬਾਜ਼ਾਰ ਪਹਿਲਾਂ' ਵਾਲੀ ਪਹੁੰਚ ਅਪਨਾਉਣ ਦੀ ਲੋੜ ਹੈ ਤਾਂ ਜੋ ਕਿਸਾਨਾਂ ਨੂੰ ਜ਼ਿਆਦਾ, ਟਿਕਾਊ ਅਤੇ ਸ਼ੁੱਧ ਰਿਟਰਨ ਦਾ ਲਾਭ ਪ੍ਰਾਪਤ ਹੋ ਸਕੇ। ਅੱਜ ਲੋੜ ਹੈ ਪੰਜਾਬ ਨੂੰ ਸਪਲਾਈ-ਸੰਚਾਲਿਤ ਖੇਤੀ ਤੋਂ ਹਟ ਕੇ ਮੰਗ-ਆਧਾਰਿਤ ਖੇਤੀ ਵੱਲ ਬਦਲਣ ਦੀ। ਹੁਣ ਡੇਅਰੀ, ਪੋਲਟਰੀ, ਮੱਛੀ ਪਾਲਣ, ਫਲ-ਸਬਜ਼ੀਆਂ, ਜ਼ਿਆਦਾ ਕੀਮਤ ਦੇਣ ਵਾਲੀਆਂ ਫ਼ਸਲਾਂ ਅਤੇ ਪ੍ਰੋਸੈਸਡ ਭੋਜਨ ਦੀ ਮੰਗ, ਦੂਜੀਆਂ ਫਸਲਾਂ ਜਿਵੇਂ ਕਣਕ ਅਤੇ ਚੌਲਾਂ ਦੀ ਮੰਗ ਨਾਲੋਂ ਕਿਤੇ ਜ਼ਿਆਦਾ ਤੇਜ਼ੀ ਨਾਲ ਵਧ ਰਹੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਪੰਜਾਬ ਦਾ ਸੂਬਾ ਜੋ ਕਦੇ ਭਾਰਤ ਵਿਚ ਖੇਤੀ ਵਿਚ ਸਭਨਾਂ ਸੂਬਿਆਂ ਦਾ ਮੋਹਰੀ ਸੀ, ਅੱਜ ਆਪਣੀ ਗਤੀਸ਼ੀਲਤਾ ਨੂੰ ਬਰਕਰਾਰ ਰੱਖਣ ਲਈ ਸੰਘਰਸ਼ ਕਰ ਰਿਹਾ ਹੈ। ਇਹ ਸੂਬਾ 1967-68 ਤੋਂ 2004-05 ਤੱਕ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿਚ ਭਾਰਤ ਦੇ ਮੁੱਖ ਰਾਜਾਂ ਵਿਚ ਸਿਖਰ 'ਤੇ ਸੀ ਪਰ ਹੁਣ ਇਹੀ ਸੂਬਾ 13ਵੇਂ ਸਥਾਨ ਤੋਂ ਵੀ ਹੇਠਾਂ ਆ ਗਿਆ ਹੈ, ਅਤੇ ਜੇਕਰ ਆਮ ਵਾਂਗ ਇਵੇਂ ਹੀ ਕੰਮ ਜਾਰੀ ਰਿਹਾ ਤਾਂ ਇਹ ਦਰਜਾਬੰਦੀ ਵਿਚ ਹੋਰ ਵੀ ਥੱਲੇ ਆ ਸਕਦਾ ਹੈ। ਉਹ ਨੀਤੀਆਂ ਜਿਨ੍ਹਾਂ ਨੇ ਪੰਜਾਬ ਦੇ ਕਿਸਾਨਾਂ ਨੂੰ ਹਰੀ ਕ੍ਰਾਂਤੀ ਦੀ ਸ਼ੁਰੂਆਤ ਕਰਨ ਦੇ ਸਮਰੱਥ ਬਣਾਇਆ ਸੀ, ਹੁਣ ਉਹੀ ਬਹੁਤ ਤੇਜ਼ੀ ਨਾਲ ਆਪਣੀ ਸਾਰਥਕਤਾ ਗੁਆ ਰਹੀਆਂ ਹਨ। ਹਾਂ, ਜੇਕਰ ਪੰਜਾਬ ਨੇ ਆਪਣੀ ਖੇਤੀ ਦੀ ਸ਼ਾਨ ਨੂੰ ਬਰਕਰਾਰ ਰੱਖਣਾ ਹੈ ਤਾਂ ਇਕ ਗੱਲ ਤੈਅ ਹੈ ਕਿ ਇਸ ਨੂੰ ਲੋਕਪ੍ਰਿਅਤਾ ਦੀ ਨਹੀਂ, ਬਲਕਿ ਭਵਿੱਖ ਦੇ ਨਜ਼ਰੀਏ ਨਾਲ ਮਜ਼ਬੂਤ ਸਿਆਸੀ ਇੱਛਾ ਸ਼ਕਤੀ ਅਤੇ ਤਰਕਸ਼ੀਲ ਨੀਤੀਗਤ ਬਦਲ ਅਪਣਾਉਣ ਦੀ ਡਾਢੀ ਲੋੜ ਹੈ। ਅੱਜ ਪੰਜਾਬ ਨੂੰ ਜ਼ਿਆਦਾ ਕੀਮਤ ਦੇਣ ਵਾਲੀਆਂ ਫਸਲਾਂ ਅਤੇ ਫੂਡ ਪ੍ਰੋਸੈਸਿੰਗ ਕਲੱਸਟਰਾਂ ਵਿਚ ਵਿਭਿੰਨਤਾ ਲਿਆਉਣ ਦੀ ਲੋੜ ਹੈ ਪਰ ਲਗਦਾ ਨਹੀਂ ਕਿ ਉਸ ਮੋਰਚੇ 'ਤੇ ਕੁਝ ਖਾਸ ਕੀਤਾ ਜਾ ਰਿਹਾ ਹੈ। 1971-72 ਤੋਂ 1985-86 ਦੌਰਾਨ ਪੰਜਾਬ ਦੀ ਖੇਤੀ ਦੀ 5.7 ਫ਼ੀਸਦੀ ਵਿਕਾਸ ਦਰ, ਦੇਸ਼ ਦੀ ਔਸਤਨ 2.3 ਫ਼ੀਸਦੀ ਦਰ ਨਾਲੋਂ ਦੁੱਗਣੀ ਤੋਂ ਵੀ ਵੱਧ ਸੀ। ਇਸ ਵਿਚ 2005-06 ਅਤੇ 2020-21 ਦੌਰਾਨ ਵੱਡਾ ਉਲਟ-ਫੇਰ ਹੋਇਆ, ਜਦੋਂ ਇਹ ਦਰ ਪੰਜਾਬ ਵਿਚ 1. 9 ਪ੍ਰਤੀਸ਼ਤ ਅਤੇ ਭਾਰਤ ਵਿਚ 3.4 ਪ੍ਰਤੀਸ਼ਤ ਹੋ ਗਈ। 2018-19 ਦੇ ਐਨ.ਐਸ.ਐਸ.ਓ.-ਐਸ.ਏ.ਐਸ. ਦੇ ਨਵੇਂ ਅੰਕੜੇ ਦੱਸਦੇ ਹਨ ਕਿ ਖੇਤੀਬਾੜੀ ਘਰੇਲੂ ਆਮਦਨ ਦੇ ਮਾਪਦੰਡਾਂ ਦੇ ਆਧਾਰ 'ਤੇ, ਜਦੋਂ ਪ੍ਰਤੀ ਹੈਕਟੇਅਰ ਆਮਦਨੀ ਦਾ ਹਿਸਾਬ-ਕਿਤਾਬ ਲਾਇਆ ਜਾਂਦਾ ਹੈ ਤਾਂ ਪੰਜਾਬ, ਖੇਤੀ ਕਰਨ ਵਾਲੇ ਮੁੱਖ ਰਾਜਾਂ ਵਿਚੋਂ 11ਵੇਂ ਸਥਾਨ 'ਤੇ ਆਉਂਦਾ ਹੈ ਅਤੇ ਜੇਕਰ 2015-16 ਦੀ ਖੇਤੀਬਾੜੀ ਜਨਗਣਨਾ



ਜ਼ਮੀਨੀ ਹਿੱਸੇ ਦੇ ਆਕਾਰ ਦੇ ਆਧਾਰ 'ਤੇ ਕੀਤੀ ਜਾਵੇ ਤਾਂ ਇਹ ਹੋਰ ਪਿੱਛੇ ਖਿਸਕਦੇ ਹੋਏ 21ਵੇਂ ਸਥਾਨ 'ਤੇ ਚਲਿਆ ਜਾਂਦਾ ਹੈ।

ਸੂਬੇ ਦੇ ਕੁੱਲ ਫ਼ਸਲੀ ਰਕਬੇ ਦਾ ਲਗਭਗ 85 ਪ੍ਰਤੀਸ਼ਤ ਹਿੱਸਾ ਕਣਕ ਅਤੇ ਝੋਨੇ ਹੇਠ ਹੋਣ ਕਰਕੇ, ਪੰਜਾਬ ਦੀ ਖੇਤੀਬਾੜੀ, ਸਾਰੇ ਰਾਜਾਂ ਤੋਂ ਘੱਟ ਵਿਭਿੰਨਤਾ ਵਾਲੀ ਨਜ਼ਰ ਆਉਂਦੀ ਹੈ। ਕਣਕ ਅਤੇ ਝੋਨੇ ਲਈ ਦਿੱਤਾ ਜਾਂਦਾ ਗਾਰੰਟੀਸ਼ੁਦਾ ਘੱਟੋ-ਘੱਟ ਸਮਰਥਨ ਮੁੱਲ ਤੇ ਤੈਅਸ਼ੁਦਾ ਖਰੀਦ ਖੇਤੀ ਵਿਭਿੰਨਤਾ ਨੂੰ ਨਿਰਉਤਸ਼ਾਹਿਤ ਹੀ ਕਰਦੀ ਹੈ। ਮੰਡੀ ਵਿਚ ਫ਼ਸਲਾਂ ਦੀ ਵਿਕਰੀ ਤੇ ਲੈਣ-ਦੇਣ ਦੀ ਲਾਗਤ ਘੱਟੋ-ਘੱਟ ਸਮਰਥਨ ਮੁੱਲ 'ਤੇ ਕਰੀਬ 8.5 ਫ਼ੀਸਦੀ ਆਉਂਦੀ ਹੈ, ਜੋ ਦੇਸ਼ ਵਿਚ ਸਭ ਤੋਂ ਵੱਧ ਹੈ, ਇਸ ਕਾਰਨ ਪੰਜਾਬ ਦੀ ਕਣਕ ਅਤੇ ਚੌਲਾਂ ਦੀ ਖਰੀਦ ਲਈ ਪ੍ਰਤੀਯੋਗਤਾ ਘਟ ਰਹੀ ਹੈ। ਵਾਤਾਵਰਨ ਦੀਆਂ ਚੁਣੌਤੀਆਂ ਦੇ ਮੋਰਚੇ 'ਤੇ ਝਾਤ ਮਾਰੀ ਜਾਵੇ ਤਾਂ ਸੂਬੇ ਦੇ ਲਗਭਗ 80 ਪ੍ਰਤੀਸ਼ਤ ਬਲਾਕਾਂ ਵਿਚ ਪਾਣੀ ਦੇ ਭੰਡਾਰਾਂ ਵਿਚੋਂ ਬਹੁਤ ਜ਼ਿਆਦਾ ਪਾਣੀ ਕੱਢਿਆ ਗਿਆ ਹੈ, ਜਿਸ ਕਾਰਨ ਬਹੁਤ ਸਾਰੀਆਂ ਥਾਵਾਂ 'ਤੇ ਪਾਣੀ ਦਾ ਪੱਧਰ ਹਰ ਸਾਲ ਲਗਭਗ ਇਕ ਮੀਟਰ ਦੀ ਦਰ ਨਾਲ ਹੇਠਾਂ ਡਿਗ ਰਿਹਾ ਹੈ। ਇਕ ਪਾਸੇ ਮਿੱਟੀ ਦਾ ਤਵਾਜ਼ਨ ਵਿਗੜ ਰਿਹਾ ਹੈ ਤੇ ਦੂਜੇ ਪਾਸੇ ਕਣਕ-ਝੋਨੇ ਦੀ ਉਪਜ ਨਾਲ ਕਿਸਾਨਾਂ ਦਾ ਪਿਆਰ ਏਨਾ ਗੂੜ੍ਹਾ ਹੈ ਕਿ ਇਸ ਦੇ ਕਾਰਨ ਪੈਣ ਵਾਲੇ ਮਾੜੇ ਪ੍ਰਭਾਵ ਨੂੰ ਦੂਰ ਕਰਨ ਲਈ ਜੇ ਕਿਤੇ ਸਰਕਾਰ ਕੋਸ਼ਿਸ਼ ਕਰਦੀ ਵੀ ਹੈ ਤਾਂ ਇਸ ਦਾ ਸਖਤ ਵਿਰੋਧ ਸਾਹਮਣੇ ਆ ਜਾਂਦਾ ਹੈ। ਫਿਰ ਵੀ ਪੰਜਾਬ ਦੀ ਖੇਤੀ ਨੂੰ ਟਿਕਾਊ ਵਿਕਾਸ ਵੱਲ ਲਿਜਾਣ ਦੀ ਉਮੀਦ ਦੀ ਕਿਰਨ ਅਜੇ ਵੀ ਬਾਕੀ ਹੈ। ਜਦੋਂ ਕਿ ਫਲਾਂ ਅਤੇ ਸਬਜ਼ੀਆਂ ਦੀ ਖੇਤੀ ਅਤੇ ਸਹਾਇਕ ਖਿੱਤੇ, ਉਤਪਾਦਨ ਦੇ ਮੁੱਲ ਵਿਚ 7.4 ਫ਼ੀਸਦੀ ਹਿੱਸਾ ਪਾਉਂਦੇ ਹਨ, ਪਸ਼ੂ ਧਨ 31.5 ਫ਼ੀਸਦੀ ਹਿੱਸਾ ਪਾਉਂਦਾ ਹੈ ਪਰ ਮੱਛੀ ਪਾਲਣ ਦਾ ਯੋਗਦਾਨ 1 ਫ਼ੀਸਦੀ ਤੋਂ ਵੀ ਘੱਟ ਹੈ। ਭਾਵੇਂ ਸੂਬੇ ਵਿਚ ਪ੍ਰਤੀ ਵਿਅਕਤੀ ਦੁੱਧ ਦੀ ਉਪਲਬਧਤਾ ਸਭ ਤੋਂ ਜ਼ਿਆਦਾ ਹੈ ਪਰ ਦੁੱਧ ਉਤਪਾਦਕ ਦੁੱਧ ਦੇ 15 ਫ਼ੀਸਦੀ ਤੋਂ ਘੱਟ ਨੂੰ ਹੀ ਪ੍ਰੋਸੈਸ ਕਰ ਸਕਦੇ ਹਨ। ਹਾਂ, ਇਸ ਨੂੰ ਵਧਾਉਣ ਦੀ ਲੋੜ ਹੈ। ਉਂਝ ਪੰਜਾਬ ਆਲੂਆਂ ਦੇ ਬੀਜਾਂ ਦਾ ਵੀ ਇਕ ਮਹੱਤਵਪੂਰਨ ਖਿਡਾਰੀ ਹੈ ਪਰ ਬੀਜ ਮੰਡੀ ਨੂੰ ਅਭਿਆਸ, ਬਾਜ਼ਾਰ ਦਾ ਪਤਾ ਲਾਉਣ ਵਾਲੀਆਂ ਪ੍ਰਣਾਲੀਆਂ ਅਤੇ ਬੁਨਿਆਦੀ ਢਾਂਚੇ ਦੇ ਸਹੀ ਪੈਕੇਜ ਦੇ ਇਸਤੇਮਾਲ ਨਾਲ, ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ। ਫਲਾਂ ਅਤੇ ਸਬਜ਼ੀਆਂ ਦੀ ਵਿਕਰੀ ਲਈ ਨਵੇਂ ਚੈਨਲਾਂ ਦੇ ਬਦਲ ਜਿਵੇਂ ਸਿੱਧੀ ਤਜਾਰਤ, ਨਿਰਯਾਤ ਆਦਿ ਉਪਲਬਧ ਹਨ, ਪਰ ਇਨ੍ਹਾਂ ਮਾਡਲਾਂ ਨੂੰ ਸਹੀ ਮਾਹੌਲ ਅਤੇ ਤਜਾਰਤੀ ਪ੍ਰਣਾਲੀਆਂ ਜ਼ਰੀਏ ਹੋਰ ਜ਼ਿਆਦਾ ਵਿਕਸਿਤ ਕਰਨ ਦੀ ਲੋੜ ਹੈ।

ਵਧੀਆ ਮੁੱਲ ਵਾਲੇ ਖੇਤੀ ਉਤਪਾਦਾਂ ਦੇ ਨਿਰਯਾਤਕਾਂ ਲਈ ਮਾਲ ਭਾੜੇ ਲਈ ਰਿਆਇਤਾਂ ਦੇ ਰੂਪ ਵਿਚ ਸਮਾਂਬੱਧ ਪ੍ਰੋਤਸਾਹਨ, ਮੁੱਲ ਲੜੀ ਦੇ ਘਾੜਿਆਂ ਲਈ, ਛੇਤੀ ਖਰਾਬ ਹੋਣ ਵਾਲੀਆਂ ਵਸਤੂਆਂ ਦੀ ਪ੍ਰੋਸੈਸਿੰਗ ਲਈ ਟੈਕਸ ਵਿਚ ਛੋਟ ਦੇਣ ਦੀ ਪ੍ਰਕਿਰਿਆ, ਪਹਿਲਾਂ ਤੋਂ ਜਾਰੀ ਖਾਦਾਂ ਲਈ ਵਾਧੂ ਸਬਸਿਡੀ ਅਤੇ ਮੁਫ਼ਤ ਬਿਜਲੀ ਦੀਆਂ ਸਹੂਲਤਾਂ ਨਾਲੋਂ ਕਿਤੇ ਵੱਧ ਤਰਕਸੰਗਤ ਹੋਵੇਗੀ। ਮੰਡੀ ਫ਼ੀਸ ਨੂੰ 3 ਫ਼ੀਸਦੀ ਤੋਂ ਜ਼ਿਆਦਾ ਨਾ ਵਧਾ ਕੇ ਤਰਕਸੰਗਤ ਬਣਾਉਣ ਨਾਲ, ਇਕ ਅਸਰਦਾਰ ਮੁੱਲ ਲੜੀ ਲਈ ਨਿੱਜੀ ਖੇਤਰ ਦੇ ਨਿਵੇਸ਼ ਨੂੰ ਆਕਰਸ਼ਿਤ ਕੀਤਾ ਜਾ ਸਕਦਾ ਹੈ। ਮੱਧਮ ਅਤੇ ਛੋਟੇ ਪੇਂਡੂ ਉੱਦਮਾਂ ਰਾਹੀਂ ਫਲਾਂ ਅਤੇ ਸਬਜ਼ੀਆਂ, ਦੁੱਧ ਅਤੇ ਪਸ਼ੂਧਨ ਉਤਪਾਦਾਂ ਦੇ ਮੁੱਲ ਵਿਚ ਵਾਧਾ ਕਰਨ ਲਈ, ਮੈਗਾ ਫੂਡ ਪਾਰਕਾਂ ਨੂੰ ਉਤਸ਼ਾਹਿਤ ਕਰਨ ਨਾਲ ਇਸ ਖੇਤਰ ਵਿਚ ਮੁਕਾਬਲੇਬਾਜ਼ੀ ਮਜ਼ਬੂਤ ਹੋਵੇਗੀ।

ਪੰਜਾਬ ਨੂੰ ਭਾਰਤ ਵਿਚ ਚੱਲ ਰਹੀ ਖੇਤੀ ਸਟਾਰਟ-ਅੱਪ ਕ੍ਰਾਂਤੀ ਦਾ ਲਾਭ ਜ਼ਰੂਰ ਚੁੱਕਣਾ ਚਾਹੀਦਾ ਹੈ, ਸਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਨੂੰ ਯਕੀਨੀ ਬਣਾ ਕੇ, ਮੰਡੀਆਂ ਦਾ ਵਿਸਥਾਰ ਕਰਦੇ ਹੋਏ ਕਿਸਾਨਾਂ ਦੀ ਆਮਦਨ ਵਧਾਉਣ ਲਈ ਤਕਨਾਲੋਜੀ ਦੀ ਵਰਤੋਂ ਕਰਨੀ ਚਾਹੀਦੀ ਹੈ। ਖੇਤਾਂ ਨੂੰ ਭੂ-ਟੈਗ ਕਰਕੇ, ਲੰਮੇ ਸਮੇਂ ਲਈ ਲੀਜ਼ 'ਤੇ ਦੇਣ ਨਾਲ ਉਨ੍ਹਾਂ ਚਿੰਤਾਵਾਂ ਨੂੰ ਦੂਰ ਕੀਤਾ ਜਾ ਸਕਦਾ ਹੈ ਜੋ ਵੱਡੇ ਨਿਵੇਸ਼ਾਂ ਲਈ ਮਹੱਤਵਪੂਰਨ ਹਨ ਅਤੇ ਜੋ ਖੇਤੀ ਭੂਮੀ ਬਾਜ਼ਾਰ ਨੂੰ ਸਮਰੱਥ ਬਣਾਉਂਦਾ ਹੈ। ਬਾਜ਼ਾਰਾਂ ਦਾ ਡਿਜੀਟਲੀਕਰਨ, ਉਤਪਾਦਕ ਸਾਮਾਨ ਦੀ ਵਿਕਰੀ, ਮੰਡੀ ਦੀ ਆਮਦ, ਲੈਣ-ਦੇਣ ਅਤੇ ਭੁਗਤਾਨਾਂ ਬਾਰੇ ਅਸਲ-ਸਮੇਂ ਵਿਚ ਜਾਣਕਾਰੀ ਪ੍ਰਦਾਨ ਕਰੇਗਾ ਅਤੇ ਮਾਰਕੀਟਿੰਗ ਦੇ ਅਭਿਆਸ ਵਿਚ ਪਾਰਦਰਸ਼ਤਾ ਦੀ ਹਾਮੀ ਭਰੇਗਾ।

ਸਪਲਾਈ ਚੇਨ ਦੇ ਪ੍ਰਬੰਧਨ ਵਿਚ ਨਵੀਨਤਾਵਾਂ ਦਾ ਅਸਰ, ਭਾਵੇਂ ਇਹ ਅਨਾਜ ਲਈ ਸਵੈ-ਚਲਿਤ ਭੂਮੀਗਤ ਕਮਰਾ ਹੋਵੇ ਜਾਂ ਪਸ਼ੂਆਂ ਦਾ ਅਤਿ-ਆਧੁਨਿਕ ਝੁੰਡ ਪ੍ਰਬੰਧਨ, ਇਹ ਨਾ ਸਿਰਫ਼ ਸਰੋਤਾਂ ਦੀ ਵਰਤੋਂ ਵਿਚ ਸੁਧਾਰ ਕਰੇਗਾ, ਬਲਕਿ ਖੇਤਾਂ ਅਤੇ ਜਾਨਵਰਾਂ ਦੀ ਖੋਜ ਕਰਨ, ਬਿਮਾਰੀ ਦੇ ਪ੍ਰਕੋਪ ਦੀ ਸ਼ੁਰੂਆਤ ਵਿਚ ਹੀ ਉਸ ਦੀ ਨਿਗਰਾਨੀ ਕਰਕੇ ਉਸ ਦੀ ਰੋਕਥਾਮ ਕਰਨ ਦਾ ਕੰਮ ਵੀ ਕਰੇਗਾ ਪਰ ਇਸ ਵਿਚ ਮੁੱਲ-ਲੜੀ ਦਾ ਨੁਕਸਾਨ ਵੀ ਸ਼ਾਮਿਲ ਹੋਵੇਗਾ। ਜਿਵੇਂ-ਜਿਵੇਂ ਮੁੱਲ ਲੜੀ ਵਿਕਸਿਤ ਹੁੰਦੀ ਜਾਂਦੀ ਹੈ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਦੀ ਮੰਗ ਨੂੰ ਪੂਰਾ ਕਰਦੀ ਹੈ, ਤਾਂ ਭੋਜਨ ਸੁਰੱਖਿਆ ਦੇ ਮਿਆਰਾਂ ਅਤੇ ਨਿਯਮਾਂ ਦੀ ਪਾਲਣਾ ਕਰਨ ਦੀ ਲੋੜ ਹੋਰ ਵਧ ਜਾਂਦੀ ਹੈ। ਇਨੋਵੇਸ਼ਨ (ਖੋਜ) ਮਿਸ਼ਨ ਪੰਜਾਬ ਵਰਗੀਆਂ ਪਹਿਲਕਦਮੀਆਂ ਨਾਲ ਇਕ ਅਸਰਦਾਰ ਮੁੱਲ ਲੜੀ ਬਣਾਉਣ ਲਈ ਸਟਾਰਟ-ਅੱਪ ਕਾਰਜਕ੍ਰਮ, ਕਿਸਾਨਾਂ, ਨਿੱਜੀ ਵਪਾਰੀਆਂ ਅਤੇ ਸਰਕਾਰ ਦੀ ਸਥਾਨਕ ਵਾਤਾਵਰਨ ਪ੍ਰਣਾਲੀ ਨੂੰ ਅੱਗੇ ਵਧਾ ਸਕਦਾ ਹੈ।

ਪੰਜਾਬ ਵਿਚ ਖੇਤੀਬਾੜੀ ਨੂੰ ਮੁੜ ਤੋਂ ਸਹੀ ਢੰਗ ਨਾਲ ਲੀਹ 'ਤੇ ਲਿਆਉਣ ਲਈ, ਲੋੜੀਂਦੇ ਵਿੱਤੀ ਸਰੋਤਾਂ ਨੂੰ ਖੋਲ੍ਹਣ ਲਈ, ਸੂਬਾ ਸਰਕਾਰ ਨੂੰ ਕੇਂਦਰ ਨਾਲ ਮਿਲ ਕੇ ਕੁਝ ਦਲੇਰ ਕਦਮ ਚੁੱਕਣ ਦੀ ਡਾਢੀ ਲੋੜ ਹੈ। ਜਨਤਕ ਵੰਡ ਪ੍ਰਣਾਲੀ ਦੀ ਥਾਂ ਸਿੱਧੀ ਨਕਦੀ ਟ੍ਰਾਂਸਫਰ ਪ੍ਰਣਾਲੀ ਰਾਹੀਂ ਵੀ ਅਨਾਜ 'ਤੇ ਮਿਲਣ ਵਾਲੀ ਸਬਸਿਡੀ ਨੂੰ ਤਰਕਸੰਗਤ ਬਣਾਇਆ ਜਾ ਸਕਦਾ ਹੈ, ਕਿਉਂਕਿ ਪੰਜਾਬ ਖਪਤ ਤੋਂ ਜ਼ਿਆਦਾ ਅਨਾਜ ਪੈਦਾ ਕਰਨ ਵਾਲਾ ਸੂਬਾ ਹੈ। ਸਾਰੀ ਚਰਚਾ ਦਾ ਨਿਚੋੜ ਇਹ ਹੈ ਕਿ ਪੰਜਾਬ ਨੂੰ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਝੋਨੇ ਹੇਠਲੇ ਰਕਬੇ ਨੂੰ ਘਟਾ ਕੇ ਅੱਧਾ ਕਰਨ ਦੀ ਲੋੜ ਹੈ। ਪੰਜਾਬ ਵਿਚ ਖੇਤੀ ਨਾਲ ਸੰਬੰਧਿਤ ਵਾਤਾਵਰਨ ਅਤੇ ਵਿੱਤੀ ਸਥਿਰਤਾ ਵਰਗੀਆਂ ਦੋਵਾਂ ਚਿੰਤਾਵਾਂ ਨੂੰ ਦੂਰ ਕਰਨ ਲਈ ਮੁੜ ਤੋਂ ਇਕ ਰਣਨੀਤੀ ਦੀ ਲੋੜ ਹੈ।

# ਨਾਹੱਕ ਸਜ਼ਾਵਾਂ, ਕਾਲੇ ਕਾਨੂੰਨ ਅਤੇ ਲੋਕ ਚੇਤਨਾ

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੇ ਭਖੇ ਹੋਏ ਰਾਜਨੀਤਕ ਮਾਹੌਲ ਅੰਦਰ ਉਭਰੇ ਮੁੱਦਿਆਂ ਵਿਚ ਮਹੱਤਵਪੂਰਨ ਮੁੱਦਾ ਸਿੱਖ ਕੈਦੀਆਂ ਦੀ ਰਿਹਾਈ ਦਾ ਹੈ। ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਸਮੇਤ 9 ਸਿੱਖ ਕੈਦੀ ਭਾਵੇਂ ਭਾਰਤੀ ਕਾਨੂੰਨ ਅਨੁਸਾਰ ਸੰਬੰਧਿਤ ਕੇਸਾਂ ਵਿਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਫਿਰ ਵੀ ਉਨ੍ਹਾਂ ਨੂੰ ਜਾਣ-ਬੁੱਝ ਕੇ ਜੇਲ੍ਹਾਂ 'ਚੋਂ ਰਿਹਾਅ ਨਹੀਂ ਕੀਤਾ ਜਾ ਰਿਹਾ। ਕੁਝ ਸਿੱਖ ਜਥੇਬੰਦੀਆਂ ਅਤੇ ਕਾਰਕੁੰਨ ਸਮੇਂ-ਸਮੇਂ 'ਤੇ ਉਨ੍ਹਾਂ ਦੀ ਰਿਹਾਈ ਦਾ ਮੁੱਦਾ ਉਠਾਉਂਦੇ ਆ ਰਹੇ ਹਨ। ਨਵੰਬਰ 2013 ਅਤੇ ਨਵੰਬਰ 2014 'ਚ ਗੁਰਬਖਸ਼ ਸਿੰਘ ਖਾਲਸਾ ਨੇ ਦੋ ਵਾਰ ਮਰਨ ਵਰਤ ਰੱਖ ਕੇ ਇਸ ਮੁੱਦੇ ਵੱਲ ਧਿਆਨ ਖਿੱਚਿਆ ਸੀ। ਉਦੋਂ ਪੰਜਾਬ ਵਿਚ ਬਾਦਲਕਿਆਂ ਦਾ ਰਾਜ ਸੀ ਅਤੇ 'ਪੰਥਕ' ਹਕੂਮਤ ਨੇ ਸੰਘਰਸ਼ ਨੂੰ ਤਾਰਪੀਡੋ ਕਰਨ ਲਈ ਹਰ ਹਰਬਾ ਵਰਤਿਆ ਸੀ। ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀ ਅਜੇ ਵੀ ਜੇਲ੍ਹਾਂ 'ਚ ਹਨ। ਸਿੱਖ ਜਥੇਬੰਦੀਆਂ ਇਕ

**ਬੂਟਾ ਸਿੰਘ**
ਫੋਨ: +91-94634-74342

ਵਾਰ ਫਿਰ ਰੋਸ ਮੁਜ਼ਾਹਰੇ ਕਰਕੇ ਪ੍ਰੋਫੈਸਰ ਭੁੱਲਰ ਅਤੇ ਹੋਰ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕਰ ਰਹੀਆਂ ਹਨ।

ਚੋਣਾਂ ਸਿਰ 'ਤੇ ਹੋਣ ਕਾਰਨ ਆਮ ਆਦਮੀ ਪਾਰਟੀ ਨੂੰ ਵੀ ਰਿਹਾਈ ਦੇ ਹੱਕ 'ਚ ਹੋਣ ਦਾ ਢੌਂਗ ਰਚਣਾ ਪਿਆ ਹੈ। ਸਵਾਲਾਂ 'ਚ ਘਿਰੇ ਕੇਜਰੀਵਾਲ ਅਤੇ ਉਸ ਦੇ ਜੀ-ਹਜ਼ੂਰੀਏ ਭਗਵੰਤ ਮਾਨ ਵੱਲੋਂ ਪ੍ਰੋਫੈਸਰ ਭੁੱਲਰ ਦੀ ਜੇਲ੍ਹਬੰਦੀ ਬਾਬਤ ਦਿੱਤੇ ਗੋਲਮੋਲ ਸਪਸ਼ਟੀਕਰਨ ਇਸੇ ਸਚਾਈ ਦੀ ਪੁਸ਼ਟੀ ਕਰਦੇ ਹਨ ਕਿ ਉਨ੍ਹਾਂ ਦੀ ਨਿਆਂ ਦੇ ਸਵਾਲਾਂ ਪ੍ਰਤੀ ਪਹੁੰਚ ਬਾਕੀ ਹਾਕਮ ਜਮਾਤੀ ਕੋੜਮੇ ਤੋਂ ਵੱਖਰੀ ਨਹੀਂ ਹੈ। ਪਹਿਲਾਂ ਉਨ੍ਹਾਂ ਨੇ ਇਹ ਦਲੀਲ ਦੇ ਕੇ ਇਸ ਮੁੱਦੇ ਪ੍ਰਤੀ ਆਪਣੀ ਖਾਮੋਸ਼ੀ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਮਾਮਲਾ ਕੇਂਦਰ ਸਰਕਾਰ ਅਤੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਦੇ ਅਧਿਕਾਰ-ਖੇਤਰ ਦਾ ਹੈ। ਇਹ ਵੀ ਕਿਹਾ ਗਿਆ ਕਿ ਪ੍ਰੋਫੈਸਰ ਭੁੱਲਰ ਦੀ ਰਿਹਾਈ ਦੇ ਕੇਸ ਦੀ ਫਾਈਲ ਲੈਫਟੀਨੈਂਟ ਗਵਰਨਰ ਕੋਲ ਪਈ ਹੈ। ਪਰ ਉਨ੍ਹਾਂ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਇਹ ਫਾਈਲ ਦਿੱਲੀ ਸਰਕਾਰ ਵੱਲੋਂ ਹੀ ਲੈਫਟੀਨੈਂਟ ਗਵਰਨਰ ਕੋਲ ਭੇਜੀ ਗਈ ਹੋਵੇਗੀ, ਉਸ ਵਿਚ ਦਿੱਲੀ ਸਰਕਾਰ ਨੇ ਰਿਹਾਈ ਦੇ ਮਾਮਲੇ 'ਚ ਕੀ ਸਿਫਾਰਸ਼ ਕੀਤੀ ਹੈ ਅਤੇ ਰਿਹਾਈ ਕਿਉਂ ਨਹੀਂ ਹੋ ਰਹੀ। ਆਖਿਰਕਾਰ ਕੇਜਰੀਵਾਲ ਨੂੰ ਇਹ ਮੰਨਣਾ ਪਿਆ ਕਿ ਨਿਸ਼ਚੇ ਹੀ ਇਹ 'ਸੰਵੇਦਨਸ਼ੀਲ' ਮਾਮਲਾ ਹੈ ਅਤੇ ਪ੍ਰੋਫੈਸਰ ਭੁੱਲਰ ਦੀ ਰਿਹਾਈ ਦਿੱਲੀ ਸਰਕਾਰ ਦੇ ਸੈਨਟੈਂਸ ਰੀਵਿਊ ਬੋਰਡ ਦੇ ਹੱਥ 'ਚ ਹੈ।

ਪ੍ਰੋਫੈਸਰ ਭੁੱਲਰ ਲੱਗਭੱਗ ਤਿੰਨ ਦਹਾਕਿਆਂ ਤੋਂ ਜੇਲ੍ਹ 'ਚ ਬੰਦ ਹਨ। 2019 'ਚ ਕੇਂਦਰ ਸਰਕਾਰ ਨੇ ਗੁਰੂ ਨਾਨਕ ਜੀ ਦੇ ਪ੍ਰਕਾਸ਼ ਪੁਰਬ ਉਪਰ ਉਸ ਨੂੰ ਰਿਹਾਅ ਕਰਨ ਲਈ ਸਹਿਮਤੀ ਦੇ ਦਿੱਤੀ ਸੀ। ਕਾਂਗਰਸੀ ਆਗੂ ਮਨਿੰਦਰਜੀਤ ਬਿੱਟਾ ਨੇ ਰਿਹਾਈ ਵਿਰੁੱਧ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕਰ ਦਿੱਤੀ। ਸੁਪਰੀਮ ਕੋਰਟ ਨੇ ਰਿਹਾਈ ਉਪਰ ਰੋਕ ਲਗਾ ਦਿੱਤੀ। 9 ਦਸੰਬਰ 2021 ਨੂੰ ਸੁਪਰੀਮ ਕੋਰਟ ਵੱਲੋਂ ਬਿੱਟੇ ਦੀ ਪਟੀਸ਼ਨ ਰੱਦ ਕੀਤੇ ਜਾਣ ਨਾਲ ਪ੍ਰੋਫੈਸਰ ਭੁੱਲਰ ਦੀ ਰਿਹਾਈ ਦੀਆਂ ਤਮਾਮ ਕਾਨੂੰਨੀ ਰੁਕਾਵਟਾਂ ਦੂਰ ਹੋ ਗਈਆਂ ਅਤੇ ਦਿੱਲੀ ਦੇ ਮੁੱਖ ਮੰਤਰੀ ਦੇ ਦਸਖਤ ਹੋਣ 'ਤੇ ਉਨ੍ਹਾਂ ਦੀ ਰਿਹਾਈ ਹੋ ਸਕਦੀ ਸੀ ਪਰ ਕੇਜਰੀਵਾਲ ਸਰਕਾਰ ਨੇ ਕੇਸ ਦਬਾਈ ਰੱਖਿਆ। ਹੁਣ ਕੇਜਰੀਵਾਲ ਅਤੇ ਭਗਵੰਤ ਮਾਨ ਇਨ੍ਹਾਂ ਤੱਥਾਂ ਉਪਰ ਪਰਦਾ ਪਾ ਕੇ ਰਿਹਾਈ ਨੂੰ ਲਟਕਾਉਣ 'ਚ ਆਪਣੀ ਘਿਣਾਉਣੀ ਭੂਮਿਕਾ ਨੂੰ ਲੁਕੋਣਾ ਚਾਹੁੰਦੇ ਹਨ।

ਇਹ ਵੀ ਚੇਤੇ ਰੱਖਣਾ ਹੋਵੇਗਾ ਕਿ ਆਮ ਆਦਮੀ ਪਾਰਟੀ ਦੀ ਧਾਰਮਿਕ ਘੱਟਗਿਣਤੀਆਂ, ਕੌਮੀਅਤਾਂ, ਦਲਿਤਾਂ ਅਤੇ ਹੋਰ ਹਾਸ਼ੀਏ 'ਤੇ ਧੱਕੇ ਹਿੱਸਿਆਂ ਪ੍ਰਤੀ ਪਹੁੰਚ ਅਤੇ ਰਵੱਈਆ ਬਾਕੀ ਪਾਰਟੀਆਂ ਤੋਂ ਵੱਖਰੀ ਨਹੀਂ ਹੈ। ਦਰਅਸਲ 'ਰਾਸ਼ਟਰਵਾਦ' ਦੀ ਪੈਰੋਕਾਰ ਇਹ ਪਾਰਟੀ ਆਰ.ਐਸ.ਐਸ.-ਬੀ.ਜੇ.ਪੀ. ਦੀ ਬੀ ਟੀਮ ਦੀ ਤਰ੍ਹਾਂ ਹੈ ਅਤੇ ਕੇਜਰੀਵਾਲ ਨੇ ਅਸਲ ਹਿੰਦੂਤਵੀ ਹੋਣ ਦਾ ਦਾਅਵਾ ਵੀ ਕਰ ਚੁੱਕਾ ਹੈ। ਪਿਛਲੇ ਦਿਨੀਂ ਬੀ.ਜੇ.ਪੀ. ਦੀ ਤਰਜ਼ 'ਤੇ ਪੰਜਾਬ ਵਿਚ ਤਿਰੰਗਾ ਯਾਤਰਾ ਕੱਢੀ ਗਈ ਅਤੇ ਜਦੋਂ ਫਿਰੋਜ਼ਪੁਰ ਵਾਲੀ ਰੈਲੀ ਅਸਫਲ ਹੋਣ 'ਤੇ ਮੋਦੀ ਨੇ 'ਬਠਿੰਡਾ ਏਅਰਪੋਰਟ ਤੱਕ ਜ਼ਿੰਦਾ ਲੌਟ ਆਇਆ ਹੂੰ' ਦਾ ਝੂਠਾ ਬਿਰਤਾਂਤ ਪ੍ਰਚਾਰਿਆ ਤਾਂ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਬੀ.ਜੇ.ਪੀ. ਦੇ ਆਈ.ਟੀ. ਸੈੱਲ ਦੀ ਭੂਮਿਕਾ ਨਿਭਾਉਂਦਿਆਂ ਚੀਕਣਾ ਸ਼ੁਰੂ ਕਰ ਦਿੱਤਾ ਕਿ ਪ੍ਰਧਾਨ ਮੰਤਰੀ ਦੀ 'ਸੁਰੱਖਿਆ ਮੇਂ ਚੂਕ' ਹੋਈ ਹੈ। ਇਹ ਵਿਰਲੀ ਮਿਸਾਲ ਨਹੀਂ ਸਗੋਂ ਉਨ੍ਹਾਂ ਦੇ ਆਮ ਨਜ਼ਰੀਏ ਦਾ ਹਿੱਸਾ ਹੈ। ਆਰ.ਐਸ.ਐਸ.-ਬੀ.ਜੇ.ਪੀ. ਦੀ ਕੇਂਦਰੀ ਹਕੂਮਤ ਵੱਲੋਂ ਜਦੋਂ ਵੀ ਮਜ਼ਲੂਮ ਹਿੱਸਿਆਂ ਉਪਰ ਹਮਲਾ ਕੀਤਾ ਗਿਆ ਜਾਂ ਰਾਜਾਂ ਦੇ ਅਧਿਕਾਰ ਖੇਤਰ ਨੂੰ ਨਿਸ਼ਾਨਾ ਬਣਾਇਆ ਗਿਆ, ਕੇਜਰੀਵਾਲ ਗਰੁੱਪ ਨੇ ਸਿੱਧੇ ਜਾਂ ਅਸਿੱਧੇ ਰੂਪ 'ਚ ਹਿੰਦੂ ਰਾਸ਼ਟਰਵਾਦੀ



ਖੱਬਿਓਂ: ਦਵਿੰਦਰਪਾਲ ਸਿੰਘ ਭੁੱਲਰ, ਉਮਰ ਖਾਲਿਦ ਅਤੇ ਅਰਵਿੰਦ ਕੇਜਰੀਵਾਲ।

ਹਮਲਿਆਂ ਦੀ ਬੇਸ਼ਰਮੀ ਨਾਲ ਹਮਾਇਤ ਕੀਤੀ। ਕੇਜਰੀਵਾਲ ਦਿੱਲੀ ਨੂੰ ਮੁਕੰਮਲ ਰਾਜ ਦਾ ਦਰਜਾ ਦੇਣ ਦੀ ਮੰਗ ਕਰ ਰਿਹਾ ਹੈ ਲੇਕਿਨ ਜਦੋਂ ਧਾਰਾ 370 ਅਤੇ 35-ਏ ਤਹਿਤ ਰਾਜ ਦਾ ਵਿਸ਼ੇਸ਼ ਦਰਜਾ ਖਤਮ ਕਰਕੇ ਫੌਜੀ ਤਾਕਤ ਦੇ ਜ਼ੋਰ ਜੰਮੂ ਕਸ਼ਮੀਰ ਦੇ ਟੁਕੜੇ ਕੀਤੇ ਗਏ ਤਾਂ ਕੇਜਰੀਵਾਲ ਨੇ ਉਸ ਧੱਕੇਸ਼ਾਹੀ ਨੂੰ ਰਾਸ਼ਟਰੀ ਹਿਤ 'ਚ ਕੀਤਾ ਫੈਸਲਾ ਕਿਹਾ। ਖੇਤੀ ਖੇਤਰ ਬਾਰੇ ਕਾਨੂੰਨ ਬਣਾਉਣਾ ਰਾਜਾਂ ਦਾ ਵਿਸ਼ਾ ਹੈ, ਫਿਰ ਵੀ ਤਿੰਨ ਕਾਲੇ ਖੇਤੀ ਆਰਡੀਨੈਂਸ ਪਾਸ ਕੀਤੇ ਜਾਣ 'ਤੇ ਕੇਜਰੀਵਾਲ ਗਰੁੱਪ ਨੇ ਰਾਜਾਂ ਦੇ ਅਧਿਕਾਰ ਖੇਤਰ ਉਪਰ ਸਿੱਧੇ ਹਮਲੇ ਵਿਰੁੱਧ ਮੂੰਹ ਨਹੀਂ ਖੋਲ੍ਹਿਆ। ਇਸ ਤੋਂ ਵੀ ਅੱਗੇ, ਤਿੰਨ ਖੇਤੀ ਕਾਨੂੰਨਾਂ ਵਿਚੋਂ ਇਕ ਕਾਨੂੰਨ ਬਾਰੇ 23 ਨਵੰਬਰ 2021 ਨੂੰ ਨੋਟੀਫੀਕੇਸ਼ਨ ਵੀ ਸਭ ਤੋਂ ਪਹਿਲਾਂ ਕੇਜਰੀਵਾਲ ਸਰਕਾਰ ਨੇ ਜਾਰੀ ਕੀਤਾ ਸੀ। ਰਿਪੇਰੀਅਨ ਕਾਨੂੰਨ ਤਹਿਤ ਆਪਣੇ ਦਰਿਆਈ ਪਾਣੀ ਉਪਰ ਪੰਜਾਬ ਦੇ ਹੱਕ, ਭਾਖੜਾ ਹੈੱਡ ਵਰਕਸ ਦੇ ਕੰਟਰੋਲ, ਚੰਡੀਗੜ੍ਹ ਉਪਰ ਪੰਜਾਬ ਦੇ ਜਾਇਜ਼ ਦਾਅਵੇ ਭਾਵ ਰਾਜਾਂ ਦੀ ਖੁਦਮੁਖਤਾਰੀ ਅਤੇ ਕੇਂਦਰ ਵੱਲੋਂ ਪੰਜਾਬ ਨਾਲ ਧੱਕੇ ਅਤੇ ਵਿਤਕਰੇ ਦੇ ਕਿਸੇ ਵੀ ਸਵਾਲ ਉਪਰ ਇਸ ਦੀ ਸੋਚ ਬਾਕੀ ਹਾਕਮ ਜਮਾਤੀ ਕੋੜਮੇ ਤੋਂ ਵੱਖਰੀ ਨਹੀਂ ਹੈ।

ਇਸੇ ਤਰ੍ਹਾਂ, ਦਿੱਲੀ ਪੁਲਿਸ ਵੱਲੋਂ ਉਮਰ ਖਾਲਿਦ ਅਤੇ ਜੇ.ਐਨ.ਯੂ. ਦੇ ਸਾਬਕਾ ਵਿਦਿਆਰਥੀ ਆਗੂਆਂ ਵਿਰੁੱਧ ਰਾਜਧ੍ਰੋਹ ਦੇ ਕੇਸ ਚਲਾਏ ਜਾਣ ਨੂੰ ਮਨਜ਼ੂਰੀ ਕੇਜਰੀਵਾਲ ਸਰਕਾਰ ਵੱਲੋਂ ਦਿੱਤੀ ਗਈ। ਆਰ.ਐਸ.ਐਸ.-ਬੀ.ਜੇ.ਪੀ. ਵੱਲੋਂ ਨਾਗਰਿਕਤਾ ਸੋਧ ਕਾਨੂੰਨ ਅਤੇ ਕੌਮੀ ਨਾਗਰਿਕ ਰਜਿਸਟਰ ਤਹਿਤ ਮੁਸਲਿਮ ਘੱਟਗਿਣਤੀ ਭਾਈਚਾਰੇ ਨੂੰ ਨਿਸ਼ਾਨਾ ਬਣਾਏ ਜਾਣ ਦੇ ਵਕਤ ਕੇਜਰੀਵਾਲ ਸਰਕਾਰ ਨੇ ਦੜ ਵੱਟ ਲਈ। ਹਿੰਸਾ ਦੇ ਸਾਜ਼ਿਸ਼ ਘਾੜੇ ਭਗਵੇਂ ਆਗੂ ਅੱਜ ਵੀ ਮੁਸਲਿਮ ਫਿਰਕੇ ਵਿਰੁੱਧ ਜ਼ਹਿਰੀਲੇ ਭਾਸ਼ਣ ਦੇ ਰਹੇ ਹਨ ਜਦਕਿ ਸ਼ਾਹੀਨ ਬਾਗ ਮੋਰਚਿਆਂ 'ਚ ਨਾਗਰਿਕਤਾ ਦੇ ਮਨੁੱਖੀ ਹੱਕ ਦੀ ਰਾਖੀ ਲਈ ਲੜਨ ਵਾਲੇ ਨੌਜਵਾਨ ਕਾਰਕੁਨ ਜੇਲ੍ਹਾਂ 'ਚ ਸੜ ਰਹੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਦੇ ਇਸ਼ਾਰੇ 'ਤੇ ਦਿੱਲੀ ਪੁਲਿਸ ਦੀ ਨੰਗੀ-ਚਿੱਟੀ ਧੱਕੇਸ਼ਾਹੀ ਦੇ ਬਾਵਜੂਦ ਕੇਜਰੀਵਾਲ ਗਰੁੱਪ ਨੇ ਕਦੇ ਮਜ਼ਲੂਮਾਂ ਲਈ ਹਾਅ ਦਾ ਨਾਅਰਾ ਨਹੀਂ ਮਾਰਿਆ। ਕਾਂਗਰਸ, ਅਕਾਲੀ ਅਤੇ ਹੋਰ ਪਾਰਟੀਆਂ ਦੀ ਭੂਮਿਕਾ ਸਭ ਨੂੰ ਸਪਸ਼ਟ ਹੈ ਪਰ ਕੇਜਰੀਵਾਲ ਜੁੰਡਲੀ ਚਲਾਕੀ ਨਾਲ ਆਪਣੀ ਰਾਸ਼ਟਰਵਾਦੀ ਕਿਰਦਾਰ ਲੁਕੋ ਕੇ ਨਵੀਂ ਕਿਸਮ ਦੀ ਸਿਆਸਤ ਦੀ ਦਾਅਵੇਦਾਰ ਬਣੀ ਬੈਠੀ ਹੈ।

ਇਹ ਵੀ ਧਿਆਨ 'ਚ ਰਹਿਣਾ ਚਾਹੀਦਾ ਹੈ ਕਿ ਸਜ਼ਾਵਾਂ ਕੱਟ ਚੁੱਕੇ ਕੈਦੀਆਂ ਨੂੰ ਕਈ ਕਈ ਸਾਲ ਬਾਅਦ ਵੀ ਰਿਹਾਅ ਨਾ ਕਰਨ ਦਾ ਵਰਤਾਰਾ ਕਿਸੇ ਇਕ ਖਿੱਤੇ ਜਾਂ ਇਕ ਖਾਸ ਸਮਾਜੀ ਹਿੱਸੇ ਤਕ ਮਹਿਦੂਦ ਨਹੀਂ ਹੈ। ਇਹ ਸਥਾਪਤੀ ਵਿਰੋਧੀ ਲਹਿਰਾਂ ਪ੍ਰਤੀ ਭਾਰਤੀ ਰਾਜ ਦੀ ਆਮ ਨੀਤੀ ਹੈ ਅਤੇ ਇਹ ਇਨ੍ਹਾਂ ਲਹਿਰਾਂ ਵਿਚ ਸ਼ਾਮਲ ਅਵਾਮ ਦੀ ਹੱਕ-ਜਤਾਈ ਨੂੰ ਕੁਚਲਣ ਦਾ ਗਿਣ-ਮਿੱਥ ਕੇ ਵਰਤਿਆ ਜਾਂਦਾ ਕਾਰਗਰ ਰਾਜਕੀ ਹਥਿਆਰ ਹੈ। ਰਾਜਨੀਤਕ ਲਹਿਰਾਂ ਤੋਂ ਇਲਾਵਾ ਸਮਾਜ ਦੇ ਨਿਤਾਣੇ, ਹਾਸ਼ੀਏ 'ਤੇ ਧੱਕੇ ਜਾਂ ਅਣਗੌਲੇ ਹਿੱਸਿਆਂ ਦੇ ਆਮ 'ਮੁਜਰਮ' ਵੀ ਅਕਸਰ ਹੀ ਇਹੀ ਸੰਤਾਪ ਭੋਗਦੇ ਵੇਖੇ ਜਾ ਸਕਦੇ ਹਨ। ਮਾਓਵਾਦੀ ਜ਼ੋਰ ਵਾਲੇ ਰਾਜਾਂ ਤੋਂ ਇਲਾਵਾ, ਜੰਮੂ-ਕਸ਼ਮੀਰ, ਉਤਰ-ਪੂਰਬੀ ਰਿਆਸਤਾਂ, ਦਿੱਲੀ, ਗੁਜਰਾਤ ਆਦਿ ਵਿਚ ਵੱਡੀ ਤਾਦਾਦ 'ਚ ਐਸੇ ਲੋਕ ਸਜ਼ਾਵਾਂ ਕੱਟਣ ਤੋਂ ਬਾਅਦ ਵੀ ਜੇਲ੍ਹਾਂ 'ਚ ਬੰਦ ਹਨ।

ਇਸੇ ਪ੍ਰਸੰਗ 'ਚ ਇਕ ਹੋਰ ਉਭਰਵਾਂ ਮੁੱਦਾ ਕਾਲੇ ਕਾਨੂੰਨਾਂ ਟਾਡਾ, ਪੋਟਾ ਤੇ ਯੂ.ਏ.ਪੀ.ਏ., ਅਫਸਪਾ ਅਤੇ ਇੰਡੀਅਨ ਪੀਨਲ ਕੋਡ ਦੀਆਂ 'ਰਾਜਧ੍ਰੋਹ' ਅਤੇ 'ਸਰਕਾਰ ਵਿਰੁੱਧ ਜੰਗ ਛੇੜਨ' ਦੀਆਂ ਬਰਤਾਨਵੀ ਦੌਰ ਦੀਆਂ ਜਾਬਰ ਧਾਰਾਵਾਂ ਦਾ ਹੈ ਜਿਸ ਨੂੰ ਕੋਈ ਵੀ ਨਹੀਂ ਉਠਾ ਰਿਹਾ। ਇਸੇ ਤਰ੍ਹਾਂ ਕਸ਼ਮੀਰੀਆਂ ਅਤੇ ਹੋਰ ਕੌਮੀਅਤਾਂ, ਆਦਿਵਾਸੀਆਂ ਅਤੇ ਚੋਟੀ ਦੇ ਬੁੱਧੀਜੀਵੀਆਂ ਉਪਰ ਇਨ੍ਹਾਂ ਕਾਨੂੰਨਾਂ ਤਹਿਤ ਬਣਾਏ ਮੁਕੱਦਮੇ ਹਨ। ਚਾਹੇ ਇਹ ਕਾਨੂੰਨ ਪਾਸ ਕੀਤੇ ਗਏ ਜਾਂ ਵੱਖੋ-ਵੱਖਰੇ ਸਮੇਂ 'ਤੇ ਇਨ੍ਹਾਂ 'ਚ ਸੋਧਾਂ ਕੀਤੀਆਂ ਗਈਆਂ, ਜੇ ਕਾਂਗਰਸ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ ਸੀ ਤਾਂ ਬੀ.ਜੇ.ਪੀ. ਅਤੇ ਉਸ ਦੀਆਂ ਜੋਟੀਦਾਰ ਪਾਰਟੀਆਂ ਨੇ ਇਨ੍ਹਾਂ ਦੀ ਹਮਾਇਤ ਕੀਤੀ, ਜੇ ਬੀ.ਜੇ.ਪੀ. ਅਤੇ ਉਸ ਦੀਆਂ ਜੋਟੀਦਾਰ ਪਾਰਟੀਆਂ ਦੀ ਸਰਕਾਰ ਸੀ ਤਾਂ ਕਾਂਗਰਸ ਅਤੇ ਉਸ ਦੇ ਜੋਟੀਦਾਰਾਂ ਨੇ ਹਮਾਇਤ ਕੀਤੀ। ਇਨ੍ਹਾਂ ਕਾਨੂੰਨਾਂ ਤਹਿਤ ਹੀ ਸਿੱਖ ਕੈਦੀਆਂ ਅਤੇ ਹੋਰ ਰਾਜਨੀਤਕ ਕਾਰਕੁੰਨਾਂ ਉਪਰ ਕੇਸ ਬਣਾਏ ਗਏ। ਜਿਨ੍ਹਾਂ ਦੀਆਂ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ ਉਨ੍ਹਾਂ ਨੂੰ ਵੀ ਰਿਹਾਅ ਨਹੀਂ ਕੀਤਾ ਜਾ ਰਿਹਾ। ਪਿਛਲੇ ਸਾਲਾਂ 'ਚ ਪੰਜਾਬ ਵਿਚ ਖਾਲਿਸਤਾਨ ਪੱਖੀ ਅਤੇ ਹੋਰ ਕਥਿਤ ਗੈਰ-ਕਾਨੂੰਨੀ ਜਥੇਬੰਦੀਆਂ ਨਾਲ ਸੰਬੰਧਾਂ ਦੇ ਆਧਾਰ 'ਤੇ ਬਹੁਤ ਸਾਰੇ ਕਾਰਕੁਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਕਈ ਸਿੱਖ ਨੌਜਵਾਨਾਂ ਨੂੰ 'ਰਿਫਰੈਂਡਮ-2020' ਜਾਂ ਉਨ੍ਹਾਂ ਕੋਲੋਂ ਕਥਿਤ ਗੈਰ-ਕਾਨੂੰਨੀ ਕਿਤਾਬਚੇ ਅਤੇ ਪੋਸਟਰ ਬਰਾਮਦ ਹੋਣ ਦੇ ਹਾਸੋ-ਹੀਣੇ ਕੇਸਾਂ ਤਹਿਤ ਗ੍ਰਿਫਤਾਰ ਕਰਕੇ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ। ਇਹ ਕੇਸ ਪੰਜਾਬ ਵਿਚ ਕਾਂਗਰਸ ਅਤੇ ਅਕਾਲੀ-ਭਾਜਪਾ ਦੋਵਾਂ ਸਰਕਾਰਾਂ ਦੌਰਾਨ ਬਣਾਏ ਗਏ। ਕੈਪਟਨ ਅਮਰਿੰਦਰ ਸਿੰਘ ਅਤੇ ਸੁਖਬੀਰ ਸਿੰਘ ਬਾਦਲ ਵਰਗੇ ਸਿਆਸਤਦਾਨ ਅੰਦੋਲਨਾਂ ਨੂੰ ਬਦਨਾਮ ਕਰਨ ਅਤੇ ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਲਈ 'ਨਕਸਲੀ' ਅਤੇ 'ਖਾਲਸਤਾਨੀ' ਖਤਰੇ ਦੀ ਦੁਹਾਈ ਦਿੰਦੇ ਅਕਸਰ ਦੇਖੇ ਜਾ ਸਕਦੇ ਹਨ। ਆਨੰਦਪੁਰ ਸਾਹਿਬ ਦੇ ਮਤੇ, ਯਾਨੀ ਰਾਜਾਂ ਨੂੰ ਵੱਧ ਅਧਿਕਾਰਾਂ ਦੇ ਜਿਸ ਮੁੱਦੇ ਉਪਰ ਅਕਾਲੀਆਂ ਨੇ 'ਧਰਮ ਯੁੱਧ' ਮੋਰਚਾ ਲਾ ਕੇ ਹਜ਼ਾਰਾਂ ਨੌਜਵਾਨਾਂ ਨੂੰ ਮਰਵਾਇਆ, ਸੱਤਾ ਹਾਸਲ ਕਰਕੇ ਉਸ ਬਾਰੇ ਚੁੱਪ ਵੱਟ ਲਈ ਗਈ। ਨਾ ਅਕਾਲੀ ਦਲ ਨੇ ਕਦੇ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਕੋਈ ਸੰਘਰਸ਼ ਲੜਿਆ, ਨਾ ਭਾਜਪਾ ਨਾਲ ਭਾਈਵਾਲ ਹੋਣ ਸਮੇਂ ਬੀ.ਜੇ.ਪੀ. ਸਰਕਾਰ ਕੋਲ ਸਿੱਖ ਕੈਦੀਆਂ ਦੀ ਰਿਹਾਈ ਅਤੇ ਪੰਜਾਬ ਦੇ ਹੋਰ ਮੁੱਦੇ ਉਠਾਏ ਸਗੋਂ ਉਸੇ ਬੁੱਚੜ ਸੁਮੇਧ ਸੈਣੀ ਨੂੰ ਪੰਜਾਬ ਦਾ ਡੀ.ਜੀ.ਪੀ. ਥਾਪ ਦਿੱਤਾ ਜਿਸ ਨੇ ਪ੍ਰੋਫੈਸਰ ਭੁੱਲਰ ਦੇ ਪਰਿਵਾਰ ਅਤੇ ਹੋਰ ਅਨੇਕਾਂ ਸਿੱਖ ਨੌਜਵਾਨਾਂ ਨੂੰ ਮਾਰ ਕੇ ਖਪਾਇਆ ਸੀ।

ਭਾਰਤੀ ਰਾਜ ਦੇ ਦਿਨੋ-ਦਿਨ ਤਿੱਖੇ ਹੋ ਰਹੇ ਫਾਸ਼ੀਵਾਦੀ ਹਮਲੇ ਦੇ ਮੱਦੇਨਜ਼ਰ ਕੈਦੀਆਂ ਅਤੇ ਹੋਰ ਲੋਕਾਂ ਦੇ ਮਨੁੱਖੀ ਹੱਕਾਂ ਦੀ ਰਾਖੀ ਦਾ ਮਹੱਤਵ ਹੋਰ ਵੀ ਵਧਦਾ ਜਾਂਦਾ ਹੈ। ਸਮੂਹ ਜਮਹੂਰੀ ਨਿਆਂਪਸੰਦ ਤਾਕਤਾਂ ਜੇ ਇਸ ਮੁੱਦੇ ਨੂੰ ਸ਼ਿੱਦਤ ਨਾਲ ਨਹੀਂ ਲੈ ਰਹੀਆਂ ਤਾਂ ਇਸ ਦੀ ਮੁੱਖ ਵਜ੍ਹਾ ਰਾਜਕੀ ਧੱਕੇਸ਼ਾਹੀਆਂ ਪ੍ਰਤੀ ਖਾਸ ਸੀਮਤ ਦਾਇਰੇ ਵਾਲੀ ਸੋਚ ਹੈ। ਸਿਰਫ ਆਪੋ-ਆਪਣੇ ਸਮੂਹਾਂ ਬਾਰੇ ਹੀ ਆਵਾਜ਼ ਉਠਾਏ ਜਾਣ ਦਾ ਰੁਝਾਨ ਭਾਰੂ ਹੈ। ਵਿਆਪਕ ਭਵਿੱਖ-ਨਕਸ਼ੇ ਵਾਲੀ ਜਮਹੂਰੀ ਜੱਦੋ-ਜਹਿਦ ਖੜ੍ਹੀ ਕਰਨ ਦੀ ਰਾਜਨੀਤਕ ਸੋਚ ਅਜੇ ਨਹੀਂ ਉਭਰੀ। ਜਦੋਂ ਤੱਕ ਜਮਹੂਰੀ ਲਹਿਰ, ਦਲਿਤ ਲਹਿਰ, ਕੌਮੀਅਤ ਲਹਿਰਾਂ ਅਤੇ ਧਾਰਮਿਕ ਘੱਟਗਿਣਤੀਆਂ ਦੀਆਂ ਸੰਘਰਸ਼ਸ਼ੀਲ ਤਾਕਤਾਂ ਆਪੋ ਆਪਣੇ ਕੈਦੀਆਂ ਦੇ ਖਾਸ ਮਾਮਲੇ ਉਠਾਉਣ ਦੇ ਨਾਲ-ਨਾਲ ਇਨ੍ਹਾਂ ਮੁੱਦਿਆਂ ਨੂੰ ਸਾਂਝੇ ਤੌਰ 'ਤੇ ਉਠਾਉਣ ਲਈ ਸੰਜੀਦਾ ਸੋਚ-ਵਿਚਾਰ ਅਤੇ ਆਪਸੀ ਸੰਵਾਦ ਦਾ ਅਮਲ ਸ਼ੁਰੂ ਕਰਕੇ ਕੋਈ ਸਾਂਝਾ ਸੰਘਰਸ਼ ਨਹੀਂ ਵਿੱਢਦੀਆਂ, ਉਦੋਂ ਤੱਕ ਰਾਜ ਦੀਆਂ ਮਨਮਾਨੀਆਂ ਨੂੰ ਠੱਲ੍ਹ ਨਹੀਂ ਪਾਈ ਜਾ ਸਕਦੀ।

ਪੰਜਾਬ ਦੇ ਲੋਕਾਂ, ਖਾਸ ਕਰਕੇ ਸਿੱਖ ਭਾਈਚਾਰੇ ਨੂੰ ਇਹ ਹਕੀਕਤ ਸਮਝ ਲੈਣੀ ਚਾਹੀਦੀ ਹੈ ਕਿ ਜਿੱਥੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਲੜਨਾ ਜ਼ਰੂਰੀ ਹੈ ਉਥੇ ਸਾਰੇ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਕਰਨ ਸਮੇਤ ਮੁਲਕ ਪੱਧਰ 'ਤੇ ਮਨੁੱਖੀ ਅਤੇ ਜਮਹੂਰੀ ਹੱਕਾਂ ਦੇ ਘਾਣ ਦੇ ਸਵਾਲ ਨੂੰ ਵੀ ਹੱਥ ਲੈਣਾ ਜ਼ਰੂਰੀ ਹੈ। ਅਫਸਪਾ, ਯੂ.ਏ.ਪੀ.ਏ. ਆਦਿ ਸਮੇਤ ਹਰ ਰਾਜ ਵਿਚ ਬਣਾਏ ਤਮਾਮ ਕਾਲੇ ਕਾਨੂੰਨਾਂ ਨੂੰ ਖਤਮ ਕਰਾਉਣ ਦੀ ਲੜਾਈ ਵੀ ਬਰਾਬਰ ਲੜੀ ਜਾਣੀ ਚਾਹੀਦੀ ਹੈ। ਇਹ ਸਵਾਲ ਖੱਬੇਪੱਖੀਆਂ ਅਤੇ ਮਨੁੱਖੀ/ਜਮਹੂਰੀ ਹੱਕਾਂ ਲਈ ਲੜਨ ਵਾਲੀਆਂ ਸਮੂਹ ਤਾਕਤਾਂ ਦੇ ਲਈ ਵੀ ਬਰਾਬਰ ਵਿਚਾਰਨ ਵਾਲਾ ਹੈ।

# ਆਰਥਿਕ ਨਾ-ਬਰਾਬਰੀ

ਦੋ ਮਹੀਨਿਆਂ ਦੌਰਾਨ ਆਰਥਿਕ ਨਾ-ਬਰਾਬਰੀ ਨਾਲ ਸੰਬੰਧਿਤ ਦੋ ਕੌਮਾਂਤਰੀ ਰਿਪੋਰਟਾਂ ਪ੍ਰਕਾਸ਼ਿਤ ਹੋਈਆਂ। 7 ਦਸੰਬਰ, 2021 ਨੂੰ ਪੈਰਿਸ ਸਕੂਲ ਆਫ਼ ਇਕਨਾਮਿਕਸ ਦੀ ਸੰਸਾਰ ਨਾ-ਬਰਾਬਰੀ ਰਿਪੋਰਟ-2022 ਅਤੇ 17 ਜਨਵਰੀ, 2022 ਨੂੰ ਔਕਸਫੈਮ ਇੰਟਰਨੈਸ਼ਨਲ ਦੁਆਰਾ 'ਇਨਇਕੁਐਲਿਟੀ ਕਿੱਲਜ਼' (ਨਾ-ਬਰਾਬਰੀ ਮਾਰਦੀ ਹੈ) ਰਿਪੋਰਟ ਦਾ ਪ੍ਰਕਾਸ਼ਨ ਹੋਇਆ। ਦੋਵੇਂ ਰਿਪੋਰਟਾਂ ਵੱਖੋ ਵੱਖ ਸੰਸਥਾਵਾਂ ਨੇ ਨਸ਼ਰ ਕੀਤੀਆਂ

**ਰਾਜੀਵ ਖੋਸਲਾ**

ਪਰ ਦੋਵਾਂ ਅੰਦਰ ਸੰਸਾਰ ਪੱਧਰ 'ਤੇ ਵਧ ਰਹੀ ਆਰਥਿਕ ਨਾ-ਬਰਾਬਰੀ ਵੱਲ ਲੋਕਾਂ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ ਹੈ।

ਸੰਸਾਰ ਨਾ-ਬਰਾਬਰੀ ਰਿਪੋਰਟ-2022 ਨੇ ਚਾਰ ਮਾਪਦੰਡਾਂ- ਦੌਲਤ, ਆਮਦਨ, ਲਿੰਗ ਤੇ ਵਾਤਾਵਰਨ ਤੇ ਨਾ-ਬਰਾਬਰੀ ਦਾ ਵਿਸ਼ਲੇਸ਼ਣ ਕੀਤਾ ਹੈ। ਰਿਪੋਰਟ ਵਿਚ ਦਰਜ ਹੈ ਕਿ ਸੰਸਾਰ ਦੀ 50% ਸਭ ਤੋਂ ਗਰੀਬ ਆਬਾਦੀ ਕੋਲ ਕੁਲ ਦੌਲਤ ਦਾ ਸਿਰਫ 2% ਅਤੇ 10% ਸਭ ਤੋਂ ਅਮੀਰ ਆਬਾਦੀ ਕੋਲ ਦੌਲਤ ਦਾ 76% ਹਿੱਸਾ ਹੈ। ਰਿਪੋਰਟ ਅਨੁਸਾਰ ਸਾਰੇ ਮੁਲਕਾਂ ਨੂੰ ਤੁਲਨਾਤਮਿਕ ਬਣਾਉਣ ਖ਼ਾਤਿਰ ਅੱਠ ਖੇਤਰਾਂ ਵਿਚ ਸ਼੍ਰੇਣੀਬੱਧ ਕੀਤਾ ਗਿਆ। ਨਾ-ਬਰਾਬਰੀ ਦਾ ਪੱਧਰ ਸਭ ਤੋਂ ਵਧ ਮੱਧ ਪੂਰਬ ਅਤੇ ਉੱਤਰੀ ਅਫਰੀਕਾ ਵਿਚ ਦਰਜ ਹੋਇਆ; ਯੂਰੋਪ ਵਿਚ ਇਹ ਸਭ ਤੋਂ ਘੱਟ ਹੈ। ਆਮਦਨ ਦੇ ਪ੍ਰਸੰਗ ਵਿਚ ਰਿਪੋਰਟ ਉਜਾਗਰ ਕਰਦੀ ਹੈ ਕਿ ਸੰਸਾਰ ਦੀ ਸਿਖਰਲੀ 10% ਆਬਾਦੀ ਕੁਲ ਆਮਦਨ ਦਾ 52% ਕਮਾਉਂਦੀ ਹੈ ਅਤੇ ਹੇਠਲੇ 50% ਲੋਕ ਕੁਲ ਆਮਦਨ ਦਾ ਕੇਵਲ 8.5% ਕਮਾਉਂਦੇ ਹਨ।

ਸੰਸਾਰ ਨਾ-ਬਰਾਬਰੀ ਰਿਪੋਰਟ-2022 ਨੇ ਭਾਰਤ ਨੂੰ ਗਰੀਬ ਅਤੇ ਸਭ ਤੋਂ ਵਧ ਨਾ-ਬਰਾਬਰੀ ਭਰਿਆ ਅਰਥਚਾਰਾ ਕਰਾਰ ਦਿੱਤਾ ਹੈ। ਸਿਖਰਲੀ 1% ਆਬਾਦੀ ਕੋਲ ਭਾਰਤ ਦੀ ਦੌਲਤ ਦਾ ਕੁਲ 33% ਹਿੱਸਾ ਹੈ ਤੇ ਚੋਟੀ ਦੇ 10% ਅਮੀਰਾਂ ਕੋਲ 65% ਦੌਲਤ ਹੈ। ਇਸ ਦੇ ਉਲਟ ਹੇਠਲੇ 50% ਲੋਕਾਂ ਕੋਲ ਦੌਲਤ ਦਾ ਸਿਰਫ਼ 6% ਹਿੱਸਾ ਹੈ। ਆਮਦਨੀ ਦੀ ਨਾ-ਬਰਾਬਰੀ ਅਨੁਸਾਰ ਭਾਰਤ ਦੀ 1% ਆਬਾਦੀ ਨੇ ਸਾਲ 2021 ਦੌਰਾਨ ਕੁਲ ਕੌਮੀ ਆਮਦਨ ਦਾ 22% ਹਿੱਸਾ ਕਮਾਇਆ ਅਤੇ ਹੇਠਲੇ 50% ਲੋਕਾਂ ਕੋਲ ਕੌਮੀ ਆਮਦਨ ਦਾ ਸਿਰਫ 13% ਹਿੱਸਾ ਆਇਆ। ਰਿਪੋਰਟ ਨੇ ਸਿੱਟਾ ਕੱਢਿਆ ਕਿ ਭਾਰਤ ਦੀਆਂ ਆਰਥਿਕ ਸੁਧਾਰਾਂ ਅਤੇ ਉਦਾਰੀਕਰਨ ਦੀਆਂ ਨੀਤੀਆਂ ਦਾ ਲਾਭ ਕੇਵਲ ਸਿਖਰਲੇ 1% ਲੋਕਾਂ ਤਕ ਹੀ ਸੀਮਤ ਰਿਹਾ ਹੈ।

ਔਕਸਫੈਮ ਇੰਟਰਨੈਸ਼ਨਲ ਦੀ ਰਿਪੋਰਟ 'ਇਨਇਕੁਐਲਿਟੀ ਕਿੱਲਜ਼' ਵਿਚ ਨਿਸ਼ਾਨਦੇਹੀ ਹੋਈ ਹੈ ਕਿ ਭਾਰਤ ਵਿਚ ਜਿੱਥੇ 2021 ਵਿਚ 84% ਪਰਿਵਾਰਾਂ ਦੀ ਆਮਦਨ ਵਿਚ ਕਮੀ ਆਈ, ਉੱਥੇ ਭਾਰਤੀ ਅਰਬਪਤੀਆਂ ਦੀ ਗਿਣਤੀ ਇਸੇ ਸਮੇਂ ਦੌਰਾਨ 102 ਤੋਂ ਵਧ ਕੇ 142 ਹੋ ਗਈ। ਇਹ ਕੇਵਲ ਇਤਫਾਕ ਹੈ ਕਿ ਜਿੱਥੇ ਸੰਸਾਰ ਨਾ-ਬਰਾਬਰੀ ਰਿਪੋਰਟ-2022 ਨੇ ਭਾਰਤ ਨੂੰ ਗਰੀਬ ਅਤੇ ਸਭ ਤੋਂ ਵਧ ਨਾ-ਬਰਾਬਰੀ ਵਾਲਾ ਅਰਥਚਾਰਾ ਕਿਹਾ ਹੈ, ਉੱਥੇ 'ਇਨਇਕੁਐਲਿਟੀ ਕਿੱਲਜ਼' ਭਾਰਤ ਵਿਚ ਨਾ-ਬਰਾਬਰੀ ਦੇ ਅਸਲ ਕਾਰਨਾਂ ਦੀ ਵਿਆਖਿਆ ਕਰਦੀ ਹੈ। ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ ਭਾਰਤੀ ਸ਼ਾਸਕ ਮਹਾਮਾਰੀ ਦੌਰਾਨ ਨਾ ਸਿਰਫ਼ ਲੋਕਾਂ ਨੂੰ ਉਨ੍ਹਾਂ ਦੇ ਜੀਵਨ ਦੀ ਸੁਰੱਖਿਆ ਮੁਹੱਈਆ ਕਰਨ ਵਿਚ ਅਸਫਲ ਰਹੇ ਬਲਕਿ ਘੱਟ ਹੱਥਾਂ ਵਿਚ ਦੌਲਤ ਪਹੁੰਚਾਉਣ ਲਈ ਵੀ ਜਵਾਬਦੇਹ ਹਨ। ਇਹ ਦਰਜ ਕੀਤਾ ਗਿਆ ਹੈ ਕਿ ਟੈਕਸਾਂ ਦੀ ਅਸੰਗਤਾ, ਸਮਾਜਿਕ ਖੇਤਰ ਤੇ ਘਟਦੇ ਖਰਚੇ ਅਤੇ ਸਮਾਜਿਕ ਵਸਤਾਂ ਦਾ ਵਧਦਾ ਨਿੱਜੀਕਰਨ ਭਾਰਤ ਵਿਚ ਫੈਲੀ ਨਾ-ਬਰਾਬਰੀ ਦੀ ਨੀਂਹ ਦਾ ਕੰਮ ਕਰਦੇ ਹਨ।

ਭਾਰਤ ਦੇ ਨੀਤੀ ਨਿਰਮਾਤਾਵਾਂ ਦਾ ਸਿਹਤ ਤੇ ਸਿੱਖਿਆ ਖੇਤਰਾਂ 'ਤੇ ਘਟਦਾ ਖਰਚ ਵੀ ਨਾ-ਬਰਾਬਰੀ ਵਧਾਉਣ ਵਿਚ ਮਾਰੂ ਸਿੱਧ ਹੋਇਆ ਹੈ। ਰਿਪੋਰਟ ਵਿਚ ਦਰਜ ਹੈ ਕਿ ਸਿਹਤ ਖੇਤਰ ਵਿਚ ਸਰਕਾਰੀ ਹਸਪਤਾਲਾਂ ਤੇ ਡਿਸਪੈਂਸਰੀਆਂ ਦੀ ਘਾਟ ਅਤੇ ਆਕਸੀਜਨ ਤੇ ਵੈਂਟੀਲੇਟਰਾਂ ਦੀ ਕਮੀ ਨੇ ਲੋਕਾਂ ਨੂੰ ਮਹਿੰਗੀਆਂ, ਪ੍ਰਾਈਵੇਟ ਖੇਤਰ ਦੀਆਂ ਸਿਹਤ ਸੇਵਾਵਾਂ ਲੈਣ ਲਈ ਮਜਬੂਰ ਕੀਤਾ। ਇਸੇ ਤਰ੍ਹਾਂ ਸਿੱਖਿਆ ਖੇਤਰ ਵਿਚ ਵੀ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚ ਸਹੂਲਤਾਂ ਦੀ ਕਮੀ ਹੋਣ ਕਾਰਨ ਬਹੁਤ ਸਾਰੇ ਬੱਚੇ ਸਕੂਲ ਛੱਡਣ ਵਾਸਤੇ ਮਜਬੂਰ ਹੋਏ। ਇਸ ਨਾਲ ਇਕ ਪਾਸੇ ਤਾਂ ਬਾਲ ਮਜ਼ਦੂਰੀ ਵਿਚ ਇਜ਼ਾਫਾ ਦੇਖਣ ਨੂੰ ਮਿਲਿਆ; ਦੂਜੇ, ਬਾਲ ਵਿਆਹਾਂ ਵਿਚ ਵਾਧਾ ਹੋਇਆ। ਰਿਪੋਰਟ ਵਿਚ ਵਿਸ਼ੇਸ਼ ਚਰਚਾ ਹੈ ਕਿ ਸਰਕਾਰ ਦੀਆਂ ਸਕੀਮਾਂ- ਆਯੂਸ਼ਮਾਨ ਭਾਰਤ, ਹੈਲਥ ਕਾਰਡ, ਲੇਬਰ ਕੋਡ, ਈ-ਸ਼੍ਰਮ ਪੋਰਟਲ ਆਦਿ ਨੂੰ ਲਾਭਪਾਤਰੀ ਸਮੂਹਾਂ ਦਾ ਅਰਥਪੂਰਨ ਹੁੰਗਾਰਾ ਨਹੀਂ ਮਿਲਿਆ।

ਇਹ ਵੇਰਵੇ ਨਾ ਸਿਰਫ ਭਾਰਤ ਦੇ ਵਿਸ਼ਵ ਗੁਰੂ ਹੋਣ ਦੇ ਦਾਅਵਿਆਂ 'ਤੇ ਸਵਾਲੀਆ ਨਿਸ਼ਾਨ ਹਨ ਸਗੋਂ ਸਰਕਾਰ ਲਈ ਵੀ ਚਿਤਾਵਨੀ ਹਨ। ਸਰਕਾਰ ਨੂੰ ਫਿਰਕੂ ਨੀਤੀਆਂ ਪਾਸੇ ਰੱਖ ਕੇ ਰਣਨੀਤਕ ਨੀਤੀਆਂ ਦੀ ਉਸਾਰੀ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਅਸਲ ਅਰਥਾਂ ਵਿਚ ਮੁਲਕ ਨੂੰ ਸਾਂਝਾ ਵਿਕਾਸ ਮਿਲ ਸਕੇ।

# ਕਿਥੇ ਗੁਆਚਿਆ ਰਿਹਾ ਵੇ ਮੇਰਿਆ ਸਰਵਣਾ ਵੀਰਾ!

***ਦਿੱਲੀ ਵੱਸਦੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਆਪਣੀਆਂ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਵਿਚ ਵੱਖਰੀ ਪਛਾਣ ਬਣਾਈ ਹੈ। ਕੁਝ ਸਾਲ ਪਹਿਲਾਂ ਆਏ ਉਨ੍ਹਾਂ ਦੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਜੋ ਪ੍ਰਸਿੱਧ ਲਿਖਾਰੀ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਸੀ, ਨਾਲ ਵੀ ਉਨ੍ਹਾਂ ਸਾਹਤਿਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਅੱਜ ਕੱਲ੍ਹ ਉਹ ਬਹੁਤਾ ਧਿਆਨ ਵਾਰਤਕ ਵੱਲ ਲਾ ਰਹੇ ਹਨ। ਅਸੀਂ ਉਨ੍ਹਾਂ ਦੀ ਵਾਰਤਕ ਦੀ ਇਕ ਵੰਨਗੀ 'ਮਾਨਸ ਤੋਂ ਦੇਵਤਾ' ਦੇ ਰੂਪ ਵਿਚ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ ਜਿਸ ਵਿਚ ਉਨ੍ਹਾਂ ਕੁਝ ਅਸਾਧਾਰਨ ਸ਼ਖਸੀਅਤਾਂ ਦੇ ਦਿਲਚਸਪ ਅਤੇ ਨਿਆਰੇ ਸ਼ਬਦ ਚਿੱਤਰ ਉਲੀਕੇ ਹਨ।***

## ਮਾਨਸ ਤੋਂ ਦੇਵਤਾ

**ਗੁਰਬਚਨ ਸਿੰਘ ਭੁੱਲਰ**
**ਫੋਨ: +807-636-3058**

ਕੁਛ ਦਿਨ ਪਹਿਲਾਂ ਦੀ ਘਟਨਾ ਹੈ। ਮੈਂ ਦਿੱਲੀ ਆਪਣੇ ਘਰ ਦੇ ਸਾਹਮਣੇ ਗਲੀ ਵਿਚ ਕੁਛ ਗੁਆਂਢੀਆਂ ਨਾਲ ਖੜ੍ਹਾ ਗੱਲਾਂ ਕਰ ਰਿਹਾ ਸੀ। ਉਨ੍ਹਾਂ ਵਿਚੋਂ ਇਕ ਦਾ ਦਸ ਕੁ ਸਾਲ ਦਾ ਲੜਕਾ ਆਇਆ ਅਤੇ ਕਹਿੰਦਾ, "ਡੈਡੀ, ਆਪ ਕੀ ਸਿਸਟਰ ਆਈ ਹੈ, ਘਰ ਚਲੀਏ।"

ਏਨਾ ਕਹਿ ਕੇ ਵਾਪਸ ਭੱਜਣ ਲੱਗੇ ਦੀ ਮੈਂ ਬਾਂਹ ਫੜ ਲਈ ਅਤੇ ਕਿਹਾ, "ਬੇਟਾ, ਉਹ ਤੇਰੀ ਵੀ ਕੁਛ ਲਗਦੀ ਹੈ ਕਿ ਨਹੀਂ?"

ਉਹਨੇ ਰਿਸ਼ਤਾ ਯਾਦ ਕਰਨ ਦੀ ਕੋਸ਼ਿਸ਼ ਕਰਦਿਆਂ ਕਿਹਾ, "ਲਗਤੀ ਹੈਂ...ਉਂ...ਉਂ...ਕਿਆ ਲਗਤੀ ਹੈ...ਉਂ...ਬੂਆ!" ਤੇ ਉਹ ਬਾਂਹ ਛੁਡਾ ਕੇ ਭੱਜ ਗਿਆ।

ਜੇ ਸਰਸਰੀ ਦੇਖੋ, ਗੱਲ ਛੋਟੀ ਜਿਹੀ ਹੈ ਪਰ ਜੇ ਧਿਆਨ ਨਾਲ ਸੋਚੋ, ਗੱਲ ਬਹੁਤ ਵੱਡੀ ਹੈ। ਇਹ ਸਾਡੇ ਸਮਾਜ ਵਿਚ ਰਿਸ਼ਤਿਆਂ ਦੀ ਪਛਾਣ ਅਤੇ



ਪਕੜ ਮੱਧਮ ਪੈਂਦੀ ਜਾਣ ਦੀ ਨਿਸ਼ਾਨੀ ਹੈ।

ਅਸਲ ਵਾਰਤਾ ਦੀ ਭੂਮਿਕਾ ਵਜੋਂ ਇਕ ਹੋਰ ਗੱਲ ਸੁਣਾਉਣੀ ਵੀ ਠੀਕ ਰਹੇਗੀ। ਕੋਈ ਅੱਧੀ ਸਦੀ ਪਹਿਲਾਂ ਦੀ ਗੱਲ ਹੈ। ਮੇਰੇ ਬਾਪੂ ਜੀ ਦਿੱਲੀ ਸਾਡੇ ਨਾਲ ਰਹਿੰਦਿਆਂ ਜਦੋਂ ਸਾਂਝੀ ਕੰਧ ਵਾਲੇ ਗੁਆਂਢੀਆਂ ਨੂੰ ਇਕ ਦੂਜੇ ਦੇ ਅੱਗੇ-ਪਿੱਛੇ ਬਾਰੇ ਬਿਲਕੁਲ ਬੇਪਤਾ ਦੇਖਦੇ ਤਾਂ ਬੜੇ ਹੈਰਾਨ ਹੁੰਦੇ। ਉਹ ਆਖਿਆ ਕਰਦੇ ਸਨ, ਸਾਡੇ ਜ਼ਮਾਨੇ ਵਿਚ ਲੋਕ ਅਣਜਾਣੇ ਬੰਦੇ ਨਾਲ ਪੈਦਲ ਰਾਹ ਤੁਰਦਿਆਂ ਜਾਂ ਰੇਲ-ਗੱਡੀ ਵਿਚ ਕੋਲ ਬੈਠਿਆਂ ਇਕ ਦੂਜੇ ਦਾ ਨਾਂ-ਪਤਾ, ਪਿੰਡ-ਗਰਾਂ ਤਾਂ ਪੁਛਦੇ ਹੀ, ਨਾਨਕਿਆਂ-ਦਾਦਕਿਆਂ, ਸਕੇ-ਸੰਬੰਧੀਆਂ, ਵਾਹੀ-ਖੇਤੀ ਤੱਕ ਹੋਰ ਸਾਰੀ ਜਾਣਕਾਰੀ ਦਾ ਵੀ ਲੈਣ-ਦੇਣ ਕਰ ਲੈਂਦੇ ਸਨ।

ਅਸੀਂ ਉਸ ਸਮੇਂ ਜਿਸ ਫ਼ਲੈਟ ਵਿਚ ਰਹਿੰਦੇ ਸੀ, ਉਹ ਪੌੜੀਆਂ ਚੜ੍ਹ ਕੇ ਖੱਬੇ ਪਾਸੇ ਸੀ ਅਤੇ ਸਾਹਮਣੇ ਸੱਜੇ ਪਾਸੇ ਇਕ ਹੋਰ ਪੰਜਾਬੀ ਪਰਿਵਾਰ ਰਹਿੰਦਾ ਸੀ। ਦੋਵਾਂ ਦਰਵਾਜ਼ਿਆਂ ਵਿਚਕਾਰ ਮਸਾਂ ਤਿੰਨ ਕੁ ਗ਼ਜ਼ ਦੀ ਵਿੱਥ ਸੀ। ਜਦੋਂ ਕਦੀ ਪੌੜੀਆਂ ਵਿਚ ਮੇਲ ਹੁੰਦਾ, ਮੈਂ ਉਹਨੂੰ ਮਦਾਨ ਸਾਹਿਬ ਆਖ ਕੇ ਦੁਆ-ਸਲਾਮ ਕਰ ਦਿੰਦਾ, ਉਹ ਮੈਨੂੰ ਭੁੱਲਰ ਸਾਹਿਬ ਆਖ ਕੇ ਜਵਾਬ ਦੇ ਦਿੰਦਾ। ਬਾਪੂ ਜੀ ਇਕ ਦਿਨ ਮੈਨੂੰ ਕਹਿੰਦੇ, "ਐਹ ਆਪਣੇ ਸਾਹਮਣੇ ਵਾਲੇ ਮਦਾਨ ਦਾ ਨਾਂ ਕੀ ਐ ਤੇ ਇਹ ਕਿਥੋਂ ਦੇ ਨੇ?"

ਮੈਂ ਕਿਹਾ, "ਪਤਾ ਨਹੀਂ, ਬਾਪੂ ਜੀ। ਕਦੇ ਕੁਛ ਜਾਣਨ ਦੀ ਲੋੜ ਹੀ ਨਹੀਂ ਪਈ। ਨਾਂ ਤਾਂ ਸਭ ਮਦਾਨ ਹੀ ਲੈਂਦੇ ਨੇ।"

ਉਹ ਹੈਰਾਨ ਹੋਏ, "ਹੱਦ ਹੋ ਗਈ! ਗੁਆਂਢੀ ਹਾਂ ਤੇ ਨਾਂ-ਥਾਂ ਦਾ ਪਤਾ ਨਹੀਂ।"

ਮੈਂ ਕੱਚਾ ਜਿਹਾ ਹੋ ਕੇ ਕਿਹਾ, "ਬਾਪੂ ਜੀ, ਵੱਡੇ ਸ਼ਹਿਰਾਂ ਦਾ ਜੀਵਨ ਆਪਣੇ ਪਿੰਡਾਂ ਨਾਲੋਂ ਬਿਲਕੁਲ ਵੱਖਰਾ ਹੈ। ਇਥੇ ਇਹੋ ਜਿਹੀ ਪੁੱਛ-ਦੱਸ ਦਾ ਲੋਕ ਬੁਰਾ ਮਨਾਉਂਦੇ ਨੇ। ਕਹਿੰਦੇ ਨੇ, ਕਿਸੇ ਦੂਜੇ ਨੂੰ ਇਨ੍ਹਾਂ ਗੱਲਾਂ ਨਾਲ ਕੀ ਮਤਲਬ।"

ਉਹ ਬੋਲੇ, "ਉਨ੍ਹਾਂ ਦੀ ਗੱਲ ਠੀਕ ਹੈ। ਜੋ ਕਿਸੇ ਹੈ, ਉਹਦਾ ਇਹ ਸਭ ਪੁੱਛਣ ਦਾ ਕੀ ਮਤਲਬ। ਪਰ ਅਸੀਂ ਕਿਸੇ ਥੋੜ੍ਹੋ ਹਾਂ, ਅਸੀਂ ਤਾਂ ਗੁਆਂਢੀ ਹਾਂ!"

ਇਸ ਮਾਨਵਵਾਦੀ ਤਰਕ ਦਾ ਕੀ ਜਵਾਬ ਹੋ ਸਕਦਾ ਸੀ, ਮੈਂ ਚੁੱਪ ਕਰਨਾ ਹੀ ਠੀਕ ਸਮਝਿਆ।

ਮੈਂ ਸੋਚਿਆ, ਗੱਲ ਮੁੱਕ ਗਈ ਪਰ ਮੁੱਕੀ ਹੈ ਨਹੀਂ ਸੀ। ਸ਼ਾਮ ਨੂੰ ਬਾਪੂ ਜੀ ਨੇੜਲੇ ਪਾਰਕ ਵਿਚ ਸੈਰ ਕਰ ਕੇ ਮੁੜੇ ਤਾਂ ਸਾਨੂੰ ਦੋਵਾਂ ਨੂੰ ਕੋਲ ਬੁਲਾ ਕੇ ਕਹਿੰਦੇ, "ਸੈਰ ਤੋਂ ਮੁੜਦਾ ਮੈਂ ਆਪਣੇ ਮਦਾਨ ਦੇ ਘਰ ਚਲਿਆ ਗਿਆ ਸੀ।" ਫੇਰ ਉਨ੍ਹਾਂ ਨੇ ਸਾਨੂੰ ਮਦਾਨ ਦਾ ਪੂਰਾ ਨਾਂ, ਉਨ੍ਹਾਂ ਦਾ ਪਾਕਿਸਤਾਨ ਦਾ ਪਿੱਛਾ, ਭਰਾ-ਭੈਣ, ਮਾਮੇ-ਭੂਆ, ਦਫ਼ਤਰ, ਵਗੈਰਾ ਦੀ ਸਾਰੀ ਜਾਣਕਾਰੀ ਦੇ ਦਿੱਤੀ ਅਤੇ ਬੋਲੇ, "ਮਦਾਨ ਦੇ ਘਰੋਂ ਬੀਬੀ ਬੜੀ ਭਲੀ ਹੈ, ਮੱਲੋਜ਼ੋਰੀ ਮਠਿਆਈ ਨਾਲ ਚਾਹ ਪਿਆਈ।"

ਇਕ ਰਿਸ਼ਤਾ ਸਕੇ-ਸੰਬੰਧੀਆਂ ਤੇ ਗੁਆਂਢੀਆਂ ਨਾਲ ਹੁੰਦਾ ਹੈ ਅਤੇ ਇਕ ਰਿਸ਼ਤਾ ਵਾਕਫ਼ਾਂ-ਦੋਸਤਾਂ ਤੇ ਸਹਿਕਰਮੀਆਂ ਨਾਲ ਹੁੰਦਾ ਹੈ। ਪਰ ਜੇ ਸਮਝੀਏ ਤਾਂ ਮਨੁੱਖ ਦੇ ਨਾਤੇ ਸਾਡਾ ਇਕ ਰਿਸ਼ਤਾ ਹਰ ਮਨੁੱਖ ਨਾਲ ਹੁੰਦਾ ਹੈ, ਉਹਨੂੰ ਅਸੀਂ ਜਾਣਦੇ ਹੋਈਏ ਜਾਂ ਨਾ। ਤੇ ਇਹੋ ਰਿਸ਼ਤਾ ਸਭ ਤੋਂ ਖ਼ੂਬਸੂਰਤ ਰਿਸ਼ਤਾ ਹੁੰਦਾ ਹੈ। ਜਾਨਵਰਾਂ ਨੂੰ ਕੁਦਰਤ ਨੇ ਇਹ ਸਮਰੱਥਾ ਨਹੀਂ ਦਿੱਤੀ ਪਰ ਅਸੀਂ ਕਿਸੇ ਵੀ ਮਨੁੱਖ ਦੇ ਸੁਖ ਵਿਚ ਸੁਖੀ ਅਤੇ ਦੁੱਖ ਵਿਚ ਦੁਖੀ ਮਹਿਸੂਸ ਕਰਨ ਦੇ ਸਮਰੱਥ ਹਾਂ ਅਤੇ ਸਾਨੂੰ ਕਰਨਾ ਚਾਹੀਦਾ ਵੀ ਹੈ!

ਜਦੋਂ ਕਦੇ ਅਜਿਹਾ ਜ਼ਿਕਰ ਚਲਦਾ ਹੈ, ਚਾਚਾ ਗੁਰਬਖ਼ਸ਼ ਸਿੰਘ ਯਾਦ ਆ ਜਾਂਦਾ ਹੈ। ਉਹ ਸਾਡੇ ਸਕੇ ਘਰਾਂ ਵਿਚੋਂ ਤਾਂ ਨਹੀਂ ਸੀ ਪਰ ਉਨ੍ਹਾਂ ਦਾ ਮਕਾਨ ਸਾਡੇ ਨੇੜੇ ਹੀ ਸੀ। ਚਾਚੇ ਦੀਆਂ ਤਿੰਨ ਭੈਣਾਂ ਸਨ, ਸਾਡੀਆਂ ਭੂਆ। ਉਸ ਦੇ ਦੁਖਦੇ-ਸੁਖਦੇ, ਖ਼ੁਸ਼ੀ-ਗ਼ਮੀ ਦੇ ਹਰ ਮੌਕੇ ਉਹ ਤਿੰਨੇ ਆ ਹਾਜ਼ਰ ਹੁੰਦੀਆਂ। ਜਦੋਂ ਮੈਂ ਕੁਛ ਵੱਡਾ ਹੋਇਆ ਤਾਂ ਇਕ ਦਿਨ ਉਨ੍ਹਾਂ ਦੇ ਟੱਬਰ ਦੀ ਅਤੇ ਚਾਚੇ ਦੇ ਚੰਗੇ ਸੁਭਾਅ ਦੀ ਗੱਲ ਚੱਲੀ ਤੋਂ ਮੇਰੀ ਮਾਂ ਕਹਿੰਦੀ, "ਸਕੀਆਂ ਭੈਣਾਂ ਤਾਂ ਤੇਰੇ ਚਾਚੇ ਦੀਆਂ ਦੋ ਹੀ ਨੇ, ਤੀਜੀ ਬੰਤੋ ਦੀ ਤਾਂ ਭਾਈ ਹੋਰ ਹੀ ਕਹਾਣੀ ਹੈ।"

ਜਦੋਂ ਮਾਂ ਨੇ ਪੂਰਾ ਕਿੱਸਾ ਸੁਣਾਇਆ, ਉਸ ਸਮੇਂ ਦੇ ਪੇਂਡੂ ਮਾਹੌਲ ਵਿਚ ਨੇਕ ਬੰਦਿਆਂ ਦੀ ਅਤੇ ਉਨ੍ਹਾਂ ਦੇ ਨਿਰਮਲ ਦਿਲਾਂ ਦੀਆਂ ਗੱਲਾਂ ਦੀ ਕੋਈ ਘਾਟ ਨਾ ਹੋਣ ਦੇ ਬਾਵਜੂਦ ਮੈਂ ਹੈਰਾਨ ਰਹਿ ਗਿਆ। ਮੇਰੇ ਮੂੰਹੋਂ ਸੁਤੇ-ਸਿਧ ਨਿੱਕਲ ਗਿਆ, "ਵਾਹ ਚਾਚਾ ਗੁਰਬਖ਼ਸ਼ ਸਿਆਂ, ਕਮਾਲ ਕਰ ਦਿੱਤੀ ਤੂੰ ਤਾਂ!"

ਹੁਣ ਤਾਂ ਰੱਬ ਜਾਣੇ, ਉਸ ਤੋਂ ਵੀ ਵੱਡਾ ਜੰਕਸ਼ਨ ਹੋਰ ਕੋਈ ਹੋਰ ਕਿਤੇ ਬਣ ਗਿਆ ਹੈ ਕਿ ਨਹੀਂ, ਬਠਿੰਡਾ ਓਦੋਂ ਰੇਲਾਂ ਦਾ ਏਸ਼ੀਆ ਦਾ ਸਭ ਤੋਂ ਵੱਡਾ ਜੰਕਸ਼ਨ ਮੰਨਿਆ ਜਾਂਦਾ ਸੀ। ਉਥੋਂ ਸੱਤ ਪਾਸਿਆਂ ਨੂੰ ਰੇਲਾਂ ਜਾਂਦੀਆਂ ਹਨ। ਮਤਲਬ ਵਾਇਆ ਬਠਿੰਡਾ ਕਿਤੇ ਵੀ ਪਹੁੰਚਿਆ ਜਾ ਸਕਦਾ ਹੈ। ਸਾਡੇ ਪਿੰਡ ਵਾਸਤੇ ਬਠਿੰਡਾ-ਅੰਬਾਲਾ ਲਾਈਨ ਉਤੇ ਚੌਵੀ ਘੰਟਿਆਂ ਵਿਚ ਦੋ ਗੱਡੀਆਂ ਇਧਰ ਨੂੰ ਅਤੇ ਦੋ ਉਧਰ ਨੂੰ ਚਲਦੀਆਂ ਸਨ। ਅੱਜ ਦੇ ਮਾਰੋ-ਮਾਰ ਰੁਝੇਵੇਂ ਨਹੀਂ ਸਨ ਹੁੰਦੇ। ਇਕ ਰੇਲ ਖੁੰਝੀ ਤੋਂ ਲੋਕ ਪਲੇਟਫ਼ਾਰਮ ਉਤੇ ਬੈਠੇ ਆਰਾਮ ਨਾਲ ਗੱਲਾਂ ਮਾਰਦੇ ਹੋਏ ਜਾਂ ਲੰਮੇ ਪਏ ਹੋਏ ਅਗਲੀ ਗੱਡੀ ਦੀ ਉਡੀਕ ਕਰਦੇ ਰਹਿੰਦੇ।

ਇਕ ਦਿਨ ਚਾਚਾ ਗੁਰਬਖ਼ਸ਼ ਸਿੰਘ ਬਠਿੰਡੇ ਦੇ ਮੁਸਾਫ਼ਰਖਾਨੇ ਦੇ ਬੈਂਚ ਉਤੇ ਬੈਠਾ ਰੇਲ ਉਡੀਕ ਰਿਹਾ ਸੀ ਤਾਂ ਇਕ ਸੁਆਣੀ ਉਸੇ ਬੈਂਚ ਉਤੇ ਗਠੜੀ ਰੱਖ ਕੇ ਬੈਠ ਗਈ। ਗੱਲਾਂ ਤਾਂ ਚੱਲਣੀਆਂ ਹੀ ਹੋਈਆਂ। ਲੋਕ ਇਕ ਦੂਜੇ ਨਾਲ ਮਨੁੱਖੀ ਰਿਸ਼ਤਾ ਸਮਝਦਿਆਂ ਗੱਲੀਂ ਪੈਂਦੇ ਹੀ ਸਨ। ਸੁਆਣੀ ਨੇ ਆਪਣੇ ਪਿੰਡ ਜਾਣ ਵਾਸਤੇ ਮਾਨਸਾ ਵਾਲੀ ਗੱਡੀ ਫੜਨੀ ਸੀ।

ਚਾਚੇ ਨੂੰ ਲੱਗਿਆ, ਕੋਈ ਕਸਰ ਜ਼ਰੂਰ ਹੈ, ਉਹ ਕੁਛ ਢਿੱਲੀ ਜਿਹੀ ਹੈ। ਉਹਨੇ ਪੁੱਛਿਆ, "ਬੀਬੀ, ਤੇਰਾ ਕੁਛ ਦੁਖਦਾ ਹੈ?"

ਉਹਨੇ ਨਹੀਂ ਵਿਚ ਸਿਰ ਫੇਰਿਆ।

ਚਾਚਾ ਕਹਿੰਦਾ, "ਫੇਰ ਭਾਈ ਤੂੰ ਉਦਾਸੀ ਜਿਹੀ ਕਿਉਂ ਹੈਂ?"

ਉਹ ਬੋਲੀ, "ਕੀ ਦੱਸਾਂ ਭਾਈ, ਮਹੀਨੇ ਕੁ ਨੂੰ ਮੇਰੀ ਧੀ ਦਾ ਵਿਆਹ ਐ। ਅੱਜ ਸੁਨਿਆਰ ਨੂੰ ਕੁਛ ਟੂਮ-ਟੱਲਾ ਬਣਨਾ ਦੇ ਕੇ ਆਈ ਆਂ ਤੇ ਐਹ ਕੁਛ ਲੀੜੇ-ਲੱਤੇ ਲੈ ਕੇ ਚੱਲੀ ਆਂ। ਵਿਆਹ ਦੀ ਖਰੀਦ ਵਿਚ ਲੱਗੀ ਦੀ ਮੇਰੀ ਸੁਰਤ ਮੁੜ-ਮੁੜ ਪੇਕਿਆਂ ਵੰਨੀਂ ਭਟਕਦੀ ਰਹੀ। ਮੇਰੇ ਕੋਈ ਭਰਾ ਨਹੀਂ। ਮੈਨੂੰ ਇਹੋ ਵਿਗੋਚਾ ਖਾਈ ਜਾਂਦਾ ਐ ਭਾਈ, ਨਾਨਕੇ ਵਿਹਾਰ ਕਿਵੇਂ ਨਿਭਣਗੇ! ਜੇ ਰੱਬ ਨੇ ਮੇਰੀ ਧੀ ਦਾ ਕੋਈ ਸਕਾ ਮਾਮਾ ਦਿੱਤਾ ਹੁੰਦਾ, ਹੁੱਬ ਕੇ ਵਿਆਹ ਆਉਂਦਾ ਤੇ ਸਾਰੇ ਵਿਹਾਰ ਨਿਭਾਉਂਦਾ!" ਉਹਦੀਆਂ ਅੱਖਾਂ ਭਿੱਜ ਗਈਆਂ ਤੇ ਉਹ ਹੌਕਾ ਲੈ ਕੇ ਚੁੱਪ ਕਰ ਗਈ।

ਚਾਚੇ ਨੇ ਉਹਦਾ ਉਦਾਸਿਆ ਚਿਹਰਾ ਗਹੁ ਨਾਲ ਦੇਖਿਆ ਤੇ ਕਹਿੰਦਾ, "ਕੁੜੀਏ ਕੌਣ ਕਹਿੰਦਾ ਹੈ, ਤੇਰੇ ਭਰਾ ਨਹੀਂ, ਐਹ ਦੇਖ ਬੈਠਾ ਤੇਰਾ ਭਰਾ, ਤੇਰਾ ਸਕਾ ਭਰਾ! ਗੁਰਬਖ਼ਸ਼ ਸਿਉਂ ਨਾਂ ਹੈ ਮੇਰਾ ਤੇ ਪਿੰਡ ਪਿੱਥੋ। ਪੂਰੇ ਪਿੰਡ ਵਿਚ ਹੋਰ ਕੋਈ ਗੁਰਬਖ਼ਸ਼ ਸਿਉਂ ਹੈ ਹੀ ਨਹੀਂ। ਦੋ ਅੱਖਰ ਲਿਖਾ ਕੇ ਡਾਕਖਾਨੇ ਦਾ ਕੱਚਾ ਕਾਟ ਨਾ ਪਾ ਦੇਈਂ, ਨਾਈ ਹੱਥ ਪੱਕੀ ਗੰਢ ਭੇਜੀਂ। ਨਾਈ ਨੂੰ ਉਹਦਾ ਵਿਹਾਰ ਦੇਊਂ। ਵਿਆਹ ਵੇਲੇ ਜੋ ਟੂਮ-ਟਾਕੀ ਸਰੀ, ਮੈਂ ਤੇਰੀ ਭਰਜਾਈ ਤੇ ਹੋਰ ਸਾਰੇ ਮਹੈਣ ਨਾਲ ਨਾਨਕ-ਛੱਕ ਲੈ ਕੇ ਆਊਂਗਾ। ਨਾਨਕਿਆਂ ਵਾਲੇ ਪੂਰੇ ਵਿਹਾਰ ਕਰਾਂਗੇ ਅੱਗੇ ਹੋ-ਹੋ! ਐਵੇਂ ਨਾ ਉਦਾਸ ਬੈਠ। ਮੇਰੀ ਭਾਣਜੀ ਦਾ ਸਾਹਾ ਐ, ਖ਼ੁਸ਼ੀ ਦਾ ਮੌਕਾ ਐ, ਖ਼ੁਸ਼ ਹੋ ਕਮਲੀਏ!"

ਬੇਯਕੀਨੀ ਜਿਹੀ ਨਾਲ ਸੁਣਦੀ ਰਹੀ ਬੀਬੀ ਦਾ ਜਿਵੇਂ ਕੜ ਪਾਟ ਗਿਆ ਹੋਵੇ। ਉਹ ਉਠ ਕੇ ਚਾਚੇ ਦੇ ਗਲ਼ ਨੂੰ ਚਿੰਬੜ ਕੇ ਧਾਹਾਂ ਮਾਰਨ ਲੱਗੀ, "ਕਿਥੇ ਗੁਆਚਿਆ ਰਿਹਾ ਵੇ ਮੇਰਿਆ ਸਰਵਣਾ ਵੀਰਾ!"

ਵਿਆਹ ਦਾ ਦਿਨ ਨੇੜੇ ਆਉਂਦਾ ਜਾਂਦਾ ਸੀ। ਰਿਸ਼ਤੇਦਾਰੀਆਂ ਵਿਚ ਗੰਢਾਂ ਭੇਜੀਆਂ ਜਾਣ ਲੱਗੀਆਂ। ਇਕ ਦਿਨ ਜਦੋਂ ਜੱਗਰ ਨਾਈ ਨੇ ਬੰਤੋ ਨੂੰ ਪੁੱਛਿਆ, ਅੱਜ ਗੰਢ ਕਿਹੜੀ ਰਿਸ਼ਤੇਦਾਰੀ ਵਿਚ ਲੈ ਕੇ ਜਾਣੀ ਹੈ, ਉਹ ਮੁਸਕਰਾਈ, "ਭਾਈ ਜੱਗਰਾ, ਅੱਜ ਗੰਢ ਮੇਰੇ ਸਕੇ ਭਰਾ ਨੂੰ ਰਾਮਪੁਰੇ ਨੇੜੇ ਪਿੱਥੋ ਦੇਣ ਜਾਣਾ ਹੈ।"

ਸਕਾ ਭਰਾ? ਜੱਗਰ ਹੈਰਾਨ! 'ਮੁੱਦਤਾਂ ਪਹਿਲਾਂ ਵਿਆਹ ਕੇ ਲਿਆਂਦੀ ਬੰਤੋ ਵੀ ਏਸੇ ਪਿੰਡ ਵਿਚ ਰਹਿੰਦੀ ਹੈ ਤੇ ਮੈਂ ਵੀ ਇਥੇ ਹੀ ਰਹਿੰਦਾ ਹਾਂ। ਹਰੇਕ ਘਰ ਦੀ ਇਕ-ਇਕ ਰਿਸ਼ਤੇਦਾਰੀ ਦਾ ਮੈਨੂੰ ਪਤਾ ਹੈ। ਬੰਤਕੁਰ ਦੇ ਭਰਾ-ਵਿਰਵੇ ਪੇਕਿਆਂ ਤੋਂ ਨਾ ਕੋਈ ਕਦੇ ਆਇਆ, ਨਾ ਗਿਆ। ਹੁਣ ਇਹਦੇ ਇਹ ਦੂਜੇ ਪੇਕੇ ਪਿੱਥੋ ਪਿੰਡ ਕਿਥੋਂ ਨਿੱਕਲ ਆਏ! ਤੇ ਪੇਕੇ ਵੀ ਭਰਾ ਵਾਲ਼ੇ!'

ਬੰਤੋ ਉਹਦੀ ਉਲਝਨ ਦੇਖ ਕੇ ਕਹਿੰਦੀ, "ਤੂੰ, ਭਾਈ ਜੱਗਰਾ, ਸੋਚਾਂ ਵਿਚ ਨਾ ਪੈ। ਜਾ ਕੇ ਦੇਖੀਂ, ਤੈਨੂੰ ਕਿਵੇਂ ਹੱਥਾਂ 'ਤੇ ਚਕਦੇ ਐ ਤੇ ਵਧੀਆ ਲਾਗ ਦਿੰਦੇ ਐ!"

ਨਾਈ ਗੰਢ ਲਿਆਇਆ, ਚਾਚੀ ਨੇ ਉਹਨੂੰ ਖੇਸ ਤੇ ਪੰਜ ਰੁਪਈਏ ਦਿੱਤੇ। ਭਾਣਜੀ ਦੇ ਵਿਆਹ ਦਾ ਸਾਰਾ ਲੈਣ-ਦੇਣ ਉਸੇ ਹਿਸਾਬ ਨਾਲ ਕੀਤਾ ਜਿਵੇਂ ਦੋਵਾਂ ਸਕੀਆਂ ਭੈਣਾਂ ਦੀਆਂ ਧੀਆਂ ਦੇ ਵਿਆਹਾਂ ਵੇਲੇ ਕੀਤਾ ਸੀ। ਉਸ ਦਿਨ ਤੋਂ ਚਾਚੇ ਦੀਆਂ ਦੋ ਦੀ ਥਾਂ ਤਿੰਨ ਸਕੀਆਂ ਭੈਣਾਂ ਤਾਂ ਹੋ ਹੀ ਗਈਆਂ, ਉਸ ਮਗਰੋਂ ਉਹਦੀ ਔਲਾਦ ਲਈ ਵੀ ਉਹ ਤਿੰਨੇ ਬਰਾਬਰ ਦੀਆਂ ਸਕੀਆਂ ਭੂਆ ਰਹੀਆਂ।

ਇਉਂ ਜੇ ਬੰਦਾ ਸਮਝੇ-ਪਛਾਣੇ, ਇਕ ਮਨੁੱਖ ਦਾ ਦੂਜੇ ਮਨੁੱਖ ਨਾਲ ਸਭ ਤੋਂ ਸੰਘਣਾ ਰਿਸ਼ਤਾ ਮਨੁੱਖਤਾ ਦਾ ਰਿਸ਼ਤਾ ਹੀ ਹੁੰਦਾ ਹੈ!

# ਪੰਥਕ ਸੋਚ ਵਾਲੇ ਕੁਸ਼ਲ ਪ੍ਰਬੰਧਕ ਸ਼੍ਰੋਮਣੀ ਕਮੇਟੀ ਦੇ ਸਕੱਤਰ ਸੁਖਦੇਵ ਸਿੰਘ ਭੂਰਾ ਕੋਹਨਾ

**ਤਲਵਿੰਦਰ ਸਿੰਘ ਬੁੱਟਰ**
**ਫੋਨ: 98780-70008**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵੱਖ-ਵੱਖ ਅਹੁਦਿਆਂ 'ਤੇ 35 ਸਾਲ ਸੇਵਾ ਨਿਭਾ ਕੇ 31 ਜਨਵਰੀ, 2022 ਨੂੰ ਸੇਵਾ ਮੁਕਤ ਹੋਏ ਸ. ਸੁਖਦੇਵ ਸਿੰਘ ਭੂਰਾ ਕੋਹਨਾ ਸਿੱਖ ਇਤਿਹਾਸ ਦੀ ਚੰਗੀ ਸਮਝ ਰੱਖਣ ਵਾਲੇ ਅਧਿਕਾਰੀਆਂ ਵਿਚੋਂ ਇਕ ਹਨ। ਉਨ੍ਹਾਂ ਨੇ ਪ੍ਰਤੀਨਿਧ ਸਿੱਖ ਸੰਸਥਾ ਵਿਚ ਆਪਣੀ ਪ੍ਰਬੰਧਕੀ ਯੋਗਤਾ ਨਾਲ ਕਲਰਕ ਤੋਂ ਸਕੱਤਰ ਤਕ ਦੇ ਵਕਾਰੀ ਤੇ ਸਿਖਰਲੇ ਅਹੁਦੇ ਤਕ ਦਾ ਸਫਰ ਤੈਅ ਕੀਤਾ ਹੈ।

ਤਰਨ ਤਾਰਨ ਦੇ ਪਿੰਡ ਭਾਈ ਲੱਧੂ ਵਿਚ ਸ. ਮਹਿੰਦਰ ਸਿੰਘ ਦੇ ਘਰ ਜਨਮੇ ਸ. ਸੁਖਦੇਵ ਸਿੰਘ ਨੇ ਆਪਣੀ ਮੁਢਲੀ ਵਿਦਿਆ ਪਿੰਡ ਵਰਨਾਲਾ ਦੇ ਸਰਕਾਰੀ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਇਸ ਦੌਰਾਨ ਲਗਾਤਾਰ ਦੋ ਸਾਲ ਸਰਕਾਰ ਵੱਲੋਂ ਵਜ਼ੀਫਾ ਵੀ ਪ੍ਰਾਪਤ ਕੀਤਾ, ਜੋ ਪਿੰਡਾਂ ਦੇ ਵਿਦਿਆਰਥੀਆਂ ਲਈ ਵੱਡੀ ਪ੍ਰਾਪਤੀ ਸੀ। ਪਿਛੋਂ ਆਪ ਦਾ ਪਰਿਵਾਰ ਪਿੰਡ ਭੂਰਾ ਕੋਹਨਾ ਆ ਗਿਆ। ਜਵਾਨੀ ਸਮੇਂ ਸ. ਸੁਖਦੇਵ ਸਿੰਘ ਭੂਰਾ ਕੋਹਨਾ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਵਿਚ ਵੀ ਅਹਿਮ ਭੂਮਿਕਾ ਨਿਭਾਈ ਅਤੇ ਸਿੱਖ ਸੰਘਰਸ਼ ਦੌਰਾਨ ਵੀ ਅਨੇਕਾਂ ਮੁਸੀਬਤਾਂ ਦਾ ਸਾਹਮਣਾ ਕੀਤਾ।



ਸ਼੍ਰੋਮਣੀ ਕਮੇਟੀ ਵਿਚ 9 ਜਨਵਰੀ 1987 ਨੂੰ ਬਤੌਰ ਕਲਰਕ ਭਰਤੀ ਹੋਏ ਸ. ਸੁਖਦੇਵ ਸਿੰਘ ਨੇ ਪਹਿਲੀ ਡਿਊਟੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤੀ। ਫਿਰ ਮੂਲੋਵਾਲ, ਸ੍ਰੀ ਚਮਕੌਰ ਸਾਹਿਬ, ਛੇਹਰਟਾ ਸਾਹਿਬ ਵਿਖੇ ਡਿਊਟੀ ਨਿਭਾਈ ਅਤੇ 1994 ਵਿਚ ਮੈਂਬਰ ਫਲਾਇੰਗ ਬਣੇ। ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਵਿਖੇ ਡਿਊਟੀ ਨਿਭਾਉਣ ਦੇ ਨਾਲ ਆਪ ਨੇ ਐਡੀਸ਼ਨਲ ਚੀਫ ਗੁ: ਇੰਸਪੈਕਟਰ, ਸੁਪਰਵਾਈਜ਼ਰ ਖਰੀਦਾਂ, ਇੰਚਾਰਜ ਫਲਾਇੰਗ ਅਤੇ ਅਕਾਊਂਟੈਂਟ ਧਰਮ ਪ੍ਰਚਾਰ ਕਮੇਟੀ ਵਿਖੇ ਵੀ ਡਿਊਟੀ ਨਿਭਾਈ। ਵੱਖ-ਵੱਖ ਗੁਰਦੁਆਰਿਆਂ ਵਿਚ ਮੈਨੇਜਰ ਦੀਆਂ ਸੇਵਾਵਾਂ ਵੀ ਨਿਭਾਈਆਂ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਬਤੌਰ ਮੀਤ ਮੈਨੇਜਰ ਸੇਵਾ ਨਿਭਾਉਣ ਤੋਂ ਬਾਅਦ ਚੀਫ ਗੁਰਦੁਆਰਾ ਇੰਸਪੈਕਟਰ 85 ਬਣੇ ਅਤੇ ਫਿਰ ਸਮੁੱਚੇ ਗੁਰਦੁਆਰਿਆਂ ਦੇ ਪ੍ਰਬੰਧ ਵੇਖਣ ਵਾਲੇ ਵਿਭਾਗ ਸੈਕਸ਼ਨ 85 ਦੇ ਇੰਚਾਰਜ ਵਜੋਂ ਸੇਵਾ ਨਿਭਾਈ। ਸ. ਸੁਖਦੇਵ ਸਿੰਘ ਭੂਰਾ ਕੋਹਨਾ ਨੇ ਬਤੌਰ ਮੀਤ ਸਕੱਤਰ, ਵਧੀਕ ਸਕੱਤਰ ਤੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਹੁੰਦਿਆ ਬਤੌਰ ਪੀ.ਏ. ਵੀ ਸੇਵਾਵਾਂ ਨਿਭਾਈਆਂ ਅਤੇ ਹੁਣ ਬਤੌਰ ਸਕੱਤਰ ਵਜੋਂ ਸੇਵਾ ਨਿਭਾ ਕੇ 31 ਜਨਵਰੀ ਨੂੰ ਸੇਵਾ ਮੁਕਤ ਹੋ ਰਹੇ ਹਨ। ਸ. ਭੂਰਾ ਕੋਹਨਾ ਨੇ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਕਾਬਲ ਸਿੰਘ, ਸ. ਬਲਦੇਵ ਸਿੰਘ ਸਿਬੀਆ, ਬੀਬੀ ਜਗੀਰ ਕੌਰ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਜਥੇਦਾਰ ਅਵਤਾਰ ਸਿੰਘ ਮੱਕੜ, ਪ੍ਰੋ. ਕਿਰਪਾਲ ਸਿੰਘ ਬਡੂੰਗਰ, ਭਾਈ ਗੋਬਿੰਦ ਸਿੰਘ ਲੌਂਗੋਵਾਲ ਤੇ ਹੁਣ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਪ੍ਰਧਾਨਗੀ ਕਾਰਜਕਾਲ ਦੌਰਾਨ ਤਨਦੇਹੀ ਨਾਲ ਸੇਵਾ ਨਿਭਾਈ। ਇਸ ਦੌਰਾਨ ਉਨ੍ਹਾਂ ਦਾ ਪੰਥ ਦੀਆਂ ਅਹਿਮ ਸ਼ਖ਼ਸੀਅਤਾਂ ਨਾਲ ਵੀ ਰਾਬਤਾ ਰਿਹਾ।

ਸ਼੍ਰੋਮਣੀ ਕਮੇਟੀ ਦੇ ਕਾਰਜ ਖੇਤਰ ਦੀ ਚੰਗੀ ਸੂਝ ਰੱਖਣ ਵਾਲੇ ਸ. ਸੁਖਦੇਵ ਸਿੰਘ ਭੂਰਾ ਕੋਹਨਾ ਦੀ ਸਰਵਿਸ ਦੌਰਾਨ ਸਿੱਖ ਇਤਿਹਾਸ ਦੀਆਂ ਅਹਿਮ ਸ਼ਤਾਬਦੀਆਂ ਵੀ ਆਈਆਂ ਜਿਨ੍ਹਾਂ ਦੀਆਂ ਤਿਆਰੀਆਂ ਅਤੇ ਪ੍ਰਬੰਧਾਂ ਵਿਚ ਆਪ ਨੇ ਅਹਿਮ ਭੂਮਿਕਾ ਨਿਭਾਈ। ਦਫਤਰ ਵੱਲੋਂ ਲੱਗੇ ਹਰ ਹੁਕਮ ਨੂੰ ਖਿੜੇ ਮੱਥੇ ਮੰਨਿਆ ਅਤੇ ਤਨਦੇਹੀ ਨਾਲ ਸੇਵਾ ਕਰਦਿਆਂ ਕਾਰਜ ਨੂੰ ਸਿਰੇ ਚਾੜ੍ਹਿਆ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀਆਂ ਜਾਇਦਾਦਾਂ ਦੇ ਕਬਜ਼ੇ ਛੁਡਵਾ ਕੇ ਗੁਰਦੁਆਰਾ ਸਾਹਿਬਾਨ ਦੀ ਆਮਦਨ ਵਿਚ ਵਾਧਾ ਕੀਤਾ। ਸ. ਭੂਰਾ ਕੋਹਨਾ ਦੇ ਕੰਮ ਕਰਨ ਦਾ ਤਰੀਕਾ ਤੇ ਯਾਦਸ਼ਕਤੀ ਇੰਨੀ ਤੇਜ਼ ਹੈ ਕਿ ਵਰਤਮਾਨ ਵਿਚ ਵਾਪਰੀਆਂ ਘਟਨਾਵਾਂ ਨੂੰ ਉਹ ਬਿਨਾ ਸਮਾਂ ਗਵਾਇਆਂ ਤਰੀਕਾਂ ਸਹਿਤ ਦੱਸਣ ਦੀ ਸਮਰੱਥਾ ਰੱਖਦੇ ਹਨ। ਸਿੱਖ ਇਤਿਹਾਸ ਤੇ ਗੁਰਮਤਿ ਸਿਧਾਂਤਾਂ ਦੀ ਚੰਗੀ ਸਮਝ ਰੱਖਦੇ ਸ. ਭੂਰਾ ਕੋਹਨਾ ਜਿਥੇ ਚੰਗੇ ਬੁਲਾਰੇ ਹਨ ਉਥੇ ਉਹ ਲਿਖਣ ਵਿਚ ਵੀ ਚੰਗੀ ਮੁਹਾਰਤ ਰੱਖਦੇ ਹਨ। ਅਰਦਾਸ ਹੈ ਸ. ਸੁਖਦੇਵ ਸਿੰਘ ਭੂਰਾ ਕੋਹਨਾ ਸੇਵਾ ਮੁਕਤੀ ਤੋਂ ਬਾਅਦ ਵੀ ਪੰਥਕ ਖੇਤਰ ਵਿਚ ਤਨਦੇਹੀ ਨਾਲ ਸੇਵਾਵਾਂ ਨਿਭਾਉਂਦੇ ਰਹਿਣਗੇ।

## ਚੰਗਾ ਲਿਖਦੈਂ ਸੱਜਣਾ

ਚੰਗਾ ਲਿਖਦੈਂ ਸੱਜਣਾ,
ਕਦੇ ਬਹਿ ਕੇ ਮੇਰੇ ਕੋਲ ਲਿਖੀਂ।
ਕੁੱਝ ਮੈਂ ਕਹੂੰ ,ਕੁਝ ਤੂੰ ਬੋਲੀਂ,
ਕਿੰਝ ਦਿਲ ਵਿਚ ਪੈਂਦੇ ਹੌਲ ਲਿਖੀਂ
ਚੰਗਾ ਲਿਖਦੈਂ ਸੱਜਣਾ।
ਤੂੰ ਆਪਣਾ ਕੋਈ ਖੋਇਆ ਏ,
ਕਿੰਨਾ ਕੁ ਤੂੰ ਰੋਇਆ ਏਂ,
ਦਿਲ ਦੇ ਜ਼ਖ਼ਮ ਸਾਰੇ ਫਰੋਲ ਲਿਖੀਂ,
ਚੰਗਾ ਲਿਖਦੈਂ ਸੱਜਣਾ।
ਮੇਰੇ ਵਾਂਗ ਬੇਵਕਤ
ਕਿਸੇ ਸਤਾਇਆ ਹੋਣਾ,
ਜਾਂ ਫਿਰ ਰੋਂਦੇ ਨੂੰ ਹਸਾਇਆ ਹੋਣਾ,
ਸੰਗੀ ਨਾ ਦਿਲ ਦੀ ਕੁੰਡੀ ਖੋਲ੍ਹ ਲਿਖੀਂ,
ਚੰਗਾ ਲਿਖਦੈਂ ਸੱਜਣਾ।
ਹੁਣ ਪਤਾ ਲੱਗਿਆ ਭੇਤੀ
ਸਭ ਕੁਝ ਲੁੱਟਦਾ ਏ,
ਤੇਰਾ ਭੀੜ ਵਿਚ ਦਮ, ਘੁੱਟਦਾ ਏ,
ਕੀ-ਕੀ ਬੀਤੀ ਨਾਲ ਤੇਰੇ
ਸਭ ਕੁਝ ਟੋਲ ਲਿਖੀਂ,
ਚੰਗਾ ਲਿਖਦੈਂ ਸੱਜਣਾ,
ਕਦੇ ਬਹਿ ਕੇ ਮੇਰੇ ਕੋਲ ਲਿਖੀਂ।
ਸੱਜਣਾ ਥੋੜ੍ਹੀ ਬਹੁਤੀ
ਯਾਦ ਤਾਂ ਆਉਂਦੀ ਹੋਣੀ,
ਰਾਤਾਂ ਨੂੰ ਵੀ ਸਤਾਉਂਦੀ ਹੋਣੀ,
ਗਗਨ ਕਦੇ ਹਾਰੀ ਨਾ
ਹਉਕੇ ਅਡੋਲ ਲਿਖੀਂ,
ਚੰਗਾ ਲਿਖਦੈਂ ਧਾਲੀਵਾਲ,
ਕਦੇ ਬਹਿ ਕੇ ਮੇਰੇ ਕੋਲ ਲਿਖੀਂ।

*-ਗਗਨਦੀਪ ਧਾਲੀਵਾਲ*

# ਲੋਕਤੰਤਰ ਦੇ ਬਹਾਨੇ ਅਕਲ ਨੂੰ ਗੋਤੇ ਦੇਣ ਵਾਲਾ ਮੌਕਾ ਫਿਰ ਆ ਗਿਐ, ਪਰ ਇਸ ਤੋਂ ਨਿਕਲੇਗਾ ਕੀ...


ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਚਲੰਤ ਸਾਲ ਦੇ ਪਹਿਲੇ ਚੋਣ-ਚੱਕਰ ਵਿਚ ਭਾਵੇਂ ਪੰਜ ਰਾਜਾਂ ਵਿਚ ਚੋਣਾਂ ਹੋਣੀਆਂ ਹਨ ਪਰ ਪੰਜਾਬੀਆਂ ਲਈ ਸਭ ਤੋਂ ਵੱਧ ਅਹਿਮ ਚੋਣ ਪੰਜਾਬ ਦੀ ਹੈ। ਇਸ ਲਈ ਜਿੰਨੀਆਂ ਧਿਰਾਂ ਦਾ ਖਿਲਾਰਾ ਇਸ ਵਾਰ ਪੈ ਚੁੱਕਾ ਹੈ ਤੇ ਹਾਲੇ ਹੋਰ ਪਈ ਜਾਂਦਾ ਹੈ, ਓਨਾ ਖਿਲਾਰਾ ਅੱਜ ਤਕ ਪਹਿਲਾਂ ਸ਼ਾਇਦ ਕਦੀ ਨਹੀਂ ਪਿਆ ਹੋਣਾ। ਸਪੱਸ਼ਟ ਮੋਰਚੇ ਵਜੋਂ ਪੰਜਾਬ ਵਿਚ ਇਸ ਵੇਲੇ ਰਾਜ ਕਰਦੀ ਕਾਂਗਰਸ ਪਾਰਟੀ ਇੱਕ ਹੈ, ਇਸ ਵੇਲੇ ਦੀ ਵਿਰੋਧੀ ਧਿਰ ਆਮ ਆਦਮੀ ਪਾਰਟੀ ਉਸ ਨੂੰ ਚੁਣੌਤੀ ਦੇਣ ਵਾਲੀ ਦੂਸਰੀ ਅਤੇ ਮੁੱਖ ਧਿਰ ਬਣੀ ਜਾਪਦੀ ਹੈ, ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦਾ ਗੱਠਜੋੜ ਤੀਸਰੀ ਧਿਰ ਵਜੋਂ ਬਾਕੀਆਂ ਤੋਂ ਪਹਿਲਾਂ ਮੈਦਾਨ ਵਿਚ ਆ ਗਿਆ ਸੀ। ਕਾਂਗਰਸ ਦੀ ਲੀਡਰੀ ਛੱਡ ਕੇ ਵੱਖਰੀ ਪੰਜਾਬ ਲੋਕ ਕਾਂਗਰਸ ਬਣਾਉਣ ਵਾਲੇ ਕੈਪਟਨ ਅਮਰਿੰਦਰ ਸਿੰਘ ਦਾ ਗੱਠਜੋੜ ਭਾਰਤੀ ਜਨਤਾ ਪਾਰਟੀ ਤੇ ਅਕਾਲੀਆਂ ਤੋਂ ਵੱਖ ਹੋਏ ਸੁਖਦੇਵ ਸਿੰਘ ਢੀਂਡਸਾ ਦੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨਾਲ ਹੋਇਆ ਹੈ। ਇਸ ਧਿਰ ਬਾਰੇ ਗੱਲ ਭਾਵੇਂ ਕੈਪਟਨ ਅਮਰਿੰਦਰ ਸਿੰਘ ਦਾ ਨਾਂਅ ਲੈ ਕੇ ਸ਼ੁਰੂ ਹੁੰਦੀ ਹੈ, ਅਮਲ ਵਿਚ ਇਸ ਗੱਠਜੋੜ ਦੀ ਅਗਵਾਈ ਭਾਜਪਾ ਦੇ ਆਗੂ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੇ ਹੱਥ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਤੇ ਸੁਖਦੇਵ ਸਿੰਘ ਢੀਂਡਸਾ ਐਵੇਂ ਕਰਿੰਦੇ ਜਿਹੇ ਬਣੇ ਜਾਪਦੇ ਹਨ। ਉਨ੍ਹਾਂ ਦੀ ਆਪਣੀ ਸਥਿਤੀ ਉਨ੍ਹਾਂ ਦੀ ਆਪਣੀ ਸਿਆਸੀ ਲੋੜ ਮੁਤਾਬਕ ਹੋਣ ਦੀ ਥਾਂ ਭਾਜਪਾ ਦੀ ਲੰਮੇ ਸਮੇਂ ਵਾਲੀ ਸੋਚ ਦੀ ਮੁਥਾਜ ਹੋ ਗਈ ਹੈ, ਜਿਸ ਵਿਚ ਭਾਰਤ ਨੂੰ ਇੱਕ ਖਾਸ ਧਰਮ ਦੀ ਅਗਵਾਈ ਵਾਲਾ ਦੇਸ਼ ਬਣਾਉਣ ਦੀਆਂ ਗੱਲਾਂ ਅਸੀਂ ਚਿਰਾਂ ਤੋਂ ਸੁਣਦੇ ਰਹੇ ਹਾਂ। ਆਪਣੀ ਸਿਆਸੀ ਹੋਂਦ ਬਚਾਉਣ ਦੀ ਮਜਬੂਰੀ ਨੇ ਇਨ੍ਹਾਂ ਦੋਵਾਂ ਲੀਡਰਾਂ ਦਾ ਕੱਦ ਚੋਖਾ ਬੌਣਾ ਕਰ ਦਿੱਤਾ ਹੈ ਤੇ ਹਾਲੇ ਹੋਰ ਕਰ ਦੇਣਾ ਹੈ। ਇਨ੍ਹਾਂ ਸਾਰਿਆਂ ਤੋਂ ਬਿਨਾ ਇਕ ਮੋਰਚਾ ਕਿਸਾਨਾਂ ਦੇ ਇੱਕ ਸਾਲ ਤੋਂ ਵੱਧ ਸਮਾਂ ਚੱਲਦੇ ਰਹੇ ਸੰਘਰਸ਼ ਦੀ ਅਗਵਾਈ ਕਰ ਚੁੱਕੇ ਆਗੂਆਂ ਨੇ ਬਣਾਇਆ ਹੈ। ਜਿੱਦਾਂ ਦਾ ਮੋਰਚਾ ਉਹ ਚਾਹੁੰਦੇ ਸਨ, ਓਦਾਂ ਦਾ ਬਣ ਨਹੀਂ ਸਕਿਆ, ਪਰ ਚੋਣ ਮੈਦਾਨ ਵਿਚ ਹਨ।

ਚੋਣ ਮੈਦਾਨ ਵਿਚ ਜਿਸ ਤਰ੍ਹਾਂ ਆਮ ਕਰ ਕੇ ਮੁੱਦਿਆਂ ਦੀ ਬਹਿਸ ਹੁੰਦੀ ਸੁਣਿਆ ਕਰਦੇ ਸਾਂ, ਭਾਵੇਂ ਕੁਝ ਆਗੂ ਲੀਹ ਤੋਂ ਹਟ ਕੇ ਓਦੋਂ ਵੀ ਨਿੱਜੀ ਦੂਸ਼ਣਬਾਜ਼ੀ ਕਰੀ ਜਾਂਦੇ ਹੁੰਦੇ ਸਨ, ਇਸ ਵਾਰੀ ਉਸ ਤਰ੍ਹਾਂ ਦੀ ਬਹਿਸ ਹੋਣ ਦਾ ਕੋਈ ਸਬੱਬ ਬਣਦਾ ਨਹੀਂ ਦਿਸਦਾ। ਇਸ ਦਾ ਕਾਰਨ ਅਸੀਂ ਜਾਣਨ ਦਾ ਯਤਨ ਕੀਤਾ ਤਾਂ ਪਤਾ ਲੱਗਾ ਕਿ ਆਮ ਆਦਮੀ ਪਾਰਟੀ ਤੋਂ ਬਿਨਾਂ ਬਾਕੀ ਸਭ ਧਿਰਾਂ ਵਿਚ ਉਹੋ ਜਿਹੇ ਧੰਦੇ ਕਰਨ ਵਾਲੇ ਆਗੂ ਟਿਕਟਾਂ ਲੈਣ ਵਿਚ ਸਫਲ ਹੋ ਗਏ ਹਨ, ਜਿਨ੍ਹਾਂ ਬਾਰੇ ਬੀਤੇ ਪੰਜ ਸਾਲ ਦੁਹਾਈ ਪੈਂਦੀ ਸੁਣਦੇ ਰਹੇ ਸਾਂ। ਜਿਨ੍ਹਾਂ ਵਿਰੁੱਧ ਕਾਂਗਰਸ ਦਾ ਪ੍ਰਧਾਨ ਬਣ ਕੇ ਨਵਜੋਤ ਸਿੰਘ ਸਿੱਧੂ ਨੇ ਦੁਹਾਈ ਪਾਈ ਸੀ, ਜਦੋਂ ਉਹ ਵੀ ਉਸੇ ਨਵਜੋਤ ਸਿੰਘ ਸਿੱਧੂ ਦੇ ਆਸ਼ੀਰਵਾਦ ਨਾਲ ਟਿਕਟ ਲੈਣ ਵਿਚ ਕਾਮਯਾਬ ਹੋ ਗਏ ਹਨ ਤਾਂ ਅਕਾਲੀ ਆਗੂਆਂ ਜਾਂ ਭਾਜਪਾ ਵਾਲਿਆਂ ਨੂੰ ਕੁਝ ਕਹਿਣ ਦਾ ਅਰਥ ਹੀ ਨਹੀਂ। ਜਿਹੜੇ ਆਮ ਆਦਮੀ ਪਾਰਟੀ ਵਾਲੇ ਕੱਛਾਂ ਵਜਾਉਂਦੇ ਸਨ ਕਿ ਉਨ੍ਹਾਂ ਦੀ ਦਿੱਖ ਉੱਤੇ ਦਾਗ ਨਹੀਂ, ਇਸ ਵਾਰੀ ਉਨ੍ਹਾਂ ਵੱਲੋਂ ਵੀ ਦਸ ਕੁ ਫੀਸਦੀ ਏਦਾਂ ਦੇ ਉਮੀਦਵਾਰ ਚੋਣ ਲੜਦੇ ਨਜ਼ਰ ਪੈਂਦੇ ਹਨ, ਜਿਨ੍ਹਾਂ ਬਾਰੇ ਘਰ-ਘਰ ਚਰਚੇ ਚੱਲਦੇ ਸਨ ਤੇ ਚੋਣਾਂ ਮੌਕੇ ਵੀ ਚੱਲਣ ਤੋਂ ਨਹੀਂ ਹਟਦੇ। ਪਿੱਛੇ ਆਉਂਦੀ ਧਾੜ ਚੰਗੀ ਨਾ ਹੋਵੇ ਤਾਂ ਸਿਰਫ ਆਗੂ ਚੰਗਾ ਹੋਣਾ ਕਾਫੀ ਨਹੀਂ ਹੁੰਦਾ।



ਹੈਰਾਨੀ ਵਾਲੀ ਗੱਲ ਇਹ ਹੈ ਕਿ ਹਰ ਕੋਈ ਆਮ ਲੋਕਾਂ ਨੂੰ ਇਹ ਕਹਿੰਦਾ ਹੈ ਕਿ ਉਹ ਵਾਅਦੇ ਨਿਭਾਉਣ ਵਿਚ ਕਸਰ ਨਹੀਂ ਛੱਡਣਗੇ ਤੇ ਲੋਕਾਂ ਨੂੰ ਧੋਖਾ ਨਹੀਂ ਦੇਣਗੇ, ਪੂਰੀ ਵਫਾਦਾਰੀ ਦਾ ਸਬੂਤ ਦੇਣਗੇ। ਜਦੋਂ ਹਰੇਕ ਧਿਰ ਨੇ ਉਨ੍ਹਾਂ ਲੋਕਾਂ ਨੂੰ ਟਿਕਟਾਂ ਦੇ ਦਿੱਤੀਆਂ ਹਨ, ਜਿਹੜੇ ਆਪਣੀਆਂ ਪਹਿਲੀਆਂ ਰਾਜਸੀ ਪਾਰਟੀਆਂ ਨਾਲ ਵਫਾ ਨਹੀਂ ਕਰ ਸਕੇ ਤੇ ਚੋਣਾਂ ਮੌਕੇ ਟਿਕਟ ਨਾ ਮਿਲੀ ਤਾਂ ਦੂਸਰੀ ਪਾਰਟੀ ਦੇ ਦਰਵਾਜ਼ੇ ਮੂਹਰੇ ਜਾ ਕੇ ਲੇਟਣ ਲੱਗੇ ਸਨ ਤਾਂ ਉਹ ਲੋਕਾਂ ਦੀ ਵਫਾਦਾਰੀ ਕਿੰਨੀ ਨਿਭਾਉਣਗੇ, ਇਸ ਦਾ ਕੋਈ ਭਰੋਸਾ ਨਹੀਂ। ਕੱਲ੍ਹ ਦਾ ਅਕਾਲੀ ਅੱਜ ਕਾਂਗਰਸ ਵੱਲ ਤੇ ਕਾਂਗਰਸ ਵਿਚ ਪਿਛਲੇ ਪੰਜ ਸਾਲ ਮਲਾਈ ਚੱਟਣ ਵਾਲਾ ਅੱਜ ਅਕਾਲੀ ਦਲ ਜਾਂ ਭਾਜਪਾ ਵਿਚ ਜਾਣ ਲੱਗਾ ਪੰਜ ਮਿੰਟ ਵੀ ਨਹੀਂ ਲਾਉਂਦਾ। ਕਈ ਆਗੂ ਸਵੇਰੇ ਇੱਕ ਪਾਰਟੀ ਦੇ ਦਰਵਾਜ਼ੇ ਅੱਗੇ ਟਿਕਟ ਦੀ ਝਾਕ ਵਿਚ ਖੜ੍ਹੇ ਸਨ ਤੇ ਦੁਪਹਿਰ ਢਲਦੀ ਨੂੰ ਦੂਸਰੀ ਪਾਰਟੀ ਦੇ ਦਫਤਰ ਮੂਹਰੇ ਜਾ ਬੈਠੇ ਸਨ। ਇਹ ਆਗੂ ਭਰੋਸੇ ਦੇ ਕਾਬਲ ਨਹੀਂ ਹੋ ਸਕਦੇ।

ਕੱਪੜਿਆਂ ਵਾਂਗ ਪਾਰਟੀਆਂ ਬਦਲਣ ਦੇ ਮਾਹਿਰ ਇਨ੍ਹਾਂ ਲੀਡਰਾਂ ਵੱਲੋਂ ਆਮ ਲੋਕਾਂ ਨਾਲ ਕੀਤੇ ਵਾਅਦੇ ਵੀ ਬਦਲ ਜਾਂਦੇ ਹਨ ਤੇ ਲੋਕ ਜਦੋਂ ਹੱਥਾਂ ਵਿਚ ਫੜੇ ਮੋਬਾਈਲ ਫੋਨ ਚਲਾ ਕੇ ਉਨ੍ਹਾਂ ਦਾ ਪਿਛਲਾ ਵਾਅਦਾ ਚੇਤੇ ਕਰਨ ਲਈ ਕਹਿੰਦੇ ਹਨ ਤਾਂ ਉਨ੍ਹਾਂ ਨੂੰ ਕਦੇ ਸ਼ਰਮ ਨਹੀਂ ਆਉਂਦੀ। ਰਾਜਨੀਤੀ ਦਾ ਬੜਾ ਨੀਵਾਂ ਪੱਧਰ ਇਸ ਵਾਰ ਦੇਖਣ ਨੂੰ ਮਿਲ ਰਿਹਾ ਹੈ। ਇਸ ਪੱਧਰ ਨੂੰ ਢੱਕਣ ਲਈ ਹਰ ਪਾਰਟੀ ਇਸ ਮੁਕਾਬਲੇ ਵਿਚ ਪੈ ਤੁਰੀ ਹੈ ਕਿ ਸਾਡੀ ਸਰਕਾਰ ਆਈ ਤਾਂ ਅਸੀਂ ਲੋਕਾਂ ਨੂੰ ਫਲਾਣੀ-ਫਲਾਣੀ ਸਹੂਲਤ ਮੁਫਤ ਕਰ ਦਿਆਂਗੇ। ਇੱਕ ਵਕੀਲ ਨੇ ਇਸ ਵਰਤਾਰੇ ਦੇ ਵਿਰੋਧ ਲਈ ਸੁਪਰੀਮ ਕੋਰਟ ਵਿਚ ਅਰਜ਼ੀ ਦਾਇਰ ਕਰ ਦਿੱਤੀ ਹੈ ਕਿ ਚੋਣਾਂ ਹੋਣ ਤੋਂ ਵੀ ਪਹਿਲਾਂ ਸਰਕਾਰੀ ਫੰਡਾਂ ਵਿਚੋਂ ਇਸ ਤਰ੍ਹਾਂ ਮੁਫਤ ਸਹੂਲਤਾਂ ਦੇਣ ਦੇ ਐਲਾਨ ਕਰਨੇ ਇਖਲਾਕ ਤੋਂ ਗਿਰੀ ਗੱਲ ਹੈ ਅਤੇ ਇਸ ਉੱਤੇ ਰੋਕ ਲੱਗਣੀ ਚਾਹੀਦੀ ਹੈ। ਉਸ ਨੇ ਅਰਜ਼ੀ ਵਿਚ ਇਹ ਵੀ ਲਿਖਿਆ ਹੈ ਕਿ ਇਹੋ ਜਿਹੇ ਵਾਅਦਿਆਂ ਨੂੰ ਪੂਰਾ ਕਰਨ ਲਈ ਜਿੰਨਾ ਮੋਟਾ ਫੰਡ ਚਾਹੀਦਾ ਹੈ, ਓਨਾ ਪੰਜਾਬ ਦੇ ਬੱਜਟ ਵਿਚੋਂ ਪ੍ਰਬੰਧ ਹੀ ਨਹੀਂ ਕੀਤਾ ਜਾਣਾ। ਅਰਜ਼ੀ ਦੇਣ ਵਾਲੇ ਨੇ ਸੁਪਰੀਮ ਕੋਰਟ ਨੂੰ ਕਿਹਾ ਕਿ ਵਾਅਦਿਆਂ ਵਿਚ ਇਸ ਤਰ੍ਹਾਂ ਵਧੀ ਜਾਂਦੀ ਮੁਕਾਬਲੇਬਾਜ਼ੀ ਵਿਚ ਕੋਈ ਪਾਰਟੀ ਇੱਕ ਦਿਨ ਇਹ ਕਹਿ ਦੇਵੇਗੀ ਕਿ ਸਰਕਾਰ ਬਣਵਾ ਦਿਓ, ਤੁਹਾਡੇ ਘਰ ਆ ਕੇ ਰੋਟੀ ਵੀ ਪਕਾ ਦਿਆ ਕਰਾਂਗੇ ਤੇ ਦੂਸਰੀ ਪਾਰਟੀ ਕਹਿ ਦੇਵੇਗੀ ਕਿ ਰੋਟੀ ਪੱਕ ਜਾਣ ਪਿੱਛੋਂ ਤੁਹਾਡੇ ਮੂੰਹ ਵਿਚ ਬੁਰਕੀ ਪਾਉਣ ਵਾਲਾ ਬੰਦਾ ਸਰਕਾਰ ਭੇਜਿਆ ਕਰੇਗੀ। ਸੁਪਰੀਮ ਕੋਰਟ ਵਿਚ ਇਹ ਦਲੀਲ ਏਨੀ ਗੰਭੀਰਤਾ ਨਾਲ ਜੱਜ ਸਾਹਿਬਾਨ ਨੇ ਸੁਣੀ ਕਿ ਇਸ ਦੇ ਬਾਅਦ ਭਾਰਤ ਸਰਕਾਰ ਅਤੇ ਚੋਣ ਕਮਿਸ਼ਨ ਲਈ ਨੋਟਿਸ ਜਾਰੀ ਕਰ ਕੇ ਜਵਾਬ ਮੰਗ ਲਿਆ ਹੈ। ਇਹੋ ਜਿਹਾ ਨੋਟਿਸ ਜਾਰੀ ਹੋਣਾ ਵੀ ਚਾਹੀਦਾ ਸੀ।

ਅਸੀਂ ਅੰਗਰੇਜ਼ੀ ਦੀ ਇੱਕ ਕਹਾਵਤ ਸੁਣੀ ਹੋਈ ਹੈ ਕਿ ਭੁੱਖੇ ਨੂੰ ਖਾਣ ਲਈ ਮੱਛੀ ਦੇਣ ਦੀ ਥਾਂ ਉਸ ਨੂੰ ਮੱਛੀ ਫੜਨ ਦੀ ਜਾਚ ਸਿਖਾਉਣ ਦੀ ਲੋੜ ਹੁੰਦੀ ਹੈ ਤਾਂ ਕਿ ਅਗਲੇ ਦਿਨ ਖੁਦ ਮੱਛੀ ਫੜ ਕੇ ਖਾ ਸਕੇ ਅਤੇ ਤੁਹਾਡੇ ਵੱਲ ਮੱਛੀ ਦੀ ਝਾਕ ਵਿਚ ਨਾ ਵੇਖਦਾ ਰਹੇ। ਭਾਰਤ ਵਿਚ ਏਦਾਂ ਦੇ ਲੱਖਾਂ ਨਹੀਂ, ਕਰੋੜਾਂ ਲੋਕ ਹਨ, ਜਿਹੜੇ ਕਮਾ ਕੇ ਖਾਣ ਨੂੰ ਪਹਿਲ ਦੇਣਾ ਚਾਹੁੰਦੇ ਹਨ, ਉਨ੍ਹਾਂ ਨੂੰ ਕੰਮ ਨਹੀਂ ਮਿਲਦਾ। ਸਰਕਾਰੀ ਵਿਭਾਗਾਂ ਵਿਚ ਪੋਸਟਾਂ ਖਾਲੀ ਹਨ, ਪਰ ਉਨ੍ਹਾਂ ਲਈ ਭਰਤੀ ਨਹੀਂ ਕੀਤੀ ਜਾ ਰਹੀ। ਜਿੱਥੇ ਭਰਤੀ ਕੀਤੀ ਜਾਂਦੀ ਹੈ, ਸਰਕਾਰਾਂ ਆਪਣੇ ਨਿਯਮ ਤੋੜ ਕੇ ਉਨ੍ਹਾਂ ਪੋਸਟਾਂ ਦੇ ਮੁਤਾਬਕ ਗਰੇਡ ਦੇਣ ਤੋਂ ਬਚਣ ਲਈ ਠੇਕੇ ਜਾਂ ਘੱਟ ਗਰੇਡ ਉੱਤੇ ਰੱਖਣ ਦੇ ਯਤਨ ਕਰਦੀਆਂ ਹਨ। ਅਦਾਲਤਾਂ ਉੱਤੇ ਭਰੋਸਾ ਕਰਨ ਦਾ ਸਬਕ ਹਰ ਲੋਕਤੰਤਰੀ ਦੇਸ਼ ਵਿਚ ਪੜ੍ਹਾਇਆ ਜਾਂਦਾ ਹੈ ਤੇ ਭਾਰਤ ਵਿਚ ਬਾਕੀ ਸਾਰੇ ਦੇਸ਼ਾਂ ਤੋਂ ਵੱਧ ਪੜ੍ਹਾਇਆ ਜਾਂਦਾ ਹੈ, ਪਰ ਖੁਦ ਸਰਕਾਰਾਂ ਹੀ ਅਦਾਲਤਾਂ ਦੇ ਉਹ ਫੈਸਲੇ ਲਾਗੂ ਨਹੀਂ ਕਰਦੀਆਂ, ਜਿਹੜੇ ਨੌਕਰੀ ਦੇਣ ਜਾਂ ਨੌਕਰੀ ਕਰਦੇ ਲੋਕਾਂ ਦੇ ਹਿੱਤਾਂ ਦੀ ਪਾਲਣਾ ਲਈ ਨਿਯਮ ਲਾਗੂ ਕਰਨ ਲਈ ਅਦਾਲਤਾਂ ਦੇਂਦੀਆਂ ਹਨ। ਬਹੁਤ ਸਾਰੇ ਮਾਮਲਿਆਂ ਵਿਚ ਅਦਾਲਤਾਂ ਦੇ ਦਿੱਤੇ ਹੋਏ ਫੈਸਲੇ ਲਾਗੂ ਕਰਾਉਣ ਲਈ ਫਿਰ ਅਦਾਲਤਾਂ ਵਿਚ ਅਰਜ਼ੀ ਦੇਣ ਦੀ ਨੌਬਤ ਆਉਂਦੀ ਹੈ ਤੇ ਇਹੋ ਜਿਹੇ ਕੇਸਾਂ ਵਿਚੋਂ ਵੀ ਬਹੁਤ ਸਾਰੇ ਮਾਮਲਿਆਂ ਵਿਚ ਅਦਾਲਤਾਂ ਇੱਕ ਹੱਦ ਤੋਂ ਅੱਗੇ ਵਧ ਕੇ ਲੋਕਾਂ ਦੀ ਮਦਦ ਕਰਨ ਤੋਂ ਕਿਨਾਰਾ ਕਰਨ ਦਾ ਰਾਹ ਲੱਭ ਲੈਂਦੀਆਂ ਹਨ। ਨਤੀਜੇ ਵਜੋਂ ਲੋਕ ਰੋਂਦੇ ਰਹਿ ਜਾਂਦੇ ਹਨ ਅਤੇ ਸਿਸਟਮ ਆਪਣੀ ਚਾਲ ਚੱਲਦਾ ਰਹਿੰਦਾ ਹੈ ਅਤੇ ਦੇਸ਼ ਦੇ ਲੋਕਾਂ ਨੂੰ ਸੰਵਿਧਾਨ ਅਤੇ ਨਿਆਂਪਾਲਿਕਾ ਦਾ ਸਤਿਕਾਰ ਕਰਨ ਲਈ ਉਹ ਸਬਕ ਪੜ੍ਹਾਉਂਦਾ ਰਹਿੰਦਾ ਹੈ, ਜਿਸ ਨਾਲ ਭੁੱਖੇ ਢਿੱਡਾਂ ਨੂੰ ਰੋਟੀ ਨਹੀਂ ਮਿਲ ਸਕਦੀ।

ਲੋਕਤੰਤਰ ਦੀ ਇਸ ਨਿਤਾਣੀ ਹਾਲਤ ਵਿਚ ਲੋਕਾਂ ਨੂੰ ਕਦੇ-ਕਦਾਈਂ ਗੁੱਸਾ ਕੱਢਣ ਲਈ ਚੋਣਾਂ ਦਾ ਮੌਕਾ ਮਿਲਦਾ ਹੈ ਤਾਂ ਉਨ੍ਹਾਂ ਅੱਗੇ ਮੁਖੌਟਿਆਂ ਦੀ ਏਨੀ ਭਰਮਾਰ ਹੋ ਜਾਂਦੀ ਹੈ ਕਿ ਲੋਕਾਂ ਦੀ ਅਕਲ ਗੋਤੇ ਖਾਣ ਲੱਗਦੀ ਹੈ। ਪੰਜ ਸਾਲ ਲੰਘਣ ਪਿੱਛੋਂ ਅਕਲ ਦੇ ਗੋਤੇ ਖਾਣ ਦਾ ਜਿਹੜਾ ਮੌਕਾ ਲੋਕਾਂ ਨੂੰ ਨਸੀਬ ਹੁੰਦਾ ਹੈ, ਇਸ ਵੇਲੇ ਪੰਜਾਬ ਦੇ ਲੋਕਾਂ ਮੂਹਰੇ ਓਦਾਂ ਦਾ ਮੌਕਾ ਫਿਰ ਝੰਡਾ ਚੁੱਕੀ ਖੜ੍ਹਾ ਹੈ, ਲੋਕ ਇਸ ਦੀ ਵਰਤੋਂ ਕਿੰਜ ਕਰਨਗੇ, ਕਿਹਾ ਨਹੀਂ ਜਾ ਸਕਦਾ।

# ਪ੍ਰਧਾਨ ਮੰਤਰੀ, ਗਣਤੰਤਰ ਦਿਵਸ ਦੇ ਮਾਸਕ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

1954 ਤੋਂ 1984 ਤਕ ਦਿੱਲੀ ਦਾ ਵਸਨੀਕ ਰਿਹਾ ਹੋਣ ਕਾਰਨ ਮੈਂ 26 ਜਨਵਰੀ ਦੀ ਗਣਤੰਤਰ ਦਿਵਸ ਪਰੇਡ ਦੇ ਬੜੇ ਰੰਗ ਵੇਖੇ ਹਨ। ਨਵੀਂ ਦਿੱਲੀ ਦੇ ਇੰਡੀਆ ਗੇਟ ਪਹੁੰਚੇ ਦੂਰ ਨੇੜੇ ਦੇ ਦਰਸ਼ਕਾਂ ਵਿਚ ਸ਼ਾਮਲ ਹੋ ਕੇ ਵੀ ਅਤੇ ਘਰਾਂ ਦੇ ਬੰਦ ਕਮਰਿਆਂ ਵਿਚ ਬੈਠ ਟੈਲੀਵਿਜ਼ਨ ਉੱਤੇ ਵੀ। ਏਸ ਵਾਰੀ ਕੋਵਿਡ ਦੀਆਂ ਪਾਬੰਦੀਆਂ ਅਤੇ ਕੜਾਕੇ ਦੀ ਠੰਢ ਕਾਰਨ ਆਮ ਜਨਤਾ ਦੀ ਹਾਜ਼ਰੀ ਬੜੀ ਘੱਟ ਸੀ। ਉਂਝ ਵੀ ਰਾਸ਼ਟਰਪਤੀ ਤੇ ਉੱਚੀ ਪਦਵੀ ਵਾਲੇ ਮੰਤਰੀਆਂ ਜਾਂ ਫ਼ੌਜੀ ਅਧਿਕਾਰੀਆਂ ਦੇ ਮਾਸਕ ਪਹਿਨੇ ਹੋਣ ਕਾਰਨ ਚਿਹਰੇ ਨਹੀਂ ਸਨ ਦਿਖਾਈ ਦੇ ਰਹੇ ਪਰ ਸਭ ਤੋਂ ਹੈਰਾਨੀ ਵਾਲੀ ਗਲ ਇਹ ਕਿ ਏਨੀ ਵੱਡੀ ਗਣਤੰਤਰ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਾਰਾ ਸਮਾਂ ਮਾਸਕ ਨਹੀਂ ਪਹਿਨਿਆ। ਏਥੋਂ ਤਕ ਕਿ ਭਾਰਤੀ ਸੈਨਾ ਦੇ ਮਹਾਰਥੀਆਂ ਨੇੜੇ ਜਾ ਕੇ ਵਿਦਾ ਲੈਣ ਸਮੇਂ ਵੀ ਉਨ੍ਹਾਂ ਮਾਸਕ ਨਹੀਂ ਪਹਿਨੇ। ਹੈ ਕੋਈ ਜਵਾਬ?

**ਹਮ ਘਰ ਬਾਦਲ ਆਏ ਨਾ ਆਏ**

ਸ਼੍ਰੋਮਣੀ ਅਕਾਲੀ ਦਲ ਦੇ ਮਹਾਰਥੀ ਪ੍ਰਕਾਸ਼ ਸਿੰਘ ਬਾਦਲ ਵਲੋਂ 94 ਸਾਲ ਦੀ ਉਮਰ ਵਿਚ ਕਰੋਨਾ ਨੂੰ ਪਛਾੜਨਾ ਚੰਗਾ ਲੱਗਿਆ। ਉਨ੍ਹਾਂ ਨੂੰ ਮਹਾਮਾਰੀ ਨਾਲ ਵੀ ਰਾਜਨੀਤੀ ਵਾਂਗ ਨਜਿੱਠਣਾ ਆਉਂਦਾ ਹੈ। ਮੇਰੇ 'ਦੇਸ਼ ਸੇਵਕ' ਦੇ ਸੰਪਾਦਕ ਹੁੰਦਿਆਂ ਉਹ ਦੀਵਾਲੀ ਵਾਲੇ ਦਿਨ ਆਪਣੇ ਪੁੱਤਰ ਸੁਖਬੀਰ ਨੂੰ ਨਾਲ ਲੈ ਕੇ ਮੇਰੇ ਘਰ ਆਏ ਤਾਂ ਮੇਰੇ ਪਿਤਾ ਜੀ ਘਰ ਦੇ ਲਾਅਨ ਵਿਚ ਜ਼ਰਾ ਹਟਵੇਂ ਬੈਠੇ ਸਨ। ਉਨ੍ਹਾਂ ਨੂੰ ਪਤਾ ਲੱਗਿਆ ਤਾਂ ਬਾਪੂ ਜੀ ਦੇ ਗੋਡੀਂ ਹੱਥ, ਲਾ ਕੇ ਅੱਗੇ ਵਧੇ। ਮੇਰੇ ਪਿਤਾ ਨੇ ਸਾਡੇ ਜੱਦੀ ਪਿੰਡ ਜਾ ਕੇ ਇਹ ਗੱਲ ਆਪਣੇ ਪਿੰਡ ਵਾਲਿਆਂ ਨੂੰ ਹੀ ਨਹੀਂ ਦੂਰ ਨੇੜੇ ਦੇ ਮਿੱਤਰ ਪਿਆਰਿਆਂ ਨੂੰ ਵੀ ਦੱਸੀ। ਉਹ ਮੁੜ ਸਾਡੇ ਘਰ ਆਉਣ ਨਾ ਆਉਣ, ਤੰਦਰੁਸਤ ਰਹਿਣ।

**ਸੰਤ ਸਿੰਘ ਸੇਖੋਂ ਯਾਦਗਾਰੀ ਲਾਇਬਰੇਰੀ**

ਪੰਜਾਬੀ ਸਾਹਿਤ ਦੇ ਮਹਾਨਾਇਕ ਸੰਤ ਸਿੰਘ ਸੇਖੋਂ ਦੇ ਅਕਾਲ ਚਲਾਣੇ ਤੋਂ 32 ਸਾਲ ਪਿੱਛੋਂ ਉਸ ਦੇ ਜੱਦੀ ਪੁਸ਼ਤੀ ਪਿੰਡ ਦਾਖਾ ਵਿਚ ਉਨ੍ਹਾਂ ਦੀ ਯਾਦ ਵਿਚ ਲਾਇਬਰੇਰੀ ਸਥਾਪਤ ਕੀਤੀ ਗਈ ਹੈ। ਇਸ ਉੱਤਮ ਕਾਰਜ ਦਾ ਸਿਹਰਾ ਸੰਦੀਪ ਸੰਧੂ ਦੇ ਸਿਰ ਬੱਝਦਾ ਹੈ, ਜਿਹੜਾ ਵਿਧਾਨ ਸਭਾ ਚੋਣ ਹਲਕੇ ਤੋਂ ਚੋਣ ਲੜ ਰਿਹਾ ਹੈ। ਉਹ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਉਸ ਦਾ ਵਿਸ਼ੇਸ਼ ਸਿਆਸੀ ਸਕੱਤਰ ਰਹਿ ਚੁੱਕਿਆ ਹੈ ਤੇ ਹੁਣ ਕੁੱਲ ਹਿੰਦ ਕਾਂਗਰਸ ਕਮੇਟੀ ਦਾ ਉਮੀਦਵਾਰ ਹੈ। ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦਾ ਬਾਬਾ ਬੋਹੜ ਸੀ। ਉਹ ਚਾਰ ਦਰਜਨ ਪੁਸਤਕਾਂ ਦਾ ਰਚੇਤਾ ਸੀ ਤੇ ਦਰਜਨ ਤੋਂ ਵੱਧ ਰਾਸ਼ਟਰੀ ਤੇ ਅੰਤਰਰਾਸ਼ਟਰੀ ਪਦਵੀਆਂ ਤੇ ਪੁਰਸਕਾਰਾਂ ਦਾ ਪ੍ਰਾਪਤ ਕਰਤਾ। ਪੰਜਾਬੀ ਸਾਹਿਤ ਨੂੰ ਉਸ ਦੀ ਬਹੁ-ਵਿਧੀ ਦੇਣ ਸਦਕਾ ਉਸ ਦੀ ਪੰਜਾਬੀ ਨੂੰ ਦੇਣ ਬਾਰੇ ਅੱਧੀ ਦਰਜਨ ਪੁਸਤਕਾਂ ਉਸ ਦੇ ਜੀਉਂਦੇ ਜੀ ਲਿਖੀਆਂ ਗਈਆਂ। ਮੈਨੂੰ ਮਾਣ ਹੈ ਕਿ ਪੰਜਾਬ ਖੇਤੀਬਾੜੀ ਯੂਨੀਵਰਸਟੀ ਦੇ ਸੰਚਾਰ ਕੇਂਦਰ ਦਾ ਮੁਖੀ ਹੁੰਦਿਆਂ ਮੈਂ ਉਸ ਨੂੰ ਯੂਨੀਵਰਸਟੀ ਵਲੋਂ ਪ੍ਰੋਫੈਸਰ ਐਮੀਰੇਟਸ ਦੀ ਉਪਾਧੀ ਸਵੀਕਾਰ ਕਰਨ ਲਈ ਮਨਾਇਆ, ਜਿਸ ਉੱਤੇ ਉਹ ਅੰਤਮ ਸਾਹਾਂ ਤਕ ਬਿਰਾਜਮਾਨ ਰਹੇ। ਸੰਦੀਪ ਸੰਧੂ ਦੇ ਸੱਜਰੇ ਉਦਮ ਦਾ ਸਤਿਕਾਰ ਕਰਨਾ ਬਣਦਾ ਹੈ।

**ਲਖਵਿੰਦਰ ਜੌਹਲ ਨੂੰ ਮੁਬਾਰਕਾਂ**

ਸਾਹਿਤ ਜਗਤ ਵਿਚ ਪੰਜਾਬੀ ਕਵੀ ਲਖਵਿੰਦਰ ਜੌਹਲ ਦਾ ਸਰਬ ਸੰਮਤੀ ਨਾਲ ਪੰਜਾਬੀ ਸਾਹਿਤ ਅਕਾਦਮੀ ਦਾ ਪ੍ਰਧਾਨ ਚੁਣੇ ਜਾਣਾ ਬੜੀ ਤਸੱਲੀ ਵਾਲੀ ਖਬਰ ਹੈ। ਪਿਛਲੇ ਸਮਿਆਂ ਵਿਚ ਸਾਹਿਤ ਤੇ ਕਲਾ ਦੇ ਖੇਤਰ ਵਿਚ ਅਜਿਹਾ ਵਰਤਾਰਾ ਘੱਟ ਹੀ ਸੁਣਨ ਵਿਚ ਆਇਆ ਹੈ।



**ਤੇਰਾ ਸਿੰਘ ਚੰਨ ਨੂੰ ਚੇਤੇ ਕਰਦਿਆਂ**

ਪੰਜਾਬ ਦੀਆਂ ਸਾਹਿਤਕ ਜਥੇਬੰਦੀਆਂ ਦੇ ਬਹੁ-ਵਿਸ਼ੇ ਕਰਤਾ ਧਰਤਾ ਰਹੇ ਤੇਰਾ ਸਿੰਘ ਚੰਨ



ਦਾ 101ਵਾਂ ਜਨਮ ਦਿਨ ਇਸ ਵਰ੍ਹੇ ਦੀ ਰਾਸ਼ਟਰੀ ਤੇ ਅੰਤਰਰਾਸ਼ਟਰੀ ਠੰਢ ਨੇ ਦਬਾ ਲਿਆ। ਮੇਰੀ ਉਮਰ ਦੇ ਬੰਦਿਆਂ ਨੂੰ ਤਾਂ ਹੁਣ ਆਪਣਾ ਜਨਮ ਦਿਨ ਵੀ ਚੇਤੇ ਨਹੀਂ ਰਹਿੰਦਾ। ਚੰਨ ਹੁਰਾਂ ਦੀ ਸਭ ਤੋਂ ਵੱਡੀ ਧੀ ਸੁਲੇਖਾ ਨੂੰ ਵੀ ਠੰਢ ਨੇ ਜਕੜ ਲਿਆ ਜਾਪਦਾ ਹੈ, ਜਿਹੜੀ ਇਨ੍ਹੀਂ ਦਿਨੀਂ ਆਪਣੇ ਜੀਵਨ ਸਾਥੀ ਰਘਬੀਰ ਸਿੰਘ ਸਿਰਜਣਾ ਨਾਲ ਆਪਣੀ ਬੇਟੀ ਰਚਨਾ ਸਿੰਘ ਕੋਲ ਕੈਨੇਡਾ ਰਹਿ ਰਹੀ ਹੈ। ਓਥੋਂ ਦੀ ਠੰਢ ਨੇ ਵੀ 30 ਸਾਲਾਂ ਦਾ ਰਿਕਾਰਡ ਤੋੜ ਦਿੱਤਾ ਹੈ। ਚੇਤੇ ਰਹੇ ਕਿ ਲੰਮਾ ਸਮਾਂ ਪੰਜਾਬੀ ਸਾਹਿਤ ਦਾ ਸਾਂਝਾ ਚਿਹਰਾ ਰਹੇ ਸਰਵਗਵਾਸੀ ਤੇਰਾ ਸਿੰਘ ਚੰਨ ਦਾ 101ਵਾਂ ਜਨਮ ਦਿਨ 6 ਜਨਵਰੀ ਨੂੰ ਸੀ।

**ਅੰਤਿਕਾ**

ਦਾਮਨ

ਮੈਂ ਪੰਜਾਬੀ ਪੰਜਾਬ ਦਾ ਰਹਿਣ ਵਾਲਾ
ਸਦਾ ਖੈਰ ਪੰਜਾਬੀ ਦੀ ਮੰਗਦਾ ਹਾਂ
ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਹਾਂ
**ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ।**

# ਵਰਤੋਂ ਕੰਪਿਊਟਰ ਦੀ

## ਇਨਪੁੱਟ ਸਾਧਨ - ਮਾਊਸ

ਕੰਪਿਊਟਰ ਦੇ ਇਨਪੁੱਟ ਸਾਧਨਾਂ ਵਿਚ ਕੀ ਬੋਰਡ ਦੇ ਨਾਲ-ਨਾਲ, ਸੱਗੀ ਨਾਲ ਪ੍ਰਾਂਦੇ ਵਾਂਗ, ਇੱਕ ਲੋੜੀਂਦਾ ਸਾਧਨ ਮਾਊਸ ਵੀ ਹੈ। ਕਿਉਂਕਿ



ਇਹ ਚੂਹੇ ਵਾਂਗ ਦਿਖਾਈ ਦਿੰਦਾ ਹੈ ਅਤੇ ਇਸ ਨਾਲ ਪੂਛ ਵੀ ਹੁੰਦੀ ਹੈ, ਇਸ ਲਈ ਇਸ ਦਾ ਨਾਂ ਮਾਊਸ ਰੱਖਿਆ ਗਿਆ ਹੈ। ਸਮੇਂ ਨਾਲ ਇਸ ਦੀ ਪੂਛ, ਨਾਲੋਂ ਲਹਿ ਗਈ ਹੈ ਅਤੇ ਇਹ ਵੀ ਬਿਨਾਂ

ਕਿਰਪਾਲ ਸਿੰਘ ਪੰਨੂੰ
ਫੋਨ: 365-994-8850,
ਡਾ. ਰਾਜਵਿੰਦਰ ਸਿੰਘ
ਫੋਨ: 94633-27683

ਤਾਰ ਹੋ ਗਿਆ ਹੈ। ਕਈ ਕਮਾਂਡਾਂ ਮਾਊਸ ਤੋਂ ਬਗੈਰ ਦਿੱਤੀਆਂ ਹੀ ਨਹੀਂ ਜਾ ਸਕਦੀਆਂ ਅਤੇ ਜਦੋਂ ਅਸੀਂ ਸੋਧ ਸੁਧਾਈ ਕਰਦੇ ਹਾਂ ਤਾਂ ਇਹ ਸਭ ਤੋਂ ਵੱਧ ਨੇੜੇ (ਹੈਂਡੀ) ਅਤੇ ਸਭ ਤੋਂ ਵੱਧ ਸੌਖਾ ਸਹਾਈ ਹੁੰਦਾ ਹੈ।

ਬਹੁਤ ਸਾਰੀਆਂ ਕਮਾਂਡਾਂ ਐਸੀਆਂ ਹਨ, ਜੋ ਕੀਅ ਬੋਰਡ ਅਤੇ ਮਾਊਸ ਦੋਹਾਂ ਨਾਲ ਦਿੱਤੀਆਂ ਜਾ ਸਕਦੀਆਂ ਹਨ। ਸੋ ਸਲਾਹ ਇਹੋ ਹੀ ਦਿੱਤੀ ਜਾਂਦੀ ਹੈ ਕਿ ਜਦੋਂ ਕੀਅ ਬੋਰਡ ਦੀ ਵਰਤੋਂ ਹੋ ਰਹੀ ਹੋਵੇ ਤਾਂ ਹੱਥ ਮਾਊਸ ਵੱਲ ਲਿਜਾ ਕੇ ਆਪਣੀ ਸ਼ਕਤੀ ਬਰਬਾਦ ਨਾ ਕਰੋ ਅਤੇ ਜਦੋਂ ਮਾਊਸ ਨਾਲ ਕੰਮ ਕਰ ਰਹੇ ਹੋਵੋ ਤਾਂ ਜੋ ਕਰ ਸਕਦਾ ਹੈ ਸਾਰੇ ਕੰਮ ਮਾਊਸ ਕੋਲੋਂ ਹੀ ਕਰਵਾਓ। ਇਸ ਦੇ ਬੜੇ ਥੋੜ੍ਹੇ ਜਿਹੇ ਗਿਣਵੇਂ-ਚੁਣਵੇਂ ਹੀ ਪੁਰਜ਼ੇ ਹੁੰਦੇ ਹਨ ਪਰ ਹੁੰਦੇ ਮਹੱਤਵਪੂਰਨ ਹਨ। ਇਸ ਦੀ ਵਰਤੋਂ ਵੇਲੇ ਇਸ ਦੀ ਪਿੱਠ ਉੱਤੇ ਆਪਣਾ ਹੱਥ ਇਸ ਤਰ੍ਹਾਂ ਰੱਖੋ ਕਿ ਅੰਗੂਠੇ ਤੇ ਅਖੀਰਲੀਆਂ ਦੋ ਉਂਗਲਾਂ ਰਾਹੀਂ ਇਸ ਨੂੰ ਫੜ ਕੇ ਹਥੇਲੀ ਨਾਲ ਮਾਊਸ ਅਤੇ ਡੈਸਕ ਇੱਕਮਿੱਕ ਹੋ ਜਾਣ ਅਤੇ ਤੁਹਾਡੇ ਹੱਥ ਦੀਆਂ ਪਹਿਲੀਆਂ ਦੋ ਉਂਗਲਾਂ ਕਲਿੱਕ ਕਰਨ ਲਈ ਸੁਤੰਤਰ ਰਹਿਣ। ਮਾਊਸ ਨੂੰ ਡੈਸਕ ਉੱਤੋਂ ਤਿਲ੍ਹਕ ਕੇ ਬੇਲੋੜੀ ਕਮਾਂਡ ਚਲਾ ਦੇਣ ਦੀ ਆਦਤ ਹੈ। ਖਾਸ ਕਰਕੇ ਸੀਨੀਅਰਾਂ ਨਾਲ ਇਹ ਝਹੇਡਾਂ ਕਰਦਾ ਹੈ। ਪਹਿਲਾਂ-ਪਹਿਲ ਥੋੜ੍ਹਾ ਜਿਹਾ ਧਿਆਨ ਦੇ ਕੇ, ਇਸ ਨੂੰ ਕਾਬੂ ਕਰ ਲੈਣਾ ਸੌਖਾ ਹੀ ਹੈ।

**1. ਲੈਫਟ ਕਲਿੱਕ:** ਆਮ ਵਰਤੋਂ ਲਈ ਇਸ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਇਹ ਸੱਜੇ ਹੱਥ ਦੀ ਪਹਿਲੀ ਉਂਗਲ ਨਾਲ ਕਲਿੱਕ ਕੀਤੀ ਜਾਂਦੀ ਹੈ। ਸੰਖੇਪਤਾ ਲਈ ਇਸ ਨੂੰ ਕੇਵਲ 'ਕਲਿੱਕ' ਹੀ ਕਿਹਾ ਜਾਂਦਾ ਹੈ। ਇਸ ਦੇ ਨਾਲ ਸ਼ਬਦ 'ਲੈਫਟ ਅਤੇ ਮਾਊਸ' ਨਹੀਂ ਲਾਏ ਜਾਂਦੇ। ਇਸ ਦੀਆਂ ਤਿੰਨ ਕਲਿੱਕਾਂ ਹੁੰਦੀਆਂ ਹਨ:

**ੳ. ਕਲਿੱਕ:** ਕਰਸਰ ਨੂੰ ਕਿਸੇ ਥਾਂ ਉੱਤੇ ਸਤਰਕ ਕਰਨ ਜਾਂ ਲੈ ਜਾਣ ਲਈ ਮਾਊਸ ਨੂੰ ਉਸ ਥਾਂ ਲਿਜਾ ਕੇ ਕਲਿੱਕ ਕੀਤੀ ਜਾਂਦੀ ਹੈ। ਕਰਸਰ ਉਸ ਥਾਂ ਉੱਤੇ ਜਗਬੁਝ-ਜਗਬੁਝ ਕਰਨ ਲੱਗ ਜਾਂਦਾ ਹੈ। ਅਗਲੀ ਕਮਾਂਡ ਜੋ ਵੀ ਦਿੱਤੀ ਜਾਏਗੀ, ਇਸੇ ਥਾਂ ਉੱਤੇ ਲਾਗੂ ਹੋਵੇਗੀ।

**ਅ. ਡਬਲ ਕਲਿੱਕ:** ਕਿਸੇ ਵੀ ਇੱਕ ਸ਼ਬਦ ਨੂੰ ਸਿਲੈਕਟ ਕਰਨ ਲਈ ਮਾਊਸ ਨੂੰ ਉਸ ਸ਼ਬਦ ਵਿਚ ਲਿਜਾ ਕੇ ਡਬਲ ਕਲਿੱਕ ਕੀਤੀ ਜਾਵੇਗੀ ਤੇ ਉਹ ਸ਼ਬਦ ਅਗਲੀ ਕਮਾਂਡ ਲਈ ਚੁਣਿਆ ਜਾਏਗਾ।


**ੲ. ਟਰਿੱਪਲ ਕਲਿੱਕ:** ਕਿਸੇ ਵੀ ਸਮੁੱਚੇ ਪਹਿਰੇ ਨੂੰ ਸਿਲੈਕਟ ਕਰਨ ਲਈ ਕੀਤੀ ਜਾਂਦੀ ਹੈ। **ਜ਼ਰੂਰੀ ਸੂਚਨਾ:** ਡਬਲ ਕਲਿੱਕ ਅਤੇ ਟੂ ਕਲਿੱਕ ਵਿਚ ਫਰਕ ਹੈ। ਜੇ ਦੋ ਵੇਰ ਕਲਿੱਕ ਫਟਾਫਟ ਕੀਤੀ ਜਾਵੇ ਤਾਂ ਡਬਲ ਕਲਿੱਕ ਅਤੇ ਜੇ ਰੁਕ-ਰੁਕ ਕੇ ਕੀਤਾ ਜਾਵੇ ਤਾਂ ਇੱਕ ਕਲਿੱਕ ਦੋ ਵੇਰ ਹੁੰਦੀ ਹੈ।

**2. ਰਾਈਟ ਕਲਿੱਕ:** ਇਹ ਕਿਸੇ ਵਿਸ਼ੇਸ਼ ਕੰਮ ਲਈ, ਜਿਵੇਂ ਨਵਾਂ ਫੋਲਡਰ ਜਾਂ ਫਾਈਲ ਬਣਾਉਣ ਆਦਿ ਲਈ, ਵਿਸ਼ੇਸ਼ ਥਾਂ ਉੱਤੇ ਹੱਥ ਦੀ ਲੰਮੀ ਉਂਗਲੀ ਨਾਲ ਕੀਤੀ ਜਾਂਦੀ ਹੈ। ਇਸ ਦੀ ਕਲਿੱਕ ਕੇਵਲ ਇੱਕ ਹੀ ਹੁੰਦੀ ਹੈ ਪਰ ਇਸ ਕਲਿੱਕ ਦੇ ਨਾਲ ਰਾਈਟ ਜ਼ਰੂਰ ਲਗਾਇਆ ਜਾਂਦਾ ਹੈ।

**3. ਵ੍ਹੀਲ ਜਾਂ ਪਹੀਆ:** ਮਾਊਸ ਦੇ ਲੈਫਟ ਅਤੇ ਰਾਈਟ ਬਟਨ ਦੇ ਵਿਚਕਾਰ ਇਕ ਘੁਮਾਊ ਪਹੀਆ ਲੱਗਿਆ ਹੋਇਆ ਹੁੰਦਾ ਹੈ। ਜਿਸ ਨੂੰ ਆਪਣੇ ਹੱਥ ਦੀ ਪਹਿਲੀ ਉਂਗਲ ਨਾਲ ਉੱਪਰ ਥੱਲੇ ਘੁਮਾ ਕੇ ਮਾਨੀਟਰ ਉੱਪਰਲੇ ਡਾਕੂਮੈਂਟਸ ਨੂੰ ਉੱਪਰ ਥੱਲੇ ਕੀਤਾ ਜਾ ਸਕਦਾ ਹੈ।

**4. ਮਾਊਸ ਨੂੰ ਹੋਲਡ ਕਰਨਾ:** ਸਿਲੈਕਟ, ਡਰੈਗ ਆਦਿ ਕਰਨ ਲਈ ਮਾਊਸ ਨੂੰ ਹੋਲਡ ਕਰਨਾ ਪੈਂਦਾ ਹੈ। ਲੈਫਟ ਮਾਊਸ ਨੂੰ ਕਿਸੇ ਥਾਂ ਉੱਤੇ ਕਲਿੱਕ ਕਰਨ ਵੇਲੇ ਥੱਲੇ ਦੱਬ ਕੇ ਉੱਥੇ ਹੀ ਦੱਬੀ ਰੱਖਣਾ ਹੁੰਦਾ ਹੈ। ਜਦੋਂ ਕਾਰਜ ਪੂਰਾ ਹੋ ਜਾਵੇ ਤਾਂ ਉਂਗਲ ਨੂੰ ਉੱਪਰ ਕਰ ਲਿਆ ਜਾਂਦਾ ਹੈ ਭਾਵ ਮਾਊਸ ਨੂੰ ਛੱਡ ਦਿੱਤਾ ਜਾਂਦਾ ਹੈ।


**5. ਡੀਸਿਲੈਕਟ ਕਰਨਾ:** ਲੈਫਟ ਮਾਊਸ ਨੂੰ ਕਿਸੇ ਥਾਂ ਵੀ ਇੱਕ ਵੇਰ ਕਲਿੱਕ




ਕਰੋ, ਸਿਲੈਕਟ ਕੀਤਾ ਹੋਇਆ ਸਾਰੇ ਦਾ ਸਾਰਾ ਭਾਗ ਡੀਸਿਲੈਕਟ ਹੋ ਜਾਏਗਾ ਅਤੇ ਕਰਸਰ ਵੀ ਉੱਥੇ ਚਲਾ ਜਾਏਗਾ।

**6. ਮਾਊਸ ਤੇ ਕਰਸਰ:** ਇਹ ਦੋਵੇਂ ਕਰਤਵ ਮਾਊਸ ਦੀ ਵਰਤੋਂ ਨਾਲ ਕੀਤੇ ਜਾਂਦੇ ਹਨ ਪਰ ਇਨ੍ਹਾਂ ਦੇ ਕੰਮਾਂ ਅਤੇ ਰੂਪਾਂ ਵਿਚ ਢੇਰ ਸਾਰਾ ਫਰਕ ਹੈ। **ੳ. ਮਾਊਸ:** ਇਹ ਬਹੁਰੂਪੀਆ ਹੈ। ਕਾਰਜ ਅਤੇ ਥਾਂ ਅਨੁਸਾਰ ਇਹ ਕਈ ਰੂਪ ਬਦਲਦਾ ਹੈ। (ਸਾਹਮਣੇ ਦੀ ਤਸਵੀਰ ਵਿਚ ਇਸ ਦੇ ਵੱਖੋ ਵੱਖ 9 ਰੂਪ ਹਨ) ਜੇ ਮਾਊਸ ਸੈਟਿੰਗ ਵਿਚ ਜਾ ਕੇ ਸੈੱਟ ਕਰ ਦੇਈਏ ਤਾਂ ਕੀਅ ਬੋਰਡ ਦਾ ਕੰਟਰੋਲ ਬਟਨ ਦਬਾ ਕੇ ਮੌਨੀਟਰ ਉੱਤੇ ਗੁਆਚੇ ਹੋਏ ਮਾਊਸ ਦਾ ਅਤਾ-ਪਤਾ ਲੱਭਿਆ ਜਾ ਸਕਦਾ ਹੈ। ਇਸ ਦੀ ਕਮਾਂਡ ਹੈ; ਕੰਟਰੋਲ ਪੈਨਲ (ਕਲਿੱਕ →) ਮਾਊਸ ਪਰਾਪਰਟੀ ਦੀ ਨਵੀਂ ਵਿੰਡੋ ਖੁੱਲ੍ਹ ਜਾਏਗੀ। ਉਸ ਵਿਚ ਪੁਆਇੰਟਰ ਆਪਸ਼ਨਜ਼ (ਕਲਿੱਕ →) ਬਿਲਕੁਲ ਥੱਲੇ 'ਸ਼ੋਅ ਲੋਕੇਸ਼ਨ ਆਫ ਪੁਆਇੰਟਰ ... ਫਿਰ ਓਕੇ ਕਲਿੱਕ।

**ਅ. ਕਰਸਰ:** ਇਹ ਇੱਕੋ ਪਰਕਾਰ ਦਾ ਖੜ੍ਹੇ ਡੰਡੇ ਵਰਗਾ ਹੁੰਦਾ ਹੈ। ਆਪਣੀ ਹੋਂਦ ਦਰਸਾਉਣ ਲਈ ਇਹ ਬਲਿੰਕ ਭਾਵ ਦਿੱਖ ਅਦਿੱਖ ਹੁੰਦਾ ਰਹਿੰਦਾ ਹੈ।





ਮੌਨੀਟਰ ਉੱਤੇ ਇਹ ਜਿੱਥੇ ਵੀ ਹੋਵੇਗਾ, ਦਿੱਤੀ ਗਈ ਕਮਾਂਡ ਉਸੇ ਥਾਂ ਉੱਤੇ ਲਾਗੂ ਹੋਵੇਗੀ। ਇਸ ਦੀ ਦਿੱਖ ਅਦਿੱਖ ਹੋਣ ਦੀ ਗਤੀ ਵੱਧ ਘੱਟ ਕੀਤੀ ਜਾ ਸਕਦੀ ਹੈ।

**ਯਾਦ ਰਹੇ:** ਪਹਿਲਾਂ ਕੀਅ ਬੋਰਡ ਅਤੇ ਮਾਊਸ ਤਾਰ ਰਾਹੀਂ ਕੰਪਿਊਟਰ ਨਾਲ ਜੋੜ ਦਿੱਤੇ ਜਾਂਦੇ ਸਨ ਅਤੇ ਉਹ ਪਾਵਰ ਕੰਪਿਊਟਰ ਤੋਂ ਹੀ ਲੈਂਦੇ ਸਨ। ਅੱਜ-ਕੱਲ੍ਹ ਇੱਕ ਛੋਟੀ ਜਿਹੀ ਚਿੱਪ ਕੰਪਿਊਟਰ ਦੀ ਪੈੱਨ ਡਰਾਈਵ ਵਿਚ ਲਾ ਦਿੱਤੀ ਜਾਂਦੀ ਹੈ। ਕੀਅ ਬੋਰਡ ਅਤੇ ਮਾਊਸ ਬਿਨਾਂ ਤਾਰ ਤੋਂ ਕੰਪਿਊਟਰ ਨਾਲ ਜੁੜ ਜਾਂਦੇ ਹਨ। ਇਹ ਕੋਈ ਬਹੁਤ ਮਹਿੰਗੇ ਵੀ ਨਹੀਂ ਹਨ। ਇਸ ਹਾਲ ਵਿਚ ਬੈਟਰੀ ਕੀਅ ਬੋਰਡ ਅਤੇ ਮਾਊਸ ਵਿਚ ਵੱਖਰੀ ਵੱਖਰੀ ਪਾਉਣੀ ਹੁੰਦੀ ਹੈ।

ਕਦੇ-ਕਦੇ ਮਾਊਸ ਜਾਂ ਕੀਅ ਬੋਰਡ ਕੰਮ ਕਰਨਾ ਬੰਦ ਕਰ ਦਿੰਦੇ ਹਨ। ਕੰਪਿਊਟਰ ਨੂੰ ਰੀਸਟਾਰਟ ਕਰਨ ਨਾਲ ਜਾਂ ਉਨ੍ਹਾਂ ਦੀ ਬੈਟਰੀ ਚੈੱਕ ਕਰ ਜਾਂ ਬਦਲ ਲੈਣ ਨਾਲ ਉਹ ਫਿਰ ਠੀਕ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ।

# ਔਰਤਾਂ ਵਿਚ ਕੈਂਸਰ ਜਾਗਰੂਕਤਾ ਜ਼ਰੂਰੀ

*ਵਿਸ਼ਵ ਕੈਂਸਰ ਦਿਵਸ 'ਤੇ ਵਿਸ਼ੇਸ਼*

ਸਰੀਰ ਦੇ ਸੈੱਲਾਂ ਦੇ ਅਨਿਸ਼ਚਿਤ ਰੂਪ ਵਿਚ ਵਧਣ ਨੂੰ 'ਕੈਂਸਰ' ਕਿਹਾ ਜਾਂਦਾ ਹੈ। ਭਾਵੇਂ ਵਿਗਿਆਨ ਅਜੇ ਤੱਕ ਕੈਂਸਰ ਦੇ ਮੁੱਖ ਕਾਰਨਾਂ ਦਾ ਚੰਗੀ ਤਰ੍ਹਾਂ ਪਤਾ ਨਹੀਂ ਲਗਾ ਸਕਿਆ ਪਰੰਤੂ ਫ਼ਿਰ ਵੀ ਕੁਝ ਕਾਰਨ ਜਿਵੇਂ ਸਿਗਰਟ, ਸ਼ਰਾਬ ਅਤੇ ਤੰਬਾਕੂ ਦਾ ਖੁੱਲ੍ਹਾ ਸੇਵਨ, ਕੀਟਨਾਸ਼ਕ ਦਵਾਈਆਂ ਦਾ ਛਿੜਕਾਅ, ਵਧ ਰਿਹਾ ਪ੍ਰਦੂਸ਼ਣ,



ਪ੍ਰੋ. ਹਰਗੁਣਪ੍ਰੀਤ ਸਿੰਘ
ਫੋਨ: 94636-19353

ਪਰਾਵੈਂਗਣੀ ਕਿਰਨਾਂ, ਸਾਡਾ ਵਿਗੜ ਰਿਹਾ ਖਾਣ-ਪੀਣ ਅਤੇ ਰਹਿਣ-ਸਹਿਣ ਆਦਿ ਕੈਂਸਰ ਲਈ ਜ਼ਿੰਮੇਵਾਰ ਦੱਸੇ ਜਾਂਦੇ ਹਨ। ਵਰਲਡ ਹੈਲਥ ਔਰਗਨਾਈਜ਼ੇਸ਼ਨ ਨੇ ਦੁਨੀਆ ਭਰ ਵਿਚ ਸਭ ਤੋਂ ਵੱਧ ਮੌਤਾਂ ਲਈ 'ਕੈਂਸਰ' ਨੂੰ ਦੂਸਰਾ ਸਭ ਤੋਂ ਵੱਡਾ ਕਾਰਨ ਮੰਨਿਆ ਹੈ।

ਇੰਡੀਅਨ ਕਾਊਂਸਲ ਆਫ਼ ਮੈਡੀਕਲ ਰਿਸਰਚ ਦੀ ਰਿਪੋਰਟ ਮੁਤਾਬਿਕ ਭਾਰਤ ਵਿਚ ਹਰ ਸਾਲ ਲਗਭਗ ਨੌਂ ਲੱਖ ਵਿਅਕਤੀ ਕੈਂਸਰ ਕਾਰਨ ਆਪਣੀਆਂ ਜਾਨਾਂ ਗੁਆ ਬੈਠਦੇ ਹਨ, ਜਿਨ੍ਹਾਂ ਵਿਚ ਔਰਤਾਂ ਦੀ ਸੰਖਿਆ ਪੁਰਸ਼ਾਂ ਦੇ ਮੁਕਾਬਲੇ ਵੱਧ ਹੁੰਦੀ ਹੈ। ਇਸ ਰਿਪੋਰਟ ਨੇ ਛਾਤੀ ਦੇ ਕੈਂਸਰ ਨੂੰ ਔਰਤਾਂ ਦੀ ਮੌਤ ਲਈ ਸਭ ਤੋਂ ਵੱਧ ਜ਼ਿੰਮੇਵਾਰ ਠਹਿਰਾਇਆ ਹੈ, ਜਦਕਿ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਨੂੰ ਦੂਸਰੇ ਸਥਾਨ 'ਤੇ ਮੰਨਿਆ ਹੈ। ਔਰਤਾਂ ਵਿਚ ਛਾਤੀ ਦਾ ਕੈਂਸਰ ਸਾਰੇ ਕੈਂਸਰਾਂ ਦਾ 25-32% ਹੁੰਦਾ ਹੈ, ਸਰਵਾਈਕਲ ਜਾਂ ਸਰਵਿਕਸ ਕੈਂਸਰ ਔਰਤਾਂ ਵਿੱਚ ਦੂਸਰਾ ਸਭ ਤੋਂ ਆਮ ਕੈਂਸਰ ਹੈ ਅਤੇ ਕੈਂਸਰ ਦੇ ਮਾਮਲਿਆਂ ਦਾ 16.5% ਹਿੱਸਾ ਹੈ। ਓਵੇਰੀਅਨ ਕੈਂਸਰ ਤੀਸਰਾ ਪ੍ਰਮੁੱਖ ਕੈਂਸਰ ਹੈ ਅਤੇ ਦੇਸ਼ ਵਿਚ ਔਰਤਾਂ ਵਿਚ ਹੋਣ ਵਾਲੇ ਸਾਰੇ ਕੈਂਸਰ ਦਾ ਲਗਭਗ 6.2% ਹੈ। ਭਾਰਤ ਵਿਚ ਕੇਵਲ 1% ਔਰਤਾਂ 2 ਸਾਲਾਂ ਦੀ ਮਿਆਦ ਵਿਚ ਕਿਸੇ ਵੀ ਕਿਸਮ ਦੀ ਕੈਂਸਰ ਸਕ੍ਰੀਨਿੰਗ ਪ੍ਰਕਿਰਿਆ ਵਿਚੋਂ ਲੰਘਦੀਆਂ ਹਨ। ਇਸ ਲਈ ਔਰਤਾਂ ਵਿਚ ਕੈਂਸਰ ਬਾਰੇ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ।

ਨੈਸ਼ਨਲ ਇੰਸਟੀਚਿਊਟ ਆਫ਼ ਕੈਂਸਰ ਪਰੀਵੈਨਸ਼ਨ ਐਂਡ ਰਿਸਰਚ ਨੋਇਡਾ ਦੀ ਰਿਪੋਰਟ ਅਨੁਸਾਰ ਵੀ 27 ਪ੍ਰਤੀਸ਼ਤ ਭਾਰਤੀ ਔਰਤਾਂ ਬਰੈਸਟ ਕੈਂਸਰ ਅਤੇ 23 ਪ੍ਰਤੀਸ਼ਤ ਔਰਤਾਂ ਸਰਵਿਕਸ ਕੈਂਸਰ ਦੀ ਬਿਮਾਰੀ ਨਾਲ ਪੀੜਤ ਸਨ। ਇਸ ਰਿਪੋਰਟ ਮੁਤਾਬਿਕ ਸ਼ਹਿਰੀ ਔਰਤਾਂ ਦੇ ਮੁਕਾਬਲੇ ਪੇਂਡੂ ਔਰਤਾਂ ਵਿਚ ਸਰਵਿਕਸ ਕੈਂਸਰ ਹੋਣ ਦੀ ਵੱਧ ਸੰਭਾਵਨਾ ਹੁੰਦੀ ਹੈ। ਫ਼ੈਡਰੇਸ਼ਨ ਆਫ਼ ਇੰਡੀਅਨ ਚੈਂਬਰਜ਼ ਆਫ਼ ਕਾਮਰਸ ਐਂਡ ਇੰਡਸਟਰੀ ਦੀ ਰਿਪੋਰਟ ਮੁਤਾਬਿਕ ਭਾਰਤ ਵਿਚ ਕੈਂਸਰ ਦੀ ਸਮੱਸਿਆ ਇਸ ਹੱਦ ਤੱਕ ਨਿਰੰਤਰ ਵੱਧਦੀ ਜਾ ਰਹੀ ਹੈ ਕਿ ਦੁਨੀਆ ਵਿਚ ਚੀਨ ਅਤੇ ਅਮਰੀਕਾ ਤੋਂ ਬਾਅਦ ਭਾਰਤ ਅਜਿਹਾ ਦੇਸ਼ ਬਣ ਗਿਆ ਹੈ, ਜਿੱਥੇ ਸਭ ਤੋਂ ਵੱਧ ਔਰਤਾਂ ਕੈਂਸਰ ਤੋਂ ਪੀੜਤ ਹਨ। ਇਸ ਰਿਪੋਰਟ ਨੇ ਬੜੇ ਹੈਰਾਨੀਜਨਕ ਤੱਥ ਪੇਸ਼ ਕੀਤੇ ਕਿ ਕੈਂਸਰ ਦਾ ਇਲਾਜ ਕਰਵਾ ਰਹੀਆਂ 2000 ਔਰਤਾਂ ਵਿਚੋਂ 1200 ਔਰਤਾਂ ਨੂੰ ਤੀਸਰੀ ਜਾਂ ਆਖਰੀ ਸਟੇਜ 'ਤੇ ਕੈਂਸਰ ਹੋਣ ਬਾਰੇ ਪਤਾ ਚੱਲਿਆ।



ਚੰਡੀਗੜ੍ਹ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸੰਗਰੂਰ ਅਤੇ ਮਾਨਸਾ ਆਦਿ ਜ਼ਿਲ੍ਹਿਆਂ ਵਿਚ ਟਾਟਾ ਮੈਮੋਰੀਅਲ ਸੈਂਟਰ ਮੁੰਬਈ ਵੱਲੋਂ ਪੀ.ਜੀ.ਆਈ. ਚੰਡੀਗੜ੍ਹ ਅਤੇ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨਾਲ ਸਾਂਝੇ ਤੌਰ ਉਤੇ ਕਰਵਾਈਆਂ ਜਨਸੰਖਿਆ ਅਧਾਰਿਤ ਕੈਂਸਰ ਰਜਿਸਟਰੀਆਂ ਅਨੁਸਾਰ ਔਰਤਾਂ ਬਰੈਸਟ ਕੈਂਸਰ ਨਾਲ ਸਭ ਤੋਂ ਵੱਧ ਪੀੜਤ ਸਨ ਅਤੇ ਫ਼ਿਰ ਸਰਵਿਕਸ ਕੈਂਸਰ ਤੋਂ ਪੀੜਤ ਸਨ। ਇਨ੍ਹਾਂ ਰਜਿਸਟਰੀਆਂ ਦੁਆਰਾ ਇਹ ਵੀ ਪਤਾ ਲੱਗਿਆ ਕਿ ਜਿੱਥੇ ਔਰਤਾਂ ਵਿਚ ਕੈਂਸਰ ਹੋਣ ਦੀ ਸੰਭਾਵਨਾ 6% ਤੋਂ 13% ਤੱਕ ਹੁੰਦੀ ਹੈ ਉਥੇ ਮਰਦਾਂ ਵਿਚ ਇਸ ਬਿਮਾਰੀ ਦੇ ਹੋਣ ਦੀ ਸੰਭਾਵਨਾ ਘਟ ਕੇ 5% ਤੋਂ 11% ਤੱਕ ਹੀ ਰਹਿ ਜਾਂਦੀ ਹੈ।

ਏਮਜ਼ ਹਸਪਤਾਲ ਵਿਚ ਸਰਜੀਕਲ ਆਨਕਾਲੋਜੀ ਵਿਭਾਗ ਦੇ ਪ੍ਰੋਫੈਸਰ ਡਾਕਟਰ ਐਸ ਵੀ ਐਸ ਦੇਵ ਕਹਿੰਦੇ ਹਨ ਕਿ ਪਿਛਲੇ 10 ਤੋਂ 15 ਸਾਲਾਂ ਵਿਚ ਨੌਜਵਾਨ ਔਰਤਾਂ ਵਿਚ ਕੈਂਸਰ ਦੇ ਮਾਮਲੇ ਜ਼ਿਆਦਾ ਆ ਰਹੇ ਹਨ ਅਤੇ ਛਾਤੀ ਦੇ ਕੈਂਸਰ ਦੇ ਮਾਮਲਿਆਂ ਵਿਚ ਉਹ ਔਰਤਾਂ ਸ਼ਾਮਲ ਹਨ, ਜਿਨ੍ਹਾਂ ਦੀ ਉਮਰ 40 ਸਾਲ ਤੋਂ ਘੱਟ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੱਛਮੀ ਦੇਸ਼ਾਂ ਵਿਚ ਔਰਤਾਂ 'ਚ 40 ਦੀ ਉਮਰ ਤੋਂ ਬਾਅਦ ਬ੍ਰੈਸਟ ਕੈਂਸਰ ਦੇ ਮਾਮਲੇ ਸਾਹਮਣੇ ਆਉਂਦੇ ਹਨ ਅਤੇ 50-60 ਸਾਲ ਦੀ ਉਮਰ ਦੀਆਂ ਔਰਤਾਂ 'ਚ ਕੈਂਸਰ ਦੇ ਮਾਮਲਿਆਂ ਵਿਚ ਵਾਧਾ ਦਿਖਾਈ ਦਿੰਦਾ ਹੈ। ਮੈਕਸ ਹਸਪਤਾਲ ਦੇ ਕੈਂਸਰ ਕੇਅਰ ਇੰਸਟੀਚਿਊਟ 'ਚ ਮੈਡੀਕਲ ਆਨਕੋਲੋਜੀ ਵਿਭਾਗ ਦੇ ਨਿਰਦੇਸ਼ਕ ਡਾ. ਦੇਵਵ੍ਰਤ ਆਰਿਆ ਵੀ ਦੱਸਦੇ ਹਨ ਕਿ ਬ੍ਰੈਸਟ ਕੈਂਸਰ ਦੇ ਮਾਮਲੇ ਪਹਿਲਾਂ 50 ਤੋਂ 60 ਸਾਲ ਦੀ ਉਮਰ ਵਿਚ ਜ਼ਿਆਦਾ ਆਉਂਦੇ ਸਨ ਪਰ ਅਸੀਂ ਇਸ ਗੱਲ ਨੂੰ ਲੈ ਕੇ ਹੈਰਾਨ ਹਾਂ ਕਿ 20 ਸਾਲ ਦੀ ਉਮਰ ਤੋਂ ਉਤੇ ਦੀਆਂ ਕੁੜੀਆਂ 'ਚ ਕਾਫੀ ਮਾਮਲੇ ਆ ਰਹੇ ਹਨ ਜੋ ਕਿ ਬਹੁਤ ਅਸਧਾਰਨ ਗੱਲ ਹੈ।

ਵਰਲਡ ਕੈਂਸਰ ਕੇਅਰ ਚੈਰੀਟੇਬਲ ਸੁਸਾਇਟੀ ਦੇ ਅੰਬੈਸਡਰ ਸ. ਕੁਲਵੰਤ ਸਿੰਘ ਧਾਲੀਵਾਲ ਨੇ ਕੁਝ ਸਮਾਂ ਪਹਿਲਾਂ ਸੋਸ਼ਲ ਮੀਡੀਆ ਰਾਹੀਂ ਇਹ ਚਿੰਤਾ ਪ੍ਰਗਟਾਈ ਕਿ ਸੰਸਾਰ ਭਰ ਵਿਚ ਪੰਜਾਬ ਵਿਚ ਕੈਂਸਰ ਕਾਰਨ ਸਭ ਤੋਂ ਵੱਧ ਜਾਨਾਂ ਜਾ ਰਹੀਆਂ ਹਨ ਜਿਸ ਕਰਕੇ ਪੰਜਾਬ 'ਵਰਲਡ ਕੈਂਸਰ ਕੈਪੀਟਲ' ਬਣ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਰੋਜ਼ਾਨਾ 43 ਵਿਅਕਤੀ ਕੈਂਸਰ ਦੀ ਭੇਟ ਚੜ੍ਹ ਰਹੇ ਹਨ, ਜਿਨ੍ਹਾਂ ਵਿਚੋਂ 36 ਕੇਵਲ ਔਰਤਾਂ ਹੀ ਹਨ, ਜੋ ਬਰੈਸਟ ਅਤੇ ਸਰਵਿਕਸ ਕੈਂਸਰ ਦਾ ਸਹੀ ਸਮੇਂ ਉਤੇ ਇਲਾਜ ਨਾ ਕਰਵਾਉਣ ਕਰਕੇ ਆਪਣੀਆਂ ਜਾਨਾਂ ਗੁਆ ਰਹੀਆਂ ਹਨ। ਭਾਵੇਂ ਪੰਜਾਬ ਕੈਂਸਰ ਦੀ ਸਮੱਸਿਆ ਨਾਲ ਜੂਝ ਰਿਹਾ ਹੈ ਪਰੰਤੂ ਇਸ ਨਾਲ ਇਹ ਆਧਾਰ ਰਹਿਤ ਧਾਰਨਾ ਜੋੜ ਦੇਣੀ ਠੀਕ ਨਹੀਂ ਕਿ ਇਹ ਇਕ ਲਾਇਲਾਜ ਅਤੇ ਜਾਨਲੇਵਾ ਬਿਮਾਰੀ ਹੈ ਜੋ ਬਹੁਤ ਜਲਦੀ ਫੈਲਦੀ ਹੈ ਅਤੇ ਇਸ ਨਾਲ ਮਰੀਜ਼ ਦਾ ਅੰਤ ਨਿਸ਼ਚਿਤ ਹੀ ਹੁੰਦਾ ਹੈ। ਇਸ ਧਾਰਨਾ ਨੂੰ ਬਦਲਣ ਅਤੇ ਲੋਕਾਂ ਵਿਚ ਜਾਗਰੂਕਤਾ ਫ਼ੈਲਾਉਣ ਲਈ ਮੀਡੀਆ ਬਹੁਤ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ।

ਅਖਬਾਰਾਂ, ਰੇਡੀਓ, ਟੈਲੀਵੀਜ਼ਨ ਅਤੇ ਇੰਟਰਨੈਟ ਰਾਹੀਂ ਕੈਂਸਰ ਦੇ ਕਾਰਨਾਂ ਅਤੇ ਬਚਾਓ ਸਬੰਧੀ ਡਾਕਟਰਾਂ ਤੇ ਬੁੱਧੀਜੀਵੀਆਂ ਦੇ ਉਪਯੋਗੀ ਲੇਖ ਅਤੇ ਇੰਟਰਵਿਊ ਜਿੱਥੇ ਸਕਾਰਾਤਮਕ ਭੂਮਿਕਾ ਨਿਭਾ ਸਕਦੇ ਹਨ ਉਥੇ ਇਸ ਬਿਮਾਰੀ ਉਤੇ ਜਿੱਤ ਪ੍ਰਾਪਤ ਕਰ ਚੁੱਕੇ ਕੈਂਸਰ ਸਰਵਾਈਵਰਾਂ ਦੇ ਤਜਰਬੇ ਸਾਂਝੇ ਕਰ ਕੇ ਵੀ ਸਮਾਜ ਦੀ ਇਸ ਬਿਮਾਰੀ ਪ੍ਰਤੀ ਸੋਚ ਨੂੰ ਬਦਲਿਆ ਜਾ ਸਕਦਾ ਹੈ।

ਪ੍ਰਸਿੱਧ ਸ਼ਖ਼ਸੀਅਤਾਂ ਜਿਵੇਂ ਭਾਰਤੀ ਫਿਲਮ ਅਦਾਕਾਰਾ ਮੁਮਤਾਜ਼, ਲੀਜ਼ਾ ਰੇਅ, ਸੋਨਾਲੀ ਬੇਂਦਰੇ ਅਤੇ ਮਨੀਸ਼ਾ ਕੋਇਰਾਲਾ ਤੋਂ ਇਲਾਵਾ ਹਾਲੀਵੁੱਡ ਅਦਾਕਾਰਾ ਸੁਜ਼ੈਨ ਸੋਮਰਜ਼, ਸਿਨਥੀਆ ਨਿਕਸਨ, ਮੈਲੀਸਾ ਐਥਰਿਜ, ਬਾਰਬਰਾ ਮੋਰੀ ਅਤੇ ਸ਼ੈਰਿਲ ਕਰੋਅ ਵਰਗੀਆਂ ਅਨੇਕਾਂ ਕੈਂਸਰ ਜੇਤੂ ਹਸਤੀਆਂ ਨੇ ਪੁਸਤਕਾਂ, ਫ਼ਿਲਮਾਂ ਅਤੇ ਡਾਕੂਮੈਂਟਰੀਆਂ ਦੁਆਰਾ ਮੀਡੀਆ ਦਾ ਉਸਾਰੂ ਉਪਯੋਗ ਕੀਤਾ ਅਤੇ ਕੈਂਸਰ ਨਾਲ ਜੂਝ ਰਹੇ ਲੋੜਵੰਦ ਮਰੀਜ਼ਾਂ ਦੀ ਦੇਖਭਾਲ ਅਤੇ ਇਲਾਜ ਲਈ ਸਮਾਜ ਸੇਵੀ ਸੰਸਥਾਵਾਂ ਬਣਾ ਕੇ ਇਕ ਮਿਸਾਲ ਕਾਇਮ ਕੀਤੀ। ਲੇਖਿਕਾ ਮਿਨਾਕਸ਼ੀ ਚੌਧਰੀ ਦੀ ਪੁਸਤਕ 'ਸਨਸ਼ਾਈਨ: ਮਾਈ ਇਨਕਾਊਂਟਰ ਵਿਦ ਕੈਂਸਰ', ਰਾਸ਼ਟਰੀ ਪੱਧਰ ਦੀ ਖਿਡਾਰਨ ਪ੍ਰੇਰਨਾ ਵਰਮਾ ਦੀ ਪੁਸਤਕ 'ਪ੍ਰੇਰਨਾ', ਨੀਲਮ ਕੁਮਾਰ ਦੀ ਪੁਸਤਕ 'ਟੂ ਕੈਂਸਰ ਵਿਦ ਲਵ: ਮਾਈ ਜਰਨੀ ਆਫ਼ ਜੌਏ' ਅਤੇ ਅਨੀਤਾ ਮੂਰਜਾਨੀ ਦੀ ਪੁਸਤਕ 'ਡਾਈਂਗ ਟੂ ਬੀ ਮੀ: ਮਾਈ ਜਰਨੀ ਫ਼ਰੌਮ ਕੈਂਸਰ ਟੂ ਨੀਅਰ ਡੈਥ' ਆਦਿ ਪ੍ਰੇਰਕ ਪੁਸਤਕਾਂ ਜੋ ਇੰਟਰਨੈਟ ਉਤੇ ਵੀ ਉਪਲਬਧ ਹਨ, ਕੈਂਸਰ ਦੇ ਮਰੀਜ਼ਾਂ ਅਤੇ ਵਿਸ਼ੇਸ਼ ਕਰਕੇ ਔਰਤਾਂ ਲਈ ਲਾਹੇਵੰਦ ਸਾਬਤ ਹੋ ਸਕਦੀਆਂ ਹਨ।

# ਆਦਿੱਤਿਆਨਾਥ ਦਾ ਦਹਿਸ਼ਤੀ ਰਾਜ-3

***ਸਿਆਸੀ ਮਾਮਲਿਆਂ ਦੇ ਉਘੇ ਪੱਤਰਕਾਰ ਧੀਰੇਂਦਰ ਕੇ. ਝਾਅ ਦੀ ਇਹ ਰਿਪੋਰਟ ਯੋਗੀ ਆਦਿੱਤਿਆਨਾਥ ਦੇ ਇਕ ਸਾਧਾਰਨ ਨੌਜਵਾਨ ਤੋਂ ਗੋਰਖਨਾਥ ਮੱਠ ਦਾ ਮਹੰਤ ਬਣਨ ਅਤੇ ਆਖਿਰਕਾਰ ਭਾਰਤ ਦੀ ਚੋਣ ਸਿਆਸਤ ਵਿਚ ਸਭ ਤੋਂ ਮਹੱਤਵਪੂਰਨ ਸਥਾਨ ਰੱਖਦੇ ਰਾਜ ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣ ਕੇ ਹਿੰਦੂਤਵ ਦਾ ਮੁੱਖ ਚਿਹਰਾ ਬਣ ਕੇ ਉਭਰਨ ਦੇ ਸਿਆਸੀ ਸਫਰ ਉਪਰ ਝਾਤ ਪੁਆਉਂਦੀ ਹੈ। ਕਾਰਵਾਂ ਮੈਗਜ਼ੀਨ ਦੇ ਜਨਵਰੀ 2022 ਅੰਕ ਵਿਚ ਛਪੀ ਇਸ ਰਿਪੋਰਟ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।***



**ਖਾਸ ਰਿਪੋਰਟ**

ਅਦਿੱਤਿਆਨਾਥ ਨੇ ਯੂ.ਪੀ. ਦੇ ਮੁੱਖ ਮੰਤਰੀ ਦੇ ਤੌਰ 'ਤੇ ਉਸ ਨੂੰ ਦਰਪੇਸ਼ ਜ਼ਿਆਦਾਤਰ ਸਮੱਸਿਆਵਾਂ ਦੇ ਰਾਜਨੀਤਕ ਹੱਲ ਵਜੋਂ ਹਿੰਸਾ ਨੂੰ ਹਥਿਆਰ ਬਣਾਇਆ। ਅਹੁਦਾ ਸੰਭਾਲਣ ਦੇ ਮਹੀਨਿਆਂ ਬਾਅਦ ਜਦੋਂ ਰਾਜ ਵਿਚ ਵਿਗੜ ਰਹੀ ਕਾਨੂੰਨ ਵਿਵਸਥਾਕਾਰਨ ਉਸ ਦੀ ਆਲੋਚਨਾ ਤਿੱਖੀ ਹੋ ਰਹੀ ਸੀ ਤਾਂ ਉਸ ਨੇ ਸਾਫ ਕਿਹਾ ਕਿ ਉਸ ਦਾ ਪ੍ਰਸ਼ਾਸਨ ਸੰਵਿਧਾਨਕ ਬੰਦਿਸ਼ਾਂ 'ਚ ਬੱਝਿਆ ਨਹੀਂ ਰਹੇਗਾ। ਇਕ ਟੈਲੀਵਿਜ਼ਨ ਇੰਟਰਵਿਊ 'ਚ ਉਸ ਨੇ ਐਲਾਨ ਕੀਤਾ, "ਅਗਰ ਅਪਰਾਧ ਕਰੇਂਗੇ, ਤੋ ਠੋਕ ਦੀਏ ਜਾਏਂਗੇ।"

ਇਸ ਤੋਂ ਬਾਅਦ ਪੂਰੇ ਰਾਜ ਵਿਚ ਪੁਲਿਸ 'ਮੁਕਾਬਲਿਆਂ' ਦੀ ਲੜੀ ਸ਼ੁਰੂ ਹੋਈ ਜਿਨ੍ਹਾਂ ਵਿਚੋਂ 432 ਇਸ ਕਵਾਇਦ ਦੇ ਪਹਿਲੇ ਮਹੀਨੇ 'ਚ ਹੀ ਵਾਪਰੇ। ਇਕ ਸਾਲ ਬਾਅਦ ਅਗਸਤ 2018 'ਚ ਇੰਡੀਆ ਟੂਡੇ ਟੀ.ਵੀ. ਦੇ ਸਟਿੰਗ ਅਪ੍ਰੇਸ਼ਨ ਨੇ ਇਨ੍ਹਾਂ ਵਿਚੋਂ ਕੁਝ ਮੁਕਾਬਲਿਆਂ ਦੀ ਹਕੀਕਤ ਵੱਲ ਇਸ਼ਾਰਾ ਕੀਤਾ। ਖੁਲਾਸੇ ਹੋਇਆ ਕਿ ਕੁਝ ਪੁਲਿਸ ਅਧਿਕਾਰੀ ਬੇਕਸੂਰ ਲੋਕਕਾਂ ਨੂੰ ਝੂਠੇ ਕੇਸਾਂ 'ਚ ਫਸਾ ਰਹੇ ਸਨ, ਵੱਢੀਆਂ ਤੇ ਤਰੱਕੀਆਂ ਦੇ ਬਦਲੇ ਝੂਠੇ ਮੁਕਾਬਲਿਆਂ 'ਚ ਗੋਲੀਆਂ ਮਾਰ ਰਹੇ ਸਨ। ਇਸ ਨਾਲ ਹਲਚਲ ਮਚ ਗਈ ਪਰ ਅਦਿੱਤਿਆਨਾਥ ਆਪਣੀ ਗੱਲ 'ਤੇ ਅੜਿਆ ਰਿਹਾ। ਉਂਝ, ਤਿੰਨ ਸਬ-ਇੰਸਪੈਕਟਰਾਂ ਨੂੰ ਤੁਰੰਤ ਮੁਅੱਤਲ ਕਰਨ ਦੇ ਹੁਕਮ ਦੇਣੇ



**ਧੀਰੇਂਦਰ ਕੇ. ਝਾਅ**
**ਅਨੁਵਾਦ: ਬੂਟਾ ਸਿੰਘ**

ਪਏ ਜੋ ਇਸ ਕੰਮ ਲਈ ਆਪਣੀਆਂ ਸੇਵਾਵਾਂ ਪੇਸ਼ ਕਰਦੇ ਗੁਪਤ ਕੈਮਰਿਆਂ 'ਚ ਫੜੇ ਗਏ ਸਨ। ਸਰਕਾਰ ਨੇ ਭੇਤ ਖੋਲ੍ਹਣ ਵਾਲਿਆਂ ਖਿਲਾਫ ਵੀ ਜਾਂਚ ਦੇ ਹੁਕਮ ਦਿੱਤੇ ਪਰ ਸੌਦਾ ਕਰਨ ਵਾਲੇ ਪੁਲਿਸ ਵਾਲਿਆਂ ਨੇ ਜੋ ਭੇਤ ਖੋਲ੍ਹੇ ਸਨ, ਉਨ੍ਹਾਂ ਦੀ ਜਾਂ ਹੋਰ ਮੁਕਾਬਲਿਆਂ 'ਚ ਸੰਭਾਵੀ 'ਜ਼ਿਆਦਤੀਆਂ' ਦੀ ਜਾਂਚ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ।

ਇਸ ਦੀ ਬਜਾਇ ਹੋਇਆ ਇਹ ਕਿ ਮੁਕਾਬਲਿਆਂ ਦਾ ਸਿਲਸਿਲਾ ਹੋਰ ਤੇਜ਼ ਹੋ ਗਿਆ - ਅਣਅਧਿਕਾਰਕ ਤੌਰ 'ਤੇ ਇਸ ਨੂੰ 'ਅਪ੍ਰੇਸ਼ਨ ਲੰਗੜਾ' ਕਿਹਾ ਜਾਂਦਾ ਹੈ, ਕਿਉਂਕਿ ਮੁਕਾਬਲਿਆਂ 'ਚ ਜ਼ਿਆਦਾਤਰ ਜ਼ਖਮੀਆਂ ਨੂੰ ਉਨ੍ਹਾਂ ਦੀਆਂ ਲੱਤਾਂ ਵਿਚ ਗੋਲੀ ਮਾਰੀ ਗਈ। ਖੁਲਾਸੇ ਤੋਂ ਮਹੀਨਿਆਂ ਬਾਅਦ ਅਦਿੱਤਿਆਨਾਥ ਹਿੰਸਾ ਨੂੰ ਆਪਣੀ ਸਰਕਾਰ ਦੀ ਵੱਡੀ ਪ੍ਰਾਪਤੀ ਵਜੋਂ ਪ੍ਰਚਾਰਨ ਤੱਕ ਗਿਆ। 2019 'ਚ ਗਣਤੰਤਰ ਦਿਵਸ ਤੋਂ ਪਹਿਲਾਂ ਰਾਜ ਦੇ ਮੁੱਖ ਸਕੱਤਰ ਨੇ ਜ਼ਿਲ੍ਹਾ ਮੈਜਿਸਟਰੇਟਾਂ ਨੂੰ 'ਅਬ ਤਕ 3000' ਦੇ ਨਾਅਰੇ ਦਾ ਪ੍ਰਚਾਰ ਕਰਨ ਲਈ ਕਿਹਾ - ਇਹ ਅਦਿੱਤਿਆਨਾਥ ਦੇ ਸੱਤਾ ਸੰਭਾਲਣ ਤੋਂ ਬਾਅਦ ਹੋਏ ਪੁਲਿਸ ਮੁਕਾਬਲਿਆਂ ਦੀ ਗਿਣਤੀ ਦਾ ਹਵਾਲਾ ਸੀ।

'ਅਪ੍ਰੇਸ਼ਨ ਲੰਗੜਾ' ਦੇ ਪੀੜਤਾਂ ਵਿਚੋਂ ਇਕ ਅਯੂਬ ਕੁਰੈਸ਼ੀ ਨੂੰ ਦੋ ਵਾਰ ਅਜਿਹੇ 'ਮੁਕਾਬਲੇ' ਦਾ ਸਾਹਮਣਾ ਕਰਨਾ ਪਿਆ। ਪਹਿਲੀ ਵਾਰ ਉਸ ਦੀ ਸੱਜੀ ਲੱਤ ਅਤੇ ਦੂਜੀ ਵਾਰ ਖੱਬੀ ਲੱਤ 'ਚ ਗੋਲੀ ਮਾਰੀ ਗਈ। ਮੁਜ਼ੱਫਰਨਗਰ ਜ਼ਿਲ੍ਹੇ ਦੇ ਖਤੌਲੀ ਦੇ ਰਹਿਣ ਵਾਲੇ ਕੁਰੈਸ਼ੀ ਨੂੰ ਯਕੀਨ ਨਹੀਂ ਹੈ ਕਿ ਪੁਲਿਸ ਤੀਜੀ ਵਾਰ ਉਸ ਦਾ 'ਐਨਕਾਊਂਟਰ' ਨਹੀਂ ਕਰੇਗੀ। ਉਸ ਦੱਸਿਆ, "ਪਹਿਲਾਂ ਮੇਰੇ ਵਿਰੁੱਧ ਕੋਈ ਕੇਸ ਨਹੀਂ ਸੀ, ਮੈਂ ਆਪਣਾ ਡੇਅਰੀ ਦਾ ਕਾਰੋਬਾਰ ਕਰ ਰਿਹਾ ਸੀ। ਮੁਸੀਬਤ 2019 ਦੇ ਅੱਧ 'ਚ ਸ਼ੁਰੂ ਹੋਈ, ਜਦੋਂ ਮੇਰਾ ਕਿਰਾਏਦਾਰ ਇਕ ਕੱਟਾ ਲਿਆਇਆ ਅਤੇ ਉਸ ਨੂੰ ਮੇਰੇ ਡੇਅਰੀ ਫਾਰਮ ਵਿਚ ਰੱਖਿਆ। ਉਸ ਨੇ ਵਾਅਦਾ ਕੀਤਾ ਕਿ ਉਹ ਅਗਲੇ ਦਿਨ ਲੈ ਜਾਵੇਗਾ। ਮੈਂ ਉਸ ਨੂੰ ਇਜਾਜ਼ਤ ਦੇ ਦਿੱਤੀ। ਰਾਤ ਨੂੰ ਪੁਲਿਸ ਦੀ ਟੀਮ ਨੇ ਮੇਰੀ ਡੇਅਰੀ 'ਤੇ ਛਾਪਾ ਮਾਰਿਆ ਅਤੇ ਇਹ ਐਲਾਨ ਕਰਨ ਤੋਂ ਬਾਅਦ ਕਿ ਮੈਂ ਕੱਟਾ ਚੋਰੀ ਕੀਤਾ ਸੀ, ਇਸ ਨੂੰ ਕਬਜ਼ੇ 'ਚ ਲੈ ਲਿਆ ਅਤੇ ਮੈਨੂੰ ਗ੍ਰਿਫਤਾਰ ਕਰ ਲਿਆ। ਮੈਂ ਹਾੜ੍ਹੇ ਕੱਢੇ ਕਿ ਕੱਟਾ ਮੇਰੇ ਕਿਰਾਏਦਾਰ ਦਾ ਸੀ ਪਰ ਉਨ੍ਹਾਂ ਮੇਰੀ ਗੱਲ ਨਹੀਂ ਸੁਣੀ। ਮੈਂ ਸਾਬਤ ਵੀ ਨਹੀਂ ਕਰ ਸਕਿਆ, ਮੇਰਾ ਕਿਰਾਏਦਾਰ ਭੱਜ ਗਿਆ ਸੀ।"

ਉਸ ਦੇ ਖਿਲਾਫ ਚੋਰੀ ਅਤੇ ਜਾਨਵਰਾਂ 'ਤੇ ਅੱਤਿਆਚਾਰ ਦਾ ਮਾਮਲਾ ਦਰਜ ਕੀਤਾ ਅਤੇ ਉਸ ਦੀ ਜ਼ਿੰਦਗੀ ਨੇ ਭਿਆਨਕ ਮੋੜਾ ਕੱਟ ਲਿਆ। ਪੁਲਿਸ ਨੇ ਉਸ ਦੇ ਡੇਅਰੀ ਫਾਰਮ 'ਤੇ ਗੇੜੇ ਸ਼ੁਰੂ ਕਰ ਦਿੱਤੇ, ਉਸ ਨੂੰ ਐਸੇ ਮਾਮਲਿਆਂ ਬਾਰੇ ਪੁੱਛਗਿੱਛ ਲਈ ਥਾਣੇ ਲਿਜਾਣਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਬਾਰੇ ਉਸ ਨੂੰ ਕੋਈ ਜਾਣਕਾਰੀ ਹੀ ਨਹੀਂ ਸੀ। ਕੁਰੈਸ਼ੀ ਨੇ ਦੱਸਿਆ, "ਇਕ ਵਾਰ ਉਹ ਮੇਰੀਆਂ ਮੱਝਾਂ ਲੈ ਗਏ ਅਤੇ 1.5 ਲੱਖ ਰੁਪਏ ਲੈਣ ਤੋਂ ਬਾਅਦ ਹੀ ਵਾਪਸ ਕੀਤੀਆਂ। ਜਿਉਂ-ਜਿਉਂ ਉਨ੍ਹਾਂ ਵਲੋਂ ਪਰੇਸ਼ਾਨੀ ਵਧਦੀ ਗਈ, ਮੈਂ ਜ਼ਿਆਦਾ ਵਕਤ ਆਸੇ-ਪਾਸੇ ਰਹਿਣਾ ਸ਼ੁਰੂ ਕਰ ਦਿੱਤਾ। ਇਸ ਨਾਲ ਮੇਰਾ ਡੇਅਰੀ ਕਾਰੋਬਾਰ ਪ੍ਰਭਾਵਿਤ ਹੋਇਆ। ਆਮਦਨ ਦਾ ਇਕੋ-ਇਕ ਵਸੀਲਾ ਹੋਣ ਦੇ ਬਾਵਜੂਦ ਮੈਨੂੰ ਇਹ ਕੰਮ ਬੰਦ ਕਰਨਾ ਪਿਆ।"

2019 ਦੇ ਅੰਤ ਵਿਚ ਜਦੋਂ ਉੱਤਰ ਪ੍ਰਦੇਸ਼ 'ਚ ਮੁਕਾਬਲਿਆਂ ਦੇ ਮਾਮਲਿਆਂ ਦੀ ਗਿਣਤੀ ਵਧੀ ਤਾਂ ਕੁਰੈਸੀ ਦੀ ਮਾਂ ਜੋ ਇਹ ਨਹੀਂ ਸੀ ਜਾਣਦੀ ਕਿ ਆਪਣੇ ਪੁੱਤਰ ਨੂੰ ਕਿਵੇਂ ਬਚਾਉਣਾ ਹੈ, ਨੇ ਪੱਤਰ ਲਿਖ ਕੇ ਨਿਆਂ ਦੀ ਮੰਗ ਕੀਤੀ। ਜਿਨ੍ਹਾਂ ਨੂੰ ਇਹ ਪੱਤਰ ਭੇਜਿਆ, ਉਨ੍ਹਾਂ ਵਿਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ, ਨਰਿੰਦਰ ਮੋਦੀ, ਅਦਿੱਤਿਆਨਾਥ ਅਤੇ ਸੀਨੀਅਰ ਰਾਜ ਤੇ ਜ਼ਿਲ੍ਹਾ ਪੁਲਿਸ ਅਧਿਕਾਰੀ ਸ਼ਾਮਲ ਸਨ। ਚਿੱਠੀ ਵਿਚ ਲਿਖਿਆ ਹੈ, "ਪੁਲਿਸ ਦੀ ਪ੍ਰੇਸ਼ਾਨੀ ਕਾਰਨ ਅਯੂਬ ਦੀ ਰੋਜ਼ੀ-ਰੋਟੀ ਖੁੱਸ ਗਈ ਹੈ। ਪੂਰਾ ਪਰਿਵਾਰ ਅਤੇ ਅਯੂਬ ਦੇ ਬੱਚੇ ਭੁੱਖਮਰੀ ਦੀ ਕਗਾਰ 'ਤੇ ਹਨ, ਤੇ ਪੁਲਿਸ ਲਗਾਤਾਰ ਮੇਰੇ ਮੁਹੱਲੇ 'ਚ ਗੇੜੇ ਮਾਰਦੀ ਹੈ ਅਤੇ ਅਕਸਰ ਐਲਾਨ ਕਰਦੀ ਹੈ ਕਿ ਇਸ ਵਾਰ ਉਹ ਅਯੂਬ ਨੂੰ ਜੇਲ੍ਹ ਪਹੁੰਚਾਉਣ ਤੋਂ ਪਹਿਲਾਂ ਉਸ ਦਾ ਮੁਕਾਬਲਾ ਬਣਾਉਣਗੇ।"

ਇਸ ਦਾ ਕੋਈ ਫਾਇਦਾ ਨਹੀਂ ਹੋਇਆ। ਕੁਰੈਸੀ ਨੇ ਦੱਸਿਆ, "ਪੁਲਿਸ ਨੇ ਮੈਨੂੰ 5 ਅਕਤੂਬਰ 2020 ਨੂੰ ਗਾਂ ਨੂੰ ਮਾਰਨ ਦੇ ਦੋਸ਼ 'ਚ ਚੁੱਕ ਲਿਆ। ਵਾਕਿਆ ਮੇਰਠ ਵਿਚ ਕਿਤੇ ਹੋਇਆ ਸੀ। ਉਹ ਮੈਨੂੰ ਕਿਸੇ ਸੁੰਨਸਾਨ ਜਗ੍ਹਾ ਲੈ ਗਏ ਅਤੇ ਭੁੰਜੇ ਸੁੱਟ ਦਿੱਤਾ ਤੇ ਐਨ ਨੇੜਿਓਂ ਮੇਰੀ ਖੱਬੀ ਲੱਤ 'ਚ ਗੋਡੇ ਦੇ ਹੇਠਾਂ ਗੋਲੀ ਮਾਰ ਦਿੱਤੀ।"

ਲੱਗਭੱਗ ਮਹੀਨੇ ਬਾਅਦ ਉਸ ਨੂੰ ਜ਼ਮਾਨਤ ਮਿਲ ਗਈ ਪਰ ਪਹਿਲੀ ਮਾਰਚ 2021 ਨੂੰ ਪਹਿਲਾ ਜ਼ਖਮ ਠੀਕ ਹੋਣ ਤੋਂ ਪਹਿਲਾਂ ਹੀ ਉਸ ਨੂੰ ਮੋਟਰਸਾਈਕਲ ਚੋਰੀ ਕਰਨ ਦੇ ਦੋਸ਼ 'ਚ ਮੁੜ ਗ੍ਰਿਫਤਾਰ ਕਰ ਲਿਆ। "ਇਕ ਵਾਰ ਫਿਰ, ਉਹ ਮੈਨੂੰ ਕਿਸੇ ਸੁੰਨਸਾਨ ਜਗ੍ਹਾ ਲੈ ਗਏ ਅਤੇ ਗੋਡੇ ਤੋਂ ਹੇਠਾਂ ਸੱਜੀ ਲੱਤ 'ਚ ਗੋਲੀ ਮਾਰ ਦਿੱਤੀ। ਹੁਣ ਮੈਂ ਕਿਤੇ ਨਹੀਂ ਜਾਂਦਾ ਅਤੇ ਹਰ ਸਮੇਂ ਘਰ 'ਚ ਰਹਿੰਦਾ ਹਾਂ। ਇਕ ਵਾਰ ਮੈਂ ਸੋਚਿਆ ਕਿ ਮੇਰੇ ਨਾਲ ਜੋ ਵੀ ਹੋਇਆ, ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਲਿਖਾਂ ਪਰ ਮੇਰੇ ਘਰ ਦੇ ਜੀਆਂ ਨੇ ਇਹ ਕਹਿ ਕੇ ਵਰਜ ਦਿੱਤਾ ਕਿ ਯੋਗੀ ਦੇ ਮੁੱਖ ਮੰਤਰੀ ਹੁੰਦਿਆਂ ਸਾਨੂੰ ਇਨਸਾਫ ਨਹੀਂ ਮਿਲੇਗਾ।"

ਅਕਤੂਬਰ 2021 ਵਿਚ ਤਿੰਨ ਮਨੁੱਖੀ ਅਧਿਕਾਰ ਗਰੁੱਪਾਂ ਨੇ 'ਕਾਨੂੰਨ ਅਤੇ ਜ਼ਿੰਦਗੀ ਨੂੰ ਨਸ਼ਟ ਕਰਨਾ: ਉੱਤਰ ਪ੍ਰਦੇਸ਼ ਰਾਜ ਵਿਚ ਪੁਲਿਸ ਵੱਲੋਂ ਕਤਲ ਅਤੇ ਪਰਦਾਪੋਸ਼ੀ' ਸਿਰਲੇਖ ਵਾਲੀ ਸਾਂਝੀ ਰਿਪੋਰਟ ਜਾਰੀ ਕੀਤੀ। ਇਸ ਦਾ ਕਹਿਣਾ ਹੈ ਕਿ ਉੱਤਰ ਪ੍ਰਦੇਸ਼ ਪੁਲਿਸ ਮੁਕਾਬਲਿਆਂ ਦਾ 'ਸਰਗਰਮ ਰੰਗ-ਮੰਚ' ਹੈ ਅਤੇ ਇਹ ਦੱਸਦੀ ਹੈ ਕਿ ਅਦਿੱਤਿਆਨਾਥ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਰਾਜ ਵਿਚ 8472 ਪੁਲਿਸ ਮੁਕਾਬਲੇ ਹੋਏ। ਦਸਤਾਵੇਜ਼ ਵਿਚ ਕਿਹਾ ਗਿਆ ਹੈ, "146 ਲੋਕਾਂ ਦੀ ਮੌਤ ਹੋ ਗਈ ਅਤੇ ਹੋਰ 3302 ਗੋਲੀਆਂ ਨਾਲ ਜ਼ਖਮੀ ਹੋਏ।" 17 ਐਨਕਾਊਂਟਰ ਕਤਲਾਂ ਦੀ ਆਪਣੀ ਜਾਂਚ ਦੇ ਵੇਰਵੇ ਦਿੰਦੇ ਹੋਏ, ਤਿੰਨ ਅਧਿਕਾਰ ਗਰੁੱਪਾਂ ਨੇ ਦਿਖਾਇਆ ਕਿ ਕਿਵੇਂ ਰਾਜ ਸਰਕਾਰ ਨੇ ਸੁਪਰੀਮ ਕੋਰਟ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੁਆਰਾ ਤੈਅ ਕੀਤੇ ਸੁਰੱਖਿਆ ਉਪਾਵਾਂ ਨੂੰ ਬਾਈਪਾਸ ਕੀਤਾ ਹੈ ਅਤੇ ਇਸ ਨੇ ਇਸ ਪ੍ਰਤੀ ਅੱਖਾਂ ਬੰਦ ਕਰਨ 'ਚ ਮਨੁੱਖੀ ਅਧਿਕਾਰ ਕਮਿਸ਼ਨ ਦੀ ਮਿਲੀਭੁਗਤ ਦਾ ਪਰਦਾਫਾਸ਼ ਕੀਤਾ ਹੈ।

ਅਧਿਕਾਰਕ ਪ੍ਰਚਾਰ ਜਿਸ ਨੂੰ ਮੁੱਖ ਧਾਰਾ ਮੀਡੀਆ ਦੇ ਵੱਡੇ ਹਿੱਸੇ ਨੇ ਹੋਰ ਵਧਾ-ਚੜ੍ਹਾ ਕੇ ਪ੍ਰਚਾਰਿਆ, ਦਿਖਾਵਾ ਕਰਦਾ ਹੈ ਕਿ ਮੁਕਾਬਲਿਆਂ ਨੇ ਲੋਕਾਂ ਵਿਚ ਉਤਸ਼ਾਹ ਪੈਦਾ ਕੀਤਾ ਹੈ ਅਤੇ ਕਾਨੂੰਨ ਤੋੜਨ ਵਾਲੇ ਡਰੇ ਹਨ; ਹਾਲਾਂਕਿ ਜ਼ਮੀਨੀ ਪੱਧਰ 'ਤੇ ਇਹ ਦਿਖਾਉਣ ਲਈ ਕੁਝ ਵੀ ਨਹੀਂ ਕਿ ਮੁਕਾਬਲਿਆਂ ਨੇ ਰੋਕਥਾਮ ਦੀ ਭੂਮਿਕਾ ਨਿਭਾਈ ਹੈ। ਇਸ ਦੀ ਬਜਾਇ ਪੂਰੀ ਰਾਜ ਮਸ਼ੀਨਰੀ ਨੇ ਪੱਖਪਾਤ ਨਾਲ ਕੰਮ ਕੀਤਾ ਅਤੇ ਇਸ ਨੇ ਕਾਨੂੰਨ ਦੀਆਂ ਹੱਦਾਂ ਤੋਂ ਬਾਹਰ ਜਾ ਕੇ ਹਿੰਸਾ ਕੀਤੀ।

ਇਹ ਖਾਸ ਤੌਰ 'ਤੇ ਔਰਤਾਂ ਵਿਰੁੱਧ ਜੁਰਮਾਂ ਦੇ ਸੰਬੰਧ 'ਚ ਸੱਚ ਹੈ। ਅਜਿਹੇ ਜੁਰਮ, ਖਾਸਕਰ ਬਲਾਤਕਾਰ ਅਤੇ ਸਮੂਹਿਕ ਬਲਾਤਕਾਰ, ਉੱਤਰ ਪ੍ਰਦੇਸ਼ 'ਚ ਆਮ ਹਨ। ਸਭ ਤੋਂ ਬਦਨਾਮ ਮਿਸਾਲਾਂ ਵਿਚ ਉਨਾਓਂ 'ਚ 17 ਸਾਲਾ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਤੇ ਕਤਲ, ਜਿੱਥੇ ਮੁੱਖ ਦੋਸ਼ੀ ਭਾਜਪਾ ਆਗੂ ਕੁਲਦੀਪ ਸਿੰਘ ਸੈਂਗਰ ਅਤੇ ਸਾਬਕਾ ਭਾਜਪਾ ਨੇਤਾ ਚਿਨਮਯਾਨੰਦ ਦੁਆਰਾ ਸ਼ਾਹਜਹਾਂਪੁਰ ਵਿਚ ਕਾਲਜ ਵਿਦਿਆਰਥਣ ਨਾਲ ਕਥਿਤ ਬਲਾਤਕਾਰ ਸ਼ਾਮਿਲ ਹੈ (ਸ਼ਿਕਾਇਤਕਰਤਾ ਵੱਲੋਂ ਅਦਾਲਤ 'ਚ ਆਪਣਾ ਦੋਸ਼ ਵਾਪਸ ਲੈਣ ਤੋਂ ਬਾਅਦ ਉਸ ਨੂੰ ਬਰੀ ਕਰ ਦਿੱਤਾ ਗਿਆ)। ਹਾਥਰਸ 'ਚ ਦਲਿਤ ਔਰਤ ਨਾਲ ਸਮੂਹਿਕ ਬਲਾਤਕਾਰ ਅਤੇ ਕਤਲ, ਜਿਸ ਦੀ ਲਾਸ਼ ਦਾ ਪੁਲਿਸ ਵੱਲੋਂ ਉਸ ਦੇ ਪਰਿਵਾਰ ਦੀ ਮਰਜ਼ੀ ਦੇ ਵਿਰੁੱਧ ਕਾਹਲੀ-ਕਾਹਲੀ ਸੰਸਕਾਰ ਕਰ ਦਿੱਤਾ ਗਿਆ ਸੀ ਅਤੇ ਦਲਿਤ ਸਮੂਹਿਕ ਬਲਾਤਕਾਰ ਪੀੜਤ ਅਤੇ ਉਸ ਦੇ ਪਰਿਵਾਰ ਦੇ ਤਿੰਨ ਮੈਂਬਰਾਂ ਦੇ ਕਤਲ ਦੇ ਘਿਨਾਉਣੇ ਕਾਂਡ ਵਾਪਰੇ ਹਨ।



*ਯੋਗੀ ਆਦਿੱਤਿਆਨਾਥ ਹੈ।*

ਉੱਤਰ ਪ੍ਰਦੇਸ਼ 'ਚ ਮਨੁੱਖੀ ਅਧਿਕਾਰਾਂ ਅਤੇ ਸਿਆਸੀ-ਕਾਨੂੰਨੀ ਪੈਰਵਾਈ ਗਰੁੱਪ, ਰਿਹਾਈ ਮੰਚ ਦੇ ਜਨਰਲ ਸਕੱਤਰ ਰਾਜੀਵ ਯਾਦਵ ਨੇ ਦੱਸਿਆ, "ਔਰਤਾਂ ਵਿਰੁੱਧ ਲਗਾਤਾਰ ਜੁਰਮਾਂ ਤੋਂ ਇਲਾਵਾ, ਪੁਲਿਸ ਮੁਕਾਬਲਿਆਂ ਵਿਚ ਬੇਕਸੂਰ ਲੋਕਾਂ ਦੇ ਮਾਰੇ ਜਾਣ ਦੇ ਕਈ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਮੁਕਾਬਲਿਆਂ ਨੇ ਨਾਗਰਿਕ ਅਤੇ ਮਨੁੱਖੀ ਅਧਿਕਾਰਾਂ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ ਹੈ। ਅਦਿੱਤਿਆਨਾਥ ਵੱਲੋਂ ਵਿਕਸਤ ਸ਼ਾਸਨ ਮਾਡਲ ਇਸ ਵਿਸ਼ਵਾਸ 'ਤੇ ਆਧਾਰਿਤ ਹੈ ਕਿ ਉਨ੍ਹਾਂ ਜੁਰਮਾਂ 'ਚ, ਜੋ ਕੀਤੇ ਹੋਣ ਦਾ ਸਰਕਾਰ ਦਾਅਵਾ ਕਰਦੀ ਹੈ, ਨਿਆਂ ਯਕੀਨੀ ਬਣਾਉਣ ਦਾ ਉਪਾਅ ਕਾਨੂੰਨ ਲਾਗੂ ਕਰਨਾ ਨਹੀਂ ਸਗੋਂ ਸਖਤ ਸਜ਼ਾ ਦੇਣਾ ਹੈ, ਭਾਵੇਂ ਉਹ ਅਸਲ ਵਿਚ ਕੀਤੇ ਗਏ ਹਨ ਜਾਂ ਨਹੀਂ।"

11 ਦਸੰਬਰ 2019 ਨੂੰ, ਮੋਦੀ ਸਰਕਾਰ ਨੇ ਨਾਗਰਿਕਤਾ (ਸੋਧ) ਕਾਨੂੰਨ ਥੋਪ ਦਿੱਤਾ। ਪੂਰੇ ਮੁਲਕ 'ਚ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਹੋਏ। ਉੱਤਰ ਪ੍ਰਦੇਸ ਵਿਚ ਪ੍ਰਦਰਸ਼ਨਾਂ ਨੂੰ ਵਹਿਸ਼ੀ ਜਬਰ ਦਾ ਸਾਹਮਣਾ ਕਰਨਾ ਪਿਆ। ਮੁਜ਼ੱਫਰਨਗਰ ਸਭ ਤੋਂ ਪ੍ਰਭਾਵਤ ਖੇਤਰਾਂ ਵਿਚੋਂ ਇਕ ਸੀ। ਸਥਾਨਕ ਨਿਵਾਸੀ ਮੁਹੰਮਦ ਇੰਤਾਸਰ ਨੇ ਦੱਸਿਆ, "20 ਦਸੰਬਰ ਨੂੰ ਜੁੰਮੇ ਦੀ ਨਮਾਜ਼ ਤੋਂ ਬਾਅਦ ਪੂਰੇ ਸ਼ਹਿਰ 'ਚੋਂ ਲੋਕ ਸੀ.ਏ.ਏ. ਖਿਲਾਫ ਆਪਣਾ ਵਿਰੋਧ ਪ੍ਰਗਟ ਕਰਨ ਲਈ ਮੀਨਾਕਸ਼ੀ ਚੌਕ ਵਿਖੇ ਇਕੱਠੇ ਹੋਏ।" ਇਹ ਸ਼ਾਂਤਮਈ ਪ੍ਰਦਰਸ਼ਨ ਸੀ ਅਤੇ ਕੁਝ ਕੁ ਨਾਅਰੇਬਾਜ਼ੀ ਤੋਂ ਬਾਅਦ ਭੀੜ ਖਿੰਡਣੀ ਸ਼ੁਰੂ ਹੋ ਗਈ। ਅਚਾਨਕ ਪਥਰਾਅ ਸ਼ੁਰੂ ਹੋ ਗਿਆ ਅਤੇ ਇਹ ਪਤਾ ਨਹੀਂ ਲੱਗ ਰਿਹਾ ਸੀ ਕਿ ਪੱਥਰ ਕਿੱਧਰੋਂ ਮਾਰੇ ਗਏ ਹਨ। ਪੁਲਿਸ ਨੇ ਦਾਅਵਾ ਕੀਤਾ ਕਿ ਪਥਰਾਓ ਪ੍ਰਦਰਸ਼ਨਕਾਰੀਆਂ ਨੇ ਕੀਤਾ ਸੀ ਪਰ ਪ੍ਰਦਰਸ਼ਨਕਾਰੀਆਂ ਨੇ ਭਾਜਪਾ ਨੇਤਾ ਸੰਜੀਵ ਬਾਲਿਆਨ ਅਤੇ ਉਸ ਦੇ ਆਦਮੀਆਂ ਵੱਲ ਉਂਗਲ ਕੀਤੀ ਜੋ ਜ਼ਾਹਰਾ ਤੌਰ 'ਤੇ ਪੁਲਿਸ ਨਾਲ ਮੌਜੂਦ ਸਨ। ਜੋ ਵੀ ਸੀ, ਪੁਲਿਸ ਨੇ ਭੀੜ ਨੂੰ ਖਿੰਡਾਉਣ ਲਈ ਹੰਝੂ ਗੈਸ ਦੇ ਗੋਲੇ ਛੱਡੇ ਅਤੇ ਲਾਠੀਚਾਰਜ ਕੀਤਾ। ਸ਼ਾਮ 5 ਵਜੇ ਤੱਕ ਇਲਾਕੇ ਵਿਚ ਅਮਨ-ਅਮਾਨ ਬਹਾਲ ਹੋ ਗਿਆ।

ਰਾਤ ਕਰੀਬ 11 ਵਜੇ ਪੁਲਿਸ ਨੇ ਮੁਸਲਿਮ ਨਿਵਾਸੀਆਂ ਦੇ ਘਰਾਂ 'ਤੇ ਧਾਵਾ ਬੋਲ ਦਿੱਤਾ। ਇੰਤਾਸਰ ਨੇ ਦੱਸਿਆ, "ਪੁਲਿਸ ਲਗਭਗ ਦੋ ਸੌ ਬੰਦਿਆਂ ਦਾ ਟੋਲਾ ਬਣਾ ਕੇ ਆਈ ਅਤੇ ਲੋਕਾਂ ਦੀਆਂ ਜਾਇਦਾਦਾਂ ਤੋੜਨੀਆਂ ਸ਼ੁਰੂ ਕਰ ਦਿੱਤੀਆਂ। ਉਹ ਦਰਵਾਜ਼ਾ ਤੋੜ ਕੇ ਮੇਰੇ ਘਰ 'ਚ ਵੜੇ ਅਤੇ ਮੇਰੀ ਕਾਰ, ਖਿੜਕੀਆਂ, ਫਰਨੀਚਰ, ਰਸੋਈ ਸਭ ਕੁਝ ਨਸ਼ਟ ਕਰ ਦਿੱਤਾ। ਉਨ੍ਹਾਂ ਦੇ ਹੱਥ ਜੋ ਕੁਝ ਵੀ ਆਇਆ, ਸਭ ਕੁਝ ਤਬਾਹ ਕਰ ਦਿੱਤਾ।" ਇੰਤਾਸਰ ਨੇ ਇਹ ਵੀ ਦੱਸਿਆ ਕਿ ਉਸ ਰਾਤ ਮੁਜ਼ੱਫਰਨਗਰ ਵਿਚ ਸੈਂਕੜੇ ਹੋਰ ਘਰਾਂ ਵਿਚ ਵੀ ਭੰਨ-ਤੋੜ ਕੀਤੀ ਗਈ ਸੀ।

ਪੁਲਿਸ ਨੇ ਇਨ੍ਹਾਂ ਹਮਲਿਆਂ ਉਪਰ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ। ਬਾਦ ਵਿਚ ਚਸ਼ਮਦੀਦ ਗਵਾਹਾਂ ਦੀਆਂ ਰਿਪੋਰਟਾਂ ਅਤੇ ਉਨ੍ਹਾਂ ਦੁਆਰਾ ਕੀਤੀ ਤਬਾਹੀ ਦੀ ਸੀ.ਸੀ.ਟੀ.ਵੀ. ਫੁਟੇਜ ਸਾਹਮਣੇ ਆਉਣੀਆਂ ਸ਼ੁਰੂ ਹੋ ਗਈਆਂ; 20 ਦਸੰਬਰ ਦੀ ਰਾਤ ਨੂੰ ਰਿਕਾਰਡ ਕੀਤੀ ਵੀਡੀਓ 'ਚ ਪੁਲਿਸ ਕਰਮਚਾਰੀ ਜਾਇਦਾਦਾਂ ਦੀ ਭੰਨਤੋੜ ਕਰਦੇ ਸਾਫ ਦਿਖਾਈ ਦਿੰਦੇ ਹਨ। ਸਪਸ਼ਟ ਸੀ ਕਿ ਪੁਲਿਸ ਦੇ ਹਮਲਿਆਂ ਦਾ ਰਾਜਨੀਤਿਕ ਮਨੋਰਥ ਸੀ: ਮੁਸਲਮਾਨਾਂ ਨੂੰ ਇੰਨਾ ਡਰਾਉਣਾ ਕਿ ਉਹ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਦੇ ਆਪਣੇ ਸੰਵਿਧਾਨਕ ਅਧਿਕਾਰ ਨੂੰ ਤਿਆਗ ਦੇਣ। ਇਹ ਪੈਟਰਨ ਮੇਰਠ, ਕਾਨਪੁਰ, ਲਖਨਊ ਅਤੇ ਬਿਜਨੌਰ ਸਮੇਤ ਰਾਜ ਦੇ ਕਈ ਹੋਰ ਹਿੱਸਿਆਂ 'ਚ ਦੁਹਰਾਇਆ ਗਿਆ।

ਦਸੰਬਰ ਦੇ ਅੰਤ ਤੱਕ, ਘੱਟੋ-ਘੱਟ 19 ਲੋਕ ਪੁਲਿਸ ਦੀ ਕਾਰਵਾਈ ਅਤੇ ਉਸ ਤੋਂ ਬਾਅਦ ਹੋਈ ਹਿੰਸਾ 'ਚ ਮਾਰੇ ਗਏ, ਜ਼ਿਆਦਾਤਰ ਗੋਲੀ ਨਾਲ ਜ਼ਖਮੀ ਹੋ ਕੇ। ਇਕ ਹਜ਼ਾਰ ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਪੰਜ ਹਜ਼ਾਰ ਤੋਂ ਵੱਧ ਨੂੰ ਇਹਤਿਆਤੀ ਹਿਰਾਸਤ ਵਿਚ ਰੱਖਿਆ। 27 ਦਸੰਬਰ ਨੂੰ ਅਦਿੱਤਿਆਨਾਥ ਨੇ ਆਪਣੇ ਅਧਿਕਾਰਤ ਟਵਿੱਟਰ ਹੈਂਡਲ ਤੋਂ ਜੇਤੂ ਸੰਦੇਸ਼ ਜਾਰੀ ਕੀਤਾ: "ਹਰ ਦੰਗਾਕਾਰੀ ਸਦਮੇ 'ਚ ਹੈ। ਹਰ ਗੜਬੜ ਕਰਨ ਵਾਲਾ ਹੈਰਾਨ ਹੈ। ਯੋਗੀ ਸਰਕਾਰ ਦੇ ਸਖਤ ਰਵੱਈਏ ਨੂੰ ਦੇਖ ਕੇ ਹਰ ਕੋਈ ਖਾਮੋਸ਼ ਹੈ।"

ਪਰ ਵਿਰੋਧ ਪ੍ਰਦਰਸਨ 2020 ਦੇ ਸ਼ੁਰੂ ਤੱਕ ਤੇਜ਼ ਹੁੰਦੇ ਰਹੇ। ਆਜ਼ਮਗੜ੍ਹ ਜ਼ਿਲ੍ਹੇ ਦੇ ਬਿਲਰੀਆਗੰਜ ਬਲਾਕ ਵਿਚ ਪੁਲਿਸ ਨੇ ਸ਼ਾਂਤਮਈ ਸੀ.ਏ.ਏ. ਵਿਰੋਧੀ ਪ੍ਰਦਰਸਨਕਾਰੀਆਂ ਉੱਪਰ ਹਮਲਾ ਕੀਤਾ ਅਤੇ ਉਨ੍ਹਾਂ ਉਪਰ ਦੇਸ਼ਧ੍ਰੋਹ ਦੇ ਸਖਤ ਕਾਨੂੰਨਾਂ ਤਹਿਤ ਕੇਸ ਦਰਜ ਕੀਤੇ। ਬਿਲਰੀਆਗੰਜ ਦੇ ਇਸਲਾਮੀ ਵਿਦਵਾਨ ਮੁਹੰਮਦ ਤਾਹਿਰ ਮਦਨੀ ਨੇ ਮੈਨੂੰ ਦੱਸਿਆ, "4 ਫਰਵਰੀ, 2020 ਨੂੰ ਦੁਪਹਿਰ ਦੇ ਕਰੀਬ, ਔਰਤਾਂ ਮੌਲਾਨਾ ਜੌਹਰ ਅਲੀ ਪਾਰਕ ਵਿਚ ਇਕੱਠੀਆਂ ਹੋਣੀਆਂ ਸ਼ੁਰੂ ਹੋ ਗਈਆਂ ਕਿਉਂਕਿ ਉਹ ਸ਼ਾਹੀਨ ਬਾਗ ਵਰਗਾ ਵਿਰੋਧ ਪ੍ਰਦਰਸ਼ਨ ਕਰਨਾ ਚਾਹੁੰਦੀਆਂ ਸਨ। ਘੰਟਿਆਂ 'ਚ ਹੀ ਉੱਚ ਜ਼ਿਲ੍ਹਾ ਅਧਿਕਾਰੀ ਪੁਲਿਸ ਬਲਾਂ ਦੀ ਬੱਸ ਲੈ ਕੇ ਬਲਾਕ ਦਫਤਰ ਪਹੁੰਚ ਗਏ। ਪਹਿਲਾਂ, ਉਨ੍ਹਾਂ ਨੇ ਮੈਨੂੰ ਔਰਤ ਪ੍ਰਦਰਸ਼ਨਕਾਰੀਆਂ ਨੂੰ ਜੌਹਰ ਅਲੀ ਪਾਰਕ ਖਾਲੀ ਕਰਨ ਲਈ ਮਨਾਉਣ ਲਈ ਆਪਣਾ ਪ੍ਰਭਾਵ ਵਰਤਣ ਲਈ ਕਿਹਾ। ਮੈਂ ਪ੍ਰਦਰਸ਼ਨਕਾਰੀਆਂ ਨਾਲ ਗੱਲ ਕੀਤੀ, ਤੇ ਉਹ ਘਰ ਪਰਤਣਾ ਮੰਨ ਗਏ, ਜੇ ਉਨ੍ਹਾਂ ਨੂੰ ਲਿਖਤੀ ਭਰੋਸਾ ਦਿੱਤਾ ਜਾਵੇ ਕਿ ਉਨ੍ਹਾਂ ਨੂੰ ਕਿਸੇ ਹੋਰ ਦਿਨ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਪ੍ਰਸ਼ਾਸਨ ਨੇ ਲਿਖਤੀ ਭਰੋਸਾ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਗੱਲਬਾਤ ਫੇਲ੍ਹ ਹੋ ਗਈ।"

ਮਦਨੀ ਨੂੰ ਉਸ ਸ਼ਾਮ ਦੋ ਹੋਰ ਕੋਸ਼ਿਸ਼ਾਂ ਕਰਨ ਲਈ ਮਜਬੂਰ ਕੀਤਾ ਗਿਆ ਪਰ ਉਹ ਅਸਫਲ ਰਿਹਾ, ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨ ਸਿਰਫ ਜ਼ੁਬਾਨੀ ਭਰੋਸਾ ਦਿੰਦਾ ਸੀ। ਉਸ ਨੇ ਦੱਸਿਆ, "ਮੈਂ ਫਿਰ ਬਲਾਕ ਦਫਤਰ ਵਾਪਸ ਆਇਆ ਅਤੇ ਜ਼ਿਲ੍ਹਾ ਅਧਿਕਾਰੀਆਂ ਨੂੰ ਅਸਫਲ ਗੱਲਬਾਤ ਬਾਰੇ ਸੂਚਿਤ ਕੀਤਾ। ਮੈਨੂੰ ਕਿਹਾ ਗਿਆ ਕਿ ਮੈਂ ਉਥੋਂ ਨਾ ਜਾਵਾਂ। ਜਲਦੀ ਹੀ ਮੈਨੂੰ ਸੂਚਿਤ ਕੀਤਾ ਗਿਆ ਕਿ ਮੇਰੇ ਨਾਲ ਆਏ ਮੇਰੇ ਦੋਸਤਾਂ ਸਮੇਤ ਮੈਨੂੰ ਹਿਰਾਸਤ 'ਚ ਲੈ ਲਿਆ ਹੈ।"

ਦੇਰ ਰਾਤ ਪੁਲਿਸ ਨੇ ਪ੍ਰਦਰਸ਼ਨਕਾਰੀਆਂ 'ਤੇ ਟੁੱਟ ਪਈ। ਉਨ੍ਹਾਂ ਨੇ ਔਰਤ ਪ੍ਰਦਰਸ਼ਨਕਾਰੀਆਂ ਨੂੰ ਤਿਤਰ-ਬਿਤਰ ਕਰਕੇ ਦਰਜਨ ਤੋਂ ਵੱਧ ਆਦਮੀਆਂ ਨੂੰ ਚੁੱਕ ਲਿਆ, ਸਿਆਲ ਦੇ ਮੌਸਮ 'ਚ ਉਨ੍ਹਾਂ ਨੇ ਪਾਣੀ ਦੀਆਂ ਬੌਛਾੜਾਂ ਮਾਰੀਆਂ ਅਤੇ ਅੱਥਰੂ ਗੈਸ ਦੇ ਗੋਲੇ ਸੁੱਟੇ। ਅਗਲੇ ਦਿਨ ਐਫ.ਆਈ.ਆਰ. ਦਰਜ ਕੀਤੀ ਅਤੇ ਹਿਰਾਸਤ 'ਚ ਲਏ ਸਾਰੇ ਲੋਕਾਂ 'ਤੇ ਰਾਜਧ੍ਰੋਹ ਦਾ ਦੋਸ਼ ਲਗਾਇਆ ਗਿਆ। ਮਦਨੀ ਨੂੰ ਮਨਸੂਰ ਅਲੀ ਪਾਰਕ ਵਿਚ ਜੁੜੀ 'ਦੰਗਾਕਾਰੀ ਭੀੜ' ਨੂੰ 'ਭੜਕਾਉਣ ਵਾਲਾ ਅਤੇ ਆਗੂ' ਵਜੋਂ ਦਰਸਾਇਆ ਗਿਆ ਜਦੋਂ ਕਿ ਹਿਰਾਸਤ 'ਚ ਲਏ ਹੋਰਾਂ ਨੂੰ ਉਸ ਦੀ ਕਮਾਨ ਹੇਠ ਮੁੱਖ ਦੰਗਾਕਾਰੀਆਂ ਵਜੋਂ ਨਾਮਜ਼ਦ ਕੀਤਾ ਗਿਆ। ਰਾਜਧ੍ਰੋਹ ਕਾਨੂੰਨ ਦੀ ਵਰਤੋਂ ਨਾਲ ਇਹ ਯਕੀਨੀ ਬਣਾਇਆ ਗਿਆ ਕਿ ਉਹ ਸਾਰੇ ਚਾਰ ਮਹੀਨੇ ਦੇ ਕਰੀਬ ਜੇਲ੍ਹ 'ਚ ਰਹਿਣ।


**(ਚੱਲਦਾ)**

# ਅਫਗਾਨ ਦਾ ਵਰਤਮਾਨ ਅਤੇ ਇਤਿਹਾਸ

**ਕਲਾ ਪਰਿਕਰਮਾ**




ਕਾਬੁਲ ਦੇ ਬਾਜ਼ਾਰ ਦੀ ਇਕ ਝਲਕ।




ਸੁਰਿੰਦਰ ਸਿੰਘ ਤੇਜ
ਫੋਨ: +91-98555-01488

ਕਾਬੁਲ ਉਪਰ ਤਾਲਿਬਾਨ ਦਾ ਆਸਾਨੀ ਨਾਲ ਕਬਜ਼ਾ ਅਮਰੀਕੀ ਸਾਮਰਾਜ ਦੀ ਹੁਣ ਤਕ ਦੀ ਸਭ ਤੋਂ ਵੱਡੀ ਸਿਆਸੀ, ਸਿਧਾਂਤਕ ਅਤੇ ਜੰਗੀ ਹਾਰ ਹੈ। ਇਹ ਕਬਜ਼ਾ 15 ਅਗਸਤ 2021 ਨੂੰ ਬਿਨਾ ਕਿਸੇ ਖ਼ੂਨ-ਖਰਾਬੇ ਦੇ ਹੋਇਆ। ਅਮਰੀਕਾ ਅਤੇ ਉਸ ਦੇ ਇਤਿਹਾਦੀ ਮੁਲਕਾਂ ਦੀਆਂ ਫੌਜਾਂ 20 ਵਰ੍ਹਿਆਂ ਤੋਂ ਅਫ਼ਗਾਨਿਸਤਾਨ ਵਿਚ ਸਨ ਪਰ ਹਰ ਕਿਸਮ ਦੇ ਜੰਗੀ ਹਥਿਆਰਾਂ ਅਤੇ ਅਤਿ-ਆਧੁਨਿਕ ਤਕਨਾਲੋਜੀ ਨਾਲ ਲੈਸ ਹੋਣ ਦੇ ਬਾਵਜੂਦ ਉਹ ਤਾਲਿਬਾਨ ਦੀ ਰਾਜ ਸੱਤਾ ਉੱਤੇ ਵਾਪਸੀ ਨਾ ਰੋਕ ਸਕੀਆਂ। ਜ਼ਾਹਿਰ ਹੈ, ਜਿਨ੍ਹਾਂ ਨੇ 20 ਵਰ੍ਹੇ ਪਹਿਲਾਂ ਅਫਗਾਨ ਭੂਮੀ 'ਤੇ ਫੌਜੀ ਚੜ੍ਹਾਈ ਕਰਨ ਦੇ ਫੈਸਲੇ ਕੀਤੇ ਅਤੇ ਇਨ੍ਹਾਂ ਫੈਸਲਿਆਂ ਨੂੰ 'ਦਹਿਸ਼ਤਵਾਦ ਵਿਰੋਧੀ ਜੰਗ' ਵਰਗਾ ਨਾਂ ਦਿੱਤਾ, ਉਹ ਅਫਗਾਨ ਇਤਿਹਾਸ ਅਤੇ ਅਵਾਮ ਦੀ ਮਨੋ-ਬਣਤਰ ਤੋਂ ਜਾਂ ਤਾਂ ਉੱਕਾ ਹੀ ਨਾਵਾਕਫ ਸਨ ਅਤੇ ਜਾਂ ਫਿਰ ਆਪਣੀ ਜੰਗੀ ਤਾਕਤ ਦੇ ਲੋੜੋਂ ਵੱਧ ਭਰੋਸੇ ਵਿਚ ਸਨ। ਬਹਰਹਾਲ, ਅਫਗਾਨ ਭੂਮੀ 'ਤੇ 1981 ਤੋਂ ਬਾਅਦ ਜੋ ਕੁਝ ਵਾਪਰਿਆ, ਉਸ ਦਾ ਖਮਿਆਜ਼ਾ ਅਮਰੀਕਾ ਤਾਂ ਭੁਗਤ ਹੀ ਰਿਹਾ ਹੈ, ਬਾਕੀ ਦੁਨੀਆ ਨੂੰ ਵੀ ਭੁਗਤਣਾ ਪੈ ਰਿਹਾ ਹੈ। ਗੱਲ ਇੱਥੇ ਮੁੱਕਣ ਵਾਲੀ ਨਹੀਂ। ਪਿਛਲੀਆਂ ਢਾਈ ਸਦੀਆਂ ਦਾ ਅਫਗਾਨ ਇਤਿਹਾਸ, ਅਫਗਾਨਿਸਤਾਨ ਦੇ ਅੰਦਰ ਜਾਂ ਆਸ-ਪਾਸ ਸਭ ਠੀਕ ਰਹਿਣ ਦੀ ਆਸ ਬਿਲਕੁਲ ਨਹੀਂ ਬੰਨ੍ਹਾਉਂਦਾ।

ਇਹ ਜਾਇਜ਼ਾ ਪੇਸ਼ ਕਰਦੀ ਹੈ ਤਾਰਿਕ ਅਲੀ ਦੀ ਨਵੀਂ ਕਿਤਾਬ 'ਦਿ ਫੋਰਟੀ ਯੀਅਰ ਵਾਰ ਇਨ ਅਫਗਾਨਿਸਤਾਨ: ਏ ਕਰੋਨੀਕਲ ਫੋਰਟੋਲਡ' (ਅਫਗਾਨਿਸਤਾਨ ਵਿਚ ਜੰਗ ਦੇ 40 ਵਰ੍ਹੇ: ਪੇਸ਼ਬੀਨੀਆਂ ਦਾ ਬਿਰਤਾਂਤ)। ਇਹ ਕਿਤਾਬ ਤਾਰਿਕ ਅਲੀ ਦੀਆਂ 1983 ਤੋਂ ਲੈ ਕੇ ਹੁਣ ਤਕ ਦੀਆਂ ਚੋਣਵੀਆਂ ਲੇਖਣੀਆਂ ਦਾ ਸੰਗ੍ਰਹਿ ਹੈ। ਇਹ ਰਚਨਾਵਾਂ ਦਰਸਾਉਂਦੀਆਂ ਹਨ ਕਿ ਲੇਖਕ ਨੇ ਅਫਗਾਨਿਸਤਾਨ ਵਿਚ ਰੂਸੀ ਫੌਜਾਂ ਦੀ ਆਮਦ (1979), ਇਸ ਆਮਦ ਖਿਲਾਫ ਉੱਠੇ ਰੋਹ, ਤਾਲਿਬਾਨ ਦੀ ਪੈਦਾਇਸ਼ ਤੇ ਉਭਾਰ, ਇਸ ਉਭਾਰ ਵਿਚ ਅਮਰੀਕਾ ਤੇ ਉਸ ਦੇ 'ਨਾਟੋ' ਸਾਥੀਆਂ ਦੀ ਭੂਮਿਕਾ, ਇਸ ਭੂਮਿਕਾ ਦੀ ਬਦੌਲਤ ਇਸਲਾਮੀ ਦਹਿਸ਼ਤਵਾਦ ਦੇ ਪਸਾਰੇ ਅਤੇ ਉਸ ਪਸਾਰੇ ਕਾਰਨ ਦੁਨੀਆਂ ਭਰ ਵਿਚ ਉਪਜੀਆਂ ਉਲਝਣਾਂ ਬਾਰੇ ਜੋ ਪੇਸ਼ੀਨਗੋਈਆਂ ਕੀਤੀਆਂ ਸਨ, ਉਹ ਮੁਸਲਸਲ ਸਹੀ ਸਾਬਤ ਹੋਈਆਂ। ਕਿਤਾਬ ਦੀ ਭੂਮਿਕਾ ਦੱਸਦੀ ਹੈ ਕਿ ਤਾਰਿਕ ਅਲੀ ਨੇ ਅਫਗਾਨ ਇਤਿਹਾਸ ਬਾਰੇ ਆਪਣੀ ਸੋਝੀ ਨੂੰ ਇਨ੍ਹਾਂ ਭਵਿੱਖਬਾਣੀਆਂ ਦਾ ਆਧਾਰ ਬਣਾਇਆ। ਇਹ ਪਹੁੰਚ ਕਿੰਨੀ ਦਰੁਸਤ ਸਾਬਤ ਹੋਈ, ਇਸ ਦਾ ਅਹਿਸਾਸ ਸਿਰਫ ਕਿਤਾਬ ਪੜ੍ਹ ਕੇ ਹੀ ਹੋ ਸਕਦਾ ਹੈ।



ਤਾਰਿਕ ਅਲੀ




ਤਾਰਿਕ ਅਲੀ ਦੀ ਕਿਤਾਬ ਦਾ ਮੁਖੜਾ।

ਤਾਰਿਕ ਅਲੀ (78) ਪੇਸ਼ੇ ਵਜੋਂ ਪੱਤਰਕਾਰ ਹੈ ਅਤੇ ਸੁਭਾਅ ਤੇ ਮੁਰਾਦ ਪੱਖੋਂ ਇਤਿਹਾਸਕਾਰ। ਉਹ ਛੇ ਦਹਾਕਿਆਂ ਤੋਂ ਲੰਡਨ ਵਿਚ ਰਹਿ ਰਿਹਾ ਹੈ। ਜ਼ੱਦ ਪਾਕਿਸਤਾਨੀ ਹੈ, ਪੱਕੀ ਲਾਹੌਰੀ। ਵਿਦਵਤਾ ਅਤੇ ਸਿਆਸੀ ਸੂਝ ਵੀ ਇਸੇ ਜ਼ੱਦ ਤੇ ਵਿਰਸੇ ਵਿਚੋਂ ਆਈ। ਉਸ ਦਾ ਨਾਨਾ ਸਰ ਸਿਕੰਦਰ ਹਯਾਤ ਖਾਨ, ਸੰਤਾਲੀ ਤੋਂ ਪਹਿਲਾਂ ਵਾਲੇ ਪੰਜਾਬ ਦਾ ਮੁੱਖ ਮੰਤਰੀ ਰਿਹਾ। ਮਾਂ ਤਾਹਿਰਾ ਮਜ਼ਹਰ ਅਲੀ ਔਰਤਾਂ ਦੇ ਹੱਕਾਂ ਦੀ ਅਲੰਬਰਦਾਰ ਅਤੇ ਇਕ ਸਮੇਂ ਬੇਨਜ਼ੀਰ ਭੁੱਟੋ ਦੀ ਸਿਆਸੀ ਸੇਧਗਾਰ ਸੀ। ਤਾਰਿਕ ਖ਼ੁਦ ਖਾਲਸ ਖੱਬੇ-ਪੰਥੀ ਹੈ। 'ਨਿਊ ਲੈਫਟ ਰੀਵਿਊ' ਰਸਾਲੇ ਦੇ ਸੰਪਾਦਕੀ ਮੰਡਲ ਦਾ ਉਹ ਹੁਣ ਵੀ ਹਿੱਸਾ ਹੈ। ਦੋ ਦਰਜਨ ਤੋਂ ਵੱਧ ਕਿਤਾਬਾਂ ਲਿਖ ਚੁੱਕਾ ਹੈ ਜਿਹੜੀਆਂ ਇਸਲਾਮ, ਇਸਲਾਮੀ ਇਤਿਹਾਸ, ਇਸਲਾਮੀ ਦਹਿਸ਼ਤਵਾਦ, ਇਸਲਾਮ ਪ੍ਰਤੀ ਪੱਛਮ ਦੇ ਉਲਟੇ ਚਸ਼ਮੇ ਬਾਰੇ ਅਤੇ ਸਾਡੇ ਉਪ ਮਹਾਂਦੀਪ (ਖਾਸਕਰ ਪਾਕਿਸਤਾਨ) ਦੀਆਂ ਘਟਨਾਵਾਂ ਤੇ ਉਲਝੇਵਿਆਂ ਬਾਰੇ ਹਨ। ਹੁਣ ਨਵੀਂ ਕਿਤਾਬ, ਭੂਮਿਕਾ ਤੇ ਅੰਤਿਕਾ ਨੂੰ ਛੱਡ ਕੇ, 27 ਅਜਿਹੇ ਲੇਖਾਂ ਦਾ ਸੰਗ੍ਰਹਿ ਹੈ ਜੋ 'ਦਿ ਗਾਰਡੀਅਨ' ਅਤੇ 'ਦਿ ਸਪੈਕਟੇਟਰ' ਸਮੇਤ ਵੱਖ ਵੱਖ ਬ੍ਰਿਟਿਸ਼ ਬੌਧਿਕ ਰਸਾਲਿਆਂ-ਅਖਬਾਰਾਂ ਵਿਚ ਸਮੇਂ ਸਮੇਂ ਛਪੇ। ਇਹ 27 ਲੇਖ ਚਾਰ ਭਾਗਾਂ ਵਿਚ ਵੰਡੇ ਹੋਏ ਹਨ; ਭਾਗਾਂ ਦੇ ਨਾਂ ਹਨ: ਮਾਸਕੋ, ਵਾਸ਼ਿੰਗਟਨ ਤੇ ਲਾਹੌਰ (1979-2000); ਅਪਰੇਸ਼ਨ ਤਬਾਹੀ (2001-2008), ਅਫ-ਪਾਕਿ ਦੀ ਆਤਿਸ਼ਜ਼ਨੀ (2008-11) ਅਤੇ ਹਾਰ ਨੂੰ ਦਾਅਵਤ (2012-22)। ਇਹ ਚਾਰੇ ਨਾਂ ਹੀ ਦੱਸ ਦਿੰਦੇ ਹਨ ਕਿ ਇਨ੍ਹਾਂ ਅੰਦਰਲੇ ਲੇਖਾਂ ਦਾ ਵਿਸ਼ਾ-ਵਸਤੂ ਕੀ ਹੈ। ਸਾਰੇ ਲੇਖਾਂ ਵਿਚ ਤਾਰਿਕ ਤਤਕਾਲੀ ਵਰਤਮਾਨ ਨੂੰ ਪ੍ਰਸੰਗਿਕ ਬਣਾ ਕੇ ਭਵਿੱਖਬਾਣੀ ਕਰਦਾ ਹੈ। ਇਹ ਭਵਿੱਖਬਾਣੀਆਂ ਅਮੂਮਨ ਸਹੀ ਸਾਬਤ ਹੋਈਆਂ। ਕਿਸੇ ਇਲਹਾਮ ਜਾਂ ਦਿੱਬ-ਦ੍ਰਿਸ਼ਟੀ ਕਾਰਨ ਨਹੀਂ, ਅਤੀਤ ਦੇ ਆਈਨੇ ਦੀ ਮਦਦ ਨਾਲ ਵਰਤਮਾਨ ਵਿਚੋਂ ਭਵਿੱਖ ਦਾ ਅਕਸ ਦੇਖਣ ਦੀ ਕਾਬਲੀਅਤ ਸਦਕਾ।

ਇਕ-ਦੋ ਮਿਸਾਲਾਂ, ਪ੍ਰਮਾਣਾਂ ਵਜੋਂ ਪੇਸ਼ ਹਨ: 1983 ਵਿਚ ਪ੍ਰਕਾਸ਼ਿਤ ਲੇਖ 'ਅਹਿਰਨ ਤੇ ਹਥੌੜੇ ਦਰਮਿਆਨ' ਵਿਚ ਤਾਰਿਕ ਅਲੀ ਲਿਖਦਾ ਹੈ, "ਸਬਕ ਸਾਡੇ ਸਾਹਮਣੇ ਹਨ। ਸਮਾਜਵਾਦੀ ਨਿਜ਼ਾਮ ਬੰਦੂਕ ਦੀ ਨੋਕ ਨਾਲ ਨਹੀਂ ਸਿਰਜਿਆ ਜਾ ਸਕਦਾ। ਇਹਦੇ ਲਈ ਮੁਹੱਬਤ ਅਤੇ ਹਮਾਇਤ, ਚੰਗੀ ਜੀਵਨ-ਜਾਚ ਤੇ ਸੁਚੱਜੇ ਰਾਜ ਪ੍ਰਬੰਧ ਰਾਹੀਂ ਹੀ ਵਿਕਸਿਤ ਕੀਤੀ ਜਾ ਸਕਦੀ ਹੈ। ਅਫਗਾਨ ਲੋਕਾਂ 'ਤੇ ਨਿਜ਼ਾਮ ਠੋਸਿਆ ਗਿਆ ਹੈ, ਉਨ੍ਹਾਂ ਨੂੰ ਆਪਣੀ ਸਰਕਾਰ ਖੁਦ ਚੁਣਨ ਦਿੱਤੀ ਜਾਣੀ ਚਾਹੀਦੀ ਸੀ। ਲੋਕ ਚਾਹੇ ਕਿੰਨੇ ਵੀ ਦਬੇ-ਕੁਚਲੇ ਜਾਂ ਗਰੀਬੜੇ ਕਿਉਂ ਨਾ ਹੋਣ, ਆਪਣੇ ਤਜਰਬਿਆਂ ਤੋਂ ਬਹੁਤ ਕੁਝ ਸਿੱਖ ਲੈਂਦੇ ਹਨ। ਉਹ ਜਾਣਦੇ ਹੁੰਦੇ ਹਨ ਕਿ ਉਹ ਕੀ ਕਰ ਰਹੇ ਹਨ, ਕਿਉਂ ਕਰ ਰਹੇ ਹਨ। ...ਸੋਵੀਅਤ ਸੰਘ, ਅਫਗਾਨਿਸਤਾਨ ਵਿਚ ਜੋ ਕਰ ਰਿਹਾ ਹੈ, ਉਸ ਦਾ ਪ੍ਰਤੀਕਰਮ ਫਲਦਾਇਕ ਨਹੀਂ ਹੋਵੇਗਾ। ਇਹ ਪ੍ਰਤੀਕਰਮ ਦੇਖਣ ਲਈ ਲੰਮਾ ਸਮਾਂ ਉਡੀਕ ਵੀ ਨਹੀਂ ਕਰਨੀ ਪਵੇਗੀ। ਕੁਝ ਮਹੀਨੇ ਜਾਂ ਇਕ-ਦੋ ਵਰ੍ਹੇ... ਫਿਰ ਜੋ ਵੀ ਕੁਝ ਵਾਪਰੇਗਾ, ਇਹ ਵੀ ਸੁਖਦਾਈ ਨਹੀਂ ਹੋਵੇਗਾ।" (ਪੰਨਾ 20-21)। ਇੰਜ ਹੀ ਨਵੰਬਰ 2008 ਵਿਚ ਪ੍ਰਕਾਸ਼ਿਤ ਮਜ਼ਮੂਨ 'ਨਵੀਂ ਚੜ੍ਹਤ, ਨਵੀਆਂ ਤਬਾਹੀਆਂ' ਵਿਚ ਲਿਖਿਆ ਗਿਆ ਹੈ: "ਅਫਗਾਨਿਸਤਾਨ ਵਿਚੋਂ ਫੌਜਾਂ ਵਾਪਸ ਬੁਲਾਉਣ ਲਈ ਅਮਰੀਕੀ ਲੋਕਾਂ ਵੱਲੋਂ ਪਾਇਆ ਜਾ ਰਿਹਾ ਦਬਾਅ ਅਜੇ ਕਮਜ਼ੋਰ ਹੈ ਪਰ ਹੁਣ ਤਕ ਹੋਏ ਨੁਕਸਾਨਾਂ ਦੀ ਅਸਲ ਤਸਵੀਰ ਜਦੋਂ ਸਾਹਮਣੇ ਆਏਗੀ ਤਾਂ ਦਬਾਅ ਬਹੁਤ ਜ਼ੋਰ ਫੜ ਜਾਵੇਗਾ। ...ਹੋ ਸਕਦਾ ਹੈ ਉਦੋਂ ਵੱਧ ਨਮੋਸ਼ੀ ਨਾਲ ਭੱਜਣਾ ਪਵੇ।" (ਪੰਨਾ 122)। 15 ਅਗਸਤ 2021 ਤੋਂ ਬਾਅਦ ਅਮਰੀਕਾ ਜਿੰਨੀ ਤੇਜ਼ੀ ਅਤੇ ਨਮੋਸ਼ੀ ਨਾਲ ਅਫਗਾਨਿਸਤਾਨ 'ਚੋਂ ਭੱਜਿਆ, ਉਹ ਉਪਰੋਕਤ ਭਵਿੱਖਬਾਣੀ ਦੀ ਤਸਦੀਕ ਹੈ।

ਪੇਪਰਬੈਕ ਐਡੀਸ਼ਨ ਹੋਣ ਦੇ ਬਾਵਜੂਦ ਇਸ ਕਿਤਾਬ ਦੀ ਕੀਮਤ (999 ਰੁਪਏ) ਪਾਠਕਾਂ ਲਈ ਬਹੁਤ ਉੱਚੀ ਹੈ ਪਰ ਅਤੀਤ ਦੇ ਪ੍ਰਿਜ਼ਮ ਵਿਚੋਂ ਭਵਿੱਖ ਪੜ੍ਹ ਲੈਣ ਦੀ ਸਮਰੱਥਾ ਦੀ ਇਹ ਕਿਤਾਬ ਕਾਬਿਲੇ-ਤਾਰੀਫ ਮਿਸਾਲ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 12 ਫਰਵਰੀ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-520



**ਬੈਠਾ ਚੌਕੀਦਾਰ ਪਿਆ ਸੋਚੇ, ਭੁੱਖ ਨੇ ਬਹੁਤ ਸਤਾਇਆ,**
**ਬੰਨ੍ਹਿਆ ਮੈਨੂੰ ਸਵੇਰ ਤੋਂ ਇੱਥੇ, ਮੁੜ ਨਹੀਂ ਫੇਰਾ ਪਾਇਆ।**
**ਭੌਂਕ ਭੌਂਕ ਕੇ ਥੱਕਿਆ ਭਾਵੇਂ, ਗੋਦੀ ਮੀਡੀਆ ਬਣ ਜਾਵਾਂ,**
**ਪਰ ਉਡੀਕਾਂ ਮਾਲਕ ਤਾਈਂ, ਸਵਾਮੀ ਭਗਤ ਕਹਾਵਾਂ।**

### ਕੈਪਸ਼ਨ ਮੁਕਾਬਲਾ-518



ਖ਼ੁਦਗਰਜ਼ਾਂ ਨੇ ਪਾਈਆਂ ਵੰਡੀਆਂ,
ਪਰ ਸਾਡੇ ਦਿਲ ਨੀ ਦੂਰ ਹੋਏ।
ਬਿਨਾਂ ਗੁਨਾਹ ਤੋਂ ਸਜ਼ਾ ਮਿਲੀ ਸੀ,
ਵਿਛੜਨ ਲਈ ਮਜਬੂਰ ਹੋਏ।
ਪੈ ਗਈਆਂ ਨੇ ਰੂਹ ਦੀਆਂ ਜੱਫੀਆਂ,
ਅੱਜ ਜ਼ਖ਼ਮ ਮਨਾਂ ਦੇ ਪੂਰ ਹੋਏ।
***-ਜਗਮੀਤ ਸਿੰਘ ਪੰਧੇਰ***
***ਫੋਨ: 98783-37222***

---

ਇਕੋ ਤਹਿਜ਼ੀਬ, ਇਕੋ ਰਸਮ ਰਿਵਾਜ਼
ਇਕੋ ਖ਼ੂਨ, ਇਕੋ ਪਰਿਵਾਰ,
ਸੰਨ ਸੰਤਾਲੀ ਦਾ ਬਟਵਾਰਾ,
ਝੁਲਾਈ ਐਸੀ ਫਿਰਕੂ ਹਨੇਰੀ,
ਕੀਤੀ ਆਪਣਿਆਂ ਨੇ ਹੀ
ਆਪਣਿਆਂ ਦੀ ਵੱਢ-ਟੁੱਕ
ਜੰਮਣ ਭੋਇੰ ਤੋਂ ਟੁੱਟ ਕਾਫਲੇ ਚੱਲੇ
ਹਫੜਾ -ਦਫੜੀ 'ਚ ਵਿਛੜ ਗਏ
ਸਭ ਪਰਿਵਾਰ
ਵਿਛੋੜੇ ਦੇ ਸੱਲ ਸੁਲਗਦੇ
ਇਕ ਦੂਜੇ ਨੂੰ ਯਾਦ ਕਰ ਕਰ,
ਰਿਸ ਰਿਸ ਤੜਫਾਉਂਦੇ ਰਹੇ
ਖੁਲ੍ਹਿਆ ਕਰਤਾਰਪੁਰ ਦਾ ਲਾਂਘਾ
ਚੁਹੱਤਰ ਸਾਲਾਂ ਬਾਅਦ
ਵਿਛੜੇ ਭਰਾਵਾਂ ਦਾ ਮੇਲ ਹੋਇਆ।
***-ਦਰਸ਼ਨ ਪਾਲ ਦੁਸਾਂਝ***

---

ਨਫਰਤ ਦੀਆਂ ਦੀਵਾਰਾਂ
ਟੁੱਟ ਜਾਣ ਇਕ ਦਿਨ,
ਜਦੋਂ ਗਲਵੱਕੜੀਆਂ ਆਪਣਿਆਂ ਦੀ ਪੈਣ।
ਮੁੱਦਤਾਂ ਤੋਂ ਕੁਦਰਤ ਵਲੋਂ ਪਾਏ ਵਿਛੋੜੇ,
ਵੰਡ ਦੇ ਦੁਖੜੇ ਯਾਦ ਕਰ ਕੇ
ਹੰਝੂ ਵਰਸਾਉਂਦੇ ਨੈਣ।
ਵੋਟਾਂ ਵੇਲੇ ਘਰ-ਘਰ ਬਹੁੜਦੇ,
ਜਿਵੇਂ ਅਰਸ਼ੋਂ ਉਤਰੇ ਭਗਵਾਨ,
ਸਿਆਸੀ ਬੰਦੇ ਵੰਡੀਆਂ ਪਾਉਂਦੇ,
ਸ਼ੋਅ ਤਾਕਤ ਦੇ ਨਾਲ
ਜਾਗੇ ਅੰਦਰਲਾ ਸ਼ੈਤਾਨ
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਵਕਤ ਤੋਂ ਜ਼ਿਆਦਾ ਜ਼ਿੰਦਗੀ ਵਿਚ
ਆਪਣਾ ਤੇ ਪਰਾਇਆ
ਕੋਈ ਨਹੀਂ ਹੁੰਦਾ
ਸਮਾਂ ਆਪਣਾ ਹੁੰਦਾ ਹੈ ਤੇ
ਸਾਰੇ ਆਪਣੇ ਹੁੰਦੇ ਨੇ
ਜਦ ਵਕਤ ਪਰਾਇਆ ਹੈ ਤਾਂ
ਆਪਣੇ ਵੀ ਪਰਾਏ ਹੋ ਜਾਂਦੇ ਨੇ।
***-ਬੱਲਾ ਲਬਾਣਾ***
***ਫੋਨ: 848-235-8344***

---

ਵੰਡ ਦਾ ਦਰਦ ਅਸੀਂ
ਤਨ, ਮਨ 'ਤੇ ਹੰਢਾਇਆ ਏ
ਅੱਜ ਰੱਬ ਨੇ ਮੁੜ ਭਾਈ ਮਿਲਾਇਆ
ਵਰ੍ਹਿਆਂ ਮਗਰੋਂ
ਇਹ ਸੋਹਣਾ ਸਮਾਂ ਆਇਆ ਏ।
***-ਅੰਮ੍ਰਿਤ ਰੰਧਾਵਾ***

# ਨਵਜੋਤ ਸਿੰਘ ਸਿੱਧੂ-ਭੀੜ ਵਿਚ ਇਕੱਲਾ ਵੀ ਅਤੇ ਜਨਤਾ ਦਾ ਹਿੱਸਾ ਵੀ

***ਅਸਲ ਵਿਚ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਇਤਿਹਾਸਕ ਪ੍ਰਾਪਤੀ ਨੇ ਉਸ ਦੀ ਪ੍ਰਸਿੱਧੀ ਨੂੰ ਅਸਮਾਨ ਤਕ ਪਹੁੰਚਾ ਦਿੱਤਾ ਅਤੇ ਉਹ ਸਿਖਾਂ ਵਿਚ ਹਰਮਨ ਪਿਆਰਾ ਹੋ ਗਿਆ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਗਲ ਨੂੰ ਜਿਵੇਂ ਉਹ ਉਭਾਰਦਾ ਹੈ, ਉਹ ਨਿਰਮਲ ਜਜ਼ਬਾ ਵੀ ਹੋਰ ਕਿਸੇ ਕੋਲ ਨਹੀਂ***



**ਕਰਮਜੀਤ ਸਿੰਘ**
**ਫੋਨ: 99150-91063**

ਨਵਜੋਤ ਸਿੱਧੂ ਦੇ ਹੱਕ ਵਿਚ ਉਸ ਦੀ ਫੋਲਾ ਫਰੋਲੀ ਕਰਨ ਦਾ ਅੱਜ ਜੀਅ ਕਰ ਆਇਆ ਹੈ-ਖ਼ਾਸ ਕਰਕੇ ਉਸ ਸਮੇਂ ਜਦੋਂ ਸਾਰੀਆਂ ਸਿਆਸੀ ਪਾਰਟੀਆਂ, ਸਿਆਸਤਦਾਨ ਅਤੇ ਉਸ ਦੀ ਆਪਣੀ ਪਾਰਟੀ ਦੇ ਲੋਕ ਵੀ ਆਪਣੇ "ਬੌਣੇ ਕਾਰਨਾਂ" ਕਰਕੇ ਉਸ ਨੂੰ ਹੇਠਾਂ ਸੁੱਟਣ ਲਈ ਇਕੱਠੇ ਹੋ ਗਏ ਹਨ।

ਕੁਝ ਤਾਂ ਹੈ ਉਸ ਵਿਚ ਜੋ ਦਿਲ ਨੂੰ ਵੀ ਖਿੱਚ ਪਾਉਂਦਾ ਹੈ ਅਤੇ ਦਿਮਾਗ ਨੂੰ ਵੀ। ਉਸ ਨੂੰ ਬਹੁਤ ਸਾਰੇ ਤੋਹਫ਼ੇ ਮਿਲੇ ਹੋਏ ਹਨ-ਕੁਦਰਤ ਵੱਲੋਂ ਵੀ ਅਤੇ ਕਰੜੀ ਮਿਹਨਤ ਕਰਕੇ ਹਾਸਲ ਕੀਤੇ ਹੋਏ ਵੀ। ਉਹ ਇੱਕੋ ਸਮੇਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਜੋ ਹੁਨਰ ਰੱਖਦਾ ਹੈ ਅਤੇ ਜਿਵੇਂ ਉਹ ਇਸ ਕਲਾ ਨੂੰ ਪਰੋਸਦਾ ਹੈ, ਉਹ ਹਿੰਦੁਸਤਾਨ ਦੇ ਕਿਸੇ ਸਿਆਸਤਦਾਨ ਕੋਲ ਨਹੀਂ। ਉਸ ਦੇ ਬੋਲਾਂ ਵਿਚ ਆਪਣੀ ਹੀ ਕਿਸਮ ਦੀ ਮੌਲਿਕ ਤਾਜ਼ਗੀ ਤੇ ਮਨੋਰੰਜਨ ਤਾਂ ਹੁੰਦਾ ਹੀ ਹੈ, ਪਰ ਇਹ ਸਮੱਗਰੀ ਤਰਕ ਤੇ ਦਲੀਲ ਤੋਂ ਸੱਖਣੀ ਵੀ ਨਹੀਂ ਹੁੰਦੀ। ਮੁਹਾਵਰੇ ਤੇ ਸ਼ਿਅਰਾਂ ਦਾ ਇਸਤੇਮਾਲ ਤੁਹਾਡੇ ਅੰਦਰ ਰੌਣਕ ਮੇਲਾ ਲਾ ਦਿੰਦਾ ਹੈ। ਤੁਸੀਂ ਹੱਸਦੇ ਵੀ ਹੋ ਅਤੇ ਜੇਕਰ ਤੁਹਾਨੂੰ ਕਿਸੇ ਵਾਦ ਜਾਂ ਧਿਰ ਨੇ ਕੈਦ ਨਹੀਂ ਕੀਤਾ ਹੋਇਆ ਤਾਂ ਤੁਸੀਂ ਉਸ ਦੀਆਂ ਗੱਲਾਂ ਨਾਲ ਸਹਿਮਤ ਹੋਣ ਤੋਂ ਬਿਨਾਂ ਵੀ ਨਹੀਂ ਰਹਿ ਸਕਦੇ। ਫਿਲਮੀ ਕਲਾਕਾਰਾਂ, ਖਿਡਾਰੀਆਂ, ਸਿਆਸਤਦਾਨਾਂ ਅਤੇ ਆਮ ਬੰਦਿਆਂ ਤੋਂ ਲੈ ਕੇ ਉਹ ਹਰ ਨੁੱਕਰ ਵਿਚ ਆਕਾਸ਼ ਵਾਂਗ ਫੈਲਿਆ ਹੋਇਆ ਹੈ ਅਤੇ ਚਰਚਾ ਵਿਚ ਰਹਿੰਦਾ ਹੈ।

ਇਕ ਹੋਰ ਗੱਲ ਵੀ ਤੁਹਾਨੂੰ ਅਚੇਤ ਰੂਪ ਵਿਚ ਖਿੱਚ ਪਾਉਂਦੀ ਹੈ। ਉਹ ਹੈ-ਉਸ ਦੀ ਬਾਹਰਲੀ ਸ਼ਖ਼ਸੀਅਤ ਤੇ ਬਣ ਠਣ ਕੇ ਰਹਿਣ ਦਾ ਅਨੋਖਾ ਚਾਅ ਅਤੇ ਸ਼ੌਕ। ਉਹ ਬਿਨਾਂ ਸ਼ੱਕ ਸੁਹਣਾ ਹੈ,ਉਚਾ-ਲੰਮਾ ਕੱਦ ਹੋਣ ਦੀ ਕੁਦਰਤੀ ਸੌਗਾਤ ਵੀ ਉਸ ਕੋਲ ਹੈ। ਕ੍ਰਿਕਟ ਦੀ ਖੇਡ ਵਿਚ ਵੀ ਉਸ ਨੇ ਮੱਲਾਂ ਮਾਰੀਆਂ ਹਨ। ਪੱਗ ਵੀ ਉਹ ਗਚੋ ਕੇ ਬੰਨਦਾ ਹੈ। ਲੜਾਂ ਵਿਚ ਬਰਾਬਰ ਦਾ ਫ਼ਾਸਲਾ ਹੁੰਦਾ ਹੈ।

ਕਈ ਵਾਰ ਗ਼ੈਰਾਂ ਨੂੰ ਇਹ ਹੈਰਾਨੀ ਤੇ ਮਿੱਠਾ ਮਿੱਠਾ ਸਾੜਾ ਵੀ ਹੁੰਦਾ ਹੈ ਕਿ ਕੋਈ ਸਿੱਖ ਆਖਰ ਏਨਾ ਹਰਫਨਮੌਲਾ ਕਿਵੇਂ ਹੋ ਸਕਦਾ ਹੈ ਕਿ ਉਹ ਹਾਜ਼ਰ-ਜਵਾਬ ਵੀ ਪੁੱਜ ਕੇ ਹੋਵੇ, ਗੱਲਾਂ ਦਾ ਜਵਾਬ ਵੀ ਦਲੀਲ ਤੇ ਜਜ਼ਬੇ ਨਾਲ ਦੇਵੇ ਅਤੇ ਕਿਸੇ ਦੇ ਵਿਰੋਧ ਕਰਨ ਲੱਗਿਆਂ ਜਾਂ ਹੱਕ ਵਿਚ ਬੋਲਣ ਲੱਗਿਆਂ ਵੀ ਦਲੀਲਾਂ ਦਾ ਅੰਬਾਰ ਖੜ੍ਹਾ ਕਰ ਦੇਵੇ ਅਤੇ ਵਿਰੋਧੀ ਸੁਰ ਵਾਲੇ ਪੱਤਰਕਾਰਾਂ ਤੇ ਐਂਕਰਾਂ ਦੇ ਹੱਥ ਖੜ੍ਹੇ ਕਰਾ ਦੇਵੇ। ਕ੍ਰਿਕਟ ਦੀ ਕੁਮੈਂਟਰੀ ਕਰਨ ਲੱਗਿਆਂ ਜੇ ਤੁਸੀਂ ਧਿਆਨ ਨਾਲ ਦੇਖੋ ਤਾਂ ਉਸ ਦੀ ਸ਼ਬਦਾਵਲੀ ਵਿਚ ਸਾਹਿਤ ਦਾ ਮੇਲਾ ਲੱਗਿਆ ਹੁੰਦਾ ਹੈ।



ਅਸਲ ਵਿਚ ਕਰਤਾਰ ਪੁਰ ਸਾਹਿਬ ਦੇ ਲਾਂਘੇ ਦੀ ਇਤਿਹਾਸਕ ਪਰਾਪਤੀ ਨੇ ਉਸ ਦੀ ਪ੍ਰਸਿੱਧੀ ਨੂੰ ਅਸਮਾਨ ਤਕ ਪਹੁੰਚਾ ਦਿੱਤਾ ਅਤੇ ਉਹ ਸਿਖਾਂ ਵਿਚ ਹਰਮਨ ਪਿਆਰਾ ਹੋ ਗਿਆ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਗਲ ਨੂੰ ਜਿਵੇਂ ਉਹ ਉਭਾਰਦਾ ਹੈ, ਉਹ ਨਿਰਮਲ ਜਜ਼ਬਾ ਵੀ ਹੋਰ ਕਿਸੇ ਕੋਲ ਨਹੀਂ।

ਇਕ ਸਵਾਲ? ਉਸ ਦਾ ਏਨਾ ਜ਼ਬਰਦਸਤ ਵਿਰੋਧ ਕਿਉਂ ਹੁੰਦਾ ਹੈ? ਅੱਜ ਸਾਰੇ ਪਾਸੇ ਵੋਟਾਂ ਦੀਆਂ ਗੱਲਾਂ ਹੀ ਹੋ ਰਹੀਆਂ ਹਨ। ਪਰ ਨਵਜੋਤ ਇਕੱਲਾ ਹੈ ਭੀੜ ਵਿਚ ਇਕਲਾ-ਸ਼ਾਇਦ ਤਾਰਿਆਂ ਦੇ ਝੁਰਮਟ ਵਿਚ ਇਕੱਲੇ ਚੰਨ ਵਾਂਗ। ਉਹ ਕਿਸੇ ਮਾਡਲ ਦੀ ਅੱਜਕੱਲ੍ਹ ਗੱਲ ਕਰ ਰਿਹਾ ਹੈ ਅਤੇ ਇੰਜ ਉਹ ਕੁਰੱਪਸ਼ਨ ਨੂੰ ਜੜ੍ਹੋਂ ਫੜਨ ਦਾ ਇਰਾਦਾ ਰੱਖਦਾ ਹੈ, ਜਦਕਿ ਬਾਕੀ ਸਿਆਸਤਦਾਨ 'ਟਾਹਣੀਆਂ ਤੇ ਪੱਤਿਆਂ' ਤਕ ਹੀ ਆਪਣੀ ਦਿਲਚਸਪੀ ਤੇ ਜਾਣਕਾਰੀ ਰੱਖਦੇ ਹਨ। ਪੰਜਾਬ ਦੇ ਲੋਕ ਵੀ ਹਾਲ ਦੀ ਘੜੀ ਇਸ ਹੱਦ ਤਕ ਬੰਨ੍ਹ ਕੇ ਹੀ ਆਪਣੇ ਆਪ ਨੂੰ ਰੱਖਣਾ ਚਾਹੁੰਦੇਹਨ। ਇਹ ਸਾਡੇ ਸਮਿਆਂ ਦਾ ਦੁਖਾਂਤ ਹੈ।

ਹੈਰਾਨੀ ਨਹੀਂ ਹੋਵੇਗੀ, ਜੇਕਰ ਨਵਜੋਤ ਸਿੱਧੂ ਨੂੰ ਰਾਜਸੀ ਤੌਰ 'ਤੇ ਅਲੱਗ-ਥਲੱਗ ਕਰ ਦਿੱਤਾ ਜਾਵੇ। ਪਰ ਕਈ ਵਾਰ 'ਇਕੱਲਾ' ਵੀ 'ਬਹੁਗਿਣਤੀ' ਹੁੰਦਾ ਹੈ ਜਦ ਕਿ 'ਬਹੁਗਿਣਤੀ' ਇਕੱਲ ਦੀ ਜੂਨ ਹੰਢਾ ਰਹੀ ਹੁੰਦੀ ਹੈ। ਪੰਜਾਬ ਵਿਚ ਇਸ ਸਮੇਂ ਨਾ ਕੋਈ ਸਿਆਸਤਦਾਨ ਹੈ ਨਾ ਕੋਈ ਸਾਹਿਤਕਾਰ ਹੈ ਜੋ ਉਸ ਦੀ ਵਿਲੱਖਣ ਸ਼ਖ਼ਸੀਅਤ ਦੇ ਧੁਰ ਅੰਦਰ ਤਕ ਪਹੁੰਚ ਸਕਦਾ ਹੋਵੇ।

ਇਕ ਚੋਨਟਰਅਦਚਿਟੋਨਿ (ਵਿਰੋਧਤਾਈ) ਵੀ ਉਸ ਨੂੰ ਹੇਠਾਂ ਸੁੱਟ ਕੇ ਰੱਖਦੀ ਹੈ। ਉਹ ਕਿਸੇ ਬੰਦੇ ਦੇ ਹੱਕ ਵਿਚ ਜਦੋਂ ਬੋਲਦਾ ਹੈ ਤਾਂ ਉਹ ਸਾਰੀਆਂ ਹੱਦਾਂ ਤੋਂ ਪਾਰ ਕਰ ਕੇ ਉਲਾਰ ਹੋ ਜਾਂਦਾ ਹੈ ਅਤੇ ਜਦੋਂ ਉਸੇ ਬੰਦੇ ਦਾ ਵਿਰੋਧ ਕਰਨਾ ਹੋਵੇ ਤਾਂ ਵੀ ਵਿਰੋਧ ਕਰਨ ਲੱਗਿਆਂ ਸਭ ਹੱਦਾਂ ਬੰਨੇ ਟੱਪ ਜਾਂਦਾ ਹੈ। ਪਰ ਦਿਲਚਸਪ ਗੱਲ ਇਹ ਹੈ ਕਿ ਉਸ ਨੂੰ ਅਜਿਹੇ ਸਮੇਂ 'ਖੁਸ਼ਾਮਦ' ਹੋਣ ਦੇ ਵਰਗ ਵਿਚ ਰਖਣਾ ਉਸ ਨਾਲ ਅਨਿਆਂ ਹੋਵੇਗਾ। ਦਾਸਤੋਵਸਕੀ ਵਰਗਾ ਸੰਸਾਰ ਪ੍ਰਸਿਧ ਸਾਹਿਤਕਾਰ ਹੀ ਉਸ ਦੀਆਂ ਇਨ੍ਹਾਂ ਉਲਝਣਾਂ ਨਾਲ ਇਨਸਾਫ ਕਰ ਸਕਦਾ ਹੈ ਜਿਸ ਵਿਚ ਜ਼ਿੰਦਗੀ ਦੇ ਹਨੇਰੇ ਪਖ ਨੂੰ ਰੌਸ਼ਨ ਕਰਨ ਅਤੇ ਉਸ ਨੂੰ ਬਿਆਨ ਕਰਨ ਦੀ ਰੱਬੀ ਤਾਕਤ ਸੀ।

ਵੈਸੇ ਇਹ ਦੋਸ਼ ਕੋਈ ਖ਼ਾਸ ਮਾਅਨੇ ਨਹੀਂ ਰੱਖਦੇ ਕਿ ਉਹ ਪਾਰਟੀ ਪ੍ਰਤੀ ਵਫ਼ਾਦਾਰ ਨਹੀਂ, ਉਸ ਵਿਚ ਸਹਿਣਸ਼ੀਲਤਾ ਨਹੀਂ, ਉਸ ਨੂੰ ਅਹੁਦੇ ਦੀ ਲਾਲਸਾ ਹੈ, ਉਸ ਨੂੰ ਬੋਲਣ ਦੀ ਤਮੀਜ਼ ਨਹੀਂ ਆਦਿ ਆਦਿ। ਪਰ ਜਿਹੜੇ ਲੋਕ ਪਵਿੱਤਰ ਗੁੱਸੇ ਨਾਲ ਲੈਸ ਹੁੰਦੇ ਹਨ, ਉਨ੍ਹਾਂ ਲਈ ਇਹ ਦੋਸ਼ ਜਾਂ ਕਮਜ਼ੋਰੀਆਂ ਕੀ ਜਾਇਜ਼ ਨਹੀਂ ਹੁੰਦੀਆਂ? ਸੰਸਾਰ ਪ੍ਰਸਿੱਧ ਸ਼ਾਇਰ ਪਾਬਲੋ ਨਰੂਦਾ ਵੀ ਇਹੋ ਜਿਹੀਆਂ ਗੱਲਾਂ ਦੀ ਪਰਵਾਹ ਨਹੀਂ ਸੀ ਕਰਦਾ।

# ਅੱਜ ਦਾ ਨੌਜਵਾਨ ਨਫਰਤ ਦੀ ਦਲਦਲ ਵਿਚ

**ਅਮਰਜੀਤ ਚੰਦਰ**
**ਫੋਨ: 94176-00014**

ਸੁਲੀ ਡੀਲਜ਼ ਐਪ ਤੋਂ ਛੇ ਮਹੀਨੇ ਬਾਅਦ ਦਿੱਲੀ ਪੁਲਿਸ ਨੇ 9 ਜਨਵਰੀ ਨੂੰ ਮੱਧ ਪ੍ਰਦੇਸ਼ ਦੇ ਇੰਦੌਰ ਤੋਂ 26 ਸਾਲਾ ਨੌਜਵਾਨ ਓਮਕਾਰੇਸ਼ਵਰ ਠਾਕੁਰ ਨੂੰ ਗ੍ਰਿਫਤਾਰ ਕੀਤਾ ਸੀ। ਦਿੱਲੀ ਪੁਲਿਸ ਦੇ ਅਨੁਸਾਰ ਇਹ ਉਹ ਓਮਕਾਰੇਸ਼ਵਰ ਸੀ ਜਿਸਨੇ ਸੁਲੀ ਡੀਲਜ਼ ਐਪ ਬਣਾਈ ਸੀ ਅਤੇ ਉਹ ਇਸ ਦੇ ਪਿੱਛੇ 'ਮਾਸਟਰ ਮਾਈਂਡ' ਹੈ। ਇਸ ਤੋਂ ਪਹਿਲਾਂ ਬੁਲੀ ਬਾਈ ਐਪ ਦੇ ਸਬੰਧ ਵਿਚ ਉਤਰਾਖੰਡ ਦੀ ਇਕ ਲੜਕੀ ਸ਼ਵੇਤਾ ਸਿੰਘ ਅਤੇ ਬੈਂਗਲੂਰ ਤੋਂ ਵਿਸ਼ਾਲ ਕੁਮਾਰ ਝਾਅ ਅਤੇ ਸਿਹੌਰ ਵਿਚ ਪੜ੍ਹ ਰਹੀ ਨੀਰਜ ਬਿਸ਼ਨੋਈ ਨੂੰ ਆਸਾਮ ਦੇ ਜੋਰਹਾਟ ਤੋਂ ਗ੍ਰਿਫਤਾਰ ਕੀਤਾ ਸੀ।

ਇਸ ਸਾਲ ਦੇ ਪਹਿਲੇ ਦਿਨ ਬੰਬਈ ਪੁਲਿਸ ਨੇ ਗਿਟਹਬ 'ਤੇ ਹੋਸਟ ਕੀਤੀ ਐਪ ਬੁੱਲੀ ਬਾਈ ਦੇ ਡਿਵੈਲਪਰਾਂ ਦੇ ਖਿਲਾਫ ਲਗਭਗ 100 ਮੁਸਲਿਮ ਔਰਤਾਂ ਦੀਆਂ ਫੋਟੋਆਂ ਨੂੰ ਉਨ੍ਹਾਂ ਦੀ ਇਜ਼ਾਜ਼ਤ ਤੋਂ ਬਿਨਾ ਦੁਰਵਿਵਹਾਰ ਕਰਨ ਅਤੇ ਐਪ ਦੇ ਦੂਜੇ ਉਪਭੋਗਤਾਵਾਂ ਨੂੰ ਭੇਜਣ ਲਈ ਮਾਮਲਾ ਦਰਜ ਕੀਤਾ ਹੈ। ਇਸ ਨੂੰ ਨਕਲੀ ਨਿਲਾਮੀ ਵਿਚ ਵਰਤਿਆ ਜਾਂਦਾ ਹੈ। ਐਪ ਦਾ ਪ੍ਰਚਾਰ ਕਰਨ ਵਾਲੇ ਟਵਿੱਟਰ ਹੈਂਡਲ ਕਰਨ ਵਾਲੇ ਦੇ ਖਿਲਾਫ ਐਫ ਆਈ ਆਰ ਦਰਜ਼ ਕੀਤੀ ਗਈ ਹੈ। ਗਿਟਹਬ ਇਕ ਓਪਨ ਸੋਰਸ ਪਲੇਟਫਾਰਮ ਹੈ ਜੋ ਉਪਭੋਗਤਾਵਾਂ ਨੂੰ ਐਪਸ ਬਣਾਉਣ ਅਤੇ ਸਾਂਝਾਂ ਕਰਨ ਦੀ ਆਗਿਆ ਦਿੰਦਾ ਹੈ।

ਇਕ ਸ਼ੋਸ਼ਲ ਮੀਡੀਆ ਯੂਜ਼ਰ ਦੇ ਮੁਤਾਬਿਕ ਇਸ ਐਪ ਨੂੰ ਖੋਲ੍ਹਣ 'ਤੇ ਇਕ ਮੁਸਲਿਮ ਔਰਤ ਦਾ ਚਿਹਰਾ ਸਾਹਮਣੇ ਆਉਂਦਾ ਹੈ, ਜਿਸ ਦਾ ਨਾਮ ਬੁੱਲੀ ਬਾਈ ਹੈ। ਟਵਿੱਟਰ 'ਤੇ ਦਬਦਬਾ ਰੱਖਣ ਵਾਲੀਆਂ ਅਤੇ ਜਨਤਕ ਜੀਵਨ 'ਚ ਸਤਿਕਾਰਯੋਗ ਮੁਸਲਿਮ ਔਰਤਾਂ ਦੇ ਨਾਂ ਇਸ 'ਚ ਵਰਤੇ ਗਏ ਹਨ। ਇੰਨਾ ਹੀ ਨਹੀ, ਇਸੇ ਤਰ੍ਹਾਂ ਦੇ ਨਾਂ ਵਾਲੇ ਟਵਿਟਰ ਹੈਂਡਲ ਨਾਲ ਵੀ ਇਸ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਟਵਿਟਰ ਹੈਂਡਲ 'ਤੇ ਇਕ ਖਾਲੀ ਸਮੱਰਥਕ ਦੀ ਫੋਟੋ ਹੈ ਅਤੇ ਉਸ 'ਤੇ ਲਿਖਿਆ ਹੈ ਕਿ ਇਸ ਐਪ ਰਾਹੀਂ ਮੁਸਲਿਮ ਔਰਤਾਂ ਨੂੰ ਬੁੱਕ ਕੀਤਾ ਜਾ ਸਕਦਾ ਹੈ। ਔਰਤਾਂ ਦੀ ਫੋਟੋ ਦੇ ਨਾਲ ਪ੍ਰਾਈਸ ਟੈਗ ਵੀ ਲਿਖਿਆ ਹੈ। ਸੁੱਲੀ ਅਤੇ ਬੁੱਲੀ ਸ਼ਬਦ ਦੋਵੇਂ ਅਪਮਾਨਜਨਕ ਗਾਲ੍ਹਾਂ ਹਨ, ਜੋ ਮੁਸਲਿਮ ਭਾਈਚਾਰੇ ਦੀਆਂ ਔਰਤਾਂ ਲਈ ਵਰਤੀਆਂ ਜਾ ਰਹੀਆਂ ਹਨ।

ਪਿਛਲੇ ਸਾਲ ਇਸੇ ਤਰ੍ਹਾਂ ਦੇ ਨਾਂ ਵਾਲੀ ਸੁੱਲੀ ਡੀਲਜ਼ ਐਪ ਵੀ ਵਿਵਾਦਾਂ 'ਚ ਘਿਰੀ ਗਈ ਸੀ, ਜਿਸ ਨੂੰ ਗਿਟਹਬ 'ਤੇ ਹੀ ਬਣਾਇਆ ਗਿਆ ਸੀ। ਇਸ ਐਪ 'ਤੇ ਮੁਸਲਿਮ ਔਰਤਾਂ ਦੀਆਂ ਤਸਵੀਰਾਂ ਵੀ ਹਨ। ਇਹ ਤਸਵੀਰਾਂ ਉਨਾਂ ਦੇ ਸ਼ੋਸ਼ਲ ਮੀਡੀਆ ਅਕਾਉਂਟ ਤੋਂ ਚੁੱਕ ਕੇ ਅਪਲੋਡ ਕੀਤਾ ਗਿਆ ਸੀ। ਬਾਅਦ ਵਿਚ ਵਿਵਾਦ ਦੇ ਕਾਰਨ ਇਸ ਐਪ ਨੂੰ ਹਟਾ ਦਿੱਤਾ ਗਿਆ। ਬੁੱਲੀ ਬਾਈ ਵਰਗੀਆਂ ਘਟਨਾਵਾਂ ਵਿਚ ਸਾਇਬਰ ਅਪਰਾਧੀ ਪ੍ਰਸਿੱਧ ਇੰਟਰਨੈਟ ਔਰਤਾਂ, ਪ੍ਰਭਾਵਸ਼ਾਲੀ ਲੋਕ, ਪੱਤਰਕਾਰ ਆਦਿ ਹਨ, ਤਸਵੀਰਾਂ ਖਿੱਚਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਫਾਇਦੇ ਲਈ ਵਰਤਦੇ ਹਨ।




ਸੋਸ਼ਲ ਮੀਡੀਆ ਮਾਹਿਰਾਂ ਦੇ ਮੁਤਾਬਕ ਇਹ ਕੋਈ ਪਹਿਲੀ ਵਾਰ ਨਹੀਂ ਹੈ ਜਦੋਂ ਤੋਂ ਸਾਇਬਰ ਜਗਤ ਵਿਚ ਆਇਆ, ਉਦੋਂ ਤੋਂ ਹੀ ਔਰਤਾਂ ਖਿਲਾਫ ਇਹੋ ਜਿਹੇ ਅਪਰਾਧ ਹੋਣੇ ਸ਼ੁਰੂ ਹੋਏ ਹਨ। ਇਸ ਤੋਂ ਪਹਿਲਾਂ ਵੀ ਮਈ 2021 'ਚ 'ਲਿਬਰਲ ਡੋਜ਼' ਨਾਂ ਦੇ ਯੂਟਿਊਬ ਅਕਾਊਂਟ ਨੇ ਭਾਰਤ ਅਤੇ ਪਾਕਿਸਤਾਨ ਦੀਆਂ ਮੁਸਲਿਮ ਔਰਤਾਂ ਦੀ ਫਰਜ਼ੀ ਨਿਲਾਮੀ ਕਰਵਾਈ ਸੀ। ਉਪਰੋਕਤ ਉਦਾਹਰਣਾਂ ਵਿਚ ਜਿਆਦਾਤਰ ਮੁਸਲਿਮ ਪਿਛੋਕੜ ਜਾਤੀ ਦੀਆਂ ਸਪੱਸ਼ਟ ਬੋਲਣ ਵਾਲੀਆਂ ਔਰਤਾਂ ਨੂੰ ਸੂਚੀਬੱਧ ਕੀਤਾ ਗਿਆ ਸੀ ਅਤੇ ਉਨ੍ਹਾਂ ਦੀਆਂ ਤਸਵੀਰਾਂ ਨਾਲ ਛੇੜਛਾੜ ਕੀਤੀ ਗਈ ਸੀ। ਇਨ੍ਹਾਂ ਵਿਚ ਇਸਮਤ ਆਰਾ ਇਕ ਖੋਜ਼ੀ ਪੱਤਰਕਾਰ, ਸਾਇਮਾ ਇਕ ਰੇਡੀਓ ਜੋਕੀ, ਅਤੇ ਸਵਰਾ ਭਾਸਕਰ, ਨੋਬਲ ਸ਼ਾਂਤੀ ਪੁਰਸਕਾਰ ਜੇਤੂ ਮਲਾਲਾ ਯੂਸਫਜ਼ਈ ਅਤੇ ਫਾਤਿਮਾਂ ਨਫ਼ੀਸ, ਜਵਾਹਰ ਲਾਲ ਯੂਨੀਵਰਸਿਟੀ ਦੇ ਵਿਦਿਆਰਥੀ ਨਜ਼ੀਬ ਅਹਿਮਦ ਦੀ 65 ਸਾਲਾ ਮਾਂ, ਜੋ ਸੰਨ 2016 ਤੋਂ ਲਾਪਤਾ ਹੋ ਗਈ ਸੀ, ਵਿਚ ਬਹੁਤ ਸਾਰੀਆਂ ਕਿਸ਼ੋਰ ਕੁੜੀਆਂ ਸ਼ਾਮਲ ਹਨ।

ਪੁਲਿਸ ਦੇ ਅਨੁਸਾਰ ਭੋਪਾਲ ਦੇ ਨੇੜੇ ਸਿਹੋਰ ਵਿਚ ਪੜ੍ਹਦਾ 21 ਸਾਲਾ ਨੀਰਜ ਬਿਸ਼ਨੋਈ, ਬੁੱਲੀ ਬਾਈ ਕੇਸ ਦਾ ਮੁੱਖ ਸਾਜ਼ਿਸ਼ਕਰਤਾ ਹੈ ਅਤੇ ਉਸ ਨੂੰ ਆਸਾਮ ਦੇ ਜੋਰਹਾਟ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਪੁਲਿਸ ਨੇ ਕਿਹਾ ਕਿ ਨੀਰਜ ਬੁੱਲੀ ਬਾਈ ਐਪ ਦਾ ਨਿਰਮਾਤਾ ਹੈ। ਉਹ ਬੁੱਲੀ ਬਾਈ ਦਾ ਮੁੱਖ ਟਵਿੱਟਰ ਖਾਤਾ ਧਾਰਕ ਵੀ ਹੈ। ਉਸ ਨੂੰ ਦਿੱਲੀ ਪੁਲਿਸ ਦੀ ਇੰਟੈਲੀਜੈਂਸ ਫ਼ਿਊਜ਼ਨ ਐਂਡ ਸਟ੍ਰੈਟਜਿਕ ਅਪ੍ਰੇਸ਼ਨ ਯੂਨਿਟ ਨੇ ਗ੍ਰਿਫਤਾਰ ਕੀਤਾ ਸੀ। ਉਸ ਨੂੰ ਅਗਲੀ ਜਾਂਚ ਦੇ ਲਈ ਜੋਰਹਾਟ ਤੋਂ ਦਿੱਲੀ ਲਿਜਾਇਆ ਗਿਆ। ਉਸ ਦੇ ਕਾਲਜ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਬਿਸ਼ਨੋਈ ਇੱਥੇ ਆਪਣੇ ਦੂਜੇ ਸਾਲ ਵਿਚ ਪੜ੍ਹ ਰਿਹਾ ਹੈ ਅਤੇ ਬਹੁਤ ਹੀ ਹੁਸ਼ਿਆਰ ਵਿਦਿਆਰਥੀ ਹੈ।

ਇਸ ਤੋਂ ਪਹਿਲਾਂ ਬੁੱਲੀ ਬਾਈ ਐਪ ਮਾਮਲੇ 'ਚ ਦੋ ਵਿਦਿਆਰਥੀਆਂ ਨੂ ਰਿਹਾਸਤ 'ਚ ਲਿਆ ਗਿਆ ਸੀ, ਜਿਨ੍ਹਾਂ 'ਚੋਂ ਇਕ ਮੁੰਬਈ ਅਤੇ ਇਕ ਬੈਂਗਲੂਰ ਤੋਂ 21 ਸਾਲਾ ਇੰਜੀਨੀਅਰਿੰਗ ਵਿਦਿਆਰਥੀ ਵਿਸ਼ਾਲ ਝਾਅ ਸੀ। ਇਸ ਤੋਂ ਇਲਾਵਾ ਮੁੰਬਈ ਪੁਲਿਸ ਨੇ ਇਸ ਮਾਮਲੇ ਵਿਚ ਉਧਮ ਸਿੰਘ ਨਗਰ ਜਿਲੇ ਦੀ ਇਕ 18 ਸਾਲਾ ਇੰਜੀਨੀਅਰਿੰਗ ਦੀ ਵਿਦਿਆਰਥਣ ਸ਼ਵੇਤਾ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ। ਉਹ ਸਾਰੇ ਹੀ ਹੋਣਹਾਰ ਵਿਦਿਆਰਥੀ ਹਨ ਅਤੇ ਉਨਾਂ ਦੀਆਂ ਵਿਦਿਅਕ ਸੰਸਥਾਵਾਂ ਉਨ੍ਹਾਂ ਦੀ ਅਕਾਦਮਿਕ ਤਰੱਕੀ ਤੋਂ ਸੰਤੁਸ਼ਟ ਹਨ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਇਨ੍ਹਾਂ ਨੌਜਵਾਨਾਂ ਨੂੰ ਅਪਰਾਧੀ ਜਾਂ ਅਪਰਾਧ ਦਾ ਸ਼ਿਕਾਰ ਮੰਨਿਆ ਜਾਣਾ ਚਾਹੀਦਾ ਹੈ? ਕੀ ਇਹ ਕਿਤੇ ਅਚਾਨਕ ਤਾਂ ਨਹੀ ਮੁਸਲਿਮ ਔਰਤਾਂ ਦੇ ਵਿਰੁਧ ਹੋ ਗਿਆ ਜਾਂ ਕੋਈ ਹੋਰ ਕਾਰਨ ਹੈ, ਜਿਸ ਵਿਚ ਧਿਆਨ ਦੇਣ ਦੀ ਲੋੜ ਹੈ? ਦੋ ਤਿੰਨ ਮੁੱਖ ਗੱਲਾਂ ਇੱਥੇ ਫੋਕਸ ਕੀਤੀਆਂ ਜਾ ਸਕਦੀਆਂ ਹਨ। ਪਹਿਲੀ ਇਹ ਕਿ ਕੋਵਿਡ ਤੋਂ ਬਾਅਦ ਆਨ-ਲਾਈਨ ਸਿੱਖਿਆ ਕਾਰਨ ਨੌਜਵਾਨ ਹੀ ਨਹੀ, ਬੱਚੇ ਵੀ ਆਪਣਾ ਜਿਆਦਾਤਰ ਸਮਾਂ ਮੋਬਾਈਲ ਅਤੇ ਲੈਪਟਾਪ 'ਤੇ ਹੀ ਬਿਤਾਉਂਦੇ ਹਨ। ਅਜਿਹੀ ਸਥਿਤੀ ਵਿਚ ਉਨ੍ਹਾਂ ਨੂੰ ਅਸਧਾਰਨ, ਅਸ਼ਲੀਲ ਅਤੇ ਮੁਨਾਫਾ ਕਮਾਉਣ ਵਾਲੀਆਂ ਵੈਬਸਾਈਟਾਂ 'ਤੇ ਨਿਯਮਤ ਟ੍ਰੈਫਿਕ ਮਿਲ ਰਿਹਾ ਹੈ। ਅਨਕੌਮਨ ਵਿਚ ਫਿਰਕੂ, ਜਾਤੀਵਾਦੀ ਅਤੇ ਔਰਤ ਵਿਰੋਧੀ ਸਮੱਗਰੀ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤ ਜਾ ਸਕਦਾ ਹੈ। ਜਦੋਂ ਸਾਡੇ ਨੌਜਵਾਨ ਇਨ੍ਹਾਂ ਸਾਰਿਆ ਦਾ ਸ਼ਿਕਾਰ ਹੋ ਰਹੇ ਹਨ ਤਾਂ ਬਾਲਗ ਕੀ ਕਰ ਰਹੇ ਹਨ? ਕੀ ਤੁਸੀਂ ਦੇਖਿਆ ਹੈ ਕਿ ਪਿੱਛਲੇ ਕੁਝ ਸਾਲਾਂ ਤੋਂ ਸਾਡੇ ਪਰਿਵਾਰਾਂ ਵਿਚ ਮੁਸਲਮਾਨਾਂ ਅਤੇ ਦਲਿਤਾਂ ਬਾਰੇ ਕਿਹੜੀ ਭਾਸ਼ਾ ਬੋਲੀ ਜਾ ਰਹੀ ਹੈ? ਟੀ ਵੀ ਬਹਿਸਾਂ ਵਿਚ ਫਿਰਕੂ ਅਤੇ ਜਾਤੀਵਾਦੀ ਜਨੂੰਨ ਪੈਦਾ ਕੀਤਾ ਜਾ ਰਿਹਾ ਹੈ? ਔਰਤਾਂ ਅਤੇ ਦਲਿਤਾਂ ਬਾਰੇ ਉਨ੍ਹਾਂ ਦੇ ਵਿਚਾਰ ਸਿਰਫ਼ ਮਰਦਾਂ ਦੀ ਗੱਲਬਾਤ ਵਿਚ ਸੁਣੋ। ਸਾਡੇ ਨੌਜਵਾਨਾਂ ਦੇ ਮਨਾਂ ਨੂੰ ਪਲੀਤ ਕਰਨ ਵਾਲੀ ਨਫ਼ਰਤ ਦਾ ਸਰੋਤ ਹਿੰਦੂ ਏਕਤਾ ਅਤੇ ਹੰਕਾਰ ਦੇ ਗੀਤ ਗਾਉਣ ਵਾਲੀਆਂ ਉਚ ਜਾਤੀਆਂ ਦੀਆਂ ਨਿੱਜੀ ਗੱਲਾਂ-ਬਾਤਾਂ ਵਿਚ ਪ੍ਰਗਟ ਹੁੰਦਾ ਹੈ। ਸਾਡੇ ਦੇਸ਼ ਦੀ ਸਿਆਸਤ ਪਹਿਲਾਂ ਹੀ ਇਸ ਜ਼ਹਿਰ ਦਾ ਸ਼ਿਕਾਰ ਹੋ ਚੁੱਕੀ ਹੈ।

ਇਹ ਪੂਰਾ ਮਾਮਲਾ ਸਾਡੀਆਂ ਚਿੰਤਾਵਾਂ ਵਿਚ ਵਾਧਾ ਕਰਦਾ ਹੈ ਕਿਉਂਕਿ ਹੁਣ ਤੱਕ ਗ੍ਰਿਫਤਾਰ ਕੀਤੇ ਗਏ ਸਾਰੇ ਦੋਸ਼ੀ 25 ਸਾਲ ਤੋਂ ਘੱਟ ਉਮਰ ਦੇ ਹਨ ਅਤੇ ਉੱਚ ਸਿਖਿਆ ਪ੍ਰਪਤ ਕਰ ਰਹੇ ਹਨ। ਇਹ ਘਟਨਾ ਦਰਸਾਉਦੀ ਹੈ ਕਿ ਸਾਡੇ ਨੌਜਵਾਨ ਸਮਾਜ ਵਿਚ ਵੱਧ ਰਹੀ ਫਿਰਕੂ ਨਫ਼ਰਤ ਦਾ ਕਿਸ ਹੱਦ ਤੱਕ ਸ਼ਿਕਾਰ ਹੋ ਰਹੇ ਹਨ। ਅਜਿਹੀ ਵੱਧ ਰਹੀ ਮਾਨਸਿਕਤਾ ਨਾ ਸਿਰਫ਼ ਮੁਸਲਮਾਨਾਂ ਦੇ ਵਿਰੁਧ, ਸਗੋਂ ਆਮ ਤੌਰ 'ਤੇ ਔਰਤਾਂ ਬਾਰੇ ਵੀ ਸਿਆਸੀ ਪਾਰਟੀਆਂ ਲਈ ਸਮਰਪਿਤ ਵੋਟਰ ਬਣਾਉਣ ਲਈ ਮਦਦ ਕਰ ਸਕਦੀ ਹੈ, ਪਰ ਆਖਰਕਾਰ ਇਹ ਸੈਕਸ ਅਪਰਾਧੀਆਂ ਦੀ ਨਸਲ ਪੈਦਾ ਕਰ ਰਹੀ ਹੈ। ਇਸ ਲਿਹਾਜ਼ ਨਾਲ ਇਨ੍ਹਾਂ ਨੌਜਵਾਨਾਂ ਨੂੰ ਅਪਰਾਧੀਆਂ ਦੀ ਬਜਾਏ ਪੀੜਤ ਵਜੋਂ ਦੇਖਿਆ ਜਾਣਾ ਚਾਹੀਦਾ ਹੈ ਅਤੇ ਅਸਲ ਅਪਰਾਧੀਆਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

## ਪਹੇਲੀ

ਜਦ ਚਰਨਜੀਤ ਦੇ ਵਿਆਹ ਦਾ ਦਿਨ ਵੀ ਪੱਕਾ ਹੋ ਗਿਆ ਤਾਂ ਉਹ ਇੱਕ ਦਿਨ ਲੁਕਦਾ-ਲੁਕਦਾ ਜਿਹਾ ਸਾਧਨਾ ਕੋਲ ਆ ਹੀ ਗਿਆ। 'ਲੈ ਬਈ ਹੁਣ ਸਾਧਨਾ ਤੈਨੂੰ ਮੇਰੇ ਵੱਲੋਂ ਛੁੱਟੀਆਂ।'

''ਕਿਉਂ ਅੱਗੇ ਕਿਤੇ ਤੁਹਾਡੀ ਨੌਕਰਾਣੀ ਲੱਗੀਊਂ ਸੀ ਮੈਂ?'

'ਨਾ-ਨਾ ਰੱਬ ਨੌਕਰਾਣੀ ਤਾਂ ਤੈਨੂੰ ਕਿਸੇ ਦੀ ਵੀ ਨਾ ਬਣਾਵੇ।

''ਐਦਾਂ ਕਿਉਂ ਨੀ ਕਹਿ ਦਿੰਦੇ ਕਿ ਤੂੰ ਤਾਂ ਪਤਾ ਨੀ ਅੱਜ ਤਕ ਕਿੰਨਿਆਂ ਦੀ ਨੌਕਰਾਣੀ ਬਣੀ ਹੋਈ ਆਂ।

'ਸਾਧਨਾ ਤੂੰ ਟੁੱਟੇ ਦਿਲ ਵਾਲੀਆਂ ਗੱਲਾਂ ਨਾ ਕਰਿਆ ਕਰ ਮੈਨੂੰ ਫਿਰ ਗੁੱਸਾ ਆਉਂਦਾ।

''ਤੁਹਾਨੂੰ ਮਰਦਾਂ ਨੂੰ ਗੁੱਸਾ ਬੜਾ ਆਉਂਦਾ ਰਹਿੰਦਾ।

'ਨਹੀਂ-ਨਹੀਂ ਸਾਨੂੰ ਤਾਂ ਪਿਆਰ ਵੀ ਆਉਂਦਾ ਤੈਨੂੰ ਤਾਂ ਪਤਾ ਈ ਆ ਕਿ ਨਹੀਂ ਪਤਾ?

'ਹਾਂ ਪਰ ਗੁੱਸਾ ਜ਼ਿਆਦਾ ਤੇ ਪਿਆਰ ਘੱਟ।'

'ਨਹੀਂ ਯਾਰ ਹੁਣ ਸਾਰਾ ਪਿਆਰ ਬਚਾ ਕੇ ਰੱਖ ਲਿਆ ਘਰਵਾਲੀ ਨੂੰ ਹੀ ਦੇਣਾ ਬੱਸ ਵਿਆਹ ਹੋਣ ਵਾਲਾ ਹੀ ਆ ਮੇਰਾ।

'ਫਿਰ ਤਾਂ ਮੁਬਾਰਕਾਂ ਮੇਰੇ ਵੱਲੋਂ।'

'ਸ਼ੁਕਰੀਆ। ਤੇਰਾ ਦਿਲ ਨੀਂ ਕੀਤਾ ਵਿਆਹ ਨੂੰ?

'ਸਾਡੇ ਧੰਦੇ ਵਿਚ ਤਾਂ ਰੋਜ਼ ਸਾਡੇ ਵਿਆਹ ਹੁੰਦੇ ਆ।

'ਬੱਲੇ ਫਿਰ ਤਾਂ ਤੂੰ ਸੁਹਾਗਣ ਆ ਕਿ ਨਹੀਂ?

'ਹਾ-ਹਾ-ਹਾ ਨਾ ਸੁਹਾਗਣ, ਨਾ ਵਿਧਵਾ, ਨਾ ਕੁਆਰੀ ਕੁਝ ਵੀ ਨਹੀਂ।'

'ਇਹ ਵੀ ਅਜੀਬ ਪਹੇਲੀ ਆ ਫਿਰ ਤੂੰ ਹੈਂ ਕੀ? ''ਬਸ ਪਹੇਲੀ ਹੀ ਸਮਝ ਲੈ' ਜਿਸ ਨੂੰ ਅੱਜ ਤਕ ਕੋਈ ਮਰਦ ਸੁਲਝਾ ਨੀਂ ਸਕਿਆ।'

ਹਾ-ਹਾ ਓਕੇ ਚਲ ਜਾਂਦੀ ਵਾਰੀ ਦਾ ਪੈਗ ਤਾਂ ਪਿਲਾਦੇ ਇੱਕ।

***-ਰੋਹਿਤ***

# ਅਸੀਂ ਵੱਡੇ ਹੋ ਗਏ ਹਾਂ

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਮਨੁੱਖ ਦੇ ਵਿਹਾਰ, ਸੁਭਾਅ ਅਤੇ ਸੋਚ 'ਚ ਆਈ ਤਬਦੀਲੀ 'ਤੇ ਚੋਟ ਕੀਤੀ ਹੈ।***

ਅਸੀਂ ਵੱਡੇ ਹੋ ਗਏ ਹਾਂ। ਅਸੀਂ ਆਪਣੀ ਮਾਸੂਮੀਅਤ, ਕੋਮਲਤਾ, ਸਾਫ਼ਗੋਈ ਅਤੇ ਪਾਕੀਜ਼ਗੀ ਤੋਂ ਬਹੁਤ ਦੂਰ ਚਲੇ ਗਏ ਹਾਂ। ਸਾਡੀਆਂ ਸ਼ਰਾਰਤਾਂ ਵਿਚਲਾ ਭੋਲਾਪਣ, ਬੋਲਾਂ ਵਿਚਲਾ ਸੱਚ ਅਤੇ ਵਿਹਾਰ ਵਿਚਲੀ ਸਾਦਗੀ ਹੁਣ ਸਾਡੀ ਨਹੀਂ ਰਹੀ।

ਅਸੀਂ ਵੱਡੇ ਹੋ ਗਏ ਹਾਂ। ਅਸੀਂ ਆਪਣਾ ਦੁੱਖ ਅੰਦਰ ਪੀਂਦੇ ਹਾਂ ਪਰ ਬਾਹਰੋਂ ਹੱਸਦੇ ਹਾਂ। ਅਸੀਂ ਮਹਿਫ਼ਲਾਂ ਵਿਚ ਹਾਜ਼ਰ ਹੁੰਦਿਆਂ ਵੀ ਗੈਰਹਾਜ਼ਰ ਹੁੰਦੇ ਹਾਂ। ਆਪਣੇ ਸਾਥੀਆਂ ਵਿਚ ਰਹਿੰਦਿਆਂ ਵੀ ਉਨ੍ਹਾਂ ਤੋਂ ਬਹੁਤ ਦੂਰ। ਸਾਡੇ ਮਨਾਂ ਵਿਚ ਸਿਰਫ਼ ਕੋਲ ਕੋਲ ਹੋਣ ਦਾ ਭਰਮ ਹੀ ਰਹਿ ਗਿਆ ਅਤੇ ਇਸ ਭਰਮ ਨੂੰ ਅਸੀਂ ਆਪਣੀ ਜੀਵਨ-ਜਾਚ ਬਣਾ ਲਿਆ ਹੈ।

ਅਸੀਂ ਬਾਹਰੋਂ ਹੱਸਦਿਆਂ ਵੀ ਅੰਦਰੋਂ ਰੋਂਦੇ ਹਾਂ। ਪਰ ਅਸੀਂ ਇੰਨੇ ਵੱਡੇ ਹੋ ਗਏ ਹਾਂ ਕਿ ਅਸੀਂ ਆਪਣੇ ਹੰਝੂਆਂ ਨੂੰ ਨੈਣਾਂ ਵਿਚ ਜ਼ੀਰਨਾ, ਹੌਕਿਆਂ ਨੂੰ ਹਿੱਕ ਵਿਚ ਜ਼ਜ਼ਬ ਕਰਨਾ, ਆਪਣੀ ਪੀੜਾ ਨੂੰ ਖੁਦ ਹੀ ਪੀਣਾ ਅਤੇ ਆਪਣੇ ਜ਼ਖ਼ਮਾਂ ਨੂੰ ਰਿਸਣ ਲਈ ਖੁੱਲ੍ਹਾ ਛੱਡਣਾ ਸਿੱਖ ਲਿਆ ਏ।

ਅਸੀਂ ਵੱਡੇ ਹੋ ਗਏ ਹਾਂ ਅਤੇ ਬਹੁਤ ਤਮੀਜ਼ ਨਾਲ ਜਿਊਣ ਦਾ ਭੁਲੇਖਾ ਪਾਲ ਰਹੇ ਹਾਂ। ਸਾਨੂੰ ਭੁੱਲ ਹੀ ਗਿਆ ਇਕ ਬੱਟਾ ਤਿੰਨ ਕੱਪ ਚਾਹ ਪੀਣੀ। ਖੂਹ ਦੇ ਚੁਬੱਚੇ 'ਤੇ ਬਹਿ ਕੇ ਇਕ ਹੀ ਗਲਾਸ ਵਿਚ ਸ਼ਰਾਬ ਪੀਣੀ ਤੇ ਲਲਕਾਰੇ ਮਾਰਨੇ। ਚੀਕ ਬੁੱਲਬੁੱਲੀ ਮਾਰਨ ਲੱਗਿਆਂ ਕੋਈ ਨਹੀਂ ਸੀ ਹੋੜਦਾ। ਅੱਧੀ-ਅੱਧੀ ਰਾਤ ਤੀਕ ਯਾਰਾਂ ਦੀ ਢਾਣੀ ਵਿਚ ਜ਼ਿੰਦਗੀ ਨੂੰ ਬੇਖ਼ੌਫ, ਬਾਦਸ਼ਾਹਤ ਅਤੇ ਬੇਲਾਗਤਾ ਨਾਲ ਜੀਵਨ ਦੀ ਬਹੁਰੰਗਤਾ ਨੂੰ ਬਾਖੂਬੀ ਮਾਣਦੇ ਸਾਂ।

ਅਸੀਂ ਵੱਡੇ ਹੋ ਗਏ ਹਾਂ ਤਾਂ ਹੀ ਅਸੀਂ ਆਪਣਿਆਂ ਦਾ ਸਿਵਾ ਸੇਕਣ ਵਿਚ ਮਸਰੂਫ। ਇਕ ਸਿਆੜ ਬਦਲੇ ਖੇਤ ਵਿਚ ਮਾਂ-ਜਾਏ ਦੀ ਕਬਰ ਪੁੱਟਣ ਲੱਗ ਪਏ ਹਾਂ। ਅਸੀਂ ਇਕ ਦੂਜੇ ਨੂੰ ਦੇਖ ਕੇ ਨਾ-ਸੁਖਾਣਾ ਸਿੱਖ ਲਿਆ ਏ।

ਅਸੀਂ ਵੱਡੇ ਜੁ ਹੋ ਗਏ ਹਾਂ ਤਾਂ ਹੀ ਅਸੀਂ ਸਰਬੱਤ ਦੇ ਭਲੇ ਨੂੰ ਭੁੱਲ ਕੇ ਨਿੱਜੀ ਮੁਫ਼ਾਦ ਨੂੰ ਆਪਣਾ ਰੂਹ-ਏ-ਮਕਸਦ ਬਣਾ ਲਿਆ ਏ। ਸਾਡੇ ਮਨਾਂ ਵਿਚ ਸਭ ਕੁਝ ਹੜੱਪਣ ਅਤੇ ਕਾਬਜ਼ ਹੋਣ ਦੀ ਲਾਲਸਾ ਕੇਹੀ ਭਾਰੂ ਹੋ ਗਈ ਕਿ ਸਾਨੂੰ ਆਪਣਾ ਅਤੀਤ ਯਾਦ ਹੀ ਨਹੀਂ ਰਿਹਾ। ਅਸੀਂ ਚਿਰੰਜੀਵ ਜਿਊਣ ਦਾ ਭਰਮ ਪਾਲੀ ਬੈਠੇ ਹਾਂ। ਸਾਨੂੰ ਤਾਂ ਚੇਤੇ ਹੀ ਨਹੀਂ ਰਿਹਾ ਕਿ ਅਸੀਂ ਤਾਂ ਸਾਢੇ ਤਿੰਨ ਹੱਥ ਜ਼ਮੀਂ ਵਿਚ ਸਦਾ ਦੀ ਨੀਂਦਰੇ ਸੌਂ ਜਾਣਾ ਏ।

ਅਸੀਂ ਵੱਡੇ ਹੋ ਗਏ ਹਾਂ। ਗਾਇਬ ਹੋ ਗਿਆ ਹੈ ਕੁਦਰਤੀ ਹਾਸਾ ਅਤੇ ਮੱਥੇ 'ਤੇ ਚਿਪਕਾ ਲਈਆਂ ਨੇ ਤਿਊੜੀਆਂ। ਮੁਸਕਰਾਹਟ ਦਾ ਮੁਲੰਮਾ ਹਰ ਰੋਜ਼ ਬਦਲਦੇ ਹਾਂ। ਗਰੂਰ ਦਾ ਗ੍ਰਹਿਣ ਲੱਗ ਗਿਆ ਹੈ ਸਾਡੇ ਵਿਅਕਤੀਤਵ ਨੂੰ।

ਅਸੀਂ ਵੱਡੇ ਜੁ ਹੋ ਗਏ ਹਾਂ ਤਾਂ ਹੀ ਅਸੀਂ ਕਿਸੇ ਸੁਪਨਹੀਣ ਦੇ ਦੀਦਿਆਂ ਵਿਚ ਸੁਪਨੇ ਧਰਨ ਦੀ ਬਜਾਏ ਸੁਪਨੇ ਖੋਹਣ ਦੀ ਭਾਵਨਾ 'ਚ ਗ੍ਰਸੇ ਹੋਏ ਹਾਂ। ਅਸੀਂ ਆਪਣਿਆਂ ਨੂੰ ਹੀ ਪੌਡੇ ਬਣਾ ਕੇ ਉਪਰ ਉਠਣ ਦੀ ਰੀਝ ਵਿਚ ਇੰਨੇ ਨੀਵੇਂ ਡਿੱਗ ਪਏ ਹਾਂ ਕਿ ਰਸਾਤਲ ਵਿਚ ਡਿਗਿਆਂ ਵੀ ਇਹ ਵਹਿਮ ਆ ਕਿ ਅਸੀਂ ਬਹੁਤ ਵੱਡੇ ਹੋ ਗਏ ਹਾਂ।

ਅਸੀਂ ਬਹੁਤ ਵੱਡੇ ਹੋ ਗਏ ਹਾਂ ਤਾਂ ਹੀ ਅਸੀਂ ਇਕ ਅਬਲਾ ਦੀ ਅਜ਼ਮਤ ਨੂੰ ਲੀਰਾਂ-ਲੀਰਾਂ ਕਰਨ ਲੱਗਿਆਂ ਦੇਰ ਨਹੀਂ ਲਾਉਂਦੇ। ਚੌਰਾਹੇ ਵਿਚ ਕਿਸੇ ਨਿਤਾਣੀ ਦੀ ਪੱਤ ਲਾਹੁਣ ਲੱਗਿਆਂ ਦਰਦ ਨਹੀਂ ਹੁੰਦਾ। ਸਾਨੂੰ ਯਾਦ ਹੀ ਨਾ ਰਿਹਾ ਕਿ ਔਰਤ ਦੀ ਕੁੱਖੋਂ ਜਨਮ ਲੈ ਕੇ ਉਸਨੂੰ ਬਾਜ਼ਾਰ ਵਿਚ ਬਿਠਾਉਂਦਿਆਂ ਜਾਂ ਜਿਸਮ-ਨਿਲਾਮੀ ਵਿਚ ਸ਼ਰੀਕ ਹੋ ਕੇ ਅਸੀਂ ਕਿਸ ਤਰ੍ਹਾਂ ਵੱਡੇ ਹੋਣ ਦੀ ਭਾਵਨਾ ਮਨ ਵਿਚ ਪਾਲਦੇ ਹਾਂ?

ਅਸੀਂ ਵੱਡੇ ਹੋ ਗਏ ਹਾਂ ਤਾਂ ਹੀ ਚਾਰ ਸਾਲ ਦੀ ਬੱਚੀ ਦਾ ਚੀਰ-ਹਰਨ ਕਰਨ ਲੱਗਿਆਂ, ਆਪਣੀ ਬੱਚੀ ਨੂੰ ਚੇਤੇ ਕਰ ਮਨ ਵਿਚ ਚੀਸ ਨਹੀਂ ਉਠਦੀ। ਬੱਚੀ ਦੇ ਵਿਰੋਧ ਕਾਰਨ, ਉਸਦੀ ਲਾਸ਼ ਵਗਦੇ ਪਾਣੀਆਂ ਦੇ ਹਵਾਲੇ ਕਰ ਕੇ ਖੁਦ ਨੂੰ ਦੁੱਧ ਧੋਤੇ ਹੋਣ ਦਾ ਐਲਾਨ ਕਰਦੇ ਹਾਂ।

ਅਸੀਂ ਵੱਡੇ ਹੋ ਗਏ ਹਾਂ ਤਾਂ ਹੀ ਅਸੀਂ ਗੱਦੀ ਨਸ਼ੀਨ ਹੋ ਕੇ ਆਪਣੇ ਚੇਲਿਆਂ ਦਾ ਮਾਨਸਿਕ, ਆਰਥਿਕ, ਸਰੀਰਕ ਅਤੇ ਭਾਵਨਾਤਮਕ ਸ਼ੋਸ਼ਣ ਕਰਨਾ ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਹਾਂ। ਦਾਸੀ ਪ੍ਰਥਾ ਨੂੰ ਕਾਇਮ ਰੱਖਣਾ ਚਾਹੁੰਦੇ ਹਾਂ। ਪਰਮ ਪੁਰਖ ਦਾ ਬਾਣਾ ਪਾ ਕੇ, ਆਪਣੇ ਸ਼ਰਧਾਲੂਆਂ ਨੂੰ ਹਵਸ ਦਾ ਸ਼ਿਕਾਰ ਬਣਾਉਣ ਲੱਗਿਆਂ ਰਤਾ ਵੀ ਸ਼ਰਮ ਨਹੀਂ ਆਉਂਦੀ। ਜੇਲ੍ਹ ਵਿਚ ਕੈਦੀ ਹੁੰਦਿਆਂ ਵੀ ਨਜ਼ਰ ਵਿਚੋਂ ਜਾਂ ਆਪਣੇ ਵਿਹਾਰ ਵਿਚੋਂ ਪਛਤਾਵਾ ਕਰਨ ਜਾਂ ਝੂਰਨ ਦੀ ਬਜਾਏ ਇਸਨੂੰ ਆਪਣੀ ਮਰਦਾਨਗੀ ਦਾ ਪ੍ਰਮਾਣ ਸਮਝਦੇ ਹਾਂ।

ਅਸੀਂ ਵੱਡੇ ਜੁ ਹੋ ਗਏ ਹਾਂ। ਦਫ਼ਤਰ ਦੇ ਬਾਹਰ ਬੈਠੈ ਹੋਏ ਚਪੜਾਸੀ ਦੀ ਦਰਦ ਵੇਦਨਾ ਜਾਂ ਉਸ ਦੇ ਭੁੱਖੇ ਪੇਟ ਦੀ ਪ੍ਰਵਾਹ ਨਹੀਂ। ਉਸ ਦੇ ਆਦਰ ਤੇ ਸਤਿਕਾਰ ਨੂੰ ਅਣਗੌਲਿਆਂ ਕਰਕੇ ਉਸਦੇ ਸਲੂਟ ਦਾ ਜਵਾਬ ਦੇਣਾ ਵੀ ਗਵਾਰਾ ਨਹੀਂ ਸਮਝਦੇ। ਬੇਇਜ਼ਤੀ ਕਾਰਨ ਉਸ ਦੇ ਮਨ ਵਿਚ ਉਗੀ ਪੀੜਾ ਨੂੰ ਸਮਝਣ ਤੋਂ ਆਕੀ। ਗਰੂਰ ਵਿਚ ਉਸ ਦੀ ਲਾਚਾਰੀ ਤੇ ਨੀਵੇਂਪਣ ਨੂੰ ਆਪਣੀ ਹੈਂਕੜ ਵਿਚ ਰੋਲਦੇ, ਆਪਣੀ ਧੌਂਸ ਜਮਾਉਣ ਵਿਚ ਸਦਾ ਰੁਚਿਤ ਰਹਿੰਦੇ। ਸਾਨੂੰ ਯਾਦ ਹੀ ਨਹੀਂ ਰਿਹਾ ਕਿ ਕਦੇ ਇਸ ਚਪੜਾਸੀ ਨੂੰ ਪੁੱਛ ਕੇ ਹੀ ਅਸੀਂ ਵੱਡੇ ਸਾਹਿਬ ਨੂੰ ਮਿਲਣ ਜਾਂਦੇ ਸੀ। ਆਪਣੀ ਔਕਾਤ ਨੂੰ ਭੁੱਲ ਕੇ ਤੇ ਧਰਤੀ ਨੂੰ ਛੱਡ, ਉਚੇ ਅੰਬਰੀਂ ਉਡਣ ਦੀ ਧਾਰਨਾ ਮਨ ਵਿਚ ਪਾਲਣ ਵਾਲਿਆਂ ਨੂੰ ਡਿੱਗਦਿਆਂ ਧਰਤੀ ਵੀ ਥਾਂ ਨਹੀਂ ਦਿੰਦੀ। ਪਰ ਅਸੀਂ ਇਹ ਸਭ ਕੁਝ ਸਮਝਣ ਤੋਂ ਅਸਮਰੱਥ ਕਿਉਂਕਿ ਅਸੀਂ ਵੱਡੇ ਹੋ ਗਏ ਹਾਂ।



ਅਸੀਂ ਵੱਡੇ ਜੋ ਹੋ ਗਏ ਹਾਂ ਅਤੇ ਵੱਡੇ ਨੇ ਸਾਡੇ ਘਰ ਆਪਣੇ ਗੁਆਂਢੀਆਂ ਤੋਂ। ਅਸੀਂ ਉਨ੍ਹਾਂ ਦੇ ਹਿੱਸੇ ਦਾ ਅੰਬਰ ਵੀ ਲੁਕਾ ਲਿਆ ਏ, ਧੁੱਪ ਵੀ ਅਤੇ ਛਾਂ ਵੀ। ਪੁੰਨਿਆ ਦਾ ਚੰਨ ਵੀ ਅਤੇ ਤਾਰਿਆਂ ਦੀਆਂ ਖਿੱਤੀਆਂ ਵੀ। ਤਾਰਿਆਂ ਦੀ ਲੋਅ ਵਿਚ ਅਲਾਣੇ ਮੰਜੇ 'ਤੇ ਰਾਤ ਨੂੰ ਤਾਰੇ ਗਿਣਦਿਆਂ ਨੀਂਦ ਦੀ ਆਗੋਸ਼ ਵਿਚ ਜਾਣ ਦਾ ਹੁਲਾਸ ਵੀ। ਚਾਨਣੀ ਵਿਚ ਆਪਣੇ ਜਿਸਮਾਂ ਨੂੰ ਨਹਾਉਂਦੀਆਂ ਦੋ ਰੂਹਾਂ ਦੀ ਇਕਮਿਕਤਾ ਵਿਚ ਰੂਹ-ਏ-ਅਨੰਦ ਮਾਨਣ ਦਾ ਵਿਸਮਾਦ ਵੀ। ਅਸੀਂ ਤਾਂ ਉਨ੍ਹਾਂ ਦੇ ਹਿੱਸੇ ਦੀ 'ਵਾ ਰੁਮਕਣੀ ਵੀ ਰੋਕ ਲਈ ਏ ਅਤੇ ਦੂਰ-ਦੂਰ ਤੀਕ ਚੌਗਿਰਦੇ ਨੂੰ ਨਿਹਾਰਨ ਦਾ ਅੰਦਾਜ਼ ਵੀ। ਸੋਚ ਦੀ ਪ੍ਰਵਾਜ਼ ਨੂੰ ਰੋਕਣ ਦੀ ਅਸਫ਼ਲ ਕੋਸ਼ਿਸ਼ ਕਰਦੇ ਹਾਂ। ਪਰ ਮਨ ਦੇ ਅਸੀਮਤ, ਅਥਾਹ ਅਤੇ ਉਚੇਰੇ ਅੰਬਰਾਂ ਵਿਚਲੀਆਂ ਸੁਪਨ ਉਡਾਰੀਆਂ ਨੂੰ ਕਿੰਝ ਰੋਕ ਸਕਣਗੇ ਇਹ ਕੋਠੀਆਂ, ਬੰਗਲੇ ਅਤੇ ਵੱਡੇ ਸਮਝਣ ਵਾਲੇ ਲੋਕ।

ਅਸੀਂ ਸੱਚੀਂ ਬਹੁਤ ਵੱਡੇ ਹੋ ਗਏ ਹਾਂ। ਸਾਡੇ ਆਲੇ-ਦੁਆਲੇ ਰਹਿੰਦੇ ਲੋਕ ਕਮੀਣ ਲੱਗਦੇ। ਗੰਦੇ, ਕੋਹਝੇ ਅਤੇ ਮੈਲ਼ ਨਾਲ ਲਿਬੜੇ। ਤਾਂ ਹੀ ਅਸੀਂ ਆਪਣੇ ਅੰਦਰਲੇ ਗੰਦ ਨੂੰ ਆਲੇ-ਦੁਆਲੇ ਵਿਚ ਖਿਲਾਰ, ਕੂੜ ਕਬਾੜ ਦੂਸਰਿਆਂ ਦੇ ਨਾਮ ਕਰ, ਖੁਦ ਨੂੰ ਸੁੱਚਮ ਦਾ ਸੰਦੇਸ਼ ਦੇ, ਆਪਣੇ ਆਪ ਨੂੰ ਵੱਡਾ ਰਾਹ-ਦਸੇਰਾ ਸਮਝਣ ਦਾ ਗੁਰ ਜਾਣ ਲਿਆ ਏ। ਆਪਣੀ ਮਾਲੀਨਤਾ ਨੂੰ ਦੂਸਰਿਆਂ ਦੀ ਗਲੀਜ਼ਤਾ ਬਣਾਉਣ ਵਾਲੇ ਇਹ ਲੋਕ ਦਰਅਸਲ ਬਹੁਤ ਵੱਡੇ ਹੋਣ ਦਾ ਭਰਮ ਇਸ ਲਈ ਪਾਲਦੇ ਨੇ ਕਿਉਂਕਿ ਬੌਣੇ ਲੋਕ ਸਦਾ ਵੀ ਵੱਡੇ ਹੋਣ ਦੇ ਬਾਵਜੂਦ ਵੀ ਬੌਣੇ ਹੀ ਰਹਿੰਦੇ ਨੇ।

ਅਸੀਂ ਵੱਡੇ ਹੋ ਗਏ ਹਾਂ ਤਾਂ ਹੀ ਅਸੀਂ ਆਪਣੇ ਰਾਹਾਂ ਵਿਚ ਉਗੇ ਕੰਡਿਆਂ ਦਾ ਦੂਸ਼ਣ ਵੀ ਅਣਭੋਲ ਲੋਕਾਂ ਦੇ ਨਾਮ ਲਾ ਕੇ ਖੁਦ ਨੂੰ ਪੈਗੰਬਰ ਸਮਝਦੇ ਹਾਂ। ਇਨ੍ਹਾਂ ਕੰਡਿਆਂ, ਵਾੜਾਂ, ਖੱਡਾਂ, ਖ਼ਾਲਾਂ ਅਤੇ ਖਾਈਆਂ ਦੀ ਭਰਪਾਈ ਲਈ ਗਰੀਬ ਲੋਕਾਂ ਦੀ ਮਿੱਝ ਦਾ ਇਸਤੇਮਾਲ ਕਰਦੇ ਹਾਂ ਕਿਉਂਕਿ ਵੱਡੇ ਲੋਕ ਤਾਂ ਕੁਝ ਵੀ ਕਰ ਸਕਦੇ ਨੇ।

ਅਸੀਂ ਬਹੁਤ ਵੱਡੇ ਹੋ ਗਏ ਹਾਂ। ਨਿਮਾਣਿਆਂ ਨੂੰ ਕੁਰਸੀਆਂ ਦੇ ਪਾਵੇ ਬਣਾ ਕੇ ਅਸੀਂ ਉਪਰ ਜੁ ਉਠਣਾ ਸਿੱਖ ਗਏ ਹਾਂ। ਪਾਵੇ ਬਣੇ ਇਹ ਲੋਕ ਸਿਰਫ਼ ਚੀਖ਼ਾਂ, ਕੁਰਲਾਹਟਾਂ, ਸਿਸਕੀਆਂ ਅਤੇ ਵੈਣਾਂ-ਵਿਰਲਾਪਾਂ ਵਿਚੋਂ ਹੀ ਸਾਹ ਵਰੋਲਣ ਜੋਗੇ ਰਹਿ ਗਏ। ਵੱਡਿਆਂ ਲੋਕਾਂ ਲਈ ਇਹ ਲੋਕ ਕੁਝ ਟੁੱਕਰ, ਪੈਸੇ ਦੀ ਖਣਕਾਰ ਜਾਂ ਨਿੱਕੀਆਂ ਨਿੱਕੀਆਂ ਲੋੜਾਂ-ਥੋੜ੍ਹਾਂ ਦੇ ਮੁਥਾਜ਼। ਤਾਂ ਹੀ ਅਸੀਂ ਇੰਨੇ ਵੱਡੇ ਹੋ ਗਏ ਹਾਂ। ਸਾਡੀ ਸੋਚ ਵਿਚ ਵਿਡੱਤਣ ਨਹੀਂ। ਸਿਰਫ਼ ਅਸੀਂ ਵੱਡੇ ਹੋਣ ਦਾ ਆਪਣੇ ਦੁਆਲੇ ਕੱਵਚ ਬਣਾ ਲਿਆ ਏ ਅਤੇ ਇਸ ਦੀ ਚਾਰਦੀਵਾਰੀ ਵਿਚ ਸਾਡੇ ਵੱਡੇ ਹੋਣ ਦਾ ਐਲਾਨਨਾਮਾ ਗੂੰਜਦਾ ਹੈ।

ਅਸੀਂ ਵੱਡੇ ਹੋ ਗਏ ਹਾਂ। ਵੱਡੀਆਂ-ਵੱਡੀਆਂ ਗੱਡੀਆਂ ਅਤੇ ਹਵਾਈ ਜਹਾਜ਼ਾਂ ਵਿਚ ਸਫ਼ਰ ਕਰਦੇ ਹਾਂ। ਸਾਨੂੰ ਯਾਦ ਹੀ ਨਹੀਂ ਰਿਹਾ ਕਿ ਕਦੇ ਨੰਗੇ ਪੈਰੀਂ ਤੁਰਦਿਆਂ ਖੁੱਭੇ ਕੰਡੇ ਦੀ ਪੀੜ ਵੀ ਹੰਢਾਈ ਸੀ। ਪੈਰਾਂ ਦੀ ਫੁੱਟੀਆਂ ਬਿਆਈਆਂ ਦੀ ਚਿੱਤਰਕਾਰੀ ਵਿਚੋਂ ਸੁਪਨਿਆਂ ਦੇ ਨਕਸ਼ ਦੇਖੇ ਸਨ। ਹੱਥਾਂ ਦੇ ਰੱਟਣਾਂ ਵਿਚੋਂ ਬਾਪ ਦੇ ਨੰਗੇ ਪਿੰਡੇ ਅਤੇ ਗਲ਼ ਵਿਚ ਪਏ ਪਰਨੇ ਦਾ ਦ੍ਰਿਸ਼ ਵੀ ਸਾਡੇ ਸਾਹਮਣੇ ਨਹੀਂ ਆਉਂਦਾ। ਅਸੀਂ ਇੰਨੇ ਵੱਡੇ ਹੋ ਗਏ ਹਾਂ ਕਿ ਕਾਲੇ ਸ਼ੀਸ਼ਿਆਂ ਵਾਲੀ ਗੱਡੀ ਵਿਚ ਬੈਠਿਆਂ ਸਾਈਕਲ ਜਾਂ ਪੈਦਲ ਜਾਂਦੇ ਲੋਕ ਕੀੜੇ-ਮਕੌੜੇ ਲੱਗਦੇ। ਫੁੱਟ-ਪਾਥ 'ਤੇ ਸੁੱਤਿਆਂ ਨੂੰ ਕੁਚਲਣਾ ਸਾਡੇ ਲਈ ਕੋਈ ਵੱਡੀ ਗੱਲ ਨਹੀਂ। ਵੱਡੇ ਲੋਕਾਂ ਲਈ ਕਿਸੇ ਗਰੀਬ, ਬੇਕਸੂਰ, ਥੱਕੇ-ਹਾਰਿਆਂ ਅਤੇ ਬੇਘਰਿਆਂ ਨੂੰ ਫੁੱਟ ਪਾਥ 'ਤੇ ਸੌਣ ਦਾ ਵੀ ਕੋਈ ਹੱਕ ਨਹੀਂ। ਅਸੀ ਵੱਡੇ ਹਾਂ ਅਤੇ ਫੁੱਟ ਪਾਥ 'ਤੇ ਕਾਰ ਚੜ੍ਹਾਉਣੀ ਸਾਡਾ ਹੱਕ ਹੈ।

ਅਸੀਂ ਵੱਡੇ ਹੋ ਗਏ ਹਾਂ ਤਾਂ ਹੀ ਸਾਨੂੰ ਕਿਸੇ ਗਰੀਬ ਦੀ ਲਿੱਲਕੜੀ, ਅਬਲਾ ਦਾ ਇਨਸਾਫ਼ ਲਈ ਤਰਲਾ ਜਾਂ ਕਿਸੇ ਮਜ਼ਦੂਰ ਦਾ ਆਪਣੇ ਮਿਹਨਤਾਨੇ ਲਈ ਮਿੰਨਤਾਂ ਕਰਨਾ ਗਵਾਰਾ ਨਹੀਂ। ਸਾਨੂੰ ਹੱਕ ਹੈ ਕਿ ਕਿਸੇ ਨੂੰ ਕਿੰਨਾ ਮਿਹਨਤਾਨਾ ਦੇਣਾ ਹੈ ਜਾਂ ਵਗਾਰ ਹੀ ਕਰਵਾਉਣੀ ਹੈ। ਬੰਧੂਆ ਮਜ਼ਦੂਰ ਬਣਾ ਕੇ ਆਪਣੇ ਖੇਤਾਂ, ਕਾਰਖ਼ਾਨਿਆਂ, ਭੱਠਿਆਂ, ਘਰਾਂ ਅਤੇ ਹਵੇਲੀਆਂ ਵਿਚ ਨਿਤਾਣਿਆਂ ਤੇ ਲੋੜਵੰਦਾਂ ਨੂੰ ਵਰਗਲਾਉਣਾ ਅਤੇ ਉਨ੍ਹਾਂ ਦੀਆਂ ਮਸ਼ਕਾਂ ਬੰਨ੍ਹ ਕੇ ਨਿੱਤ ਨਿੱਤ ਮਰਨ ਲਈ ਮਜਬੂਰ ਕਰਨਾ, ਵੱਡਿਆਂ ਦਾ ਹੀ ਦਸਤੂਰ ਆ।

ਅਸੀਂ ਵੱਡੇ ਹੋ ਗਏ ਹਾਂ ਸਾਨੂੰ ਯਾਦ ਹੀ ਨਹੀਂ ਰਿਹਾ ਕਿ ਕਦੋਂ ਜ਼ਿੰਦਗਾਨੀ ਆਈ, ਕਦੋਂ ਨਦਾਨੀ ਆਈ, ਕਦੋਂ ਜਵਾਨੀ ਆਈ ਅਤੇ ਕਦੋਂ ਇਹ ਸਭ ਕੁਝ ਬੇਗਾਨੀ ਹੋ ਗਈ। ਅਸੀਂ ਤਾਂ ਵੱਡੇ ਹੋਣ ਦੀ ਹੋੜ ਵਿਚ ਹੀ ਇਨ੍ਹਾਂ ਨਿੱਕੇ-ਨਿੱਕੇ ਪੜਾਵਾਂ ਨੂੰ ਵੀ ਆਪਣੀ ਦੌੜ ਵਿਚ ਅਜਿਹਾ ਮਸਲਿਆ ਕਿ ਸਾਡੇ ਲਈ ਵੱਡੇ ਹੋਣਾ ਹੀ ਜੀਵਨ ਦਾ ਸਭ ਤੋਂ ਮੁੱਖ ਮਕਸਦ ਬਣ ਗਿਆ।

ਅਸੀਂ ਵੱਡੇ ਹੋ ਗਏ। ਰੁਤਬੇ ਪ੍ਰਾਪਤ ਕਰ ਲਏ, ਉਚੇ ਦਿਸਹੱਦੇ ਤੇ ਆਪਣੇ ਸਿਲ਼ਾਲੇਖ ਖੁੱਣ ਲਏ, ਵੱਡੀਆਂ-ਵੱਡੀਆਂ ਮੰਜ਼ਲਾਂ ਸਰ ਕਰ ਲਈਆਂ ਪਰ ਸਾਡੇ ਹਮਸਫ਼ਰ ਗਵਾਚ ਗਏ। ਕੁਝ ਰਾਹਾਂ ਵਿਚ, ਕੁਝ ਛਾਂਵਾਂ ਵਿਚ, ਕੁਝ ਬਦ-ਦੁਆਵਾਂ ਵਿਚ ਅਤੇ ਕੁਝ ਮਰਨ ਹਾਰੀਆਂ ਥਾਵਾਂ ਵਿਚ। ਸਾਨੂੰ ਤਾਂ ਭੁੱਲ ਹੀ ਗਿਆ ਕਿ ਕੁਝ ਸਾਥੀ ਸਾਡੇ ਨਾਲ ਹੀ ਤੁਰੇ ਸਨ। ਅਸੀਂ ਉਨ੍ਹਾਂ ਦਾ ਹਾਲ-ਚਾਲ, ਸਿਹਤਯਾਬੀ, ਸੁਪਨਿਆਂ ਤੇ ਸਫ਼ਲਤਾਵਾਂ ਬਾਰੇ ਕੁਝ ਵੀ ਜਾਨਣ ਤੋਂ ਬੇਲਿਹਾਜ਼ ਹੋ ਗਏ। ਸਾਨੂੰ ਤਾਂ ਹੁਣ ਉਨ੍ਹਾਂ ਦੇ ਚਿਹਰਿਆਂ ਦਾ ਚੇਤਾ ਵੀ ਨਹੀਂ ਰਿਹਾ।

ਅਸੀਂ ਵੱਡੇ ਹੋ ਗਏ ਹਾਂ ਤਾਂ ਹੀ ਸਾਨੂੰ ਆਪਣੇ ਬੱਚਿਆਂ ਦਾ ਵੀ ਖ਼ਿਆਲ ਨਹੀਂ ਰਿਹਾ ਕਿ ਉਹ ਕਿਹੜੀ ਕਲਾਸ ਵਿਚ ਪੜ੍ਹਦੇ, ਕੀ ਕਰਦੇ, ਕੀ ਨੇ ਉਨ੍ਹਾਂ ਦੀਆਂ ਰੁਚੀਆਂ, ਕਿਹੜੇ ਨੇ ਉਨ੍ਹਾਂ ਦੇ ਮਿੱਤਰ ਅਤੇ ਕੌਣ ਨੇ ਉਨ੍ਹਾਂ ਦੇ ਸੁਪਨਿਆਂ ਨੂੰ ਸੱਚ ਕਰਨ ਦਾ ਅਹਿਦ ਕਰਨ ਵਾਲੇ। ਦਰਅਸਲ ਅਸੀਂ ਵੱਡੇ ਹੋ ਗਏ ਹਾਂ।

ਅਸੀਂ ਵੱਡੇ ਹੋ ਗਏ ਹਾਂ ਤਾਂ ਹੀ ਅਸੀਂ ਬਿਮਾਰ ਮਾਂ ਦੇ ਮੰਜੇ 'ਤੇ ਬੈਠਣ ਤੋਂ ਉਕਤਾਉਂਦੇ ਹਾਂ। ਸਾਨੂੰ ਉਸ ਦੇ ਲੀੜਿਆਂ ਅਤੇ ਬਿਸਤਰੇ 'ਚੋਂ ਬੋਅ ਆਉਂਦੀ ਏ। ਉਸਦੀ ਹਾਲਤ ਦੇਖ ਕੇ ਅਕਲਾਂਦ ਆਉਂਦੀ ਹੈ ਕਿਉਂਕਿ ਉਹ ਪਿੰਡ ਦੇ ਬੁੱਢੇ ਘਰ ਵਿਚ ਰਹਿੰਦੀ ਏ। ਮਾਂ ਤਾਂ ਉਸ ਘਰ ਵਿਚ ਹੀ ਰਹਿ ਰਹੀ ਏ ਜਿਥੇ ਸਾਡੇ ਪੋਤੜੇ ਬਦਲਦਿਆਂ ਮਾਂ ਨੇ ਮੱਥੇ ਵੱਟ ਨਹੀਂ ਸੀ ਪਾਇਆ। ਸਾਡੇ ਬਿਮਾਰ ਹੋਣ 'ਤੇ ਮਾਂ ਨੇ ਰੱਬ ਕੋਲੋਂ ਵੀ ਰੋਅਬ ਨਾਲ ਸਾਡੀ ਸਿਹਤਮੰਦੀ ਦੀ ਅਰਦਾਸ ਕਬੂਲ ਕਰਵਾਈ ਸੀ। ਕੇਹਾ ਤਾਰ ਰਹੇ ਹਾਂ ਇਵਜ਼ ਮਾਂ ਦੀਆਂ ਉਨੀਂਦਰੀਆਂ ਰਾਤਾਂ, ਪੂੰਝੀਆਂ ਨਲੀਆਂ, ਸਰਬਸੁੱਖ ਦੀ ਕਾਮਨਾ ਅਤੇ ਘਰ ਤੋਂ ਬਾਹਰ ਜਾਣ ਲੱਗਿਆਂ ਮੱਥੇ 'ਤੇ ਕਾਲਾ ਟਿੱਕਾ ਲਾਉਣ ਵਾਲੀ ਉਸ ਸੱਚੀ-ਸੁੱਚੀ ਮਮਤਾਈ ਲੋਰ ਦਾ।

ਅਸੀਂ ਵੱਡੇ ਹੋ ਗਏ ਹਾਂ। ਗਿਆਨ 'ਤੇ ਸਾਨੂੰ ਮਾਣ ਅਤੇ ਅਸੀਂ ਆਪਣੀ ਕੁਰਸੀ ਦਾ ਰੋਅਬ ਦਾਬ ਪਾਉਣ ਵਾਲੇ ਹੋ ਗਏ ਹਾਂ ਤਾਂ ਹੀ ਸਾਨੂੰ ਅਲਾਣੀ ਮੰਜੀ ਤੋਂ ਉਠਦੇ ਤੇ ਡੰਗੋਰੀ ਭਾਲਦੇ ਬਾਪ ਦਾ ਖ਼ਿਆਲ ਨਹੀਂ ਆਉਂਦਾ। ਨਾ ਹੀ ਅਸੀਂ ਕਦੇ ਖ਼ੈਰ-ਖ਼ੈਰੀਅਤ ਪੁੱਛਣ ਅਤੇ ਉਸ ਦੀਆਂ ਉਨ੍ਹਾਂ ਉਂਗਲਾਂ ਨੂੰ ਪਲੋਸਣ ਲਈ ਘਰ ਨੂੰ ਪਰਤਦੇ ਹਾਂ, ਜਿਸ ਉਂਗਲ ਨੂੰ ਫੜ ਕੇ ਬਾਪ ਪਹਿਲੇ ਦਿਨ ਸਾਨੂੰ ਸਕੂਲ ਦਾਖਲ ਕਰਵਾ ਕੇ ਆਇਆ ਸੀ। ਨਾ ਹੀ ਖਿਆਲ ਹੈ ਬਾਪ ਦੀਆਂ ਸੁੱਕੀਆਂ ਪਿੰਝਣੀਆਂ ਦਾ ਜਿਨ੍ਹਾਂ ਨੂੰ ਫੜ ਕੇ ਕਦੇ ਰਿਆੜ ਕਰਦੇ ਸਾਂ ਅਤੇ ਸੁਹਾਗੇ 'ਤੇ ਝੂਟੇ ਲੈਣ ਲਈ ਇਨ੍ਹਾਂ ਦਾ ਹੀ ਆਸਰਾ ਲੈਂਦੇ ਸਾਂ। ਮਹਿੰਗੇ ਪ੍ਰਫਿਊਮ ਵਰਤਣ ਵਾਲਿਆਂ ਨੂੰ ਬਾਪ ਦੇ ਮੁੜ੍ਹਕੇ ਵਿਚੋਂ ਮੁਸ਼ਕ ਤਾਂ ਆਉਣਾ ਹੀ ਹੋਇਆ, ਜਿਸਦੀ ਮੁਸ਼ੱਕਤ ਨੇ ਸਾਡੀ ਮਹਿੰਗੀ ਪੜ੍ਹਾਈ ਦਾ ਖਰਚਾ ਉਠਾਇਆ ਸੀ।

ਅਸੀਂ ਸੱਚੀਂ ਬਹੁਤ ਵੱਡੇ ਹੋ ਗਏ ਹਾਂ। ਸਾਨੂੰ ਆਪਣੇ ਭੈਣ-ਭਰਾ ਵੀ ਭੁੱਲ ਗਏ ਨੇ। ਭੁੱਲ ਗਈਆਂ ਨੇ ਉਨ੍ਹਾਂ ਨਾਲ ਬਚਪਨੀ ਖੇਡਾਂ, ਲੜਾਈਆਂ, ਮਨ-ਮਨਾਈਆਂ, ਇਕ ਦੂਜੇ ਦੇ ਕੱਪੜੇ ਪਾਉਣੇ ਅਤੇ ਇਕ ਦੂਜੇ ਦਾ ਬਸਤਾ ਉਠਾਉਣਾ। ਕਦੇ ਪੂਰਨੇ ਪਾਉਣੇ ਤੇ ਕਦੇ ਲਿਖਾਈ ਕਰਨੀ। ਕਦੇ ਸਵਾਲ ਕੱਢਦਿਆਂ ਕੱਢਦਿਆਂ ਵੱਡੇ ਵੀਰੇ ਦੇ ਗੋਡੇ ਨਾਲ ਲੱਗ ਕੇ ਸੌਂ ਜਾਣਾ। ਉਹ ਦਿਨ ਭੁੱਲਣ ਵਾਲੇ ਅਸੀਂ ਬਹੁਤ ਵੱਡੇ ਲੋਕ ਜੁ ਹਾਂ। ਸਾਨੂੰ ਬੀਤੇ ਵਕਤਾਂ ਵਿਚ ਪਰਤਣਾ ਚੰਗਾ ਨਹੀਂ ਲੱਗਦਾ।

ਅਸੀਂ ਵੱਡੇ ਹੋ ਗਏ ਹਾਂ। ਅਸੀਂ ਆਪਣੇ ਪ੍ਰੋਫੈਸਰਾਂ ਤੇ ਅਧਿਆਪਕਾਂ ਨੂੰ ਪਛਾਨਣ ਤੋਂ ਮੁਨਕਰ ਹੋਣ ਲੱਗ ਪਏ ਹਾਂ ਕਿਉਂਕਿ ਉਹ ਤਾਂ ਕਿਸੇ ਟੁੱਟੀ ਜਿਹੀ ਸਾਈਕਲ 'ਤੇ ਆਉਂਦਾ ਸੀ। ਸਕਿਉਰਿਟੀ ਨਾਲ ਜਾਣ ਵਾਲੇ ਸਾਡੇ ਵਰਗਿਆਂ ਦੇ ਸਾਹਮਣੇ ਉਨ੍ਹਾਂ ਦੀ ਕੀ ਔਕਾਤ ਆ? ਸਾਨੂੰ ਯਾਦ ਹੀ ਨਹੀਂ ਰਿਹਾ ਕਿ ਮਾਸਟਰ ਵਲੋਂ ਹੱਥ ਨਾਲ ਕਲਮ ਘੜ ਕੇ ਦੇਣੀ, ਪੂਰਨੇ ਪਾਉਣੇ ਅਤੇ ਸਾਡੀ ਲਿਖਤ ਦੇ ਨਿਖਾਰ ਲਈ ਜੀਅ ਤੋੜ ਕੇ ਮਿਹਨਤ ਕਰਨੀ। ਉਸਨੂੰ ਤਾਂ ਬੜਾ ਫ਼ਖਰ ਸੀ ਆਪਣੇ ਸ਼ਾਗਿਰਦ 'ਤੇ। ਪਰ ਸ਼ਗਿਰਦ ਇੰਨਾ ਵੱਡਾ ਹੋ ਗਿਆ ਕਿ ਉਸਨੂੰ ਆਪਣਾ ਉਹ ਮਾਸਟਰ ਹੀ ਭੁੱਲ ਗਿਆ ਜੋ ਕਦੇ ਉਸਦਾ ਰੋਲ ਮਾਡਲ ਹੁੰਦਾ ਸੀ।

ਅਸੀਂ ਸੱਚੀਂ ਬਹੁਤ ਵੱਡੇ ਹੋ ਗਏ ਹਾਂ ਤਾਂ ਹੀ ਸਾਨੂੰ ਸਾਡਾ ਸੀਰੀ ਵੀ ਭੁੱਲ ਗਿਆ ਏ ਜੋ ਕਦੇ ਛੱਲੀਆਂ ਭੁੰਨ ਕੇ ਦਿੰਦਾ ਸੀ, ਗਾਜਰਾਂ ਪੁੱਟ ਕੇ ਤੇ ਧੋ ਕੇ ਖਾਣ ਲਈ ਦਿੰਦਾ ਸੀ। ਮੋਢੇ 'ਤੇ ਚੁੱਕ ਕੇ ਅਮਰੂਦ ਤੋੜਨ ਵਿਚ ਮਦਦ ਕਰਦਾ ਸੀ। ਜਿਹੜਾ ਕਦੇ ਗੰਨੇ ਦੀ ਪੋਰੀ ਕਰਕੇ ਵੀ ਦਿੰਦਾ ਸੀ ਅਤੇ ਤੱਤੇ ਗੁੜ ਨੂੰ ਪੱਤੇ 'ਤੇ ਪਾ ਕੇ ਖਾਣ ਲਈ ਦਿੰਦਾ ਹੁੰਦਾ ਸੀ। ਨੌਕਰਾਂ-ਚਾਕਰਾਂ ਵਿਚ ਘਿਰੇ ਹੋਏ ਕਦ ਯਾਦ ਰੱਖਦੇ ਨੇ ਆਪਣੇ ਮੁੱਢਲੇ ਦਿਨਾਂ ਵਿਚ ਸੀਰੀ ਨਾਲ ਬਿਤਾਈ ਅਪਣੱਤ ਅਤੇ ਉਸਦੀ ਸੰਗਤ ਵਿਚੋਂ ਜੀਵਨ ਦੀਆਂ ਕਦਰਾਂ-ਕੀਮਤਾਂ ਸੰਗ ਜਿਊਣ ਦਾ ਪਹਿਲਾ ਪਾਠ।

ਅਸੀਂ ਵੱਡੇ ਹੋ ਗਏ ਹਾਂ। ਸਾਡੇ ਦੋਸਤਾਂ ਅਤੇ ਦੁਸ਼ਮਣਾਂ ਦੀ, ਦਰਿਆਦਿਲੀ ਤੇ ਦਗੇਬਾਜ਼ੀ, ਦਰਦ ਤੇ ਦਵਾ ਅਤੇ ਦਿਲ ਅਤੇ ਦੁੱਖ ਦੀ ਪਰਿਭਾਸਾ ਹੀ ਬਦਲ ਗਈ ਏ। ਅਸੀਂ ਆਪਣੇ ਹਿੱਤਾਂ ਮੁਤਾਬਕ ਆਪਣੀਆਂ ਤਰਜੀਹਾਂ ਅਤੇ ਤਦਬੀਰਾਂ ਸਿਰਜਣ ਲਈ ਕਾਹਲੇ ਅਤੇ ਆਪਣੀਆਂ ਕਮੀਨਗੀਆਂ ਵਿਚੋਂ ਕਰੂਰਤਾ ਭਰੇ ਵਰਤਾਰਿਆਂ ਦਾ ਵਰਣਨ ਹਾਂ।

ਅਸੀਂ ਬਹੁਤ ਹੀ ਵੱਡੇ ਹੋ ਗਏ ਹਾਂ ਸਾਨੂੰ ਤਾਂ ਯਾਦ ਹੀ ਨਹੀਂ ਰਿਹਾ ਦਿਲਲੱਗੀ ਕਰਨਾ, ਦਿਲਦਾਰਾਂ ਨੂੰ ਮਿਲਣਾ, ਦਿਲਰੁਬਾ ਦੀ ਕੋਸੀ ਕੋਸੀ ਧੁੱਪ ਵਿਚ ਆਪਣੇ ਠਰੇ ਭਾਵਾਂ ਨੂੰ ਸੇਕਣਾ, ਪਿਆਰੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਣਾ। ਦਿਲਾਂ ਦੇ ਡੂੰਘੇ ਸਮੁੰਦਰਾਂ ਵਿਚ ਤਾਰੀਆਂ ਲਾਉਣਾ ਅਤੇ ਮੋਤੀਆਂ ਨੂੰ ਹੰਘਾਲਣਾ। ਸੱਜਣਾਂ ਨਾਲ ਰਾਤ ਨੂੰ ਚਾਨਣੀ ਦੀ ਬੁੱਕਲ ਮਾਰਨਾ ਅਤੇ ਚਮਕਦੇ ਤਾਰਿਆਂ ਦੀ ਮਹਿਫ਼ਲ ਦਾ ਹਿੱਸਾ ਬਣਨਾ। ਅੰਬਰ ਨੂੰ ਕਲਾਵੇ ਵਿਚ ਲੈਣਾ ਅਤੇ ਆਪਣੇ ਹਿੱਸੇ ਦੇ ਅਸਮਾਨ ਨੂੰ ਆਪਣੀਆਂ ਬਰੂਹਾਂ ਦੇ ਨਾਮ ਕਰਨਾ। ਮਿੱਠੜੇ ਬੋਲਾਂ ਦੀ ਸੰਗਤੀ ਚਾਸ਼ਣੀ ਵਿਚ ਖੁਦ ਨੂੰ ਲਬਰੇਜ਼ ਕਰਨਾ ਅਤੇ ਇਸ ਦੀ ਲਜ਼ੀਜ਼ਤਾ ਵਿਚ ਜੀਵਨ-ਅਨੰਦਤਾ ਦਾ ਰਾਗ ਅਲਾਪਣਾ। ਮਿੱਤਰ-ਪਿਆਰਿਆਂ ਸੰਗ ਲਿਪਟਣਾ ਅਤੇ ਜੀਵਨੀ ਪੱਤਝੜ ਵਿਚ ਬਹਾਰਾਂ ਦੀ ਦਸਤਕ ਬਨਣਾ।

ਕੀ ਤੁਸੀਂ ਵੀ ਵੱਡੇ ਹੋਏ ਹੋ?

# ਗਿਆਨ: ਪ੍ਰਾਪਤੀ ਅਤੇ ਸਦ-ਵਰਤੋਂ

"ਠੀਕ ਕੰਮ ਗਿਆਨ ਤੋਂ ਵਧੀਆ ਹੁੰਦਾ ਹੈ ਪਰ ਇਸ ਨੂੰ ਕਰਨ ਵਾਸਤੇ ਠੀਕ ਦਾ ਗਿਆਨ ਹੋਣਾ ਜ਼ਰੂਰੀ ਹੈ"। (ਚਾਰਲਸ ਮਹਾਨ)

ਸਾਨੂੰ, 'ਗਿਆਨ' ਦੀ ਮਹੱਤਤਾ ਦਾ ਗਿਆਨ ਹੈ ਕਿਉਂਕਿ ਇਹ ਸਾਡਾ ਜੀਵਨ-ਆਧਾਰ ਹੈ। ਗੂੜ੍ਹ ਗਿਆਨ ਦਾ ਵਿਸ਼ਾ ਹੋਣ ਦੇ ਨਾ.ਲ-ਨਾ.ਲ ਇਹ ਹਰ ਇਨਸਾਨ ਦੇ ਰੋਜ਼-ਮਰਾ ਜੀਵਨ ਨਾ.ਲ ਵੀ ਜੁੜਿਆ ਹੋਇਆ ਹੈ। ਇਸੇ ਕਰਕੇ ਇਹ ਉਨ੍ਹਾਂ ਕੁੱਝ ਅਰਥ-ਭਰਪੂਰ ਵਿਸ਼ਿਆਂ ਵਿਚੋਂ ਹੈ, ਜਿਨ੍ਹਾਂ ਦਾ ਮਹੱਤਵ ਪੁਰਾਤਨ ਯੁਗਾਂ ਵਿਚ ਵੀ ਓਨਾ ਹੀ ਸੀ ਜਿੰਨਾ ਕਿ ਅੱਜ ਹੈ। ਅੱਜ 'ਇਨਫਾਰਮੇਸ਼ਨ' ਤਕਨਾਲੋਜੀ, 'ਆਰਟੀਫੀਸ਼ੀਅਲ ਇੰਟੈਲੀਜੈਂਸ', 'ਨਾਲੇਜ ਮੈਨੇਜਮੈਂਟ' ਆਦਿ ਦੇ ਨਾਂ ਹੇਠ ਇਹ ਸਾਰੇ ਸੰਸਾਰ 'ਤੇ ਪੂਰੀ ਤਰ੍ਹਾਂ ਛਾਇਆ ਹੋਇਆ ਹੈ। ਇਹ ਸਮੁੱਚੀ ਫ਼ਿਲਾਸਫ਼ੀ ਦੇ ਪੰਜ ਭਾਗਾਂ ਵਿਚੋਂ ਮੁੱਖ ਅਤੇ ਗੂੜ੍ਹ ਵਿਸ਼ਾ ਹੈ, ਜਿਸ ਦਾ ਨਾਉਂ ਗਿਆਨ-ਮੀਮਾਂਸਾ (ਐਪਿਸਟਮੌਲੋਜੀ) ਹੈ। ਮੀਮਾਂਸਾ ਦਾ ਅਰਥ ਹੈ: ਖੋਜ, ਪੜਤਾ.ਲ, ਵਿਆਖਿਆ, ਗੰਭੀਰ ਚਿੰਤਨ ਜਾਂ ਸੋਚ-ਵਿਚਾਰ। ਇਸ ਵਾਸਤੇ 'ਚਾਨਣ' ਅਤੇ 'ਤਾਕਤ' ਦੇ ਅਲੰਕਾਰ ਆਮ ਵਰਤੇ ਜਾਂਦੇ ਹਨ। ਕਿਉਂਕਿ ਇਸ ਨਾ.ਲ ਇਨਸਾਨ ਬੁੱਧੀਮਾਨ ਅਤੇ ਸਮਰੱਥ ਬਣ ਸਕਦਾ ਹੈ, ਨਿੱਜੀ ਜੀਵਨ ਨੂੰ ਸੁਚੱਜਾ ਅਤੇ ਸਫਲ ਬਣਾ ਸਕਦਾ ਹੈ ਅਤੇ ਇੱਕ ਵਧੀਆ ਸੰਸਾਰ ਸਿਰਜਣ 'ਚ ਹਿੱਸਾ ਪਾ ਸਕਦਾ ਹੈ। ਐਸਾ ਸੰਸਾਰ ਜਿਸ ਦੀ ਕਲਪਨਾ ਸਾਡੇ ਮਹਾਂ-ਪੁਰਖਾਂ ਅਤੇ ਸਿਆਣਿਆਂ ਨੇ ਆਮ ਕੀਤੀ ਹੈ। ਤਾਂ ਕੀ ਗਿਆਨ ਇਨਸਾਨ ਨੂੰ ਇਸ ਆਦਰਸ਼ ਵੱਲ ਤੋਰ ਸਕਿਆ ਹੈ? ਮਨੁੱਖੀ ਇਤਿਹਾਸ ਅਤੇ ਅਜੋਕੀਆਂ ਸਥਿਤੀਆਂ ਅਨੁਸਾਰ ਇਸ ਸਵਾਲ ਦਾ ਜਵਾਬ ਹੈ: ਨਾਂਹ। ਵਿਗਿਆਨਕ ਪੱਖੋਂ ਇਸ ਦੇ ਕੁਝ ਕਾਰਨ ਵਿਚਾਰਦੇ ਹਾਂ।

ਇੰਜ. ਈਸ਼ਰ ਸਿੰਘ
ਫੋਨ: 647 640 2014

ਪਹਿਲੇ ਸਮਿਆਂ 'ਚ ਗਿਆਨ 'ਤੇ ਉੱਚ ਵਰਗਾਂ ਦਾ ਏਕਾਧਿਕਾਰ ਸੀ ਅਤੇ ਇਹ ਧਰਮ, ਚਿੰਤਨ ਅਤੇ ਗਿਆਨ-ਗੋਸ਼ਟੀਆਂ ਤਕ ਸੀਮਤ ਸੀ। ਸਮਝਿਆ ਜਾਂਦਾ ਸੀ ਕਿ ਜਿੰਨੇ ਗਿਆਨ ਦੀ ਕਿਸੇ ਮਨੁੱਖ ਨੂੰ ਲੋੜ ਹੈ ਓਨਾ ਧਾਰਮਿਕ ਗ੍ਰੰਥਾਂ ਵਿਚ ਉਪਲਬਧ ਹੈ ਅਤੇ ਜੋ ਉਨ੍ਹਾਂ ਵਿਚ ਦਰਜ ਨਹੀਂ ਉਸ ਦੀ ਲੋੜ ਨਹੀਂ। ਗਿਆਨ ਬਾਰੇ ਇਸ ਸੌੜੀ ਵਿਚਾਰਧਾਰਾ ਨੇ ਮਨੁੱਖ ਨੂੰ ਧਾਰਮਿਕ ਖੇਤਰ ਤੋਂ ਬਾਹਰ ਦੇ ਹਰ ਕਿਸਮ ਦੇ 'ਗਿਆਨ' ਅਤੇ ਇਸ 'ਤੇ ਆਧਾਰਿਤ ਖੋਜਾਂ ਅਤੇ ਕਾਢਾਂ ਤੋਂ ਵਾਂਝਾ ਰੱਖਿਆ। ਸ਼ਾਸਕਾਂ ਦਾ ਮੁੱਖ ਨਿਸ਼ਾਨਾ ਵੀ ਪਰਜਾ ਨੂੰ ਗਿਆਨ-ਵਿਹੂਣੀ ਰੱਖਣ ਦਾ ਸੀ ਅਤੇ ਇਸ ਕੰਮ ਵਾਸਤੇ ਉਨ੍ਹਾਂ ਨੇ ਪੁਜਾਰੀ-ਸ਼੍ਰੇਣੀ ਨੂੰ ਵਰਤਿਆ। ਇਸ ਕਰਕੇ ਹੀ ਮੱਧ-ਯੁਗ ਵਿਚ ਕੋਈ ਤਰੱਕੀ ਨਹੀਂ ਹੋਈ, ਨਵੀਆਂ ਖੋਜਾਂ ਨਹੀਂ ਹੋਈਆਂ ਅਤੇ ਜਨ-ਕਲਿਆਣ ਦੇ ਕੰਮ ਨਹੀਂ ਹੋਏ। ਕੋਈ ਅਚੰਭੇ ਦੀ ਗੱਲ ਨਹੀਂ ਕਿ ਇਸ ਯੁਗ ਨੂੰ 'ਅੰਧਕਾਰ-ਯੁਗ' ਵੀ ਕਿਹਾ ਜਾਂਦਾ ਹੈ।

ਗਿਆਨ ਦਾ ਸਰਬਜਨਕ ਪਸਾਰ 15ਵੀਂ ਸਦੀ ਦੇ ਸ਼ੁਰੂ ਵਿਚ ਪ੍ਰਿੰਟਿੰਗ-ਪਰੈੱਸ ਦੀ ਕਾਢ ਨਾ.ਲ ਸ਼ੁਰੂ ਹੋਇਆ। ਯੂਰਪੀ ਦੇਸ਼ਾਂ ਅਤੇ ਅਮਰੀਕਾ ਵਿਚ ਭੂਗੋਲਿਕ, ਰਾਜਨੀਤਕ, ਸਮਾਜਿਕ, ਵਿਗਿਆਨਕ ਆਦਿ ਖੇਤਰਾਂ ਵਿਚ ਖੋਜਾਂ ਹੋਣੀਆਂ ਸ਼ੁਰੂ ਹੋਈਆਂ। ਸੁਧਾਰਕਾਂ, ਵਿਗਿਆਨੀਆਂ ਅਤੇ ਖੋਜੀਆਂ ਨੇ ਅਣਥੱਕ ਮਿਹਨਤਾਂ ਕਰ ਕੇ ਅਤੇ ਕਸ਼ਟ ਝੱਲ ਕੇ ਪੁਨਰ-ਜਾਗ੍ਰਿਤੀ, ਵਿਗਿਆਨਿਕ, ਉਦਯੋਗਿਕ, ਫਰਾਂਸ ਅਤੇ ਗਿਆਨ ਨਾਂ ਦੀਆਂ ਯੁਗ-ਪਲਟਾਊ ਕ੍ਰਾਂਤੀਆਂ ਲਿਆਂਦੀਆਂ। ਇਸ ਤਰ੍ਹਾਂ ਉਨ੍ਹਾਂ ਨੇ ਸੰਸਾਰ ਦੇ ਅਪੂਰਵ ਵਿਕਾਸ ਦੀ ਨੀਂਹ ਰੱਖੀ। ਗਿਆਨ ਦੇ ਪਸਾਰੇ ਵਿਚ ਤਿੰਨ ਰੁਕਾਵਟਾਂ ਮੁੱਖ ਰਹੀਆਂ ਹਨ: ਰਾਜਾ-ਸ਼ਾਹੀ, ਪ੍ਰੋਹਿਤ-ਵਾਦ ਅਤੇ ਜਨਤਕ-ਅਗਿਆਨਤਾ। ਇਹ ਤਿੰਨੇ, ਸੁਧਾਰਕਾਂ ਵਿਰੁੱਧ ਲਾਮਬੰਦ ਹੁੰਦੀਆਂ ਰਹੀਆਂ ਹਨ ਅਤੇ ਇਹ ਸਿਲਸਿਲਾ ਅੱਜ ਵੀ ਜਾਰੀ ਹੈ ਪਰ ਇਨ੍ਹਾਂ ਵਰੋਸਾਈਆਂ ਹਸਤੀਆਂ ਨੇ ਇਸ ਤਰ੍ਹਾਂ ਦੀਆਂ ਰੁਕਾਵਟਾਂ ਨੂੰ ਸਰ ਕੀਤਾ ਅਤੇ ਇਸ ਵਾਸਤੇ ਉਨ੍ਹਾਂ ਨੂੰ ਆਪਣੀਆਂ ਜਾਨਾਂ ਤਕ ਦੇਣੀਆਂ ਪਈਆਂ। ਬਹੁਪੱਖੀ ਹਸਤੀ ਗੈਲੀਲੀਓ ਦੀ ਉਦਾਹਰਨ ਵਰਣਨਯੋਗ ਹੈ; ਧਰਤੀ ਨੂੰ ਸੂਰਜ ਦੁਆ.ਲੇ ਘੁੰਮਦੀ ਕਹਿਣ ਕਰਕੇ ਉਸ ਨੂੰ ਉਮਰ-ਕੈਦ ਕੱਟਣੀ ਪਈ ਅਤੇ ਉਸ ਨੂੰ ਇੱਕ ਨਿਕੰਮੀ ਜਿਹੀ ਕਬਰ 'ਚ ਦਫ਼ਨਾਇਆ ਗਿਆ। ਉਸ ਦੇ ਮਰਨ ਤੋਂ 360 ਸਾਲ ਬਾਅਦ (1992 'ਚ) ਚਰਚ ਨੇ ਆਪਣੀ ਗਲਤੀ ਸਵੀਕਾਰ ਕੀਤੀ ਅਤੇ ਅੱਜ ਉਸ ਨੂੰ 'ਆਧੁਨਿਕ ਸਾਇੰਸ ਦਾ ਪਿਤਾ' ਕਿਹਾ ਜਾਂਦਾ ਹੈ, ਹੋਰ ਕਈ ਉਪਾਧੀਆਂ ਨਾ.ਲ ਯਾਦ ਕੀਤਾ ਜਾਂਦਾ ਹੈ।

ਇੱਥੇ ਇਹ ਗੱਲ ਪ੍ਰਸੰਗਕ ਹੈ ਕਿ ਯੂਰਪ ਵਿਚ ਵਿਗਿਆਨਕ ਕ੍ਰਾਂਤੀ ਦੇ ਸਮੇਂ ਤੋਂ ਕੁੱਝ ਚਿਰ ਪਹਿਲਾਂ ਭਾਰਤ ਵਿਚ ਭਗਤੀ-ਲਹਿਰ ਸ਼ੁਰੂ ਹੋ ਚੁੱਕੀ ਸੀ, ਜਿਸ ਨੂੰ ਸਿੱਖ ਗੁਰੂ ਸਾਹਿਬਾਨ ਨੇ ਸੰਗਠਿਤ ਵੀ ਕੀਤਾ ਅਤੇ ਇਸ ਦੀਆਂ ਸਿੱਖਿਆਵਾਂ ਦੀ ਚੱਕ-ਬੰਦੀ ਵੀ ਕੀਤੀ। ਇਸ ਨਾ.ਲ ਧਰਮਾਂ ਦੀ ਆੜ ਵਿਚ ਫੈਲੇ ਪਾਖੰਡਵਾਦ ਵਿਰੁੱਧ ਜਨ-ਜਾਗ੍ਰਿਤੀ ਆਈ ਅਤੇ ਹੋਰ ਖੇਤਰਾਂ ਦਾ ਗਿਆਨ ਵੀ ਸਰਲ ਹੋ ਕੇ ਜਨ-ਸਾਧਾਰਨ ਦੀ ਜੱਦ ਵਿਚ ਆਉਣ ਲੱਗਿਆ ਪਰ ਉਨ੍ਹਾਂ ਨੂੰ ਇਸ ਸਭ ਵਾਸਤੇ ਬਹੁਤ ਮੁੱਲ ਤਾਰਨਾ ਪਿਆ। ਭਾਰਤੀ ਇਤਿਹਾਸ ਉਨ੍ਹਾਂ ਦੀਆਂ ਕੁਰਬਾਨੀਆਂ ਦੇ ਦੂਰ-ਰਸ ਅਸਰਾਂ ਅਤੇ ਹੋਏ ਬਹੁਪੱਖੀ ਲਾਭਾਂ ਦਾ ਗਵਾਹ ਹੈ। ਭਾਰਤ ਵਿਚ ਸ਼ੁਰੂ ਤੋਂ ਹੀ ਇੱਕ ਕੁ-ਪ੍ਰਥਾ ਇਹ ਰਹੀ ਹੈ ਕਿ ਇੱਥੇ ਗਿਆਨ ਅਤੇ ਅਮਲੀ ਕੰਮਾਂ ਦਾ ਕੋਈ ਮੇਲ ਨਹੀਂ ਸੀ। ਗਿਆਨ ਵਾ.ਲਿਆਂ ਨੇ ਕੰਮ ਨਹੀਂ ਕੀਤਾ ਅਤੇ ਕੰਮ ਕਰਨ ਵਾ.ਲਿਆਂ ਨੂੰ ਗਿਆਨ ਪ੍ਰਾਪਤ ਨਹੀਂ ਕਰਨ ਦਿੱਤਾ ਗਿਆ। ਇਹ ਕੁ-ਪ੍ਰਥਾ ਭਾਰਤ ਦੀ ਨਿਰੰਤਰ ਅਧੋ-ਗਤੀ ਦਾ ਮੁੱਖ ਕਾਰਨ ਰਹੀ ਹੈ ਅਤੇ ਤ੍ਰਾਸਦੀ ਇਹ ਹੈ ਕਿ ਇਹ ਅੱਜ ਵੀ ਚੱਲ ਰਹੀ ਹੈ।




ਇਨ੍ਹਾਂ ਮਹਾਂ-ਮਨੁੱਖਾਂ ਦੀਆਂ ਸਫਲਤਾਵਾਂ ਦੇ ਦੋ ਮੁੱਖ ਕਾਰਨ ਹਨ। ਪਹਿਲਾ ਆਪਣੀ ਅਗਿਆਨਤਾ ਨੂੰ ਸਮਝਣਾ ਅਤੇ ਸਵੀਕਾਰਨਾ। ਦੂਜਾ ਇਸ ਨੂੰ ਗਿਆਨ 'ਚ ਬਦਲਣ ਦੀ ਵਿਗਿਆਨਕ ਪਹੁੰਚ ਅਪਨਾਉਣੀ ਅਤੇ ਪੂਰਵਜਾਂ ਅਤੇ ਸਮਕਾਲੀਆਂ ਦੀਆਂ ਖੋਜਾਂ ਤੋਂ ਸਿੱਖਣਾ। ਇਨ੍ਹਾਂ ਪਿਰਤਾਂ ਦਾ ਖੁਲਾਸਾ ਆਈਨਸਟਾਈਨ ਨੇ ਬੜੇ ਸੋਹਣੇ ਸ਼ਬਦਾਂ ਵਿਚ ਕੀਤਾ ਹੈ ਕਿ "ਜੇ ਮੈਂ ਬਾਕੀਆਂ ਤੋਂ ਪਰ੍ਹੇ ਦੀ ਗੱਲ ਸੋਚ ਸਕਿਆਂ ਹਾਂ ਤਾਂ ਸਿਰਫ ਇਸ ਕਰਕੇ ਕਿ ਮੈਂ ਉਨ੍ਹਾਂ ਦੇ ਮੋਢਿਆਂ 'ਤੇ ਖੜ੍ਹਾ ਹੋਇਆ ਹਾਂ"। ਰਸਮੀ ਧਰਮਾਂ ਦੀ ਤੁਲਨਾ 'ਚ ਵਿਗਿਆਨ ਦੀ ਸਫਲਤਾ ਦੇ ਇਹ ਹੀ ਮੁੱਖ ਕਾਰਨ ਹਨ। "ਵਿਗਿਆਨੀ ਜਦੋਂ ਅਸਫਲ ਰਹਿੰਦੇ ਹਨ ਤਾਂ ਉਹ ਇਸ ਨੂੰ ਸਵੀਕਾਰ ਕਰ ਕੇ ਨਵੇਂ ਸਿਰਿਓਂ ਨਵੀਂ ਤਰਜ਼ ਦੀਆਂ ਖੋਜਾਂ ਕਰਨੀਆਂ ਸ਼ੁਰੂ ਕਰ ਦਿੰਦੇ ਹਨ। ਤਥਾ-ਕਥਿਤ ਧਾਰਮਿਕ ਬੰਦੇ ਜਦ ਅਸਫਲ ਹੁੰਦੇ ਹਨ ਤਾਂ ਨਵੇਂ ਬਹਾਨੇ ਬਣਾਉਂਦੇ ਹਨ, ਫੋਕੇ ਸਪੱਸ਼ਟੀਕਰਨ ਦਿੰਦੇ ਹਨ ਅਤੇ ਭਾਂਡਾ ਹੋਰਾਂ ਸਿਰ ਭੰਨਦੇ ਹਨ" (ਯੂਵਲ ਹਰਾਰੀ)।

ਜੀਵਨ ਦੇ ਤਜਰਬੇ ਦੇ ਆਧਾਰ 'ਤੇ ਅਸੀਂ ਜਾਣਦੇ ਹਾਂ ਕਿ 'ਗਿਆਨ' ਦਾ ਸਰਲ ਅਰਥ ਹੈ ਸਹੀ ਜਾਣਕਾਰੀ, ਪੂਰਾ ਪਤਾ, ਪੱਕੀ ਪਛਾਣ ਜਾਂ ਸਟੀਕ ਇਲਮ, ਜਿਵੇਂ ਕਿ ਸਾਡੇ ਨਾ.ਲ ਸਬੰਧਿਤ ਹਰ ਵਿਅਕਤੀ, ਹਰ ਵਸਤੂ ਅਤੇ ਹਰ ਵਿਸ਼ੇ ਦੇ ਤੱਥਾਂ, ਅੰਕੜਿਆਂ, ਸੂਚਨਾਵਾਂ, ਫਰਜ਼ਾਂ, ਅਸੂਲਾਂ, ਸਿਧਾਂਤਾਂ, ਯੋਗਤਾਵਾਂ, ਕਮਜ਼ੋਰੀਆਂ ਆਦਿ ਦੀ ਜਾਣਕਾਰੀ ਅਤੇ ਇਸ ਗਿਆਨ 'ਤੇ ਆਧਾਰਤ ਕਾਰਵਾਈਆਂ ਕਰਨ ਜਾਂ ਨਾਂ ਕਰਨ ਦੀ ਸੂਰਤ ਵਿਚ ਸੰਭਾਵੀ ਨਤੀਜਿਆਂ ਦਾ ਮੁਲਾਂਕਣ ਕਰਨ ਦੀ ਨਿਪੁੰਨਤਾ।" ਇਹ ਵੀ ਸਮਝਣਾ ਜ਼ਰੂਰੀ ਹੈ ਕਿ ਹਰ ਜਾਣਕਾਰੀ ਅਤੇ ਹਰ ਗੱਲ ਗਿਆਨ ਨਹੀਂ ਹੁੰਦੀ; ਇਸ ਦਾ ਸੱਚਾ, ਭਰੋਸੇਯੋਗ ਅਤੇ ਵਿਗਿਆਨਕ ਹੋਣਾ ਜ਼ਰੂਰੀ ਹੈ।

ਜਨਮ ਸਮੇਂ ਅਸੀਂ ਗਿਆਨ ਤੋਂ ਕੋਰੇ ਹੁੰਦੇ ਹਾਂ ਪਰ ਕੁਦਰਤੀ ਬਣਤ ਅਨੁਸਾਰ ਇਸ ਨੂੰ ਗ੍ਰਹਿਣ ਕਰ ਸਕਣ ਦੀਆਂ ਸਭ ਪ੍ਰਵਿਰਤੀਆਂ ਅਤੇ ਪ੍ਰਤਿਭਾਵਾਂ ਸਾਡੇ 'ਚ ਮੌਜੂਦ ਹੁੰਦੀਆਂ ਹਨ। ਜਿਵੇਂ ਕਿ ਜਿਗਿਆਸਾ, ਪੰਜ ਗਿਆਨ-ਇੰਦਰੀਆਂ, ਵਿਕਸਿਤ ਦਿਮਾਗ ਅਤੇ ਖਾਸ ਡਿਜ਼ਾਇਨ ਦੇ ਸਰੀਰਕ ਨੈਣ-ਪ੍ਰਾਣ। ਉਦਾਹਰਨ ਵਜੋਂ ਸਿਰਫ ਇਨਸਾਨੀ ਗ.ਲਾ ਹੀ ਬੋਲਣਾ ਅਤੇ ਇਨਸਾਨੀ ਹੱਥ ਹੀ ਲਿਖਣਾ ਸਿੱਖ ਸਕਦੇ ਹਨ। ਇਸ ਤੋਂ ਵੀ ਵੱਡਾ ਗੁਣ ਇਹ ਕਿ ਸਾਡੇ ਕੋ.ਲ ਚੇਤਨ ਸ਼ਕਤੀ ਅਤੇ ਬੁੱਧ-ਵਿਵੇਕ ਹੈ ਜਿਸ ਕਰਕੇ ਅਸੀਂ ਸੋਚਣ, ਸਮਝਣ, ਸਿੱਖਣ, ਯਾਦ ਰੱਖਣ ਅਤੇ ਸਮੂਹ ਬਣਾ ਕੇ ਸੋਚਣ ਅਤੇ ਕਾਰਵਾਈਆਂ ਕਰਨ ਦੇ ਯੋਗ ਹਾਂ। ਇਨ੍ਹਾਂ ਜਮਾਂਦਰੂ (ਇੰਟਰਿੰਜਕ) ਗੁਣਾਂ ਦੇ ਜੋੜ ਕਰਕੇ ਇਨਸਾਨ ਜਨਮ ਤੋਂ ਹੀ ਲੋੜੀਂਦਾ ਗਿਆਨ ਪ੍ਰਾਪਤ ਕਰਨਾ ਸ਼ੁਰੂ ਕਰ ਦਿੰਦਾ ਹੈ ਅਤੇ ਇਸ ਦੇ ਆਧਾਰ 'ਤੇ ਅਨੇਕਾਂ ਕਿਸਮ ਦੇ ਕੰਮ ਕਰ ਕੇ ਇਸ ਨੂੰ ਪਰਪੱਕ ਕਰਦਾ ਰਹਿੰਦਾ ਹੈ। ਵਰਣਨਯੋਗ ਹੈ ਕਿ ਬੋਲਣ, ਲਿਖਣ ਅਤੇ ਪੜ੍ਹਨ ਦੀਆਂ ਯੋਗਤਾਵਾਂ ਕਰਕੇ ਇਨਸਾਨ ਆਪਣੇ ਗਿਆਨ ਨੂੰ ਪੀੜ੍ਹੀ-ਦਰ-ਪੀੜ੍ਹੀ ਅੱਗੇ ਵਿਰਾਸਤ ਵਿਚ ਦਿੰਦਾ ਰਹਿੰਦਾ ਹੈ।

ਕੋਈ ਵੀ ਵਿਅਕਤੀ ਆਪਣੀ ਸਮਰੱਥਾ ਤੋਂ ਵੱਧ ਗਿਆਨ ਪ੍ਰਾਪਤ ਨਹੀਂ ਕਰ ਸਕਦਾ ਅਤੇ ਨਾ ਹੀ ਕਿਸੇ ਦੀ ਹਰ ਕਿਸਮ ਦਾ ਗਿਆਨ ਪ੍ਰਾਪਤ ਕਰਨ ਦੀ ਯੋਗਤਾ ਜਾਂ ਰੁਚੀ ਹੁੰਦੀ ਹੈ ਪਰ ਇੱਕ ਸੁਚੱਜੇ ਅਤੇ ਸਫਲ ਜੀਵਨ ਵਾਸਤੇ ਹਰ ਇੱਕ ਨੂੰ ਇਨ੍ਹਾਂ ਹੱਦਾਂ ਤੋਂ ਕਿਤੇ ਵੱਧ ਗਿਆਨ ਦੀ ਲੋੜ ਪੈਂਦੀ ਹੈ-ਖਾਸ ਕਰਕੇ ਅੱਜ ਦੇ ਤਕਨਾਲੋਜੀ-ਆਧਾਰਿਤ ਅਤੇ ਸੰਸਾਰੀ-ਕ੍ਰਿਤ ਯੁਗ 'ਚ। ਜੋ ਗਿਆਨ ਸਾਡੀ ਸਮਰੱਥਾ ਤੋਂ ਬਾਹਰ ਹੈ ਜਾਂ ਸਾਡੀਆਂ ਰੁਚੀਆਂ ਅਨੁਸਾਰ ਨਹੀਂ, ਉਸ ਦੀ ਭਰਪਾਈ ਸਾਡਾ ਪਰਿਵਾਰ, ਸਮਾਜ, ਦੇਸ਼ ਅਤੇ ਸਮੁੱਚਾ ਮਨੁੱਖੀ ਭਾਈਚਾਰਾ ਕਰਦਾ ਹੈ। ਇਸ ਨੂੰ ਅਸੀਂ 'ਸਮੂਹਿਕ ਗਿਆਨ' ਕਹਿੰਦੇ ਹਾਂ। ਇਸ ਦੇ ਸਾਧਨ ਪਰਿਵਾਰ, ਰਸਮੀ ਪੜ੍ਹਾਈ, ਕਾਰੋਬਾਰੀ ਸੰਸਥਾਵਾਂ, ਸਵੈ-ਸਿੱਖਿਆ, ਸਵੈ-ਸਾਧਨਾ, ਸੰਗਤ, ਧਾਰਮਿਕ ਗ੍ਰੰਥ, ਹੋਰ ਕਿਤਾਬਾਂ, ਨਿਜੀ ਤਜਰਬੇ ਆਦਿ ਸਣੇ ਕੋਈ ਵੀ ਹੋ ਸਕਦੇ ਹਨ। ਭਾਵ ਹਰ ਇਨਸਾਨ ਗਿਆਨ ਪੱਖੋਂ ਸੈਂਕੜੇ ਨਹੀਂ ਬਲਕਿ ਹਜ਼ਾਰਾਂ ਹੋਰਾਂ 'ਤੇ ਨਿਰਭਰ ਹੈ। ਇਸ ਦਾ ਪ੍ਰਤੱਖ ਸਬੂਤ ਇਹ ਹੈ ਕਿ ਸੰਸਾਰ ਦੇ ਪ੍ਰਮੁੱਖ ਵਿਅਕਤੀਆਂ ਨੂੰ ਵੀ ਸਲਾਹਕਾਰਾਂ ਦੀ ਲੋੜ ਪੈਂਦੀ ਹੈ, ਉਨ੍ਹਾਂ ਨੂੰ ਵੀ ਜਿਨ੍ਹਾਂ ਨੂੰ ਦੁਨੀਆ ਜਾਣੀ-ਜਾਣ ਸਮਝਦੀ ਹੈ।

ਇਸ ਸਭ ਦੀ ਪਿੱਠ-ਭੂਮੀ 'ਚ ਪੜਚੋਲ ਦੀ ਲੋੜ ਹੈ ਕਿ ਕੀ ਮਨੁੱਖ ਨੇ ਨਿੱਜੀ ਅਤੇ ਸਮੂਹਿਕ ਤੌਰ 'ਤੇ ਗਿਆਨ ਦੀ ਸਦ-ਵਰਤੋਂ ਕੀਤੀ ਹੈ ਜਾਂ ਕਰ ਰਿਹਾ ਹੈ? ਜਵਾਬ ਜ਼ੋਰਦਾਰ 'ਨਾਂਹ' ਹੈ। ਇਤਿਹਾਸ ਵਿਚ ਇਨਸਾਨਾਂ ਨੇ ਕਈ ਵਾਰ ਇਸ ਨੂੰ ਠੀਕ ਢੰਗ ਨਾ.ਲ ਵਰਤਿਆ ਵੀ ਹੈ ਪਰ ਬਹੁਤਾ ਕਰਕੇ ਗਲਤ ਢੰਗ ਨਾ.ਲ ਵਰਤਿਆ ਹੈ। ਹਾਲਾਤ ਪਹਿਲਾਂ ਨਾਲੋਂ ਸੁਧਰੇ ਜ਼ਰੂਰ ਹਨ ਪਰ ਅਜੇ ਵੀ ਕਾਫੀ ਬੁਰੇ ਹਨ। ਜੇ ਮਹਿਜ਼ ਗਿਆਨ ਨਾ.ਲ ਵਧੀਆ ਇਨਸਾਨ ਅਤੇ ਵਧੀਆ ਸੰਸਾਰ ਬਣ ਸਕਦਾ ਹੁੰਦਾ ਤਾਂ ਅੱਜ ਤੋਂ ਵੱਧ ਗਿਆਨ ਤਾਂ ਸੰਸਾਰ 'ਚ ਪਹਿਲਾਂ ਕਦੇ ਇਕੱਠਾ ਹੀ ਨਹੀਂ ਹੋਇਆ। ਅੱਜ ਸੰਸਾਰ ਦੇ ਸਾਰੇ ਹੀ ਲੀਡਰ (ਸਰਕਾਰਾਂ ਦੇ ਵੀ ਅਤੇ ਵੱਡੀਆਂ-ਛੋਟੀਆਂ ਸੰਸਥਾਵਾਂ ਦੇ ਵੀ) ਵਿਅਕਤੀਗਤ ਤੌਰ 'ਤੇ ਕਿੰਨੇ ਗਿਆਨਵਾਨ ਅਤੇ ਅਕਲਮੰਦ ਹਨ। ਵਿਸ਼ਵ ਦੇ 'ਏਲੀਟ' ਪ੍ਰਬੰਧਕੀ ਇੰਸਟੀਚਿਊਟ, ਵੱਡੀਆਂ-ਵੱਡੀਆਂ ਲਾਇਬ੍ਰੇਰੀਆਂ, ਸੁਪਰ ਕੰਪਿਊਟਰ ਇਕੱਲੇ-ਇਕੱਲੇ ਗਿਆਨ ਦੇ ਸਮੁੰਦਰ ਹਨ। ਪਰ ਇਤਿਹਾਸ ਅਤੇ ਅੱਜ ਦੀਆਂ ਸਥਾਨਕ ਅਤੇ ਵਿਸ਼ਵ-ਵਿਆਪੀ ਸਮੱਸਿਆਵਾਂ ਤੋਂ ਸਿੱਧ ਹੁੰਦਾ ਹੈ ਕਿ ਇਹ ਸਭ ਗਿਆਨ ਇਨਸਾਨ ਨੂੰ ਸਹੀ ਸੇਧ ਨਹੀਂ ਦੇ ਸਕਿਆ। ਸਿਆਣਿਆਂ ਦਾ ਕਹਿਣਾ ਠੀਕ ਹੈ ਕਿ ਇਕੱਲਾ ਗਿਆਨ ਹੰਕਾਰ ਦਾ ਕਾਰਨ ਬਣਦਾ ਹੈ। ਇਸੇ ਕਰਕੇ ਗੁਰਬਾਣੀ ਵਿਚ ਇਸ ਦੀ ਬਹੁਤੀ ਉਪਮਾ ਨਹੀਂ ਕੀਤੀ ਗਈ।

ਗਿਆਨ ਕਿੰਨਾ ਵੀ ਵਧੀਆ ਹੋਵੇ, ਆਪਣੇ-ਆਪ ਵਿਚ ਪੂਰਨ ਨਹੀਂ ਹੁੰਦਾ। ਇਹ ਕਿਸੇ ਅਮਲੀ ਕਾਰਵਾਈ ਦੀ ਤਿਆਰੀ ਹੁੰਦਾ ਹੈ, ਜਿਸ ਦਾ ਅੱਗੇ ਕੋਈ ਮੰਤਵ ਹੁੰਦਾ ਹੈ। ਗਿਆਨ ਹਮੇਸ਼ਾ ਹੀ ਜ਼ਰੂਰੀ, ਪਰ ਸਦਾ ਹੀ ਨਾ-ਕਾਫੀ (ਓਲੱਐਸ ਨਏਚਏਸਸਅਰੇ ਬੁਟ ਨਏਵਏਰ ਸੁਾਚਿਇਨਟ) ਹੁੰਦਾ ਹੈ। ਇਸ ਦੀ ਸਦ-ਵਰਤੋਂ ਇਸ ਦੀ ਪ੍ਰਾਪਤੀ ਤੋਂ ਵੱਧ ਜ਼ਰੂਰੀ ਹੈ। ਇਸ ਨੂੰ ਸਦਾਚਾਰਕ ਅਤੇ ਨੈਤਿਕ ਕਦਰਾਂ-ਕੀਮਤਾਂ ਅਨੁਸਾਰ ਵਰਤਣ ਦੀ ਨਿਪੁੰਨਤਾ ਵੱਧ ਜ਼ਰੂਰੀ ਹੈ। ਪ੍ਰਸਿੱਧ ਮਨੋ-ਵਿਗਿਆਨੀ ਅਬਰਾਹਮ ਮੈਸਲੋਅ ਦੀ ਇੱਕ ਟੂਕ ਹੈ ਕਿ "ਜਿਸ ਦੇ ਹੱਥ 'ਚ ਹਥੌੜਾ ਹੁੰਦਾ ਹੈ, ਉਸ ਨੂੰ ਸਭ ਚੀਜ਼ਾਂ ਕਿੱਲ ਅਤੇ ਮੇਖਾਂ ਲਗਦੀਆਂ ਹਨ"। ਅੱਜ ਅਸੀਂ ਵਿਗਿਆਨ ਦਾ ਹਥੌੜਾ ਫੜਿਆ ਹੋਇਆ ਹੈ ਹਰ ਸਮੱਸਿਆ ਦਾ ਹੱਲ ਇਸ ਹਥੌੜੇ ਨਾ.ਲ ਕਰਨਾ ਚਾਹੁੰਦੇ ਹਾਂ। ਪਹਿਲੇ ਸਮਿਆਂ 'ਚ ਅਸੀਂ ਇਕੱਲੇ ਧਰਮਾਂ 'ਤੇ ਨਿਰਭਰ ਸੀ ਅੱਜ ਇਕੱਲੀ ਸਾਇੰਸ ਦੇ ਉਪਾਸ਼ਕ ਬਣ ਗਏ ਹਾਂ ਜਦਕਿ ਲੋੜ ਦੋਹਾਂ 'ਚ ਸੰਤੁਲਨ ਦੀ ਹੈ। ਆਇਨਸਟਾਈਨ ਦੀ ਪ੍ਰਸਿੱਧ ਟੂਕ ਕਿ "ਸਾਇੰਸ ਧਰਮ ਤੋਂ ਬਗੈਰ ਲੰਗੜੀ ਅਤੇ ਧਰਮ ਸਾਇੰਸ ਤੋਂ ਬਗੈਰ ਅੰਨ੍ਹਾ ਹੈ" ਸਾਨੂੰ ਗਿਆਨ ਦੀ ਸਹੀ ਵਰਤੋਂ ਕਰਨੀ ਸਿਖਾ ਸਕਦਾ ਹੈ। ਪ੍ਰਸਿੱਧ ਸਮਾਜਿਕ ਮਨੋਵਿਗਿਆਨੀ ਡਾ. ਜੌਨਥਨ ਹਾਈਟ ਅਨੁਸਾਰ ਇਸ ਵਾਸਤੇ 'ਪੁਰਾਤਨ ਸਿਆਣਪਾਂ ਅਤੇ ਆਧੁਨਿਕ ਸਚਾਈਆਂ ਦਾ ਸੁਮੇਲ' ਜ਼ਰੂਰੀ ਹੈ।

ਆਪਣੀ ਸਾਂਝੀ ਕਿਤਾਬ 'ਦੀ ਨਾਲੇਜ ਐਲੂਯਜਨ' ਵਿਚ ਸਟੀਵਨ ਸਲੋਮਨ ਅਤੇ ਫਿਲਿਪ ਫਰਨਬਾਕ ਨੇ ਖੋਜ ਕੀਤੀ ਹੈ ਕਿ ਸਾਡੀਆਂ ਕੁੱਝ ਧਾਰਨਾਵਾਂ ਸਾਨੂੰ ਗਿਆਨ ਦੀ ਸਦ-ਵਰਤੋਂ ਕਰਨ ਤੋਂ ਰੋਕਦੀਆਂ ਹਨ। ਨਿਜੀ ਤੌਰ 'ਤੇ ਇਨ੍ਹਾਂ ਪ੍ਰਤੀ ਸੁਚੇਤ ਹੋ ਕੇ ਅਸੀਂ ਕੁੱਝ ਸੁਧਾਰ ਕਰ ਸਕਦੇ ਹਾਂ। ਜਿਵੇਂ ਕਿ:

ਗਿਆਨ-ਪ੍ਰਾਪਤੀ ਦੇ ਪਿੱਛੇ ਕੰਮ ਕਰਦੇ ਕੁਦਰਤੀ ਸਿਧਾਂਤਾਂ, ਇਸ ਦੇ ਇਤਿਹਾਸ ਅਤੇ ਸਮਾਜਿਕ ਪ੍ਰਣਾ.ਲੀਆਂ ਨੂੰ ਸਮਝਣਾ ਅਤੇ ਇਨ੍ਹਾਂ ਦਾ ਸਤਿਕਾਰ ਜ਼ਰੂਰੀ ਹੈ। ਸਾਡੇ ਗਿਆਨ ਪਿੱਛੇ, ਇਨ੍ਹਾਂ ਦੀ ਤੁਲਨਾ 'ਚ ਸਾਡਾ ਵਿਅਕਤੀਗਤ ਯੋਗਦਾਨ ਬਹੁਤ ਘੱਟ ਹੁੰਦਾ ਹੈ।

ਜਿੰਨਾ ਗਿਆਨ ਕੋਈ ਸਮਝਦਾ ਹੈ ਕਿ ਉਸ ਨੂੰ ਹੈ, ਅਸਲ ਵਿਚ ਉਸ ਨੂੰ ਉਸ ਤੋਂ ਘੱਟ ਹੁੰਦਾ ਹੈ। ਹਰ ਇਨਸਾਨ ਨੂੰ ਭੁਲੇਖਾ ਹੈ ਕਿ ਉਸ ਨੂੰ ਵੱਧ ਗਿਆਨ ਹੈ। ਇਹ ਸਾਡਾ ਗਿਆਨ-ਭਰਮ (ਨਾਲੇਜ ਅਲੂਯਜਨ) ਹੈ।

ਸਾਡਾ ਬਹੁਤਾ ਗਿਆਨ ਸਰਸਰੀ ਹੁੰਦਾ ਹੈ। ਉਦਾਹਰਨ ਵਜੋਂ ਅਸੀਂ ਨਹੀਂ ਜਾਣ ਸਕਦੇ ਕਿ ਇੱਕ ਸਵਿੱਚ ਦੱਬਣ ਨਾ.ਲ ਸਾਰੇ ਘਰ 'ਚ ਚਾਨਣ ਕਿਵੇਂ ਹੋ ਜਾਂਦਾ ਹੈ?

ਅਸੀਂ ਕਦੇ ਵੀ ਨਿੱਜੀ ਸੋਚ ਦੇ ਆਧਾਰ 'ਤੇ ਜੀਵਨ ਨਹੀਂ ਜਿਉਂ ਸਕਦੇ ਕਿਉਂਕਿ ਅਸੀਂ ਸਮੂਹਿਕ-ਸੋਚ ਅਧੀਨ ਹਾਂ। ਇਸ ਸਿਸਟਮ ਤੋਂ ਬਗੈਰ ਤਰੱਕੀ ਸੰਭਵ ਹੀ ਨਹੀਂ। ਸਮੂਹਕ ਗਿਆਨ ਹੀ ਮਨੁੱਖੀ ਤਰੱਕੀ ਅਤੇ ਹੋਰ ਜੀਵਾਂ 'ਤੇ ਇਸ ਦੀ ਸਰਦਾਰੀ ਦਾ ਰਾਜ ਹੈ। ਇਸ ਅਸਲੀਅਤ ਨੂੰ ਪਛਾਣ ਕੇ ਮਨੁੱਖੀ ਭਾਈਚਾਰੇ ਦੇ ਸੰਕਲਪ ਨੂੰ ਉਤਸ਼ਾਹਿਤ ਕਰਨਾ ਸਭ ਦਾ ਫਰਜ਼ ਹੈ।

ਇਸ ਦਾ ਨਾਕਾਰਾਤਮਕ ਪੱਖ ਇਹ ਹੈ ਕਿ ਅਸੀਂ ਨਿੱਜੀ ਪੱਧਰ 'ਤੇ ਆਪਣੀ ਤਰਕ-ਸੰਗਤ ਸੋਚ ਦੇ ਬਾਵਜੂਦ ਸਮੂਹਿਕ ਸੋਚ ਦੇ ਬੰਧਨਾਂ ਤੋਂ ਛੁਟਕਾਰਾ ਨਹੀਂ ਪਾ ਸਕਦੇ। ਇਸ ਕਰਕੇ ਅਸੀਂ ਕਈ ਵਾਰ ਹੋਰਾਂ 'ਤੇ ਹੱਦੋਂ ਵੱਧ ਨਿਰਭਰ ਹੋ ਜਾਂਦੇ ਹਾਂ ਜਾਂ ਹੰਕਾਰ ਅਧੀਨ ਹੋ ਕੇ ਹੋਰਾਂ ਨੂੰ ਟਿੱਚ ਸਮਝਣ ਲੱਗ ਜਾਂਦੇ ਹਾਂ। ਸਾਨੂੰ ਸੰਤੁਲਨ ਅਤੇ ਆਪਸੀ-ਨਿਰਭਰਤਾ ਦੀ ਨਿਪੁੰਨਤਾ ਦੀ ਲੋੜ ਹੈ।

ਅਸੀਂ ਅਜੋਕੇ ਗਿਆਨ ਨੂੰ ਪੁਰਾਤਨ ਸਿਆਣਪਾਂ ਦਾ ਇੱਕ ਯੋਗ ਵਾਰਸ ਮੰਨਣ ਦੀ ਬਜਾਇ ਇਸ ਨੂੰ ਉਨ੍ਹਾਂ ਦਾ ਵਿਰੋਧੀ ਬਦਲ ਸਮਝਣਾ ਸ਼ੁਰੂ ਕਰ ਦਿੱਤਾ ਹੈ। ਇਹ ਸਾਡੀ ਸੁਭਾਵਿਕ ਕਮਜ਼ੋਰੀ ਹੈ ਕਿ ਅਸੀਂ 'ਇਹ ਅਤੇ ਉਹ' ਦੀ ਬਜਾਇ 'ਇਹ ਜਾਂ ਉਹ' ਦੀ ਨੀਤੀ ਵੱਧ ਅਪਣਾਉਂਦੇ ਹਾਂ। ਅੱਜ ਦੀ ਪ੍ਰਚੱਲਿਤ ਵਿਚਾਰਧਾਰਾ 'ਨਵੀਆਂ ਵਿਗਿਆਨਕ ਖੋਜਾਂ ਅਤੇ ਪੁਰਾਤਨ ਸਿਆਣਪਾਂ ਦੇ ਸੁਮੇਲ' ਦੀ ਹਾਮੀ ਹੈ।

ਇਹ ਸਮਝਣ ਦੀ ਬਹੁਤ ਜ਼ਰੂਰਤ ਹੈ ਕਿ ਹਰ ਜਾਣਕਾਰੀ ਜਾਂ ਗੱਲ ਗਿਆਨ ਨਹੀਂ ਹੁੰਦੀ। ਆਪਣੇ ਗਿਆਨ ਅਤੇ ਅਗਿਆਨਤਾ ਦੀਆਂ ਸੀਮਾਵਾਂ ਦੀ ਨਿਸ਼ਾਨਦੇਹੀ ਜ਼ਰੂਰੀ ਹੈ ਅਤੇ ਅਗਿਆਨਤਾ ਦੀ ਸਵੀਕਾਰਤਾ ਦੀ ਲੋੜ ਹੈ। ਚੰਗੇ ਅਤੇ ਮੰਦੇ ਗਿਆਨ ਦਾ ਫਰਕ ਸਮਝਣ ਦੀ ਲੋੜ ਹੈ।

ਸਾਰ-ਤੱਤ ਇਹ ਕਿ ਆਪਣੀਆਂ ਇਨ੍ਹਾਂ ਕੁੱਝ ਸੁਭਾਵਿਕ ਪ੍ਰਵਿਰਤੀਆਂ ਨੂੰ ਸਮਝ ਕੇ, ਨਿੱਜੀ ਅਤੇ ਸਮੂਹਿਕ ਭਲਾਈ ਵਾਸਤੇ ਸਹੀ ਗਿਆਨ ਪ੍ਰਾਪਤ ਕਰਨਾ ਅਤੇ ਇਸ ਦੀ ਸਦ-ਵਰਤੋਂ ਕਰਨੀ ਅਤੀ ਜ਼ਰੂਰੀ ਹੈ। ਇਸ ਤਰ੍ਹਾਂ ਅਸੀਂ ਕੁਦਰਤ ਵਲੋਂ ਪ੍ਰਦਾਨ ਸਾਧਨਾਂ ਅਤੇ ਪੂਰਵਜਾਂ ਦੀਆਂ ਮਿਹਨਤਾਂ ਦਾ ਸਤਿਕਾਰ ਕਰਦੇ ਹੋਏ ਆਉਣ ਵਾ.ਲੀਆ ਪੀੜ੍ਹੀਆਂ ਵਾਸਤੇ ਉਹ ਕਰਨ ਦੇ ਭਰਪੂਰ ਯਤਨ ਕਰ ਸਕਾਂਗੇ ਜੋ ਪੂਰਵਜਾਂ ਨੇ ਸਾਡੇ ਵਾਸਤੇ ਕੀਤਾ ਹੈ।

---

*ਮਿੰਨੀ ਕਹਾਣੀ*

## ਪੂੰਜੀ

ਇਕ ਸਮਾਂ ਸੀ, ਜਦ ਵਿਆਹ ਲਈ ਵਰ ਲੱਭਣ ਦਾ ਕੰਮ ਨਾਈ ਕਰਦੇ ਸਨ। ਇਕ ਧਨਾਢ ਆਦਮੀ ਨੇ ਆਪਣੇ ਲੜਕੇ ਦਾ ਰਿਸ਼ਤਾ ਲੱਭਣ ਲਈ ਪਿੰਡ ਦੇ ਨਾਈ ਨੂੰ ਬੁਲਾਇਆ।

'ਕਿਹੋ ਜਿਹੀ ਲੜਕੀ ਚਾਹੀਦੀ ਹੈ?' ਨਾਈ ਨੇ ਸਵਾਲ ਕੀਤਾ।

'ਲੜਕੀ ਦੇ ਪਿਤਾ ਕੋਲ ਘੱਟ ਤੋਂ ਘੱਟ ਦਸ ਹਜ਼ਾਰ ਰੁਪਏ ਦੀ ਪੂੰਜੀ ਹੋਵੇ', ਸੇਠ ਨੇ ਜਵਾਬ ਦਿੱਤਾ।

ਨਾਈ ਹੈਰਾਨ ਹੋਇਆ। ਉਨ੍ਹੀਂ ਦਿਨੀਂ ਇੰਨੀ ਵਡੀ ਰਕਮ ਕਿਸੇ ਵਿਰਲੇ ਬੰਦੇ ਕੋਲ ਹੀ ਹੁੰਦੀ ਸੀ। ਸੇਠ ਕੋਲ ਖੁਦ ਵੀ ਇੰਨੀ ਪੂੰਜੀ ਨਹੀਂ ਸੀ। ਸੋ ਇੰਨਾ ਧਨਾਢ ਆਦਮੀ ਲੱਭਣਾ, ਜਿਸ ਦੀ ਬੇਟੀ ਵੀ ਵਿਆਹੁਣ ਯੋਗ ਉਮਰ ਦੀ ਹੋਵੇ, ਨਾਈ ਲਈ ਬਹੁਤ ਮੁਸ਼ਕਲ ਸੀ। ਪਰ ਸੇਠ ਨੇ ਉਸ ਨੂੰ ਰਾਹਗੀਰੀ ਲਈ ਦੁੱਗਣੇ ਪੈਸੇ ਦੇਣ ਦਾ ਲਾਲਚ ਦੇ ਦਿੱਤਾ। ਨਾਈ ਰਿਸ਼ਤਾ ਲੱਭਣ ਲਈ ਤੁਰ ਪਿਆ। ਪਰ ਇਕ ਮਹੀਨੇ ਬਾਅਦ ਉਹ ਨਿਰਾਸ਼ ਹੋ ਕੇ ਵਾਪਸ ਮੁੜ ਆਇਆ।

'ਸੇਠ ਜੀ, ਬਹੁਤ ਕੋਸ਼ਿਸ਼ ਕੀਤੀ, ਦੋ ਹਜ਼ਾਰ ਤੋਂ ਜ਼ਿਆਦਾ ਤਾਂ ਕਿਸੇ ਕੋਲ ਵੀ ਕੈਸ਼ ਨਹੀਂ ਹੈ।'

ਸੇਠ ਨੇ ਉਸ ਨੂੰ ਹੋਰ ਦੂਰ-ਦੂਰ ਪਿੰਡਾਂ ਵਿਚ ਜਾਣ ਲਈ ਕਿਹਾ। ਰਸਤੇ ਵਿਚ ਖਾਣ-ਪੀਣ ਤੇ ਰਹਿਣ ਦਾ ਖਰਚਾ ਪਹਿਲੇ ਤੋਂ ਵੀ ਦੁੱਗਣਾ ਦੇ ਦਿੱਤਾ।

ਪਰ ਇਸ ਵਾਰ ਉਹ ਹੋਰ ਵੀ ਜ਼ਿਆਦਾ ਨਿਰਾਸ਼ ਹੋ ਕੇ ਪਰਤਿਆ। ਦੂਰ ਦੇ ਪਿੰਡਾਂ ਦੇ ਲੋਕ ਹੋਰ ਵੀ ਗਰੀਬ ਸਨ। ਉਸ ਨੂੰ ਕੇਵਲ ਇਕ ਆਦਮੀ ਹੀ ਲੱਭਿਆ, ਜਿਸ ਨੇ ਕਿਹਾ ਕਿ ਫਿਲਹਾਲ ਤਾਂ ਉਹਦੇ ਕੋਲ ਕੇਵਲ ਪੰਜ ਸੌ ਰੁਪਏ ਹਨ ਪਰ ਵਿਆਹ ਤੋਂ ਪਹਿਲਾਂ-ਪਹਿਲਾਂ ਆਪਣੇ ਮਿੱਤਰਾਂ ਦੋਸਤਾਂ ਦੀ ਮਦਦ ਨਾਲ ਦਸ ਹਜ਼ਾਰ ਦਾ ਪ੍ਰਬੰਧ ਕਰ ਸਕਦਾ ਹੈ।

ਨਾਈ ਨੇ ਆ ਕੇ ਸੇਠ ਜੀ ਨੂੰ ਇਹ ਗੱਲ ਦੱਸੀ। ਸੇਠ ਨੇ ਬੜੀ ਖੁਸ਼ੀ ਨਾਲ ਰਿਸ਼ਤਾ ਪ੍ਰਵਾਨ ਕਰ ਲਿਆ। 'ਪਰ ਉਸ ਕੋਲ ਆਪਣੇ ਕੇਵਲ ਪੰਜ ਸੌ ਰੁਪਏ ਹਨ, ਬਾਕੀ ਤਾਂ ਉਸ ਦੇ ਸਿਰ 'ਤੇ ਕਰਜ਼ਾ ਹੀ ਹੋਵੇਗਾ' ਨਾਈ ਨੇ ਸਪਸ਼ਟ ਕੀਤਾ।

'ਜਿਸ ਆਦਮੀ ਨੂੰ ਆਪਣੇ ਮਿੱਤਰਾਂ ਤੋਂ ਦਸ ਹਜ਼ਾਰ ਰੁਪਏ ਕਰਜ਼ਾ ਮਿਲਣ ਦੀ ਆਸ ਹੈ, ਉਹ ਕਿੰਨਾ ਵਿਸ਼ਵਾਸ ਦਾ ਪਾਤਰ ਹੋਵੇਗਾ। ਜਿਸ ਕੋਲ ਅਜਿਹੇ ਮਿੱਤਰ ਹਨ ਉਸ ਨੂੰ ਕਿਸੇ ਕੈਸ਼ 'ਪੂੰਜੀ' ਦੀ ਲੋੜ ਹੀ ਨਹੀਂ।' ਸੇਠ ਨੇ ਜਵਾਬ ਦਿੱਤਾ।

*ਹਰਮੀਤ ਆਰਟਿਸਟ*
*ਫੋਨ: +91 98760-82236*

# ਪੰਜਾਬੀ ਵੋਟਰੋ ! ਜ਼ਰਾ ਸੰਭਲ ਕੇ, ਇਹ ਚੋਣਾਂ ਬਿਲਕੁਲ ਵੱਖਰੀਆਂ ਨੇ

***ਪੰਜਾਬ ਸਣੇ ਭਾਰਤ ਦੇ ਪੰਜ ਰਾਜਾਂ ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਲਈ ਸਰਗਰਮੀਆਂ ਸਿਖਰਾਂ 'ਤੇ ਹਨ ਅਤੇ ਹਰੇਕ ਪਾਰਟੀ ਚੋਣ ਵਾਅਦਿਆਂ ਨਾਲ ਵੋਟਰਾਂ ਨੂੰ ਭਰਮਾਉਣ 'ਚ ਲੱਗੀ ਹੋਈ ਹੈ। ਡਾ. ਸੁਖਦੇਵ ਸਿੰਘ ਝੰਡ ਨੇ ਆਪਣੇ ਇਸ ਲੇਖ ਰਾਹੀਂ ਜਿੱਥੇ ਪੰਜਾਬ ਦੇ ਸਿਆਸੀ ਮਾਹੌਲ, ਰਵਾਇਤੀ ਤੇ ਨਵੀਆਂ ਸਿਆਸੀ ਪਾਰਟੀਆਂ ਦੀਆਂ ਸਰਗਰਮੀਆਂ ਅਤੇ ਦਲ ਬਦਲੀਆਂ 'ਤੇ ਚਾਨਣਾ ਪਾਇਆ ਹੈ, ਉੱਥੇ ਹੀ ਪੰਜਾਬ ਦੇ ਵੋਟਰਾਂ ਨੂੰ ਸੂਝ ਨਾਲ ਸਹੀ ਉਮੀਦਵਾਰ ਨੂੰ ਵੋਟ ਪਾਉਣ ਦਾ ਸੱਦਾ ਦਿੱਤਾ ਹੈ।***

ਭਾਰਤ ਦੇ ਪੰਜ ਰਾਜਾਂ ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ, ਗੋਆ ਤੇ ਮਨੀਪੁਰ ਵਿਚ ਫ਼ਰਵਰੀ ਮਹੀਨੇ ਦੌਰਾਨ ਅਤੇ ਮਾਰਚ ਦੇ ਪਹਿਲੇ ਹਫ਼ਤੇ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਸਮੇਂ ਇਨ੍ਹਾਂ ਸਾਰੇ ਰਾਜਾਂ ਵਿਚ ਚੋਣ-ਸਰਗ਼ਰਮੀਆਂ ਸਿਖ਼ਰਾਂ 'ਤੇ ਹਨ ਪਰ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿਚ ਇਨ੍ਹਾਂ ਦੀ ਖ਼ਾਸ ਹੀ ਸਰਗ਼ਰਮੀ ਵੇਖਣ ਨੂੰ ਮਿਲ ਰਹੀ ਹੈ, ਕਿਉਂਕਿ ਇਹ ਦੋਵੇਂ ਸੂਬੇ ਵਧੇਰੇ ਵਿਧਾਨ



**ਡਾ. ਸੁਖਦੇਵ ਸਿੰਘ ਝੰਡ**
**ਫੋਨ: 1-647-567-9128**

ਸਭਾ ਸੀਟਾਂ ਵਾਲੇ ਹਨ। ਭਾਰਤ ਦੇ ਸਭ ਤੋਂ ਵੱਧ 403 ਵਿਧਾਨ ਸਭਾ ਸੀਟਾਂ ਵਾਲੇ ਉੱਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਦੇ ਅਖ਼ਿਲੇਸ਼ ਯਾਦਵ ਨੇ ਮੌਜੂਦਾ ਮੁੱਖ ਮੰਤਰੀ ਆਦਿੱਤਿਆ ਨਾਥ ਯੋਗੀ ਅਤੇ ਉਸ ਦੀ ਭਾਰਤੀ ਜਨਤਾ ਪਾਰਟੀ ਦੀ ਨੀਂਦਰ ਹਰਾਮ ਕੀਤੀ ਹੋਈ ਹੈ ਅਤੇ ਓਧਰ ਪੰਜਾਬ ਦੀਆਂ 117 ਸੀਟਾਂ ਉੱਪਰ ਰਵਾਇਤੀ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ 2017 ਦੀਆਂ ਚੋਣਾਂ ਵਿਚ ਮੁੱਖ ਵਿਰੋਧੀ ਪਾਰਟੀ ਬਣੀ ਆਮ ਆਦਮੀ ਪਾਰਟੀ ('ਆਪ') ਤੋਂ ਇਲਾਵਾ ਇਸ ਵਾਰ ਭਾਜਪਾ ਆਪਣੀ ਸਹਿਯੋਗੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੋਂ ਵੱਖਰੇ ਹੋ ਕੇ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਤੇ ਸੁਖਦੇਵ ਸਿੰਘ ਢੀਂਡਸਾ ਦੇ ਸੰਯੁਕਤ ਅਕਾਲੀ ਦਲ ਨਾਲ ਮਿਲ ਕੇ ਚੋਣ ਲੜ ਰਹੀ ਹੈ। ਇਨ੍ਹਾਂ ਪਾਰਟੀਆਂ ਤੋਂ ਇਲਾਵਾ ਕਿਸਾਨ ਵੀ ਸਮਾਜ ਦੇ ਹੋਰ ਵਰਗਾਂ ਨੂੰ ਨਾਲ਼ ਲੈ ਕੇ 'ਸੰਯੁਕਤ ਸਮਾਜ ਮੋਰਚਾ' ਬਣਾ ਕੇ ਪਹਿਲੀ ਵਾਰ ਚੋਣ ਮੈਦਾਨ ਵਿਚ ਕੁੱਦੇ ਹਨ। ਪੰਜਾਬ ਵਿਚ ਵੱਖ-ਵੱਖ ਸਿਆਸੀ ਪਾਰਟੀਆਂ ਵਿਚਕਾਰ ਇਸ ਵੇਲੇ ਚੋਣਾਂ ਦਾ ਪੂਰਾ ਘਮਸਾਣ ਮੱਚਿਆ ਹੋਇਆ ਹੈ। ਬਾਕੀ ਰਹਿੰਦੇ ਤਿੰਨ ਸੂਬਿਆਂ ਉੱਤਰਾਖੰਡ, ਮਨੀਪੁਰ ਅਤੇ ਗੋਆ ਵਿਚ ਕ੍ਰਮਵਾਰ 70, 60 ਅਤੇ 40 ਸੀਟਾਂ ਹੀ ਹਨ। ਇੱਥੇ ਅਸੀਂ ਕੇਵਲ ਪੰਜਾਬ ਦੀਆਂ 2022 ਵਿਧਾਨ ਸਭਾ ਚੋਣਾਂ ਬਾਰੇ ਹੀ ਗੱਲ ਕਰਾਂਗੇ।

ਸਭ ਤੋਂ ਪਹਿਲਾਂ ਕਾਂਗਰਸ ਪਾਰਟੀ ਦੀ ਗੱਲ ਕਰਨੀ ਜ਼ਰੂਰੀ ਹੈ, ਜਿਸ ਵਿਚ ਪੰਜਾਬ ਦੇ ਮੁੱਦਿਆਂ ਨਾਲੋਂ ਪਾਰਟੀ ਦੇ ਮੁੱਖ ਮੰਤਰੀ ਦੇ ਚਿਹਰੇ ਦੀ ਦੌੜ ਸਭ ਤੋਂ ਅਹਿਮ ਮੁੱਦਾ ਬਣਿਆ ਹੋਇਆ ਹੈ। ਦਿੱਲੀ ਬੈਠੀ ਇਸ ਦੀ 'ਹਾਈ-ਕਮਾਂਡ' ਜੋ ਇਸ ਸਮੇਂ ਬਿਲਕੁਲ 'ਲੋਅ-ਕਮਾਂਡ' ਜਾਂ 'ਨੋ-ਕਮਾਡ' ਸਾਬਤ ਹੋ ਰਹੀ ਹੈ, ਵੱਲੋਂ ਪੰਜਾਬ ਦੀਆਂ ਹਿੰਦੂ, ਸਿੱਖ ਤੇ ਦਲਿਤ ਵੋਟਾਂ ਨੂੰ ਮੁੱਖ ਰੱਖਦਿਆਂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ, ਮੌਜੂਦਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਦੇ ਤਿੰਨ ਚਿਹਰੇ ਐਲਾਨ ਦਿੱਤੇ ਗਏ ਹਨ। ਇਨ੍ਹਾਂ ਵਿਚੋਂ ਸੁਨੀਲ ਜਾਖੜ ਤਾਂ ਇਸ ਦੌੜ ਵਿਚੋਂ ਪਹਿਲਾਂ ਹੀ ਲਾਂਭੇ ਹੋ ਗਏ ਹਨ ਅਤੇ ਉਹ ਵਿਧਾਨ ਸਭਾ ਮੈਂਬਰ ਦੇ ਉਮੀਦਵਾਰ ਵੀ ਨਹੀਂ ਹਨ, ਪਰ ਮੌਜੂਦਾ ਪੰਜਾਬ ਕਾਂਗਰਸ ਪ੍ਰਧਾਨ ਅਤੇ ਮੁੱਖ ਮੰਤਰੀ ਵਿਚਕਾਰ ਇਸ ਮੰਤਵ ਲਈ 100 ਮੀਟਰ ਵਾਲੀ 'ਸਪਰਿੰਟ' ਲੱਗੀ ਹੋਈ ਹੈ। ਉਹ ਦੋਵੇਂ ਇਕ ਦੂਸਰੇ ਨੂੰ ਨੀਵਾਂ ਵਿਖਾ ਕੇ ਆਪਣੇ ਆਪ ਨੂੰ 'ਮੁੱਖ ਚਿਹਰਾ' ਪੇਸ਼ ਕਰਨ ਦੀ ਦੌੜ ਵਿਚ ਹਨ। ਨਵਜੋਤ ਸਿੱਧੂ ਆਪਣਾ 'ਪੰਜਾਬ ਮਾਡਲ' ਇਲੈੱਕਟ੍ਰਾਨਿਕ ਤੇ ਸੋਸ਼ਲ ਮੀਡੀਆ ਉੱਪਰ ਬੜੇ ਜ਼ੋਰ-ਸ਼ੋਰ ਨਾਲ ਪੇਸ਼ ਕਰ ਰਹੇ ਹਨ ਅਤੇ ਦੂਜੇ ਬੰਨ੍ਹੇ ਚਰਨਜੀਤ ਚੰਨੀ ਮੁੱਖ ਮੰਤਰੀ ਵਜੋਂ ਆਪਣੀ 111 ਦਿਨਾਂ ਦੀ 'ਕਾਰਗੁਜ਼ਾਰੀ' ਨੂੰ ਆਪਣੀ ਅਹਿਮ ਪ੍ਰਾਪਤੀ ਦਰਸਾ ਰਹੇ ਹਨ।

ਕਾਂਗਰਸ ਵੱਲੋਂ ਹੁਣ ਤੀਕ 86 ਵਿਧਾਨ ਸਭਾ ਸੀਟਾਂ ਉੱਪਰ ਆਪਣੇ ਉਮੀਦਵਾਰ ਐਲਾਨ ਦਿੱਤੇ ਗਏ ਹਨ ਅਤੇ ਬਾਕੀਆਂ ਉੱਪਰ ਅਜੇ ਰੇੜਕਾ ਚੱਲ ਰਿਹਾ ਹੈ। ਇਸ ਐਲਾਨ ਤੋਂ ਨਾਰਾਜ਼ ਹੋ ਕੇ ਇਸ ਦੇ ਕਈ ਮੰਤਰੀ ਤੇ ਵਿਧਾਇਕ ਦੂਸਰੀਆਂ ਰਾਜਨੀਤਕ ਪਾਰਟੀਆਂ ਵਿਚ ਜਾ ਚੁੱਕੇ ਹਨ, ਜਿਨ੍ਹਾਂ ਦੇ ਵਿਸਥਾਰ ਵਿਚ ਜਾਣ ਦੀ ਜ਼ਰੂਰਤ ਨਹੀਂ ਹੈ। ਅਲਬੱਤਾ, ਇਸ ਦੇ ਕਪੂਰਥਲਾ ਸੀਟ ਤੋਂ ਐਲਾਨੇ ਗਏ ਉਮੀਦਵਾਰ ਰਾਣਾ ਗੁਰਜੀਤ ਸਿੰਘ ਆਪਣੇ ਪੁੱਤਰ ਇੰਦਰਬੀਰ ਰਾਣਾ ਨੂੰ ਸੁਲਤਾਨਪੁਰ ਲੋਧੀ ਤੋਂ ਸੀਟ ਨਾ ਦੇਣ ਕਾਰਨ ਉਸ ਦੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਨੂੰ ਬਿਲਕੁਲ ਵਾਜਬ ਸਮਝ ਰਹੇ ਹਨ, ਜਿਸ ਦਾ ਕਪੂਰਥਲਾ ਜ਼ਿਲੇ ਦੇ ਹੋਰ ਉਮੀਦਵਾਰਾਂ ਵੱਲੋਂ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਚੰਨੀ ਦੇ 'ਭਣੇਵੇਂ' (ਸਾਲੀ ਦੇ ਮੁੰਡੇ) ਭੁਪਿੰਦਰ ਸਿੰਘ ਹਨੀ ਦੇ ਘਰ ਪਏ ਈ.ਡੀ. ਦੇ ਛਾਪੇ ਨੇ ਉਨ੍ਹਾਂ ਦੀ ਆਪਣੀ ਅਤੇ ਕਾਂਗਰਸ ਦੀ ਸਥਿਤੀ ਹੋਰ ਖ਼ਰਾਬ ਕਰ ਦਿੱਤੀ ਹੈ। ਓਧਰ ਸਿੱਧੂ ਸਾਹਿਬ ਇਕੱਲੇ ਹੀ ਆਪਣੇ 'ਪੰਜਾਬ ਮਾਡਲ' ਦਾ ਰਾਗ ਅਲਾਪ ਰਹੇ ਹਨ ਅਤੇ ਉਹ ਟੀਮ ਵਜੋਂ ਕਿਸੇ ਨੂੰ ਵੀ ਆਪਣੇ ਨਾਲ ਲੈਣਾ ਮੁਨਾਸਬ ਨਹੀਂ ਸਮਝ ਰਹੇ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਸਿੱਧੂ ਸਾਹਿਬ ਦਾ 'ਪੰਜਾਬ ਮਾਡਲ' ਪੰਜਾਬ ਦੇ ਮੁੱਦਿਆਂ ਦੀ ਸਹੀ ਤਰਜ਼ਮਾਨੀ ਕਰਦਾ ਹੈ ਪਰ ਉਨ੍ਹਾਂ ਵਲੋਂ ਇਕੱਲੇ ਹੀ ਇਸ ਨੂੰ ਲੈ ਕੇ ਚੱਲਣਾ ਉਨ੍ਹਾਂ ਦੇ ਰਾਹ ਵਿਚ ਰੋੜਾ ਸਾਬਤ ਹੋ ਰਿਹਾ ਹੈ। ਇਹ ਸਭ ਕਹਿਣ ਤੋਂ ਮੇਰਾ ਭਾਵ ਹੈ ਕਿ ਪੰਜਾਬ ਦੀ ਕਾਂਗਰਸ ਪਾਰਟੀ ਵਿਚ ਇਸ ਸਮੇਂ 'ਸਭ ਅੱਛਾ' ਨਹੀਂ ਹੈ ਅਤੇ ਜੇਕਰ ਇਹ ਇੰਜ ਹੀ ਚੱਲਦਾ ਰਿਹਾ ਤਾਂ ਇਹ ਇਸ ਪਾਰਟੀ ਲਈ ਭਾਰੀ ਨੁਕਸਾਨਦੇਹ ਸਾਬਤ ਹੋ ਸਕਦਾ ਹੈ।

ਹੁਣ ਜੇਕਰ ਸ਼੍ਰੋਮਣੀ ਅਕਾਲੀ ਦਲ ਦੀ ਗੱਲ ਕੀਤੀ ਜਾਏ ਤਾਂ ਇਨ੍ਹਾਂ ਵਿਧਾਨ ਸਭਾ ਚੋਣਾਂ ਵਿਚ ਉਮੀਦਵਾਰਾਂ ਦਾ ਸਭ ਤੋਂ ਪਹਿਲਾਂ ਐਲਾਨ ਕਰਨ ਵਾਲੀ ਅਤੇ ਆਪਣੀ ਚੋਣ-ਮੁਹਿੰਮ ਆਰੰਭ ਕਰਨ ਵਾਲੀ ਇਹ ਪਹਿਲੀ ਪਾਰਟੀ ਹੈ। ਦਿੱਲੀ ਦੀਆਂ ਬਰੂਹਾਂ 'ਤੇ ਚੱਲ ਰਹੇ 'ਸੰਯੁਕਤ ਕਿਸਾਨ ਮੋਰਚੇ' ਦੌਰਾਨ ਹੀ ਇਸ ਨੇ ਆਪਣੀਆਂ ਚੋਣ-ਸਰਗ਼ਰਮੀਆਂ ਸ਼ੁਰੂ ਕਰ ਦਿੱਤੀਆਂ ਸਨ, ਜਿਨ੍ਹਾਂ ਦਾ ਉਦੋਂ ਕਿਸਾਨਾਂ ਵੱਲੋਂ ਭਾਰੀ ਵਿਰੋਧ ਕੀਤਾ ਗਿਆ ਸੀ। ਉਨ੍ਹਾਂ ਵੱਲੋਂ ਇਸ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਕਾਫ਼ਲੇ ਨੂੰ ਕਈ ਥਾਵਾਂ 'ਤੇ ਘੇਰਿਆ ਗਿਆ ਸੀ ਅਤੇ ਇਕ ਜਗ੍ਹਾ ਤਾਂ ਕਿਸਾਨਾਂ ਵੱਲੋਂ ਉਨ੍ਹਾਂ ਦੇ ਉੱਪਰ ਜੁੱਤੀ ਸੁੱਟਣ ਦੀ ਕੋਸ਼ਿਸ਼ ਵੀ ਕੀਤੀ ਗਈ ਸੀ। ਚੱਲ ਰਹੇ ਇਸ 'ਰੌਲ਼ੇ-ਗੋਲ਼ੇ ਦੌਰਾਨ ਵੀ ਉਨ੍ਹਾਂ ਨੇ ਆਪਣੇ ਉਮੀਦਵਾਰ ਐਲਾਨਣੇ ਜਾਰੀ ਰੱਖੇ ਸਨ ਪਰ ਉਹ ਆਪਣੀ ਚੋਣ-ਮੁਹਿੰਮ ਨੂੰ ਬਹੁਤਾ ਵਧਾ ਨਹੀਂ ਸਕੇ ਸਨ।

ਇਸ ਦੌਰਾਨ ਹੀ ਉਨ੍ਹਾਂ ਦੇ ਅਤਿ-ਕਰੀਬੀ 'ਰਿਸ਼ਤੇਦਾਰ' (ਸਾਲੇ) ਬਿਕਰਮ ਸਿੰਘ ਮਜੀਠੀਆ ਦੇ ਵਿਰੁੱਧ ਅੱਠ ਸਾਲ ਪੁਰਾਣੇ ਦਰਜ ਹੋਏ ਨਸ਼ਾ-ਤਸਕਰੀ ਦੇ ਕੇਸ ਨੂੰ ਲੈ ਕੇ ਚਰਨਜੀਤ ਚੰਨੀ ਦੀ ਅਗਵਾਈ ਵਿਚ ਚੱਲ ਰਹੀ ਪੰਜਾਬ ਸਰਕਾਰ ਵੱਲੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਨੂੰ ਮੁੱਖ ਰੱਖਦਿਆਂ ਐੱਫ਼.ਆਈ.ਆਰ. ਦਰਜ ਕਰਵਾਈ ਗਈ, ਜਿਸ ਉੱਪਰ ਐਕਸ਼ਨ ਲੈਣ ਲਈ ਸਰਕਾਰ ਵੱਲੋਂ ਬਣਾਈ ਗਈ 'ਸਿੱਟ' (ਸਪੈਸ਼ਲ ਇਨਵੈਸਟੀਗੇਸ਼ਨ ਟੀਮ) ਵੱਲੋਂ ਕੀਤੀ ਜਾਣ ਵਾਲੀ ਕਾਰਵਾਈ ਤੋਂ ਡਰਦਿਆਂ ਮਜੀਠੀਆ ਸਾਹਿਬ 'ਰੂਪੋਸ਼' ਹੋ ਗਏ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਮਿਲੀ 'ਅਸਥਾਈ ਜ਼ਮਾਨਤ' (ਇੰਟੈਰਿਮ ਰੀਲੀਫ਼) ਤੋਂ ਬਾਅਦ ਹੀ ਪ੍ਰਗਟ ਹੋਏ। ਹੁਣ ਓਸੇ ਅਦਾਲਤ ਵੱਲੋਂ ਇਹ ਜ਼ਮਾਨਤ ਰੱਦ ਕਰਨ ਤੋਂ ਬਾਅਦ ਉਨ੍ਹਾਂ ਦੀਆਂ ਮੁਸ਼ਕਲਾਂ ਵਿਚ ਹੋਰ ਵਾਧਾ ਹੋਇਆ ਹੈ। ਕਿੱਥੇ ਤਾਂ ਉਨ੍ਹਾਂ ਬਾਰੇ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਤੋਂ ਨਵਜੋਤ ਸਿੰਘ ਸਿੱਧੂ ਦੇ ਵਿਰੁੱਧ ਚੋਣ ਲੜਨ ਦੀਆਂ ਗੱਲਾਂ ਚੱਲ ਰਹੀਆਂ ਹਨ ਅਤੇ ਕਿੱਥੇ ਹੁਣ ਉਨ੍ਹਾਂ ਲਈ ਆਪਣੇ ਮਜੀਠਾ ਚੋਣ-ਹਲਕੇ ਵਿਚ ਵੀ ਚੋਣ-ਪ੍ਰਚਾਰ ਕਰਨਾ ਮੁਸ਼ਕਲ ਹੋ ਜਾਵੇਗਾ। ਇਸ ਸਾਰੇ ਘਟਨਾਕ੍ਰਮ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਇਨ੍ਹਾਂ ਚੋਣਾਂ ਵਿਚ ਤਕੜਾ ਝਟਕਾ ਲੱਗਾ ਹੈ।

ਤੀਸਰੀ ਮੁੱਖ ਰਾਜਸੀ ਪਾਰਟੀ 'ਆਪ' ਨੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਆਪਣੇ ਮੁੱਖ ਮੰਤਰੀ ਦਾ ਚਿਹਰਾ ਬੜੇ ਨਾਟਕੀ ਢੰਗ ਨਾਲ ਪੇਸ਼ ਕੀਤਾ ਹੈ, ਜਿਸ ਦੀ ਦੂਸਰੀਆਂ ਪਾਰਟੀਆਂ ਵੱਲੋਂ ਕਾਫ਼ੀ ਚਰਚਾ ਹੋ ਰਹੀ ਹੈ। ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਤਾਂ ਇਸ ਨੂੰ 'ਨਿਰੋਲ ਡਰਾਮਾ' ਕਰਾਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਏਨੇ ਥੋੜ੍ਹੇ ਸਮੇਂ ਵਿਚ ਪ੍ਰਾਪਤ ਹੋਈਆਂ 22 ਲੱਖ ਫ਼ੋਨ-ਕਾਲਾਂ ਜਾਂ ਫ਼ੋਨ-ਸੁਨੇਹਿਆਂ ਦੇ ਭਾਰੀ ਡਾਟੇ ਨੂੰ ਪ੍ਰਾਸੈੱਸ ਕਰਨ ਲਈ ਘੱਟੋ-ਘੱਟ ਛੇ ਮਹੀਨੇ ਦਾ ਸਮਾਂ ਚਹੀਦਾ ਹੈ ਅਤੇ 'ਆਪ' ਵਾਲਿਆਂ ਦੇ 'ਸ਼ਾਤਰ ਦਿਮਾਗ਼ਾਂ ਤੇ ਕੰਪਿਊਟਰਾਂ' ਨੇ ਇਸ ਨੂੰ ਚਾਰ ਕੁ ਦਿਨਾਂ ਵਿਚ ਹੀ ਹੰਗਾਲ ਕੇ ਰੱਖ ਦਿੱਤਾ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਇਹ 'ਖੇਡ' ਤਾਂ ਆਮ ਆਦਮੀ ਪਾਰਟੀ ਦੇ 'ਖਿਡਾਰੀਆਂ' ਵਿਚਕਾਰ ਹੀ ਸੀ ਅਤੇ ਇਸ ਵਿਚ ਸਿੱਧੂ ਕਿੱਥੋਂ ਆ ਗਿਆ? ਉਨ੍ਹਾਂ ਨੇ 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਇਨ੍ਹਾਂ ਸੁਆਲਾਂ ਦੇ ਜੁਆਬ ਦੇਣ ਲਈ ਵੀ ਕਿਹਾ ਹੈ।

ਕੁਝ ਵੀ ਹੋਵੇ, ਪਾਰਟੀ ਵੱਲੋਂ ਭਗਵੰਤ ਮਾਨ ਦਾ ਨਾਂ ਮੁੱਖ ਮੰਤਰੀ ਦੇ ਚਿਹਰੇ ਵੱਲੋਂ ਐਲਾਨੇ ਜਾਣ ਤੋਂ ਬਾਅਦ ਇਸ ਦੇ ਵਰਕਰਾਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਪਿਛਲੇ ਦਿਨੀਂ ਹੋਏ ਜਾਂ ਕਈ ਏਜੰਸੀਆਂ ਵੱਲੋਂ ਕਰਵਾਏ ਗਏ 'ਪ੍ਰੀ-ਪੋਲ ਸਰਵਿਆਂ' ਵਿਚ ਵੀ ਆਮ ਆਦਮੀ ਪਾਰਟੀ ਦਾ ਨਾਂ ਹੋਰ ਸਿਆਸੀ ਪਾਰਟੀਆਂ ਤੋਂ ਉੱਪਰ ਹੋਣ ਕਾਰਨ ਵੀ ਇਸ ਦੇ ਵਰਕਰ ਭਾਰੀ ਉਤਸ਼ਾਹ ਵਿਚ ਹਨ ਅਤੇ ਉਹ ਪਾਰਟੀ ਉਮੀਦਵਾਰਾਂ ਦੇ ਲਈ ਚੋਣ-ਪ੍ਰਚਾਰ ਵਿਚ ਰੁੱਝ ਗਏ ਹਨ। ਇਸ ਦੇ ਨਾਲ ਹੀ ਕਈ ਹੋਰਨਾਂ ਪਾਰਟੀਆਂ ਦੇ ਨੇਤਾ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਹਨ ਅਤੇ ਉਨ੍ਹਾਂ ਨੂੰ ਇਸ ਪਾਰਟੀ ਵੱਲੋਂ ਟਿਕਟਾਂ ਦੇ ਕੇ ਨਿਵਾਜਿਆ ਗਿਆ ਹੈ। ਇਸ ਦੇ ਨਾਲ ਹੀ ਇਹ ਦੋਸ਼ ਵੀ ਲੱਗ ਰਿਹਾ ਹੈ ਕਿ ਉਨ੍ਹਾਂ ਨੇਤਾਵਾਂ ਕੋਲੋਂ ਭਾਰੀ ਰਕਮਾਂ ਵਸੂਲ ਕੇ ਉਨ੍ਹਾਂ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ ਅਤੇ ਇਸ ਦੇ ਰੋਸ ਵਜੋਂ ਕਈ ਪਾਰਟੀ ਨੇਤਾ ਅਤੇ ਵਰਕਰ ਦੂਸਰੀਆਂ ਰਾਜਸੀ ਪਾਰਟੀਆਂ ਵਿਚ ਸ਼ਾਮਲ ਹੋ ਗਏ ਹਨ। 'ਸੰਯੁਕਤ ਸਮਾਜ ਮੋਰਚਾ' (ਜਿਸ ਦਾ ਜ਼ਿਕਰ ਅੱਗੇ ਕੀਤਾ ਜਾਏਗਾ) ਦੇ ਪ੍ਰਮੁੱਖ ਆਗੂ ਬਲਬੀਰ ਸਿੰਘ ਰਾਜੇਵਾਲ ਦਾ ਵੀ ਬੀਤੇ ਦਿਨੀਂ ਇਸ ਸਬੰਧੀ ਇਕ ਬਿਆਨ ਆਇਆ ਸੀ। ਕਿਸਾਨਾਂ ਤੇ ਹੋਰ ਵਰਗਾਂ ਦਾ ਇਹ ਸਾਂਝਾ ਮੋਰਚਾ 'ਆਪ' ਦੇ ਚੱਲਦੇ 'ਚੋਣ-ਰੱਥ' ਦੇ ਰਸਤੇ ਵਿਚ ਰੁਕਾਵਟਾਂ ਖੜ੍ਹੀਆਂ ਜ਼ਰੂਰ ਕਰੇਗਾ, ਕਿਉਂਕਿ ਇਹ ਦੋਵੇਂ ਹੀ ਸਥਾਪਤੀ-ਵਿਰੋਧੀ ਵੋਟਾਂ ਉੱਪਰ ਆਪਣੀ ਭਾਰੀ ਟੇਕ ਰੱਖ ਰਹੇ ਹਨ।

ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.) ਜੋ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਨਾਲ਼ ਮਿਲ ਕੇ ਪੰਜਾਬ ਵਿਚ ਚੋਣਾਂ ਲੜਦੀ ਸੀ, ਹੁਣ ਇਸ ਤੋਂ ਵੱਖ ਹੋ ਕੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਈ ਗਈ 'ਪੰਜਾਬ ਲੋਕ ਕਾਂਗਰਸ ਅਤੇ ਰਾਜ ਸਭਾ ਦੇ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੇ 'ਸੰਯੁਕਤ ਅਕਾਲੀ ਦਲ' ਨਾਲ ਮਿਲ ਕੇ ਇਹ ਚੋਣ ਲੜ ਰਹੀ ਹੈ। ਇਹ 'ਤਿੱਕੜੀ' ਆਪਣੇ ਇਸ ਸਾਂਝੇ ਯਤਨ ਵਿਚ ਕਿੰਨੀ ਕੁ ਕਾਮਯਾਬ ਹੁੰਦੀ ਹੈ, ਇਹ ਤਾਂ 10 ਮਾਰਚ ਨੂੰ ਹੀ ਪਤਾ ਲੱਗੇਗਾ। ਅਲਬੱਤਾ, ਇਸ ਵੱਲੋਂ 5 ਜਨਵਰੀ ਨੂੰ ਫ਼ਿਰੋਜ਼ਪੁਰ ਵਿਚ ਰੱਖੀ ਗਈ 'ਭਾਰੀ ਰੈਲੀ' ਜਿਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਸੰਬੋਧਨ ਕਰਨਾ ਸੀ, ਮੀਂਹ-ਕਣੀ ਵਾਲੇ ਮੌਸਮ ਜਾਂ ਕਿਸੇ ਹੋਰ ਕਾਰਨ 'ਖਾਲੀ ਕੁਰਸੀਆਂ ਵਾਲੀ ਰੈਲੀ' ਸਾਬਤ ਹੋ ਜਾਣ ਕਰਕੇ ਇਸ ਦੇ ਸਿਤਾਰੇ ਕੁਝ ਮੱਧਮ ਹੀ ਵਿਖਾਈ ਦਿੰਦੇ ਹਨ।

ਪੰਜਾਬ ਦੇ ਕਿਸਾਨਾਂ ਵਿਚ ਬੀ.ਜੇ.ਪੀ. ਦੇ ਵਿਰੁੱਧ ਅਜੇ ਵੀ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ, ਕਿਉਂਕਿ ਪ੍ਰਧਾਨ ਮੰਤਰੀ ਮੋਦੀ ਵੱਲੋਂ 19 ਨਵੰਬਰ, 2021 ਨੂੰ ਕੀਤੇ ਗਏ ਐਲਾਨ ਅਤੇ ਉਸ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਪ੍ਰਾਪਤ ਹੋਈ ਚਿੱਠੀ ਜਿਸ ਵਿਚ ਤਿੰਨੇ ਕਾਲ਼ੇ ਕਾਨੂੰਨ ਰੱਦ ਹੋਣ ਦੇ ਨਾਲ਼ ਨਾਲ਼ ਉਨ੍ਹਾਂ ਦੀਆਂ ਹੋਰ ਮੰਗਾਂ, ਜਿਵੇਂ ਐੱਮ.ਐੱਸ.ਪੀ. ਲਈ ਕਮੇਟੀ ਦਾ ਗਠਨ ਕਰਨਾ, ਕਿਸਾਨਾਂ ਦੇ ਵਿਰੁੱਧ ਦਰਜ ਕੀਤੇ ਗਏ ਝੂਠੇ ਕੇਸਾਂ ਨੂੰ ਰੱਦ ਕਰਨਾ, ਕੇਂਦਰੀ ਗ੍ਰਹਿ ਰਾਜ ਮੰਤਰੀ ਵਿਜੈ ਮਿਸ਼ਰਾ ਜਿਸ ਦੇ ਪੁੱਤਰ ਅਸ਼ੀਸ਼ ਮਿਸ਼ਰਾ ਦਾ ਲਖੀਮਪੁਰ ਖੀਰੀ ਕਤਲ ਕਾਂਡ ਵਿਚ ਸਿੱਧੇ ਤੌਰ 'ਤੇ ਸ਼ਾਮਲ ਹੋਣਾ ਸਾਬਤ ਹੋ ਚੁੱਕਾ ਹੈ, ਨੂੰ ਕੇਂਦਰੀ ਮੰਤਰੀ-ਮੰਡਲ ਵਿਚੋਂ ਬਾਹਰ ਕੱਢਣਾ ਸ਼ਾਮਲ ਹਨ, ਅਜੇ ਤਕ ਕੇਂਦਰ ਸਰਕਾਰ ਵੱਲੋਂ ਨਹੀਂ ਮੰਨੀਆਂ ਗਈਆਂ। ਇਸ ਤੋਂ ਇਲਾਵਾ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਦੇਵ ਸਿੰਘ ਢੀਂਡਸਾ ਦੀਆਂ ਪਾਰਟੀਆਂ ਦਾ ਬੀ.ਜੇ.ਪੀ. ਨਾਲ ਗੱਠਜੋੜ ਵੀ ਬਹੁਤ ਲੋਕਾਂ ਨੂੰ ਪਸੰਦ ਨਹੀਂ ਹੈ, ਜਿਸ ਵਿਚ ਉਨ੍ਹਾਂ ਦੋਹਾਂ ਨੂੰ ਕ੍ਰਮਵਾਰ 35 ਅਤੇ 17 ਸੀਟਾਂ ਦਿੱਤੀਆਂ ਗਈਆਂ ਹਨ ਅਤੇ ਵਡੇਰਾ ਹਿੱਸਾ 65 ਬੀ.ਜੇ.ਪੀ. ਵੱਲੋਂ ਆਪਣੇ ਕੋਲ ਰੱਖੀਆਂ ਗਈਆਂ ਹਨ। ਇਨ੍ਹਾਂ ਵਿੱਚੋਂ ਕੁਝ ਕੁ (5-6) ਬੈਂਸ ਭਰਾਵਾਂ ਦੀ 'ਲੋਕ ਇਨਸਾਫ਼ ਪਾਰਟੀ' ਨੂੰ ਦੇਣ ਦਾ ਲਾਰਾ ਵੀ ਲਾਇਆ ਗਿਆ ਸੀ ਪਰ ਉਨ੍ਹਾਂ ਵੱਲੋਂ ਵਧੇਰੇ ਸੀਟਾਂ ਦੀ ਮੰਗ ਹੋਣ ਕਾਰਨ ਉਹ ਵੇਲੇ ਸਿਰ ਹੀ ਇਸ ਗੱਠਜੋੜ ਤੋਂ ਲਾਂਭੇ ਹੋ ਗਏ ਹਨ।

ਸਭ ਤੋਂ ਅਹਿਮ ਗੱਲ ਜੋ ਇਨ੍ਹਾਂ ਚੋਣਾਂ ਵਿਚ ਹੋ ਰਹੀ ਹੈ, ਉਹ ਹੈ ਕਿਸਾਨਾਂ ਵੱਲੋਂ ਆਪਣੀ ਸਿਆਸੀ ਜਥੇਬੰਦੀ 'ਸੰਯੁਕਤ ਸਮਾਜ ਮੋਰਚਾ' ਬਣਾ ਕੇ ਚੋਣ-ਮੈਦਾਨ ਵਿਚ ਆਉਣਾ। ਦਿੱਲੀ ਦੀਆਂ ਬਰੂਹਾਂ 'ਤੇ 'ਸੰਯੁਕਤ ਕਿਸਾਨ ਮੋਰਚਾ' ਜਿਸ ਵਿਚ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਸ਼ਾਮਲ ਸਨ, ਵੱਲੋਂ ਸਾਲ ਤੋਂ ਉੱਪਰ ਚਲਾਏ ਗਏ ਕਿਸਾਨ ਅੰਦਲਨ ਦੀ ਭਾਰੀ ਸਫ਼ਲਤਾ ਤੋਂ ਉਤਸ਼ਾਹਿਤ ਹੋ ਉਨ੍ਹਾਂ ਵਿਚੋਂ 22 ਜਥੇਬੰਦੀਆਂ ਦੇ ਮੈਂਬਰਾਂ ਦੇ ਜ਼ੋਰ ਪਾਉਣ 'ਤੇ ਅਜੋਕੇ ਸਿਸਟਮ ਨੂੰ ਬਦਲਣ ਲਈ ਪੰਜਾਬ ਦੀ ਰਾਜਨੀਤੀ ਵਿਚ ਦਾਖ਼ਲ ਹੋਣ ਦਾ ਫ਼ੈਸਲਾ ਲਿਆ ਗਿਆ। ਭਾਵੇਂ ਬਾਕੀ ਦੀਆਂ 10 ਜਥੇਬੰਦੀਆਂ ਇਸ ਦੇ ਹੱਕ ਵਿਚ ਨਹੀਂ ਸਨ, ਪਰ ਉਨ੍ਹਾਂ ਵੱਲੋਂ ਵੀ ਇਸ ਦਾ ਬਹੁਤਾ ਵਿਰੋਧ ਨਹੀਂ ਕੀਤਾ ਗਿਆ। ਅਲਬੱਤਾ! ਉਨ੍ਹਾਂ ਦੇ ਆਗੂਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਮੈਂਬਰ ਆਪਣੀ ਮਰਜ਼ੀ ਅਨੁਸਾਰ ਵੋਟ ਪਾ ਸਕਦੇ ਹਨ ਪਰ ਇਸ ਮੋਰਚੇ ਦੇ ਕਨਵੀਨਰ ਬਲਬੀਰ ਸਿੰਘ ਰਾਜੇਵਾਲ ਦਾ ਮੱਤ ਹੈ ਕਿ ਉਨ੍ਹਾਂ ਜਥੇਬੰਦੀਆਂ ਦੇ ਮੈਂਬਰ ਵੀ ਮੋਰਚੇ ਦੇ ਉਮੀਦਵਾਰਾਂ ਨੂੰ ਹੀ ਆਪਣੀਆਂ ਵੋਟਾਂ ਪਾਉਣਗੇ ਕਿਉਂਕਿ ਉਹ ਬੀ.ਜੇ.ਪੀ. ਜਾਂ ਹੋਰ ਰਵਾਇਤੀ ਪਾਰਟੀਆਂ ਦੇ ਹੱਕ ਵਿਚ ਕਦੇ ਨਹੀਂ ਭੁਗਤ ਸਕਦੇ। ਹਾਂ, ਇਹ ਜ਼ਰੂਰ ਹੋ ਸਕਦਾ ਹੈ ਕਿ ਉਨ੍ਹਾਂ ਵਿਚੋਂ ਕੁਝ ਆਪਣੀ ਵੋਟ ਕਿਸੇ ਨੂੰ ਵੀ ਨਾ ਪਾਉਣ।

ਸੰਯੁਕਤ ਸਮਾਜ ਮੋਰਚਾ ਜੋ ਕਿਸਾਨਾਂ ਤੋਂ ਇਲਾਵਾ ਸਮਾਜ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਣ ਦਾ ਦਾਅਵਾ ਕਰ ਰਿਹਾ ਹੈ, ਨੇ ਹੁਣ ਤੀਕ 100 ਦੇ ਲਗਭਗ ਸੀਟਾਂ ਉੱਪਰ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ ਅਤੇ ਉਨ੍ਹਾਂ ਦੀ ਸਹਿਯੋਗੀ ਪਾਰਟੀ ਹਰਿਆਣੇ ਦੇ ਲੀਡਰ ਗੁਰਨਾਮ ਸਿੰਘ ਚੜੂਨੀ ਨੇ ਵੀ 10 ਸੀਟਾਂ ਤੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਤਰ੍ਹਾਂ ਹੁਣ ਇਸ ਗੱਠਜੋੜ ਵੱਲੋਂ ਕੁਝ ਕੁ ਸੀਟਾਂ ਉੱਪਰ ਹੀ ਆਪਣੇ ਉਮੀਦਵਾਰ ਐਲਾਨਣੇ ਬਾਕੀ ਹਨ। ਚੋਣ ਕਮਿਸ਼ਨ ਵੱਲੋਂ ਇਸ ਮੋਰਚੇ ਵੱਲੋਂ ਰਜਿਸਟ੍ਰੇਸ਼ਨ ਲਈ ਦਿੱਤੀ ਗਈ ਅਰਜ਼ੀ ਵਿਚ ਕੁਝ ਇਤਰਾਜ਼ ਲਗਾਏ ਗਏ ਹਨ, ਜਿਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੇ ਇਹ ਦੂਰ ਹੋ ਜਾਂਦੇ ਹਨ ਤਾਂ ਇਸ ਮੋਰਚੇ ਨੂੰ ਆਪਣਾ ਮਨਭਾਉਂਦਾ ਚੋਣ-ਨਿਸ਼ਾਨ 'ਟਰੈਕਟਰ' ਵੀ ਮਿਲ ਸਕਦਾ ਹੈ ਪਰ ਚੜੂਨੀ ਸਾਹਿਬ ਦੀ ਪਾਰਟੀ ਦਾ ਚੋਣ-ਨਿਸ਼ਾਨ ਇਸ ਨਾਲੋਂ ਵੱਖਰਾ ਹੋਵੇਗਾ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਕਿਸਾਨਾਂ ਦੀਆਂ ਇਹ ਦੋਵੇਂ ਪਾਰਟੀਆਂ ਪਹਿਲੀ ਵਾਰ ਚੋਣ-ਮੈਦਾਨ ਵਿਚ ਆਈਆਂ ਹਨ ਅਤੇ ਇਨ੍ਹਾਂ ਨੂੰ ਚੋਣਾਂ ਲੜਨ ਦਾ ਤਜਰਬਾ ਨਹੀਂ ਹੈ। ਦੋਹਾਂ ਪਾਰਟੀਆਂ ਵੱਲੋਂ ਆਪਣੇ ਉਮੀਦਵਾਰਾਂ ਦੇ ਹੱਕ ਵਿਚ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਗਿਆ ਹੈ। ਓਧਰ ਕਰੋਨਾ ਦੇ ਨਵੇਂ ਸਰੂਪ 'ਓਮੀਕਰੋਨ' ਦੀ ਆਮਦ ਨਾਲ ਚੋਣ ਕਮਿਸ਼ਨ ਵੱਲੋਂ ਚੋਣ-ਰੈਲੀਆਂ ਉੱਪਰ 11 ਫਰਵਰੀ ਤਕ ਪਾਬੰਦੀ ਵਧਾ ਦਿੱਤੀ ਹੈ। ਚੋਣ ਪ੍ਰਚਾਰ ਲਈ ਉਮੀਦਵਾਰ ਪੰਜ-ਪੰਜ ਦੇ ਗਰੁੱਪਾਂ ਨਾਲ ਘਰੋ-ਘਰੀ ਵੋਟਾਂ ਮੰਗਣ ਲਈ ਜਾ ਰਹੇ ਹਨ।

**ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਇਨ੍ਹਾਂ ਅਸੈਂਬਲੀ ਚੋਣਾਂ ਵਿਚ ਪ੍ਰਸਥਿਤੀਆਂ ਪਹਿਲਾਂ ਨਾਲੋਂ ਬਿਲਕੁਲ ਵੱਖਰੀਆਂ ਹਨ। ਪਹਿਲਾਂ ਚੋਣ-ਮੁਕਾਬਲੇ ਦੋ ਪਾਰਟੀਆਂ ਵਿਚ ਸਿੱਧੇ ਜਾਂ ਫਿਰ ਵੱਧ ਤੋਂ ਵੱਧ ਤਿਕੋਣੇ ਹੁੰਦੇ ਸਨ ਪਰ ਇਸ ਵਾਰ ਇਹ ਪੰਜ-ਕੋਣੇ ਤਾਂ ਹਰੇਕ ਵਿਧਾਨ ਸਭਾ ਸੀਟ ਉੱਪਰ ਹੋਣਗੇ ਹੀ ਹੋਣਗੇ। ਲੁਧਿਆਣਾ ਵਰਗੇ ਸ਼ਹਿਰ ਅਤੇ ਹੋਰ ਕਈ ਥਾਵਾਂ 'ਤੇ ਜਿੱਥੇ ਬੈਂਸ ਭਰਾਵਾਂ ਦੀ ਲੋਕ ਇਨਸਾਫ਼ ਪਾਰਟੀ ਵੀ ਚੋਣ ਲੜ ਰਹੀ ਹੈ, ਇਹ ਛੇ-ਕੋਣੇ ਵੀ ਹੋ ਸਕਦੇ ਹਨ। ਇਨ੍ਹਾਂ ਤੋਂ ਇਲਾਵਾ ਰਵਾਇਤੀ ਪਾਰਟੀਆਂ ਦੇ ਰੁੱਸੇ ਹੋਏ ਉਮੀਦਵਾਰ ਜੋ ਪਾਰਟੀ ਟਿਕਟਾਂ ਨਾ ਮਿਲਣ ਕਾਰਨ ਆਜ਼ਾਦ ਉਮੀਦਵਾਰਾਂ ਵਜੋਂ ਇਹ ਚੋਣ ਲੜ ਰਹੇ ਹਨ, ਇਸ ਚੋਣ ਨੂੰ ਹੋਰ ਬਹੁ-ਕੋਣੇ ਬਣਾ ਦੇਣਗੇ। ਇਸ ਲਈ ਪੰਜਾਬ ਦੇ ਸੂਝਵਾਨ ਵੋਟਰਾਂ ਨੂੰ ਅਪੀਲ ਹੈ ਕਿ ਉਹ ਇਸ ਵਾਰ ਬਹੁਤ ਸੋਚ ਸਮਝ ਕੇ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਸਹੀ, ਯੋਗ, ਇਮਾਨਦਾਰ ਅਤੇ ਮਿਹਨਤੀ ਉਮੀਦਵਾਰਾਂ ਨੂੰ ਵੋਟ ਪਾ ਕੇ ਉਨ੍ਹਾਂ ਨੂੰ ਅੱਗੇ ਲਿਆਉਣ ਅਤੇ ਪੰਜਾਬ ਦੀ ਰਾਜਸੀ ਵਾਗਡੋਰ ਉਨ੍ਹਾਂ ਨੇਤਾਵਾਂ ਦੇ ਹੱਥ ਸੌਂਪਣ ਜੋ ਪੰਜਾਬ ਦੇ ਮੁੱਦੇ ਹੱਲ ਕਰਨ ਦੇ ਸਮਰੱਥ ਹੋਣ।**

## ਉਮੀਦਵਾਰਾਂ ਲਈ ਸਵਾਲ

ਮੌਜੂਦਾ ਚੋਣਾਂ ਵਿਚ ਰਾਜਭਾਗ ਸੰਭਾਲ ਰਹੀਆਂ ਪਾਰਟੀਆਂ ਦੇ ਜ਼ਿਆਦਾਤਰ ਲੀਡਰ ਆਪਣੀਆਂ ਮੁਢਲੀਆਂ ਪਾਰਟੀਆਂ ਜਾਂ ਨਵੀਆਂ ਪਾਰਟੀਆਂ ਵਿਚ ਦਲ ਬਾਦਲ ਕੇ ਚੋਣਾਂ ਲੜ ਰਹੇ ਹਨ। ਚੋਣ ਮੈਦਾਨ ਵਿਚ ਬਹੁਤ ਘੱਟ ਵਿਅਕਤੀ ਐਸੇ ਹਨ ਜਿਹੜੇ ਪਿਛਲੇ ਦਿਨੀਂ ਰਾਜਭਾਗ ਵਿਚ ਸ਼ਾਮਲ ਨਹੀਂ ਰਹੇ।

1. ਇਸ ਕਰਕੇ ਜਦੋਂ ਇਹ ਚੋਣ ਲੜਨ ਵਾਲੇ ਉਮੀਦਵਾਰ ਲੋਕਾਂ ਕੋਲ ਵੋਟਾਂ ਮੰਗਣ ਲਈ ਪਹੁੰਚ ਕਰਦੇ ਹਨ ਤਾਂ ਉਨ੍ਹਾਂ ਨੂੰ ਇਹ ਜ਼ਰੂਰ ਪੁੱਛਿਆ ਜਾਵੇ ਕਿ ਉਨ੍ਹਾਂ ਵੱਲੋਂ ਪਹਿਲਾਂ ਕੀਤੇ ਵਾਅਦੇ ਪੂਰੇ ਕਿਉਂ ਨਹੀਂ ਕੀਤੇ ਗਏ?

2. ਇਹ ਵੀ ਪੁੱਛਿਆ ਜਾਵੇ ਕਿ ਪੰਜਾਬ ਸਿਰ ਚੜ੍ਹਾਇਆ ਕਰਜ਼ਾ ਉਤਾਰਨ ਵਾਸਤੇ ਉਨ੍ਹਾਂ ਕੋਲ ਕੀ ਉਪਾਅ ਹੈ?

3. ਵੱਖ ਵੱਖ ਖੇਤਰਾਂ ਵਿੱਚ ਸਰਗਰਮ ਮਾਫੀਆ ਨੂੰ ਕਿਵੇਂ ਨਕੇਲ ਪਾਈ ਜਾਵੇਗੀ?

4. ਛੋਟੇ ਤੇ ਸੀਮਾਂਤ ਕਿਸਾਨਾਂ ਦੀ ਖੇਤੀ ਨੂੰ ਲਾਹੇਵੰਦ ਕਿਵੇਂ ਬਣਾਇਆ ਜਾਵੇਗਾ?

5.. ਜ਼ਮੀਨ ਹੇਠਲੇ ਪਾਣੀ ਨੂੰ ਖਤਮ ਹੋਣ ਤੋਂ ਕਿਵੇਂ ਬਚਾਇਆ ਜਾਵੇਗਾ?

6. ਪੰਜਾਬ ਦੇ ਉਦਯੋਗਿਕ ਵਿਕਾਸ ਨੂੰ ਕਿਵੇਂ ਮੁੜ ਸੁਰਜੀਤ ਕੀਤਾ ਜਾਵੇਗਾ?

7. ਨੌਜਵਾਨ ਅਤੇ ਖਾਸ ਕਰਕੇ ਪੜ੍ਹੇ-ਲਿਖੇ ਨੌਜਵਾਨਾਂ ਲਈ ਰੁਜ਼ਗਾਰ ਕਿਵੇਂ ਪੈਦਾ ਕੀਤਾ ਜਾਵੇਗਾ?

8. ਸਰਕਾਰੀ ਨੌਕਰੀਆਂ ਵਿਚ ਠੇਕੇਦਾਰੀ ਸਿਸਟਮ ਕਿਵੇਂ ਖਤਮ ਕੀਤਾ ਜਾਵੇਗਾ?

9. ਮਿਆਰੀ ਸਿੱਖਿਆ ਅਤੇ ਸਿਹਤ ਸਹੂਲਤਾਂ ਆਮ ਸ਼ਹਿਰੀਆਂ ਵਾਸਤੇ ਕਿਵੇਂ ਉਪਲੱਬਧ ਕਰਵਾਈਆਂ ਜਾਣਗੀਆਂ?

10. ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਕਿਵੇਂ ਮੁਹੱਈਆ ਕਰਵਾਇਆ ਜਾਵੇਗਾ?

11. ਐਮ ਐਲ ਏ ਸਾਹਿਬਾਨ ਵਲੋਂ ਕਈ ਕਈ ਪੈਨਸ਼ਨਾਂ ਬੰਦ ਕਰਨ ਪ੍ਰਤੀ ਕੀ ਇਨ੍ਹਾਂ ਕੋਲ ਵਚਨਬੱਧਤਾ ਹੈ?

12. ਪ੍ਰਸ਼ਾਸਨ ਅਤੇ ਪੁਲਿਸ ਨੂੰ ਪਾਰਟੀ ਪੱਖਪਾਤ ਤੋਂ ਨਿਰਲੇਪ ਕਿਵੇਂ ਬਣਾਇਆ ਜਾਵੇਗਾ?

13. ਕੇਂਦਰ ਤੋਂ ਸੂਬੇ ਦੀ ਖ਼ੁਦਮੁਖ਼ਤਿਆਰੀ ਕਿਵੇਂ ਹਾਸਲ ਕੀਤੀ ਜਾਵੇਗੀ?

14. ਪੰਚਾਇਤਾਂ ਨੂੰ ਹੋਰ ਅਧਿਕਾਰ ਅਤੇ ਵਿੱਤੀ ਸਾਧਨ ਦੇ ਕੇ ਕਿਵੇਂ ਮਜ਼ਬੂਤ ਕੀਤਾ ਜਾਵੇਗਾ?

15. ਇਨ੍ਹਾਂ ਸਵਾਲਾਂ ਵਿਚ ਚੋਣ ਹਲਕੇ ਦੇ ਸਬੰਧ ਵਿਚ ਸਮੱਸਿਆਵਾਂ ਦੇ ਹੱਲ ਬਾਰੇ ਜਾਂ ਸੂਬੇ ਦੀਆਂ ਹੋਰ ਸਮੱਸਿਆਵਾਂ ਬਾਰੇ ਸਵਾਲਾਂ ਬਾਰੇ ਸਪੱਸ਼ਟੀਕਰਨ ਮੰਗਿਆ ਜਾ ਸਕਦਾ ਹੈ।

***-ਸੁੱਚਾ ਸਿੰਘ ਗਿੱਲ***

# ਪੁਰਖਿਆਂ ਦਾ ਬੋਝ ਚੁੱਕਦੀ ਬੌਧਿਕਤਾ

***ਪੰਜਾਬ ਟਾਈਮਜ਼ ਦੇ ਅੰਕ ਨੰਬਰ 2 ਅਤੇ 3 ( 8 ਜਨਵਰੀ, 2022 ਅਤੇ 15 ਜਨਵਰੀ, 2022) ਵਿਚ ਅਸੀਂ ਪਰਮਜੀਤ ਸਿੰਘ ਅਤੇ ਪਰਗਟ ਸਿੰਘ ਦਾ ਲੰਮਾ ਲੇਖ ਦੋ ਕਿਸ਼ਤਾਂ ਵਿਚ ਛਾਪਿਆ ਸੀ ਜਿਸ ਵਿਚ ਹਾਲ ਹੀ ਵਿਚ ਜਿੱਤੇ ਇਤਿਹਾਸਕ ਕਿਸਾਨ ਅੰਦੋਲਨ ਦੇ ਪ੍ਰਸੰਗ ਵਿਚ ਕੁਝ ਟਿੱਪਣੀਆਂ ਕੀਤੀਆਂ ਗਈਆਂ ਸਨ। ਇਹ ਟਿੱਪਣੀਆਂ ਮੁੱਖ ਰੂਪ ਵਿਚ ਬੁੱਧੀਜੀਵੀ ਵਰਗ ਬਾਰੇ ਸਨ ਅਤੇ ਲੇਖਕਾਂ ਨੇ ਇਸ ਅੰਦੋਲਨ ਤੋਂ ਅਗਲੇ ਕਦਮ ਵਜੋਂ ਕੁਝ ਬੁਨਿਆਦੀ ਨੁਕਤੇ ਉਭਾਰੇ ਸਨ। ਜਤਿੰਦਰ ਸਿੰਘ ਅਤੇ ਮੋਨਿਕਾ ਸੱਭਰਵਾਲ ਦੇ ਇਸ ਲੇਖ ਵਿਚ ਇਨ੍ਹਾਂ ਨੁਕਤਿਆਂ ਨੂੰ ਆਧਾਰ ਬਣਾ ਕੇ ਵਿਚਾਰ ਸਾਂਝੇ ਕੀਤੇ ਹਨ ਜੋ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।***

'ਪੰਜਾਬ ਟਾਈਮਜ਼' ਦੇ ਪਿਛਲੇ ਅੰਕਾਂ (8 ਜਨਵਰੀ 2022 ਅਤੇ 15 ਜਨਵਰੀ 2022) ਵਿਚ ਪਰਮਜੀਤ ਸਿੰਘ ਅਤੇ ਪਰਗਟ ਸਿੰਘ ਦਾ ਦੋ ਕਿਸ਼ਤਾਂ ਵਿਚ ਲੇਖ ਛਪਿਆ। ਇਸ ਲੇਖ ਦੇ ਲੇਖਕਾਂ ਨੇ ਪਿਛਲੇ ਦਿਨੀਂ ਹੋਰ ਵੀ ਲੇਖ ਲਿਖੇ ਹਨ। ਇਹ ਲੇਖ ਸਿਰਫ ਇਨ੍ਹਾਂ ਲੇਖਕਾਂ ਨੂੰ ਸੰਬੋਧਨ ਨਾ ਹੋ ਕੇ ਸਮੁੱਚੇ ਬੁੱਧੀਜੀਵੀ ਤਬਕੇ ਸਨਮੁੱਖ ਸਵਾਲਾਂ ਦਾ ਪੁਲੰਦਾ ਖੋਲ੍ਹਣ ਦਾ ਯਤਨ ਕਰੇਗਾ। ਸੰਵਾਦ ਘੱਟੋ-ਘੱਟ ਤਿੰਨ ਪੈਂਤੜਿਆਂ ਤੋਂ ਹੋ ਸਕਦਾ ਹੈ।

ਪਹਿਲਾ, ਬੁੱਧੀਜੀਵੀਆਂ ਦਾ ਮੌਜੂਦਾ ਸਿਧਾਂਤਾਂ ਨਾਲ ਕੀ ਰਿਸ਼ਤਾ ਬਣਦਾ ਹੈ? ਸਾਰੇ ਸਿਧਾਂਤਾਂ ਦਾ ਸੰਬੰਧ ਕਾਲ-ਖੰਡ ਤੇ ਭੂ-ਖੰਡ ਨਾਲ ਹੁੰਦਾ ਹੈ; ਸਿਧਾਂਤ ਭਾਵੇਂ ਪੁਰਾਤਨ ਸਮੇਂ ਦਾ, ਮੱਧਕਾਲ ਜਾਂ 19ਵੀਂ-20ਵੀਂ ਸਦੀ ਤੋਂ ਬਾਅਦ





**ਜਤਿੰਦਰ ਸਿੰਘ**
ਫੋਨ: +91-97795-30032

**ਮੋਨਿਕਾ ਸੱਭਰਵਾਲ**
ਫੋਨ: +91-98725-16664

ਆਰੰਭ ਹੋਇਆ ਹੋਵੇ, ਆਪਣੇ ਭੂਗੋਲਿਕ ਖਿੱਤੇ ਦਾ ਹੋਵੇ ਜਾਂ ਬਾਹਰੀ ਹੋਵੇ। ਇਸ ਸਮਝ ਨਾਲ ਕਿਵੇਂ ਨਜਿੱਠੀਏ ਕਿ 21ਵੀਂ ਸਦੀ ਪੰਜਾਬ ਦੀਆਂ ਚੁਣੌਤੀਆਂ ਦਾ ਹੱਲ ਪਹਿਲਾਂ ਬੁਣੇ ਜਾ ਚੁੱਕੇ ਸਿਧਾਂਤਾਂ ਵਿਚ ਲੁਕਿਆ ਹੋਇਆ ਹੈ। ਕੀ ਮੌਜੂਦਾ ਬੁੱਧੀਜੀਵੀਆਂ ਦਾ ਕੰਮ ਸਿਰਫ ਇਨ੍ਹਾਂ ਸਿਧਾਂਤਾਂ ਨੂੰ ਬਿਆਨਦੀਆਂ ਲਿਖਤਾਂ ਨੂੰ ਪੜ੍ਹ ਕੇ ਹੱਲ ਖੋਜਣ ਮਾਤਰ ਹੈ; ਜਿਵੇਂ ਸਾਡੀਆਂ ਸਮੱਸਿਆਵਾਂ ਰੂਪੀ ਤਾਲੇ ਦੀ ਚਾਬੀ ਪਹਿਲਾਂ ਹੀ ਬਣਾਈ ਜਾ ਚੁੱਕੀ ਹੋਵੇ, ਤੇ ਸਾਡੀ ਮਿਹਨਤ ਬਸ ਉਸ ਚਾਬੀ ਤੱਕ ਪਹੁੰਚਣ ਦੀ ਹੈ।

ਦੂਜਾ, ਸਿਧਾਂਤਕਾਰੀ ਦੇ ਕਾਰਜ ਵਿਚ ਲੱਗਿਆ ਕਿਵੇਂ ਜਾਵੇ? ਸਿਧਾਂਤਕਾਰੀ ਦਾ ਮੁੱਖ ਮੰਤਵ ਕਿਸੇ ਵਰਤਾਰੇ ਨੂੰ ਸਮਝਣਾ, ਨਿਰੀਖਣ ਕਰਨਾ ਅਤੇ ਸਮਾਜ ਦੀ ਬਿਹਤਰੀ ਲਈ ਸੰਭਾਵੀ ਭਵਿੱਖੀ ਦਿਸ਼ਾ ਦੇਣਾ ਹੁੰਦਾ ਹੈ। ਇਸ ਕਾਰਜ ਨੂੰ ਕਰਨਾ ਕਿੰਨਾ ਕੁ ਅਹਿਮ ਹੈ? ਅਸੀਂ ਸਿਰਜੇ ਜਾ ਚੁੱਕੇ ਗਿਆਨ ਨਾਲ ਕਿਸ ਤਰ੍ਹਾਂ ਦਾ ਸੰਵਾਦ ਰਚਾਉਣਾ ਹੈ? ਕੀ 19ਵੀਂ ਸਦੀ ਦੇ ਯੂਰਪ ਵਿਚ ਪੈਦਾ ਹੋਏ ਸਿਧਾਂਤ 21ਵੀਂ ਪੰਜਾਬ ਦੀਆਂ ਮੁਸ਼ਕਿਲਾਂ ਦਾ ਹੱਲ ਦੇ ਸਕਦੇ ਹਨ? ਕਿਸੇ ਸਮੇਂ ਸਿੱਧੇ ਗੁਲਾਮ ਰਹੇ ਮੁਲਕਾਂ ਦੇ ਬੁੱਧੀਜੀਵੀਆਂ ਦਾ ਇਕ ਹਿੱਸਾ ਬਸਤਾਨਾਂ ਜਾਂ 'ਵਿਕਸਤ' ਮੁਲਕਾਂ (ਖਾਸਕਰ ਪੱਛਮੀ ਯੂਰਪ ਤੇ ਅਮਰੀਕਾ) ਦੇ ਬੌਧਿਕ ਅਸਰ ਜਾਂ ਦਾਬੇ ਦੀ ਨਿਸ਼ਾਨਦੇਹੀ ਕਰ ਰਿਹਾ ਹੈ। ਇਹ ਪੱਛਮ ਵਿਚ ਉਪਜੇ ਗਿਆਨ ਦੇ ਹਵਾਲੇ ਨਾਲ ਗੈਰ-ਪੱਛਮੀ ਮੁਲਕਾਂ ਦੀ ਸਮਝ ਬਣਾਉਣ ਦੀ ਕਵਾਇਦ ਨੂੰ ਬਸਤੀਵਾਦੀ-ਗੁਲਾਮ ਮਾਨਸਿਕਤਾ ਦਾ ਲਕਬ ਦਿੰਦਾ ਹੈ। ਪੰਜਾਬ ਜਾਂ ਭਾਰਤ ਦੇ ਪ੍ਰਸੰਗ ਵਿਚ ਗੱਲ ਕਰੀਏ ਤਾਂ ਇਸ ਤਬਕੇ ਦਾ ਮੰਨਣਾ ਹੈ ਕਿ ਬਰਤਾਨਵੀ ਹਕੂਮਤ ਦੇ ਕਬਜ਼ੇ ਤੋਂ ਪਹਿਲਾਂ ਇਹ ਖਿੱਤਾ ਗਿਆਨ ਵਾਲੀ ਜ਼ਰਖੇਜ ਭੂਮੀ ਰਿਹਾ ਹੈ। ਇੱਥੇ ਪੈਦਾ ਹੋਏ ਪੈਗੰਬਰਾਂ, ਦਾਨਿਸ਼ਵਰਾਂ, ਬੁੱਧੀਜੀਵੀਆਂ ਆਦਿ ਦੀਆਂ ਰਚਨਾਵਾਂ ਵਿਚੋਂ ਅਸੀਂ 21ਵੀਂ ਸਦੀ ਦੀਆਂ ਮੁਸ਼ਕਿਲਾਂ ਨੂੰ ਸਮਝ ਵੀ ਸਕਦੇ ਹਾਂ ਤੇ ਉਨ੍ਹਾਂ ਦਾ ਹੱਲ ਵੀ ਕੱਢ ਸਕਦੇ ਹਾਂ। ਪੱਛਮੀ ਗਿਆਨ ਧਾਰਾਵਾਂ ਰੱਦ ਕਰਨ ਵਾਲਿਆਂ ਲਈ ਵੀ ਕਈ ਸਵਾਲ ਬਣਦੇ ਹਨ; ਮਸਲਨ, ਕੀ ਸਿਰਫ 14ਵੀਂ-15ਵੀਂ ਜਾਂ ਇਸ ਤੋਂ ਪਹਿਲੀਆਂ ਸਦੀਆਂ ਵਾਲੇ ਪੰਜਾਬ ਦਾ ਗਿਆਨ ਮੌਜੂਦਾ ਸਮੇਂ ਦੀਆਂ ਘੁਣਤਰਾਂ ਨੂੰ ਸਮਝਣ ਵਿਚ ਸਹਾਈ ਹੋ ਸਕਦਾ ਹੈ?

ਤੀਜਾ, ਆਪਣੀ ਦਲੀਲ ਬੁਣਦਿਆਂ ਖਿੱਤੇ ਅਤੇ ਸਮੇਂ ਦੀ ਖਾਸੀਅਤ ਨੂੰ ਕੇਂਦਰ ਵਿਚ ਰੱਖਣਾ ਜ਼ਰੂਰੀ ਹੈ ਜਾਂ ਨਹੀਂ? ਪੂੰਜੀਵਾਦ ਦੇ ਵਿਸਥਾਰ ਦੇ ਇਤਿਹਾਸ ਪੜ੍ਹਨ ਵਾਲੇ ਵਿਦਵਾਨਾਂ ਦਾ ਮੰਨਣਾ ਹੈ ਕਿ ਇਸ ਵਰਤਾਰੇ ਦੇ ਦੋ ਪੜਾਅ ਹਨ। ਜਿਨ੍ਹਾਂ ਮੁਲਕਾਂ ਵਿਚ ਪੂੰਜੀਵਾਦ ਨੇ ਪਹਿਲਾਂ ਪੈਰ ਪਸਾਰੇ (ਇੰਗਲੈਂਡ, ਫਰਾਂਸ ਆਦਿ), ਉਨ੍ਹਾਂ ਸਮਾਜਾਂ ਨੇ ਸਮਾਜਿਕ ਅਤੇ ਸਮੂਹਿਕ ਲਹਿਰਾਂ (ਭਾਵੇਂ ਬੁਰਜੂਆ ਹੀ ਸਹੀ) ਜ਼ਰੀਏ ਆਰਥਿਕ ਅਤੇ ਸਮਾਜਿਕ ਤਬਦੀਲੀ ਦੇਖੀ। ਉਦਯੋਗੀਕਰਨ ਨੇ ਤੇਜ਼ੀ ਫੜੀ ਅਤੇ ਸ਼ਹਿਰਾਂ ਦਾ ਵੱਡੇ ਪੱਧਰ ਤੇ ਵਿਸਥਾਰ ਹੋਇਆ। ਪੇਂਡੂ ਖੇਤਰ ਅਤੇ ਖੇਤੀ ਨੂੰ ਉਦਯੋਗੀਕਰਨ ਮੁਤਾਬਿਕ ਢਾਲਣ ਦੀ ਕਵਾਇਦ ਵੀ ਸਮਾਨਾਂਤਰ ਚੱਲਦੀ ਰਹੀ। ਉਦਯੋਗਪਤੀਆਂ ਨੂੰ ਕਾਰਖਾਨੇ ਚਲਾਉਣ ਲਈ ਕੱਚਾ ਮਾਲ ਅਤੇ ਮਜ਼ਦੂਰ ਚਾਹੀਦੇ ਸਨ। ਨਤੀਜੇ ਵਜੋਂ ਖੇਤੀ ਅਤੇ ਕਿਸਾਨ ਪਰਿਵਾਰਾਂ ਦਾ ਉਜਾੜਾ ਹੋਇਆ। ਇੰਗਲੈਂਡ ਦੇ ਪ੍ਰਸੰਗ ਵਿਚ ਇਹ ਵਰਤਾਰਾ ਬਹੁਤ ਹਿੰਸਾਤਮਕ ਰਿਹਾ। ਪਿੰਡਾਂ ਦੇ ਪਿੰਡ ਖਾਲੀ ਕਰਵਾ ਲਏ। ਖੇਤਾਂ ਤੇ ਕਬਜ਼ਾ ਕਰ ਉਨ੍ਹਾਂ ਨੂੰ ਉਦਯੋਗਾਂ ਲਈ ਸਹਾਈ ਬਣਾਉਣ ਲਈ ਵੱਡੇ ਫਾਰਮ ਹਾਊਸਾਂ ਵਿਚ ਤਬਦੀਲ ਕਰ ਦਿੱਤਾ। ਕਿਸਾਨ ਪਰਿਵਾਰ ਉਜੜ ਕੇ ਕੰਮ ਦੀ ਭਾਲ ਕਰਦੇ ਕਾਰਖਾਨਿਆਂ ਵਿਚ ਮਜ਼ਦੂਰ ਬਣ ਗਏ। ਪਿੰਡ ਵਾਪਸ ਜਾਣਾ ਸੰਭਵ ਨਹੀਂ ਰਿਹਾ; ਸੋ, ਸ਼ਹਿਰ ਦੇ ਪੱਕੇ ਵਸਨੀਕ ਬਣ ਗਏ। ਇਹ ਤਬਕਾ ਕਿਸੇ ਸਮੇਂ ਕਿਸਾਨ ਤੇ ਪਿੰਡਾਂ ਵਿਚ ਰਹਿਣ ਵਾਲਾ ਸੀ। ਉਹ ਖੁਦ ਤੇ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਗ਼ਰੀਬ ਸਨਅਤੀ ਮਜ਼ਦੂਰ ( ) ਅਤੇ ਸ਼ਹਿਰੀ ਬਣ ਗਏ। ਇਨ੍ਹਾਂ ਕਿਰਤੀਆਂ ਨੇ ਸਇਚਟੋਰਅਲ ਸਹਿਫਟ (ਕਿਸਾਨ ਤੋਂ ਸਨਅਤੀ ਮਜ਼ਦੂਰ) ਅਤੇ ਸਪਅਟਅਿਲ ਸਹਿਫਟ (ਪਿੰਡ ਤੋਂ ਸ਼ਹਿਰ) ਦਾ ਸਫਰ ਤੈਅ ਕੀਤਾ। ਸ਼ਹਿਰ ਦੇ ਵਸਨੀਕ ਹੁੰਦਿਆਂ ਉਦਯੋਗਪਤੀਆਂ/ਪੂੰਜੀਪਤੀਆਂ ਦੇ ਸ਼ੋਸ਼ਣ ਖਿਲਾਫ ਲੰਮੇ ਸੰਘਰਸ਼ਾਂ ਵਿਚੋਂ ਆਪਣੇ ਲਈ ਹਕੂਕ ਹਾਸਲ ਕੀਤੇ। ਸਮਾਜ ਵਿਚ ਜਮਹੂਰੀ ਕਦਰਾਂ-ਕੀਮਤਾਂ ਦਾ ਪਸਾਰਾ ਕੀਤਾ। ਇਸ 'ਤੇ ਵਿਸਥਾਰ ਨਾਲ ਗੱਲ ਹੋਣੀ ਬਣਦੀ ਹੈ (ਜੋ ਇਸ ਲੇਖ ਦਾ ਮੰਤਵ ਨਹੀਂ) ਕਿ ਸਮਾਜ ਦੇ ਜਮਹੂਰੀਕਰਨ ਵਿਚ ਪੂੰਜੀਵਾਦ ਦਾ ਨਹੀਂ ਸਗੋਂ ਇਸ ਵਿਰੁੱਧ ਲੜੇ ਮਜ਼ਦੂਰਾਂ ਤੇ ਹੋਰ ਕਿਰਤੀਆਂ ਦੇ ਤਿੱਖੇ ਅੰਦੋਲਨਾਂ ਦੀ ਅਹਿਮ ਭੂਮਿਕਾ ਹੈ। ਇਨ੍ਹਾਂ ਯੂਰਪੀ ਮੁਲਕਾਂ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਰਹੀਆਂ ਜੋ ਗਹਿਰੇ ਅਧਿਐਨ ਦੀ ਮੰਗ ਕਰਦੀਆਂ ਹਨ।

ਆਪਣੇ ਸਮਾਜ ਦੀ ਸਮਝ ਬਣਾਉਣ ਲਈ ਤਿੰਨ ਮੁੱਖ ਨੁਕਤਿਆਂ ਤੇ ਚਿੰਤਨ ਜ਼ਰੂਰੀ ਹੈ। ਪਹਿਲਾ, ਪਿੰਡ ਤੇ ਸ਼ਹਿਰ ਦੇ ਰਿਸ਼ਤੇ ਨੂੰ ਕਿਵੇਂ ਸਮਝਿਆ ਜਾਵੇ? ਸੰਯੁਕਤ ਰਾਸ਼ਟਰ ਦੇ ਅਨੁਮਾਨ ਮੁਤਾਬਿਕ, ਸਾਲ 2050 ਤੱਕ ਭਾਰਤ ਦੀ ਆਬਾਦੀ 164 ਕਰੋੜ ਹੋ ਜਾਵੇਗੀ। ਨੌਜਵਾਨਾਂ (ਜੋ ਕੰਮ ਕਰਨ ਦੀ ਉੱਤਮ ਅਵਸਥਾ ਮੰਨੀ ਜਾਂਦੀ ਹੈ) ਦੀ ਸੰਖਿਆ ਕੁੱਲ ਮੁਲਕਾਂ ਨਾਲੋਂ ਭਾਰਤ ਵਿਚ ਸਭ ਤੋਂ ਵੱਧ ਹੋਵੇਗੀ। ਭਾਰਤ ਸਰਕਾਰ ਦੇ ਅਨੁਮਾਨ ਮੁਤਾਬਿਕ, ਉਦੋਂ ਤੱਕ ਵੀ ਭਾਰਤ ਵਿਚ ਤਕਰੀਬਨ 40 ਫੀਸਦੀ ਵਸੋਂ ਦਾ ਪਿੰਡਾਂ ਵਿਚ ਨਿਵਾਸ ਰਹੇਗਾ ਜੋ 65 ਕਰੋੜ ਤੋਂ ਵੱਧ ਬਣਦੀ ਹੈ। 2011 ਦੀ ਜਨਗਣਨਾ ਅਨੁਸਾਰ ਪੰਜਾਬ ਦੀ ਕੁੱਲ ਜਨਸੰਖਿਆ 2.77 ਕਰੋੜ ਹੈ ਅਤੇ 65 ਫੀਸਦੀ ਜਨਸੰਖਿਆ (1 ਕਰੋੜ 73 ਲੱਖ ਤੋਂ ਵੱਧ) ਪਿੰਡਾਂ ਵਿਚ ਰਹਿੰਦੀ ਹੈ। ਇਹ ਜਨਸੰਖਿਆ ਭਾਰਤ ਦੀ ਕੁੱਲ ਆਬਾਦੀ ਦਾ 3.4 ਫੀਸਦੀ ਹੈ। ਇਨ੍ਹਾਂ ਅੰਕੜਿਆਂ ਨੂੰ ਆਧਾਰ ਮੰਨਦਿਆਂ ਸਾਲ 2050 ਤੱਕ ਪੰਜਾਬ ਦੀ ਕੁੱਲ ਵਸੋਂ 5.5 ਕਰੋੜ ਤੋਂ ਵੱਧ ਹੋ ਜਾਵੇਗੀ। ਭਾਰਤ ਸਰਕਾਰ ਦਾ 40 ਫੀਸਦੀ ਵਾਲਾ ਅਨੁਮਾਨ ਪੰਜਾਬ ਤੇ ਲਾਗੂ ਕਰਦਿਆਂ ਤਕਰੀਬਨ 2.2 ਕਰੋੜ ਦੀ ਆਬਾਦੀ ਦਾ 2050 ਵਿਚ ਵੀ ਪਿੰਡਾਂ ਵਿਚ ਵਾਸ ਹੋਵੇਗਾ। ਸੋ, ਉਮੀਦ ਕੀਤੀ ਜਾ ਸਕਦੀ ਹੈ ਕਿ 21ਵੀਂ ਸਦੀ ਦੇ ਅੱਧ ਤੱਕ ਵੀ ਪੇਂਡੂ ਜਨਸੰਖਿਆ ਕਰੋੜਾਂ ਵਿਚ ਹੋਵੇਗੀ ਤੇ ਲੱਖਾਂ ਨਵੇਂ ਕਾਮੇ ਪੈਦਾ ਹੋਣਗੇ। ਮੁੱਕਦੀ ਗੱਲ, ਨਾ ਤਾਂ ਸ਼ਹਿਰਾਂ ਨੇ ਵਧਣ ਤੋਂ ਰੁਕਣਾ ਹੈ, ਨਾ ਹੀ ਪਿੰਡਾਂ ਨੇ ਮੁੱਕਣਾ; ਭਾਵ ਜਨਸੰਖਿਆ ਵਜੋਂ ਨਿਗੂਣੇ ਹੋਣਾ ਹੈ। ਪਿੰਡ ਤੇ ਸ਼ਹਿਰ ਦੇ ਸੰਬੰਧ ਹੋਰ ਗੂੜ੍ਹੇ ਹੋਣੇ ਹਨ। ਸ਼ਹਿਰੀਕਰਨ ਦਾ ਸਰੂਪ ਕਿਰਤੀ ਦੀ ਜ਼ਿੰਦਗੀ ਤੇ ਗਹਿਰਾ ਅਸਰਅੰਦਾਜ਼ ਹੁੰਦਾ ਹੈ। ਸ਼ਹਿਰੀਕਰਨ ਦਾ ਸਰੂਪ ਕੀ ਹੋਵੇ ਤੇ ਸ਼ਹਿਰ ਕਿਸ ਕਿਸਮ ਦੀ ਤਬਦੀਲੀ ਦੀ ਪ੍ਰਕਿਰਿਆ ਵਿਚ ਸ਼ਾਮਿਲ ਹੋਵੇ, ਗੰਭੀਰ ਸੰਵਾਦ ਦਰਕਾਰ ਹੈ।

ਮੌਜੂਦਾ ਹਾਲਤ ਦਾ ਕਾਰਨ ਇਹ ਹੈ ਕਿ ਜਿਨ੍ਹਾਂ ਮੁਲਕਾਂ ਵਿਚ ਪੂੰਜੀਵਾਦ ਦੇਰ ਨਾਲ ਆਇਆ, ਭਾਵੇਂ ਉਹ ਪੱਛਮੀ ਯੂਰਪ ਦੇ ਬਾਕੀ ਖਿੱਤੇ, ਉੱਤਰੀ ਯੂਰਪ ਹੋਣ ਜਾਂ ਸਾਮਰਾਜਵਾਦ ਦੇ ਸਮੇਂ ਦੌਰਾਨ ਗੁਲਾਮ ਬਣਾਏ ਮੁਲਕ ਹੋਣ, ਪੂੰਜੀਵਾਦ ਦਾ ਵਿਸਥਾਰ ਤੇ ਸਮਾਜੀਕਰਨ ਵੱਖਰੇ ਤਰੀਕਿਆਂ ਨਾਲ ਹੋਇਆ। ਭਾਰਤੀ ਉਪ-ਮਹਾਦੀਪ ਬਰਤਾਨਵੀ ਸਾਮਰਾਜਵਾਦ ਦਾ ਗੁਲਾਮ ਰਿਹਾ। ਇਸ ਖਿੱਤੇ ਨੇ ਸਾਮਰਾਜ ਜ਼ਰੀਏ ਹੋਏ ਪੂੰਜੀ ਦੇ ਵਿਸਥਾਰ ਕਾਰਨ ਯੂਰਪੀ ਮੁਲਕਾਂ ਨਾਲੋਂ ਵੱਖਰੇ ਅਨੁਭਵ ਕੀਤੇ ਹਨ। ਬਰਤਾਨਵੀ ਪੂੰਜੀਪਤੀਆਂ ਨੇ ਇੱਥੋਂ ਦੀ ਲੋਕਾਈ ਨੂੰ 'ਸੱਭਿਅਕ' ਬਣਾਉਣ ਦੇ ਬਹਾਨੇ ਜੋ ਆਰਥਿਕ, ਸਿਆਸੀ ਤੇ ਸਮਾਜਿਕ ਮੋੜਾ ਦਿੱਤਾ, ਉਸ ਦੇ ਨਤੀਜੇ ਯੂਰਪੀ ਮੁਲਕਾਂ ਨਾਲੋਂ ਵੱਖਰੇ ਹਨ। ਸੱਭਿਅਕ ਬਣਾਉਣ ਦਾ ਇਹੀ ਬੀੜਾ ਸੰਨ ਸੰਤਾਲੀ ਤੋਂ ਬਾਅਦ ਭਾਰਤੀ ਰਿਆਸਤ/ਸਟੇਟ ਨੇ ਚੁੱਕਿਆ। ਮੂਲ ਤਬਦੀਲੀਆਂ ਕਰਨਾ ਕਦੇ ਇਸ ਦਾ ਮਕਸਦ ਵੀ ਨਹੀਂ ਰਿਹਾ ਜਿਸ ਤੇ ਵਿਸਥਾਰ ਨਾਲ ਗੱਲ ਵੱਖਰੇ ਲੇਖ ਵਿਚ ਹੀ ਸੰਭਵ ਹੈ।



***ਹਜ਼ਾਰਾਂ ਮੀਲਾਂ ਦਾ ਸਫਰ ਕਰਕੇ ਪੰਜਾਬ ਦੇ ਉਦਯੋਗਾਂ ਵਿਚ ਕੰਮ ਕਰਨ ਅਤੇ ਸ਼ਹਿਰਾਂ ਵਿਚ ਰਹਿਣ ਵਾਲੇ ਪਰਵਾਸੀ ਮਜ਼ਦੂਰ ਦਾ ਰਿਸ਼ਤਾ ਵੀ ਪਿੰਡ ਨਾਲ ਬਾ-ਦਸਤੂਰ ਜਾਰੀ ਹੈ। ਕਾਮਿਆਂ ਦਾ ਇਹ ਵਰਗ ਸਰਕਲ ਵਾਂਗ ਵਿਚਰਦਾ ਹੈ। ਪਰਿਵਾਰ ਦੀ ਅਲ੍ਹੜ ਉਮਰ ਕਿਰਤ ਸ਼ਕਤੀ ਸ਼ਹਿਰੀ ਕਾਰਖਾਨਿਆਂ ਵਿਚ ਹੱਡ-ਭੰਨਵੀਂ ਮਿਹਨਤ ਕਰਨ ਆਉਂਦੀ ਹੈ। ਬੁੱਢਾ ਤੇ ਬਿਮਾਰ ਕਿਰਤੀ ਆਪਣੀ ਖਤਮ ਹੋ ਚੁੱਕੀ ਕਿਰਤ ਸ਼ਕਤੀ ਨਾਲ ਵਾਪਸ ਪਿੰਡ ਮੁੜ ਜਾਂਦਾ ਹੈ। ਨੌਜਵਾਨ ਪਰਵਾਸੀ ਕਿਰਤੀ ਵੀ ਸਾਲ ਦਾ ਲੰਮਾ ਸਮਾਂ ਸ਼ਹਿਰ ਤੇ ਬਾਕੀ ਪਿੰਡ ਵਿਚ ਬਤੀਤ ਕਰਦਾ ਹੈ। ਕਰੋਨਾ ਕਾਲ ਦੌਰਾਨ ਬੇਵਸ ਪਰਵਾਸੀ ਮਜ਼ਦੂਰ ਦਾ ਪਿੰਡ ਮੁੜਨਾ ਸਾਰਿਆਂ ਨੂੰ ਪਤਾ ਹੈ।***

ਦੂਜਾ ਨੁਕਤਾ, ਮੌਜੂਦਾ ਕਿਰਤੀ ਵਰਗ (ਖਾਸਕਰ ਪੇਂਡੂ) ਦੇ ਸਰੂਪ ਬਾਰੇ ਹੈ। ਇਨ੍ਹਾਂ ਕਿਰਤੀਆਂ ਦਾ 18ਵੀਂ-19ਵੀਂ ਸਦੀ ਦੇ ਪੱਛਮੀ ਯੂਰਪ ਦੇ ਕਾਮਿਆਂ ਦੀ ਤਰਜ਼ 'ਤੇ ਗ਼ਰੀਬ ਸ਼ਹਿਰੀ ਸਨਅਤੀ ਮਜ਼ਦੂਰ ਵਰਗ ਬਣ ਜਾਣ ਦੀਆਂ ਸੰਭਾਵਨਾਵਾਂ ਬੜੀਆਂ ਮੱਧਮ ਹਨ। ਇਸ ਦਾ ਵੱਡਾ ਕਾਰਨ ਇਹ ਹੈ ਕਿ ਪੇਂਡੂ ਕਿਰਤੀਆਂ ਦਾ ਜ਼ਿਆਦਾਤਰ ਤਬਕਾ ਕਮਾਈ ਖੁਣੋਂ ਸ਼ਹਿਰ ਜਾ ਕੇ ਵਸਣ ਦੇ ਅਸਮਰੱਥ ਹੈ। ਪੰਜਾਬ ਦੀ ਮੌਜੂਦਾ ਸਨਅਤ ਦਾ ਸਰੂਪ ਵੱਖਰਾ ਹੈ। ਇਹ ਪੇਂਡੂ ਕਿਰਤ ਸ਼ਕਤੀ ਨੂੰ ਸਮੋ ਕੇ ਸ਼ਹਿਰੀ ਨਹੀਂ ਬਣਾ ਸਕਦੀ। ਪੰਜਾਬ ਦੇ ਪਿੰਡਾਂ ਦੀ ਲੋਕਲ ਕਿਰਤ ਸ਼ਕਤੀ ਪੈਂਡੂਲਮ ਵਾਂਗ ਹੈ। ਸਵੇਰੇ ਪਿੰਡੋਂ ਕੰਮ ਦੀ ਭਾਲ ਵਿਚ ਨਿਕਲਦੀ ਹੈ ਤੇ ਸ਼ਾਮੀਂ ਘਰਾਂ ਨੂੰ ਪਰਤ ਆਉਂਦੀ ਹੈ। ਉਨ੍ਹਾਂ ਦੀ ਕਰਮ ਭੂਮੀ ਸ਼ਹਿਰ ਅਤੇ ਠਿਕਾਣਾ ਪਿੰਡ ਹੈ।

ਪਿੰਡ ਦੀ ਕੰਮ ਦੇਣ ਅਤੇ ਸ਼ਹਿਰ ਦੀ ਰੱਖ ਲੈਣ ਦੀ ਸਮਰੱਥਾ ਨਹੀਂ ਹੈ। ਸੋ, ਪੇਂਡੂ ਕਾਮਿਆਂ ਦੇ ਇਸ ਲੇਖ ਦੇ ਲੇਖਕਾਂ ਜਾਂ ਇਸੀ ਲੀਕ ਨੂੰ ਪ੍ਰਨਾਏ ਬੁੱਧੀਜੀਵੀਆਂ ਦੇ ਸੁਪਨਿਆਂ ਵਾਲਾ ਮਜ਼ਦੂਰ ਵਰਗ ਬਣ ਜਾਣ ਦੀਆਂ ਸੰਭਾਵਨਾਵਾਂ ਨਿਗੂਣੀਆਂ ਹਨ। ਇਸ ਤੋਂ ਇਲਾਵਾ ਪੇਂਡੂ ਕਿਰਤੀ (ਖਾਸ ਤੌਰ ਤੇ ਦਲਿਤ ਤਬਕੇ) ਦੀ ਕੰਮ ਪੱਖੋਂ ਵੀ ਬਹੁਤ ਵਿਭਿੰਨਤਾ ਹੈ। ਇਨ੍ਹਾਂ ਕਿਰਤੀਆਂ ਦਾ ਸਮੂਹ ਤੁਰਦਾ ਤਾਂ ਪਿੰਡ ਵਿਚੋਂ ਭਾਵੇਂ ਸੈਂਕੜਿਆਂ ਦੀ ਗਿਣਤੀ ਵਿਚ ਹੋਵੇ ਪਰ ਪਿੰਡ ਦੀ ਜੂਹ ਟੱਪਦੇ ਸਾਰ ਹੀ ਆਪੋ-ਆਪਣੇ ਰਾਹ ਪੈ ਜਾਂਦਾ ਹੈ। ਕਿਰਤ ਦੀ ਇਹ ਵਿਭਿੰਨਤਾ ਵੀ ਇਸ ਸਮੂਹ ਵਿਚ ਜਮਾਤੀ ਚੇਤਨਾ ਦੀ ਬਜਾਇ ਜਾਤੀ ਚੇਤਨਾ ਦੇ ਪਸਾਰ ਦੇ ਵੱਧ ਹੋਣ ਦਾ ਕਾਰਨ ਬਣਦੀ ਹੈ। ਇਹ ਵਿਸਥਾਰ ਸਹਿਤ ਅਧਿਐਨ ਦਾ ਵਿਸ਼ਾ ਹੈ। ਜੇ ਗੈਰ-ਸਅਨਤੀ ਖੇਤਰ ਦੇ ਕਾਮਿਆਂ ਨੂੰ ਫਿਲਹਾਲ ਛੱਡ ਵੀ ਦਈਏ, ਤਾਂ ਕੀ ਕਿਰਤੀ ਲਘੂ ਤੋਂ ਵੱਡੀਆਂ ਸਨਅਤਾਂ ਵਿਚ ਕੰਮ ਕਰਨ ਤੇ ਰੋਜ਼ ਪਿੰਡ ਮੁੜਨ ਦੀ ਕਵਾਇਦ ਦੌਰਾਨ ਸਨਅਤੀ ਮਜ਼ਦੂਰ ਵਾਲੀ ਵਰਗ ਚੇਤਨਾ ਹਾਸਲ ਕਰ ਸਕਦਾ ਹੈ?

ਹਜ਼ਾਰਾਂ ਮੀਲਾਂ ਦਾ ਸਫਰ ਕਰਕੇ ਪੰਜਾਬ ਦੇ ਉਦਯੋਗਾਂ ਵਿਚ ਕੰਮ ਕਰਨ ਅਤੇ ਸ਼ਹਿਰਾਂ ਵਿਚ ਰਹਿਣ ਵਾਲੇ ਪਰਵਾਸੀ ਮਜ਼ਦੂਰ ਦਾ ਰਿਸ਼ਤਾ ਵੀ ਪਿੰਡ ਨਾਲ ਬਾ-ਦਸਤੂਰ ਜਾਰੀ ਹੈ। ਕਾਮਿਆਂ ਦਾ ਇਹ ਵਰਗ ਸਰਕਲ ਵਾਂਗ ਵਿਚਰਦਾ ਹੈ। ਪਰਿਵਾਰ ਦੀ ਅਲ੍ਹੜ ਉਮਰ ਕਿਰਤ ਸ਼ਕਤੀ ਸ਼ਹਿਰੀ ਕਾਰਖਾਨਿਆਂ ਵਿਚ ਹੱਡ-ਭੰਨਵੀਂ ਮਿਹਨਤ ਕਰਨ ਆਉਂਦੀ ਹੈ। ਬੁੱਢਾ ਤੇ ਬਿਮਾਰ ਕਿਰਤੀ ਆਪਣੀ ਖਤਮ ਹੋ ਚੁੱਕੀ ਕਿਰਤ ਸ਼ਕਤੀ ਨਾਲ ਵਾਪਸ ਪਿੰਡ ਮੁੜ ਜਾਂਦਾ ਹੈ। ਨੌਜਵਾਨ ਪਰਵਾਸੀ ਕਿਰਤੀ ਵੀ ਸਾਲ ਦਾ ਲੰਮਾ ਸਮਾਂ ਸ਼ਹਿਰ ਤੇ ਬਾਕੀ ਪਿੰਡ ਵਿਚ ਬਤੀਤ ਕਰਦਾ ਹੈ। ਕਰੋਨਾ ਕਾਲ ਦੌਰਾਨ ਬੇਵਸ ਪਰਵਾਸੀ ਮਜ਼ਦੂਰ ਦਾ ਪਿੰਡ ਮੁੜਨਾ ਸਾਰਿਆਂ ਨੂੰ ਪਤਾ ਹੈ।

ਜਿਨ੍ਹਾਂ ਮੁਲਕਾਂ ਵਿਚ ਪੂੰਜੀਵਾਦ ਦੇਰ ਨਾਲ ਪਹੁੰਚਿਆ (ਖਾਸਕਰ ਤੀਜੀ ਦੁਨੀਆ ਕਹੇ ਜਾਣ ਵਾਲੇ ਖਿੱਤੇ ਦੇ ਮੁਲਕ), ਉਨ੍ਹਾਂ ਦੇ ਸੁਹਿਰਦ ਬਾਸ਼ਿੰਦੇ ਇਸ ਸਵਾਲ ਨਾਲ ਲਗਾਤਾਰ ਜੂਝਦੇ ਹਨ ਕਿ ਸਮਾਜਿਕ ਤਬਦੀਲੀ ਕਿਹੜੇ ਢੰਗ-ਤਰੀਕਿਆਂ ਨਾਲ ਆਏਗੀ। ਕੀ ਸਮਾਜਵਾਦੀ ਕ੍ਰਾਂਤੀ ਲਿਆਉਣ ਲਈ ਪੂੰਜੀਵਾਦੀ ਵਿਵਸਥਾ ਵਿਚੋਂ ਨਿਕਲਣਾ ਬੁਨਿਆਦੀ ਸ਼ਰਤ ਹੈ? ਜੇ ਸਮਾਜਵਾਦੀ ਕ੍ਰਾਂਤੀ ਨੂੰ ਸਨਅਤੀ ਮਜ਼ਦੂਰਾਂ ਨੇ ਅਗਵਾਈ ਦੇਣੀ ਹੈ, ਤਾਂ ਕੀ ਇਸ ਖਿੱਤੇ ਦੇ ਮਜ਼ਦੂਰਾਂ ਨੂੰ ਪੱਛਮੀ ਯੂਰਪ ਦੇ ਮਜ਼ਦੂਰ ਵਰਗ ਵਾਂਗ ਬਣਨਾ ਪਵੇਗਾ? ਕੀ ਸਮਾਜ ਦੇ ਕਿਸੇ ਤਬਕੇ ਨੇ ਆਪ ਸਨਅਤੀ ਮਜ਼ਦੂਰ ਬਣਨਾ ਤੈਅ ਕੀਤਾ ਹੈ? ਇਹ ਸਵਾਲ ਮਾਰਕਸਵਾਦ ਦੇ ਅਹਿਮ ਸਿਧਾਂਤ ਦਵੰਦਵਾਦ ਨਾਲ ਵੀ ਜੁੜਦਾ ਹੈ ਜੋ ਕਿਸੇ ਵਰਗ ਦੀ ਹੋਂਦ ਨੂੰ ਇਕੱਲਤਾ ਵਿਚ ਦੇਖਣੋਂ ਵਰਜਦਾ ਹੈ; ਭਾਵ ਮਜ਼ਦੂਰ ਵਰਗ ਦੇ ਸਰੂਪ ਨੂੰ ਪੂੰਜੀਪਤੀ ਵਰਗ ਦੇ ਸਰੂਪ ਅਤੇ ਲੋੜ ਤੋਂ ਬਿਨਾ ਸਮਝਣਾ ਅਧੂਰਾ ਹੈ। 18ਵੀਂ-19ਵੀਂ ਸਦੀ ਵਿਚ ਉੱਭਰ ਰਹੇ ਪੂੰਜੀਪਤੀ ਵਰਗ ਨੂੰ ਵੱਡੇ ਕਾਰਖਾਨਿਆਂ ਲਈ ਸੈਂਕੜੇ ਕਾਮੇ ਲੋੜੀਂਦੇ ਸਨ। ਉਸ ਨੇ ਸੱਤਾ ਦਾ ਸਹਾਰਾ ਲੈ ਕੇ ਕਿਸਾਨ ਉਜਾੜਿਆ ਅਤੇ ਸ਼ਹਿਰੀ ਸਨਅਤੀ ਮਜ਼ਦੂਰ ਬਣਨ ਲਈ ਮਜਬੂਰ ਕੀਤਾ। ਕੀ ਮੌਜੂਦਾ ਪੂੰਜੀਪਤੀ ਵਰਗ ਇਸ ਤਰ੍ਹਾਂ ਦਾ ਮਜ਼ਦੂਰ ਵਰਗ ਹੋਂਦ ਵਿਚ ਲਿਆਉਣ ਦੀ ਲੋੜ ਮਹਿਸੂਸ ਕਰ ਰਿਹਾ ਹੈ? ਕੀ ਮੌਜੂਦਾ ਪੂੰਜੀਪਤੀ/ਉਦਯੋਗਪਤੀ ਖੁਦ 18ਵੀਂ-19ਵੀਂ ਸਦੀ ਦੇ ਯੂਰਪ ਦੀ ਤਰਜ਼ ਵਾਲਾ ਹੈ? ਕੀ ਭਵਿੱਖ ਵਿਚ ਹੋਣ ਵਾਲੇ ਪੂੰਜੀ ਨਿਵੇਸ਼ ਦੇ ਸਿੱਟੇ ਵਜੋਂ ਸਾਡੇ ਸੁਪਨਿਆਂ ਵਾਲਾ ਸਅਨਤੀ ਮਜ਼ਦੂਰ ਪੈਦਾ ਹੋ ਜਾਵੇਗਾ? ਮਸ਼ੀਨੀਕਰਨ ਤੇ ਗੈਰ-ਜਥੇਬੰਦ ਖੇਤਰਾਂ ਦੀ ਭਰਮਾਰ ਦੇ ਦੌਰ ਵਿਚ ਅਸੀਂ ਕਿਸ ਕਿਸਮ ਦੇ ਮਜ਼ਦੂਰ ਵਰਗ ਦਾ ਤਸੱਵੁਰ ਕਰ ਰਹੇ ਹਾਂ?

ਤੀਜਾ ਨੁਕਤਾ ਪੰਜਾਬ ਦੇ ਜਮਹੂਰੀਕਰਨ ਦਾ ਹੈ। ਕੀ ਪੰਜਾਬ ਜਾਂ ਭਾਰਤ ਦੇ ਜਮਹੂਰੀਕਰਨ ਦਾ ਤਸੱਵੁਰ ਉਦਯੋਗੀਕਰਨ, ਸ਼ਹਿਰੀਕਰਨ ਅਤੇ ਜਮਹੂਰੀਕਰਨ ਵਾਲੀ ਤਿਕੜੀ ਦੀ ਤਰਤੀਬ ਮੁਤਾਬਿਕ ਹੋਵੇਗਾ? ਜਾਂ ਪਹਿਲਾਂ ਉਦਯੋਗੀਕਰਨ ਆਏਗਾ, ਫਿਰ ਸ਼ਹਿਰੀਕਰਨ ਹੋਏਗਾ ਤੇ ਅਖੀਰ ਸਨਅਤੀ ਮਜ਼ਦੂਰ ਵਰਗ ਤੇ ਤਰੱਕੀਪਸੰਦ ਸ਼ਹਿਰੀ ਜੋਟੀ ਪਾ ਕੇ ਆਪਣੇ ਹਕੂਕ ਲਈ ਲੜਦਿਆਂ ਜਮਹੂਰੀ ਅੰਬਰਾਂ ਵਿਚ ਉਡਾਰੀਆਂ ਭਰਨਗੇ। ਪੰਜਾਬ ਦੇ ਹਾਲਾਤ ਨੂੰ ਧਿਆਨ ਵਿਚ ਰੱਖਦਿਆਂ ਸਮਾਜਿਕ ਜਮਹੂਰੀਕਰਨ ਦੇ ਸੰਘਰਸ਼ਾਂ ਦਾ ਖਾਸਾ ਕਿਸ ਤਰ੍ਹਾਂ ਦਾ ਹੋਵੇਗਾ? ਭਾਰਤੀ ਉਪ-ਮਹਾਦੀਪ ਦੇ ਮੌਜੂਦਾ ਤੇ ਇਤਿਹਾਸਕ ਅੰਦੋਲਨਾਂ (ਜਮਾਤੀ ਤੇ ਗੈਰ-ਜਮਾਤੀ) ਦੀਆਂ ਪ੍ਰਾਪਤੀਆਂ ਤੇ ਸੀਮਤਾਈਆਂ ਦਾ ਗਹਿਰ ਅਧਿਐਨ ਜ਼ਰੂਰੀ ਹੈ।

ਮੁੱਕਦੀ ਗੱਲ, ਪੁਰਖਿਆਂ ਦਾ ਬੋਝ ਮੋਢਿਆਂ ਤੋਂ ਲਾਹ, ਭਵਿੱਖੀ ਸਫਰ ਉਨ੍ਹਾਂ ਨੂੰ ਹਮਰਾਹੀ ਬਣਾ ਕੇ ਤੈਅ ਕਰਨ ਦਾ ਯਤਨ ਆਰੰਭੀਏ। ਜੋ ਜਿੰਨਾ ਪੰਧ ਤੈਅ ਕਰਵਾ ਸਕੇ, ਸੋ ਭਲਾ। ਸੁਹਿਰਦ ਖੋਜੀ ਬਣਨ ਅਤੇ ਰਹਿੰਦਾ ਸਫਰ ਆਪ ਕਰਨ ਦਾ ਤਹੱਈਆ ਕਰੀਏ।

# ਦੌਧਰ ਦਾ ਦੋਹਤਰਾ

***ਮੋਗੇ ਵੱਸਦੇ ਪੰਜਾਬੀ ਰਚਨਾਕਾਰ ਕੇ.ਐਲ. ਗਰਗ ਦੀਆਂ ਰਚਨਾਵਾਂ ਦਾ ਆਪਣਾ ਹੀ ਰੰਗ ਹੈ ਅਤੇ ਉਨ੍ਹਾਂ ਦੇ ਜੀਵਨ ਦਾ ਰੰਗ-ਢੰਗ ਵੀ ਬੜਾ ਦਿਲਚਸਪ ਹੈ। ਉਨ੍ਹਾਂ ਕਹਾਣੀਆਂ ਲਿਖੀਆਂ, ਨਾਵਲ ਜੋੜੇ, ਆਪਣੀਆਂ ਵਿਅੰਗ ਰਚਨਾਵਾਂ ਦੇ ਤਿੱਖੇ ਬਾਣ ਚਲਾਏ ਅਤੇ ਇਸ ਦੇ ਨਾਲ-ਨਾਲ ਅਨੁਵਾਦ ਦੇ ਖੇਤਰ ਵਿਚ ਵੀ ਭਰਵੀਂ ਹਾਜ਼ਰੀ ਲੁਆਈ ਹੈ। ਗਲਪਕਾਰ ਗੁਰਮੀਤ ਕੜਿਆਲਵੀ ਨੇ ਇਨ੍ਹਾਂ ਰੰਗਾਂ ਦੇ ਵੱਖ-ਵੱਖ ਪੱਖ ਆਪਣੇ ਇਸ ਰੇਖਾ ਚਿੱਤਰ 'ਚ ਬਾਖੂਬੀ ਉਘਾੜੇ ਹਨ, ਜਿਸ ਦੀ ਦੂਜੀ ਤੇ ਆਖਰੀ ਕਿਸ਼ਤ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ।***

ਮੋਬਾਈਲ ਫੋਨ 'ਤੇ ਇਕ ਦੂਜੇ ਨਾਲ ਪ੍ਰੋਗਰਾਮ ਤੈਅ ਕਰ ਕੇ ਸਾਡਾ ਭੂਰਲੀ ਜਥਾ ਅੰਮ੍ਰਿਤਸਰ ਨੂੰ ਚਾਲੇ ਪਾ ਦਿੰਦਾ ਹੈ। ਵਿਰਸਾ ਵਿਹਾਰ ਨੇੜਲੀ ਆਰਟ ਗੈਲਰੀ ਵਿਚ ਲੇਖਕ-ਲੇਖਿਕਾਵਾਂ ਦੀ ਚੰਗੀ-ਚੋਖੀ ਭੀੜ ਹੈ। ਵਿਦਵਾਨਾਂ ਵਲੋਂ ਆਪਣੇ ਚਹੇਤੇ ਅਤੇ ਬਰਾਦਰੀ ਵਾਲੇ ਪੰਜ ਚਾਰ ਕਹਾਣੀਕਾਰਾਂ ਦੀ ਕੀਤੀ ਹੋਈ ਸਿਹਰਾਬੰਦੀ ਸੁਣਨ ਤੋਂ ਬਾਅਦ ਅਸੀਂ ਬਾਹਰ ਆ ਖੜ੍ਹਦੇ ਹਾਂ।

"ਕੜਿਆਲਵੀ ਐਹ ਲੇਖਿਕਾਵਾਂ 'ਚੋਂ ਕਿੰਨੀਆਂ ਕੁ ਨੂੰ ਜਾਣਦੈਂ?"

"ਖਾਸ ਨੀ.. .. .. ਦਰਅਸਲ ਮੈਂ ਕਦੇ ਖਿਆਲ ਈ ਨਹੀਂ ਕੀਤਾ।"

"ਕਮਾਲ ਐ ਯਾਰ! ਖਿਆਲ ਰੱਖਿਆ ਕਰ। ਅਜੇ ਤੇਰੀ ਉਮਰ ਐ।" ਗਰਗ ਟੋਟਣ ਖੁਰਕਣ ਲੱਗਦਾ ਹੈ।

"ਰੱਖਿਆ ਤਾਂ ਸੀ ਖਿਆਲ, ਹੋਰ ਇਹਨੇ ਠੇਕਾ ਲਿਆ ਖਿਆਲ ਰੱਖਣ ਦਾ?" ਸਾਹਿਤ ਦਾ ਡਰਾਈਵਰ ਵੀ ਟਾਂਚ ਲਾਉਣੋਂ ਬਾਜ਼ ਨੀਂ ਆਉਂਦਾ।

"ਡਾਂਗਾਂ ਵੀ ਤਾਂ ਇਹਨੇ ਈ ਖਾਧੀਆਂ।"

**ਗੁਰਮੀਤ ਕੜਿਆਲਵੀ**
**ਫੋਨ: 98726-40994**

ਗਰਗ ਦੇ ਚਿੱਟੇ ਦੰਦ ਹੱਸਣੋਂ ਨਹੀਂ ਰਹਿੰਦੇ।

"ਗਰਗ ਸਾਹਿਬ ਤੁਸੀਂ ਵੀ ਖਿਆਲ ਰੱਖ ਲਿਆ ਕਰੋ.. .. .. ਥੋੜਾ ਮਾਡਲ ਵੀ ਤਾਂ ਆਉਂਦਾ ਈ ਐ ਗੋਸ਼ਟੀਆਂ 'ਚ। ਨਾਲੇ ਹੁਣ ਤਾਂ ਅਮਰੀਕਾ-ਕੈਨੇਡਾ ਵੀ ਜਾਂਦੇ ਆਉਂਦੇ ਰਹਿਨੇ ਓਂ.. .. .. ਉੱਥੇ ਤਾਂ ਕਹਿੰਦੇ ਸੀ ਖਾਸੀ ਆਜ਼ਾਦੀ ਐ। ਬਥੇਰੀਆਂ ਟੱਕਰੀਆਂ ਹੋਣੀਆਂ.. .. .. ਮੈਡਮ ਨਹੀਂ ਸੀ ਰੋਕਦੀ?"

"ਲਾਈ ਸੀ ਤੇਰੇ ਵਰਗਿਆਂ ਨੇ ਉਂਗਲ ਅਖੇ ਗਰਗ ਨੂੰ ਫੰਕਸ਼ਨਾਂ-ਫੁੰਕਸ਼ਨਾਂ 'ਤੇ ਨਾ ਜਾਣ ਦਿਆ ਕਰ ਬਹੁਤਾ। ਉਥੇ ਗੋਰੀਆਂ ਨਾਲ ਮੇਲ-ਜੋਲ ਕਰਦਾ।"

"ਗਰਗ ਸਾਹਿਬ ਘੱਟ ਤਾਂ ਜਵਾਨੀ ਵਾਰੇ ਤੁਸੀਂ ਵੀ ਨੀਂ ਕੀਤੀ। ਰੱਸੇ-ਪੈੜੇ ਤਾਂ ਤੁਸੀਂ ਵੀ.. .. ..?" ਮੈਂ ਕਹਿੰਦਾ-ਕਹਿੰਦਾ ਰੁਕ ਜਾਂਦਾ ਹਾਂ। ਗਰਗ ਸਾਹਿਬ ਹੁਰਾਂ ਦੀ ਉਮਰ ਆੜੇ ਆ ਜਾਂਦੀ ਹੈ।

ਸਾਡਾ ਕਾਹਦਾ ਇਸ਼ਕ ਸੀ। ਐਵੇਂ ਦੂਰੋਂ-ਦੂਰੋਂ ਈ ਕੀਤਾ ਸੀ ਛੰਨੇ ਪਿੰਡ ਆਲੀ ਨਾਲ। ਕੜਿਆਲਵੀ, ਉਦੋਂ ਹਾਲਾਤ ਈ ਸਾਜ਼ਗਾਰ ਨੀਂ ਸੀਗੇ, ਮਹੀਂਵਾਲ ਵਾਂਗੂੰ ਝਨਾਂ ਈ ਨੀਂ ਤਰ ਹੋਈ। ਫੇਰ ਕਈ ਵਰ੍ਹੇ ਪਿੱਛੋਂ ਮਿਲੀ ਸੀ.. .. ਜੁਆਕ ਕੁੱਛੜ ਚੁੱਕੀ.. .. .. ਅੱਖਾਂ ਵਿਚ ਐਨ ਉਹੋ ਜਿਹੀ ਲਿਸ਼ਕ.. ..ਜਿਹੜੀ ਜਵਾਨੀ ਦੇ ਤਪਦੇ ਵਰ੍ਹਿਆਂ 'ਚ ਹੁੰਦੀ ਸੀ।

"ਅਮਰੀਕਾ-ਕੈਨੇਡਾ"

"ਚੱਕਣ ਵਾਲਿਆਂ ਨੇ ਬਥੇਰਾ ਚੱਕਿਆ ਮੈਡਮ ਨੂੰ ਅਖੇ ਇਹ ਅਮਰੀਕਾ ਹੈ.. .. ਬੰਦੇ ਦਾ ਕੋਈ ਭਰੋਸਾ ਨੀਂ.. .. ਬੰਦਾ ਕੀ ਇੱਥੇ ਤਾਂ ਕਿਸੇ ਦਾ ਵੀ ਭਰੋਸਾ ਹੈਨੀ। ਐਵੇਂ ਕਿਤੇ.. .. ..।"

"ਫੇਰ?"

"ਫੇਰ ਕੀ ਮੈਡਮ ਨੀਂ ਆਈ ਗੱਲਾਂ 'ਚ। ਕਹਿੰਦੀ ਹੁਣ ਕੋਈ ਡਰ ਨਹੀਂ।" ਸੁਰਜੀਤ ਬਰਾੜ ਦੀ ਪੁੱਛ ਦਾ ਜਵਾਬ ਦਿੰਦਿਆਂ, ਸੱਜੇ ਹੱਥ ਨੂੰ ਜਾਣੇ-ਪਛਾਣੇ ਅੰਦਾਜ਼ ਵਿਚ ਹਿਲਾਉਂਦਾ ਹੈ।

"ਗਰਗ ਸਾਹਿਬ ਹੁਣ ਤਾਂ ਮੈਡਮ ਥੋਡਾ ਕੁਛ ਲਿਖਿਆ ਵੀ ਨੀਂ ਪੜ੍ਹਦੇ ਹੋਣੇ-ਕਿ ਪੜ੍ਹ ਲੈਂਦੇ ਨੇ?"

"ਕਾਹਨੂੰ ਪੜ੍ਹਦੀ ਐ। ਉਹ ਤਾਂ ਆਖਦੀ, ਕੀ ਝੱਖ ਮਾਰੀ ਜਾਨੇ ਓਂ ਤੁਸੀਂ। ਸਮਝ ਤਾਂ ਥੋਡੀ ਕੁਛ ਲੱਗਦੀ ਲੁੱਗਦੀ ਨੀਂ।"

ਇੰਨੇ ਨੂੰ ਅਸੀਂ ਅੰਗਰੇਜ਼ੀ ਸ਼ਰਾਬ ਦੇ ਠੇਕੇ ਕੋਲ ਆ ਖੜ੍ਹਦੇ ਹਾਂ।

"ਕੜਿਆਲਵੀ! ਆਹ ਬਰਾੜ ਆਂਹਦਾ ਥੱਕੇ ਜਏ ਪਏ ਆਂ।" ਬਲਦੇਵ ਘੁੱਟ-ਘੁੱਟ ਲਾਉਣ ਲਈ ਭੂਮਿਕਾ ਬੰਨ੍ਹਦਾ ਹੈ। ਦਰਅਸਲ ਕਿਸੇ ਵੀ ਖਾਣ-ਪੀਣ ਵਾਲੀ ਚੀਜ਼ ਲਈ ਸਾਡਾ ਜਥਾ ਇਸੇ ਤਰ੍ਹਾਂ ਬਰਾੜ ਦਾ ਨਾਂ ਵਰਤ ਲੈਂਦਾ ਹੈ ਜਿਵੇਂ,


"ਬਰਾੜ ਆਂਹਦਾ ਰੋਟੀ ਨਾ ਖਾ ਲਈਏ।"

"ਬਰਾੜ ਆਂਹਦਾ ਚਾਹ ਦੀ ਤਲਬ ਲੱਗੀ ਐ।" ਆਦਿ।

"ਚਲੋ ਲਾ ਲੈਨੇਂ ਨਿੱਕਾ-ਨਿੱਕਾ, ਲੰਡੂ ਜਿਹਾ। ਆਏਂ ਕਰਦੇ.. .. ਅਮਰੀਕਾ ਵਾਲਾ ਢੰਗ ਵਰਤੀਏ। ਕੱਢੋ ਸੌ-ਸੌ। ਬਲਦੇਵ, ਫੜ ਲਿਆ ਜਾ ਕੇ, ਪੈਸੇ ਆ ਕੇ ਲੈ ਲੀਂ। ਲੈ ਆ ਜਾ ਕੇ।" ਗਰਗ ਪੈਸੇ ਕੱਢਣ ਲਈ ਪਰਸ ਫਰੋਲਣ ਲੱਗਦਾ ਹੈ। ਬਲਦੇਵ ਸਿੰਘ ਠੇਕੇ ਤੋਂ ਆਪਣੀ ਮਨਪਸੰਦ ਬੋਤਲ ਫੜ ਲਿਆਉਂਦਾ ਹੈ।

"ਕੋਈ ਚੱਜ ਦੀ ਫੜ ਲੈਣੀ ਸੀ.. .. .. ਡੂਢ-ਡੂਢ ਤਾਂ ਪੈੱਗ ਲਾਉਣਾ। ਚੱਲ ਠੀਕ ਐ ਜਿਹੜੀ ਲੈ ਆਂਦੀ ਹੁਣ। ਸਿਰ ਈ ਘੁਕਾਉਣਾ ਕੋਈ ਹੋਈ।" ਗਰਗ ਬੜੀ ਲਿਮਟ ਵਿਚ ਪੀਂਦਾ ਹੈ। ਕੇਵਲ ਦੋ ਪੈੱਗ। ਉਸ ਤੋਂ ਬਾਅਦ ਜੇਕਰ ਕਿਤੇ ਇਕ ਅੱਧ ਵਾਧੂ ਪੈੱਗ ਲਾ ਲਵੇ, ਟਕਸਾਲੀ ਪੰਜਾਬੀ ਛੱਡ ਕੇ ਗੂੜ੍ਹ ਮਲਵਈ 'ਤੇ ਆ ਜਾਂਦਾ ਹੈ।

"ਬਲਦੇਵ ਦੀ ਆਹ ਮਾੜੀ ਨੀਤ ਨੀਂ ਜਾਣੀ ਸਾਰੀ ਉਮਰ.. .. .. ਕੀ ਘਾਟ ਐ ਇਹਨੂੰ? ਹੈ ਕੋਈ ਘਾਟ? ਮੁੰਡੇ ਸੈੱਟ ਨੇ ਚੰਗੇ ਭਲੇ। ਨੂੰਹਾਂ ਅੱਡ ਕਾਰੋਬਾਰ 'ਤੇ ਨੇ। ਰਾਇਲਟੀ ਦੇ ਰੂਪ ਵਿਚ ਧੜਾਧੜ ਨੋਟ ਡਿੱਗੀ ਜਾਂਦੇ। ਕੋਈ ਘਾਟ ਨੀਂ ਕਿਸੇ ਪਾਸਿਓਂ। ਸੁਨਿਆਰੇ ਦੇ ਕੜਾ ਲੋਟ ਆਇਆ। ਹਰ ਵਰਿਆਈ ਮੱਝ ਵਾਂਗੂੰ ਆਏ ਸਾਲ ਨਾਵਲ ਲਿਖ ਮਾਰਦਾ ਪਰ ਮਰੂੰ-ਮਰੂੰ ਕਰਨੋਂ ਫੇਰ ਨੀਂ ਹਟਦਾ। ਹੁਣ ਆਹ ਦੇਖ ਕੀ ਫੜ ਲਿਆਂਦੀ। ਬੰਦਾ ਦਾਰੂ ਤਾਂ ਚੰਗੀ ਪੀਵੇ ਜਿਹੜੀ ਦੋ ਪੈੱਗ ਪੀਣੀ। ਸੌ ਪੰਜਾਹ ਨਾਲ ਕੀ ਫਰਕ ਪੈਂਦਾ? ਐਧਰ ਦੇਖ ਲੈ... ਬੜੇ ਮਾੜੇ ਦਿਨ ਦੇਖੇ... ਉਦੋਂ ਰੂੜੀ ਮਾਰਕਾ ਵੀ ਪੀਤੀ ਰੱਜ ਕੇ। ਨੂਣ ਨਾਲ ਵੀ ਪੀਂਦੇ ਰਹੇ ਆਂ... ਚਿੱਟੇ ਮੁਰਗੇ ਨਾਲ। ਹੁਣ ਮਾਰਾਜ ਦੀ ਮੇਹਰ ਆ। ਚਾਰ ਪੈਸੇ ਹੈਗੇ ਦਾਰੂ ਚੰਗੀ ਪੀਈ ਦੀ। ਐਵੇਂ ਭਚੀੜੀ ਜਾਣ ਦਾ ਕੀ ਫਾਇਦਾ?"



ਥੋੜ੍ਹਾ ਜਿਹਾ ਪਾਸੇ ਹੋ ਕੇ ਗਰਗ ਆਪਣੀ ਭੜਾਸ ਕੱਢਦਾ ਹੈ।

"ਹਾਅ ਕੌਣ ਨੇ.. .. ..? ਕੜਿਆਲਵੀ ਤੂੰ ਤਾਂ ਜਾਣਦਾ ਹੋਵੇਂਗਾ? ਇਹ ਵੀ ਲੇਖਕ-ਲੂਖਕ ਈ ਹੋਣੇ?" ਗਰਗ ਨੇ ਸਾਡੇ ਤੋਂ ਥੋੜ੍ਹੀ ਦੂਰ ਆਂਡਿਆਂ ਵਾਲੀ ਰੇਹੜੀ ਦੇ ਦੁਆਲੇ ਪਾਲ ਬੰਨ੍ਹੀ ਖੜ੍ਹੇ ਤੇ ਦਾਰੂ ਦਾ ਸੁਆਦ ਮਾਣ ਰਹੇ ਕੁਝ ਲੇਖਕ ਮੁੰਡਿਆਂ ਵੱਲ ਇਸ਼ਾਰਾ ਕਰਦਿਆਂ ਮੈਨੂੰ ਪੁੱਛਿਆ ਸੀ।

"ਤੈਨੂੰ ਨੀਂ ਪਤਾ.. ..ਇਹ ਦੁਆਬੇ ਦੇ ਮਸ਼ਹੂਰ ਵਿਦਵਾਨਾਂ ਦਾ ਜਥਾ ਹੈ। ਜਿਵੇਂ ਆਪਣਾ ਮੋਗੇ ਵਾਲਾ ਆ। ਇਹ ਹੁਣ ਤਲਵਿੰਦਰ ਦੇ ਸੱਦੇ 'ਤੇ ਆਏ ਨੇ... ਹੁਣ ਦਾਰੂ ਨਾਲ ਰੱਜ ਕੇ ਸਿਗਰਟਾਂ ਦੀ ਧੂਹ ਵਰਾਉਣਗੇ।" ਬਲਦੇਵ ਮੇਰੇ ਤੋਂ ਪਹਿਲਾਂ ਹੀ ਬੋਲਿਆ ਸੀ।

"ਨੀ ਉਹ ਤਾਂ ਠੀਕ ਐ.. .. .. ਵਿਦਵਾਨ ਐ ਇਹ ਵੀ ਠੀਕ ਐ... ਪਰ ਇਹਦੇ ਸਿਰ ਨੂੰ ਕੀ ਹੋਇਆ?" ਗਰਗ ਪੂਰੇ ਤਰਾਰੇ ਵਿਚ ਹੈ। ਦਾਰੂ ਪੀ ਕੇ ਉਹ ਕਰਾਰੀਆਂ-ਕਰਾਰੀਆਂ ਗਾਹਲਾਂ ਕੱਢਦਾ ਹੈ। ਪੀਣ ਬਾਅਦ ਉਸ ਦੇ ਮੁਖਾਰ ਬਿੰਦ 'ਚੋਂ ਤੱਤਾ-ਤੱਤਾ ਰਸ ਚੋਣ ਲੱਗਦਾ ਹੈ।

"ਗਰਗ ਬਾਣੀਆ ਨਈਂ...।" ਬਲਦੇਵ ਵਿਅੰਗ ਕਰਦਾ ਹੈ।

"ਕੀ ਭਾਵ ਤੇਰਾ?" ਸੁਰਜੀਤ ਬਰਾੜ ਮੁਸਕੜੀਏਂ ਹੱਸਦਾ ਪ੍ਰਸ਼ਨ ਚਿੰਨ੍ਹ ਲਟਕਾਉਂਦਾ ਹੈ।

"ਯਾਰ ਸਾਰਾ ਮੁਲਕ ਘੁੰਮਿਆ ਮੈਂ.. .. .. ਟਰੱਕ ਡਰਾਈਵਰ ਰਿਹਾਂ ਐਨਾ ਚਿਰ। ਐਨੀਆਂ ਤੱਤੀਆਂ-ਤੱਤੀਆਂ ਗਾਹਲਾਂ ਤਾਂ ਡਰਾਈਵਰ ਵੀ ਨੀਂ ਕੱਢਦੇ।"

"ਬਲਦੇਵ ਹਾਅ ਦੇਖ.. .. ਵੱਡੀ ਸ਼੍ਰੋਮਣੀ ਲੇਖਕਾ ਬਣੀ ਫਿਰਦੀ ਐ। ਕਾਹਦੀਆਂ ਗੱਲਾਂ ਹੁਣ ਤਾਂ ਲੱਲੀ-ਛੱਲੀ ਸ਼੍ਰੋਮਣੀ ਹੋਈ ਫਿਰਦੀ।" ਗਰਗ ਦੀ ਗਰਾਰੀ ਅੜਨ ਲੱਗਦੀ ਹੈ।

"ਚੱਲੋ... ਚੱਲੀਏ ਹੁਣ ਘਰਾਂ ਨੂੰ। ਬਥੇਰੇ ਦਰਸ਼ਨ ਹੋਗੇ ਵਿਦਵਾਨਾਂ ਦੇ। ਕੜਿਆਲਵੀ ਹੈ ਇੱਥੇ ਕੁਝ ਕੱਢਣ ਪਾਉਣ ਨੂੰ ... ਕੋਈ ਕਹਿੰਦਾ ਪੰਜਾਬੀ ਕਹਾਣੀ ਅਸਮਾਨ 'ਤੇ ਚੜ੍ਹਗੀ... ਕੋਈ ਕਹਿੰਦਾ ਵਿਸ਼ਵ ਦੀ ਕਹਾਣੀ ਨਾਲੋਂ ਅੱਗੇ ਲੰਘਗੀ। ਆਵਦੇ ਈ ਫਤਵੇ ਸੁਣਾਈ ਜਾਂਦੇ। ਇਹ ਜਿਹੜੇ ਵਿਦਵਾਨ ਐ ਨਾ... ਸਾਰੇ ਸਦਾਮ ਹੁਸੈਨ ਈ ਆ। ਐਵੇਂ ਇਕ ਦੂਜੇ ਨੂੰ ਫੂਕ ਛਕਾਈ ਜਾਂਦੇ।"

ਕਹਾਣੀਵਾਰ ਤਲਵਿੰਦਰ ਆਏ ਲੇਖਕਾਂ ਦਾ ਧੰਨਵਾਦ ਕਰਦਿਆਂ, ਰਾਤ ਰਹਿਣ ਦਾ ਸੱਦਾ ਦਿੰਦਾ ਫਿਰਦਾ ਹੈ।

"ਆਪਾਂ ਨੀਂ ਰਹਿਣਾ ਰਾਤ... ਨਹੀਂ ਟਾਂਡੇ ਆਲੀ ਹੋਊ। ਸਾਰੀ ਰਾਤ ਮੱਛਰਾਂ ਨੇ ਨਹੀਂ ਸੀ ਸੌਣ ਦਿੱਤਾ। ਕਈ ਦਿਨ ਪਿੱਛਾ ਖੁਰਕਦੇ ਰਹੇ ਪਾਂ ਖਾਧੇ ਕੁੱਤੇ ਵਾਂਗੂੰ।"

"ਰਾਤ ਤਾਂ ਪੈ ਚੱਲੀ... ਹੁਣ ਘਰੇ ਜਾ ਕੇ ਕਰੇਂਗਾ ਕੀ?" ਮੁਸ਼ਕੜੀਏਂ ਹੱਸਦਾ ਬਰਾੜ ਫੇਰ ਛੇੜਦਾ ਹੈ।

"ਕਰਨਾ ਕਰਾਉਣਾ ਤਾਂ ਕੀ ਐ... ਬੱਸ ਊਈਂ ਆਸਰਾ ਜਿਹਾ ਹੋਇਆ ਰਹਿੰਦਾ ਇਕ ਦੂਸਰੇ ਦਾ। ਵੈਸੇ ਤਾਂ ਸਮਝ ਲੈ, ਐਸ ਉਮਰ 'ਚ ਭੈਣ-ਭਰਾ ਈ ਆਂ।" ਗਰਗ ਦੀ ਹਾਜ਼ਰ ਜੁਆਬੀ ਕਮਾਲ ਦੀ ਹੈ।

"ਗਰਗ ਸਾਬ ਕਈ ਕਹਿੰਦੇ ਲੇਖਕ ਤਾਂ ਸਾਧਾਂ ਅਰਗੇ ਹੁੰਦੇ... ਕੀ ਖਿਆਲ?" ਮੈਂ ਝਕਦਿਆਂ-ਝਕਦਿਆਂ ਪੁੱਛਦਾ ਹਾਂ।

"ਕੜਿਆਲਵੀ, ਲੇਖਕ ਨੂੰ ਹਰ ਵੇਲੇ ਈ ਲੇਖਕ ਨੀਂ ਬਣੇ ਰਹਿਣਾ ਚਾਹੀਦਾ। ਕਈ ਬਾਜੇ-ਬਾਜੇ ਬੰਦੇ ਤਾਂ ਜਨਾਨੀ ਕੋਲ ਜਾ ਕੇ ਵੀ ਲੇਖਕ ਈ ਬਣੇ ਰਹਿੰਦੇ ਆ।"

"ਇਹ ਕੜਿਆਲਵੀ ਨੂੰ ਕਿਉਂ ਕਹਿਨਾ?" ਬਲਦੇਵ ਦਾ ਵਿਅੰਗ ਮੇਰੇ ਵੱਲ ਨੂੰ ਚਲਦਾ ਹੈ।

"ਕਾਹਨੂੰ.. .. .. ਕੜਿਆਲਵੀ ਨੂੰ ਕਾਹਨੂੰ ਕਹਿਨੈਂ.. .. .. ਬਥੇਰੇ ਐ... ਆਪਣੇ ਸ਼ਹਿਰ 'ਚ ਵੀ, ਜਿਹੜੇ ਚੌਵੀ ਘੰਟੇ ਲੇਖਕ ਈ ਬਣੇ ਰਹਿੰਦੇ, ਬੰਦੇ ਤਾਂ ਕਦੇ ਬਣਦੇ ਈ ਨੀਂ.. ਹੁਣ ਆਪਣੇ ਲੇਖਕਾਂ ਕੰਨੀ ਦੇਖਲਾ, ਬਾਜ਼ੀਗਰਾਂ ਵਾਂਗੂੰ ਪੁੱਠੀਆਂ-ਸਿੱਧੀਆਂ ਛਾਲਾਂ ਲਾਉਂਦੇ ਰਹਿੰਦੇ। ਐਹੇ ਜਏ ਲੇਖਕਾਂ ਦੀ ਰਚਨਾ ਸਦੀਵੀਂ ਨੀਂ ਬਣਦੀ। ਐਹੇ ਜਿਆਂ ਨੂੰ ਜਿੰਨਾ ਚਿਰ ਕੋਈ ਇਨਾਮ-ਸਨਮਾਨ ਨੀਂ ਮਿਲਦਾ... ਟਿਕ ਕੇ ਨੀਂ ਬਹਿੰਦੇ। ਇਨਾਮ ਸਨਮਾਨ ਤਾਂ ਜਿੰਨਾ ਚਿਰ ਨਾ ਮਿਲੇ, ਉਨਾ ਚਿਰ ਹੀ ਚੰਗਾ ਲੱਗਦਾ... ਆਪਣੇ ਕਈ ਲੇਖਕ ਤਾਂ ਕੰਜਰੀਆਂ ਅਰਗੇ ਹੋਏ ਪਏ ਐ... ਲੇਖਕ ਨੂੰ ਲੇਖਕ ਅਤੇ ਕੰਜਰੀ ਦਾ ਫਰਕ ਸਮਝ ਕੇ ਚੱਲਣਾ ਚਾਹੀਦਾ।" ਗਰਗ ਦੇ ਮੂਡ ਨੂੰ ਭਾਂਪਦਿਆਂ ਅਸੀਂ ਵਾਪਸੀ ਕਰਨ ਵਿਚ ਹੀ ਭਲਾਈ ਸਮਝਦੇ ਹਾਂ।

ਕਈ ਦਿਨਾਂ ਬਾਅਦ ਅਚਾਨਕ ਗਰਗ ਸਾਹਿਬ ਬਾਜ਼ਾਰ ਵਿਚ ਮਿਲ ਪੈਂਦੇ ਹਨ। ਮੈਂ ਪੁੱਛਦਾ ਹਾਂ, "ਉਦਣ ਫਿਰ ਠੀਕ-ਠਾਕ ਪਹੁੰਚ ਗਏ ਸੀ ਘਰ...।"

"ਕਾਹਦੇ ਠੀਕ ਪਹੁੰਚੇ... ਸਾਰੀ ਰਾਤ ਪਰੇਸ਼ਾਨੀ 'ਚ ਪਾਈ ਰ'ਖਿਆ ਘਰਦਿਆਂ ਨੂੰ। ਐਵੇਂ ਸਾਰੀ ਰਾਤ ਉਲ-ਉਲ ਕਰਦੇ ਰਹੇ। ਘਰਵਾਲੀ ਅੱਡ ਸੂਲੀ 'ਤੇ ਟੰਗੀ ਰਹੀ।" ਇਕ ਤਰ੍ਹਾਂ ਤੌਬਾ ਕਰਦਾ ਹੈ ਗਰਗ, ਪਰ ਉਸ ਦੀ ਇਹ ਤੌਬਾ ਬਹੁਤੇ ਦਿਨ ਚੱਲਦੀ ਨਹੀਂ। ਦਰਅਸਲ ਗਰਗ ਯਾਰਾਂ ਦਾ ਯਾਰ ਹੈ। ਯਾਰਾਂ ਦੀ ਮਹਿਫ਼ਲ ਮਾਣਦਿਆਂ ਉਹ 70 ਕਿਤਾਬਾਂ ਲਿਖਣ ਵਾਲਾ ਬਹੁ-ਵਿਧਾਈ ਲੇਖਕ ਨਹੀਂ; ਇਕ ਦਿਲਦਾਰ ਮਨੁੱਖ ਹੁੰਦਾ ਹੈ। ਜਿਸ ਮਹਿਫ਼ਲ ਵਿਚ ਗਰਗ ਬੈਠਿਆ ਹੋਵੇ; ਉਥੇ ਹਾਸੇ ਦੀਆਂ ਫੁਲਝੜੀਆਂ ਚੱਲਦੀਆਂ ਰਹਿੰਦੀਆਂ ਹਨ।

ਗਰਗ ਬੇਹੱਦ ਸੰਵੇਦਨਸ਼ੀਲ ਅਤੇ ਗਹਿਰ-ਗੰਭੀਰ ਇਨਸਾਨ ਹੈ। ਆਪਣੀ ਲੇਖਣੀ ਵਾਂਗ ਆਪਣੇ ਭਾਸ਼ਨ ਵਿਚ ਵੀ ਡੂੰਘੀਆਂ ਰਮਜ਼ਾਂ ਪੇਸ਼ ਕਰਦਾ, ਗੁੱਝੀਆਂ ਨਸ਼ਤਰਾਂ ਲਾਉਂਦਾ ਹੈ। ਗਰਗ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਉਹ ਹਲਕੀਆਂ-ਫੁਲਕੀਆਂ, ਨਿੱਕੀਆਂ ਗੱਲਾਂ ਰਾਹੀਂ ਬੜੀ ਵੱਡੀ ਗੱਲ ਕਹਿਣ ਦਾ ਹੁਨਰ ਜਾਣਦਾ ਹੈ। ਵਿਦਵਤਾ ਭਰਪੂਰ ਗੱਲਾਂ ਕਰਦਾ ਵੀ ਉਹ ਮਾਹੌਲ ਨੂੰ ਸਾਡੇ ਪੰਡਤਊ ਵਿਦਵਾਨਾਂ ਵਾਂਗ ਬੋਝਲ ਨਹੀਂ ਹੋਣ ਦਿੰਦਾ। ਗੱਲ ਕੀ ਗਰਗ ਦੀ ਬਹਿਣੀ-ਉੱਠਣੀ, ਵੇਖਣੀ-ਚਾਖਣੀ ਤੇ ਗੱਲਬਾਤ ਵਿਚ ਵਿਅੰਗ ਦੀ ਭਰਪੂਰ ਚਾਸ਼ਨੀ ਹੁੰਦੀ ਹੈ। ਉਹ ਤਾਂ ਪ੍ਰਧਾਨਗੀ ਮੰਡਲ ਵਿਚ ਬੈਠਿਆਂ ਵੀ ਵਕਤਾ ਦੇ ਚੂੰਢੀ ਵੱਡਣੋਂ ਨਹੀਂ ਰਹਿੰਦਾ। ਇਕ ਐਤਵਾਰ ਮੋਗੇ ਦੇ ਸੁਤੰਤਰਤਾ ਸੰਗਰਾਮੀ ਹਾਲ ਵਿਚ ਸਾਹਿਤਕ ਸਮਾਗਮ ਸੀ। ਮੰਚ-ਸੰਚਾਲਕ ਕਿੰਨੇ ਸਾਰੇ ਵਿਸ਼ੇਸ਼ਣ ਲਾ ਕੇ ਮਹਿੰਦਰ ਸਾਥੀ ਨੂੰ ਗਜ਼ਲ ਸੁਣਾਉਣ ਦਾ ਸੱਦਾ ਦਿੰਦਾ ਹੈ।

"ਚੱਲ ਵੀ ਸਾਥੀ ਖੜਕਾ ਖੰਡੇ.. .. .. ਕੱਢ ਇਨਕਲਾਬ।"

"ਸਾਥੀ ਜੀ ਕੱਢੋ ਆਵਦੇ ਹਥਿਆਰ...।" ਗਰਗ ਅਤੇ ਬਲਦੇਵ ਟਕੋਰ ਲਾਉਂਦੇ ਹਨ। ਸਾਥੀ ਦੀ ਵਿਦਰੋਹੀ ਸੁਰ ਵਾਲੀ ਰਚਨਾ ਵਿਚ ਅਕਸਰ ਹਥਿਆਰਾਂ ਦਾ ਜ਼ਿਕਰ ਹੁੰਦਾ ਹੈ। ਇਸੇ ਸਬੰਧੀ ਹੀ ਗਰਗ ਅਤੇ ਬਲਦੇਵ ਸਿੰਘ ਨੇ ਟਿੱਪਣੀ ਕੀਤੀ ਸੀ। ਪੰਡਾਲ ਵਿਚ ਕਈ ਹੱਸ ਪੈਂਦੇ ਹਨ। ਸਾਥੀ ਨੂੰ ਗੁੱਸਾ ਚੜ੍ਹ ਜਾਂਦਾ ਹੈ।

"ਆਊਗਾ.. .. .. ਕਾਕਾ ਜੀ ਆਊਗਾ ਇਨਕਲਾਬ ਵੀ। ਥੋਨੂੰ ਕੀ ਪਤਾ, ਇਨਕਲਾਬ ਦੀ ਸੈਅ ਹੁੰਦੀ ਐ। ਤੁਸੀਂ ਹੋਏ ਲੁੰਪਨ ਕਲਾਸ ਦੇ ਬੰਦੇ। ਬੁਰਜ਼ੁਆਜੀ ਦੀ ਸੇਵਾ ਕਰੀ ਚੱਲੋ ਤੁਸੀਂ। ਅਸੀਂ ਤਾਂ ਮਜ਼ਦੂਰ ਕਲਾਸ ਬੰਦੇ ਆਂ ਭਾਈ। ਅਸੀਂ ਤਾਂ ਖੰਡੇ ਖੜਕਾਵਾਂਗੇ ਈ।" ਸਾਥੀ ਦੇ ਤੇਵਰ ਗਰਮ ਹਨ।

"ਬਲਦੇਵ ਸਿੰਘ ਅਤੇ ਗਰਗ, ਮਾਹੌਲ ਨੂੰ ਸੰਜੀਦਾ ਨੀਂ ਰਹਿਣ ਦਿੰਦੇ।" ਇਕ ਦੋ ਲੇਖਕ ਠੰਢਾ ਛਿੜਕਦੇ ਹਨ। ਸਾਥੀ ਪ੍ਰਧਾਨਗੀ ਮੰਡਲ ਵਿਚ ਬੈਠੇ ਇਨ੍ਹਾਂ ਮੁਅੱਜਜ਼ ਲੇਖਕਾਂ ਵੱਲ ਇਸ਼ਾਰਾ ਕਰ ਕੇ ਗ਼ਜ਼ਲ ਪੜ੍ਹਨ ਲਈ ਕਮਰਕੱਸਾ ਕਰ ਲੈਂਦਾ ਹੈ।

ਗਰਗ ਨਵਿਆਂ ਨੂੰ ਖੁੱਲ੍ਹ ਕੇ ਉਤਸ਼ਾਹਿਤ ਕਰਦਾ ਹੈ। ਉਸ ਦੀ ਨਜ਼ਰ ਵਿਚ ਸਾਡੇ ਬਹੁਤ ਸਾਰੇ ਲੇਖਕਾਂ ਵਾਂਗ ਟੀਰ ਨਹੀਂ ਹੈ। ਨਾ ਜਾਤ ਦਾ, ਨਾ ਧਰਮ ਦਾ ਅਤੇ ਨਾ ਹੀ ਆਪਣੀ ਕਲਾਸ ਦਾ। ਇਸੇ ਕਰਕੇ ਉਹ ਸਾਰੀ ਉਮਰ ਲੇਖਕਾਂ ਦੀ ਕਿਸੇ ਧੜੇਬੰਦੀ ਨਾਲ ਨਹੀਂ ਜੁੜਿਆ। ਉਹ ਕਿਸੇ ਸਭਾ-ਸੁਸਾਇਟੀ ਜਾਂ ਲੇਖਕ ਸਭਾ ਦਾ ਮੈਂਬਰ ਵੀ ਨਹੀਂ ਬਣਿਆ। ਹਾਂ ਪਿਛਲੀ ਉਮਰੇ ਉਸ ਨੇ ਵਿਅੰਗ ਸਾਹਿਤ ਅਕਾਦਮੀ ਦਾ ਪੰਗਾ ਜ਼ਰੂਰ ਲੈ ਲਿਆ ਹੈ।

ਗਰਗ 'ਮੋਗੇ' ਦੇ ਹੀ ਨਹੀਂ, ਪੰਜਾਬ ਦੇ ਵੱਧ ਲਿਖਣ ਵਾਲੇ ਲੇਖਕਾਂ ਵਿਚੋਂ ਹੈ। ਹੁਣ ਤਕ ਸੈਂਕੜੇ ਦੇ ਕਰੀਬ ਪੁਸਤਕਾਂ ਦੀ ਰਚਨਾ ਕਰ ਚੁੱਕੈ। ਆਪਣੇ ਅਮਰੀਕਾ-ਕੈਨੇਡਾ ਦੇ ਕਿਆਮ ਤੋਂ ਬਾਅਦ ਦੋ ਸਫ਼ਰਨਾਮੇ ਵੀ ਲਿਖ ਚੁੱਕਾ ਹੈ। ਗਰਗ ਹੁਣ ਸਾਹਿਤ ਦਾ ਕੁਲਵਕਤੀ ਕਾਮਾ ਹੈ। ਹਰ ਹਫ਼ਤੇ ਕਿਸੇ ਨਾ ਕਿਸੇ ਅਖਬਾਰ, ਰਸਾਲੇ ਵਿਚ ਉਸ ਦੀ ਰਚਨਾ ਛਪਦੀ ਹੈ। ਕੋਈ ਹਫ਼ਤਾ ਆਹਲਾ ਨੀਂ ਜਾਂਦਾ। ਆਪਣੇ ਅੱਧ ਗੰਜੇ ਸਿਰ ਅਤੇ ਗਾਂਧੀ ਮਾਰਕਾ ਐਨਕਾਂ ਵਾਲੀ ਫੋਟੋ ਨਾਲ ਆਏ ਹਫ਼ਤੇ ਉਸ ਦੀ ਹਾਜ਼ਰੀ ਲੱਗਦੀ ਹੈ। ਉਸ ਦੀ ਇਹ ਫੋਟੋ ਪੰਜਾਬ ਦੇ ਲੋਕਾਂ ਦੇ ਚੇਤਿਆਂ ਵਿਚ ਥਾਂ ਬਣਾਈ ਬੈਠੀ ਹੈ। ਉਸ ਦੇ ਇਹ ਹਫ਼ਤਾਵਾਰੀ ਕਾਲਮ ਉਸ ਦੀਆਂ ਬਹੁਤ ਸਾਰੀਆਂ ਸ਼ਾਹਕਾਰ ਕਹਾਣੀਆਂ, ਨਾਵਲ ਖਾ ਰਹੇ ਨੇ। 'ਵਾਟ ਸਿਕਸਟੀ ਨਾਈਨ' ਵਰਗੇ ਸੰਗ੍ਰਹਿ ਦੀਆਂ ਕਹਾਣੀਆਂ ਲਿਖਣ ਵਾਲੇ ਕੇ.ਐਲ. ਗਰਗ ਤੋਂ ਪਾਠਕ ਬੜੀਆਂ ਗੰਭੀਰ ਅਤੇ ਚਿਰ ਸਥਾਈ ਰਹਿਣ ਵਾਲੀਆਂ ਕਹਾਣੀਆਂ ਦੀ ਆਸ ਰੱਖਦੇ ਹਨ। ਉਹ ਫੇਰ ਕਹਾਣੀਆਂ ਲਿਖਣ ਵੱਲ ਅਹੁਲਿਆ ਹੈ। ਉਸ ਦਾ ਨਵਾਂ ਨਾਵਲ 'ਹਿਲਦੇ ਦੰਦ' ਵੀ ਪਾਠਕਾਂ 'ਚ ਚਰਚਿਤ ਹੋਇਆ ਹੈ। ਗਰਗ ਵੱਖਰੀ ਜਿਹੀ ਸ਼ੈਲੀ ਨਾਲ ਲਿਖਣ ਵਾਲਾ ਲੇਖਕ ਹੈ। ਫੈਟਸੀ ਦੇ ਅੰਦਾਜ਼ ਵਿਚ ਲਿਖੇ ਉਸ ਦੇ ਨਾਵਲ-ਕਹਾਣੀਆਂ; ਸਮਾਜ ਵਿਚ ਬੁਰਾਈਆਂ ਦੇ ਫੋੜਿਆਂ ਨੂੰ ਚੀਰ ਕੇ ਗੰਦ-ਮੰਦ ਬਾਹਰ ਕੱਢਣ ਦਾ ਯਤਨ ਕਰਦੇ ਹਨ। ਉਸ ਦੀ ਪ੍ਰਤੀਕਆਤਮਕ ਤੇ ਕਟਾਖਸ਼ ਵਾਲੀ ਸ਼ੈਲੀ ਕਰਕੇ ਹੀ ਉਸਦੇ 'ਹੁੰਮਸ', 'ਤਮਾਸ਼ਾ', 'ਤਲਾਸ਼' ਵਰਗੇ ਨਾਵਲ ਪਾਠਕਾਂ ਨੇ ਚਾਅ ਦੇ ਨਾਲ ਪੜ੍ਹੇ ਤੇ ਸਰਾਹੇ ਨੇ।

ਭਾਵੇਂ ਗਰਗ ਨੇ ਮਾਤਰਾ ਦੇ ਪੱਖੋਂ ਨਾਵਲ ਤੇ ਵਿਅੰਗ ਸਾਹਿਤ ਵਧੇਰੇ ਮਾਤਰਾ ਵਿਚ ਲਿਖਿਆ ਹੈ ਪਰ ਉਹ ਆਪ ਮੰਨਦਾ ਹੈ ਕਿ ਕਹਾਣੀ ਉਸ ਦਾ ਪਹਿਲਾ ਪਿਆਰ ਹੈ। ਬਦਲਦਾ ਦ੍ਰਿਸ਼ਟੀਕੋਣ ਜਿਸ ਉਪਰ ਟੈਲੀ ਫਿਲਮ "ਰੱਬ ਝੂਠ ਨਾ ਬੁਲਾਵੇ" ਅਤੇ ਕਹਾਣੀ 'ਹੱਥ ਦੀ ਮੈਲ' ਜਿਸ ਉਪਰ ਟੈਲੀ ਫਿਲਮ "ਲੇਖਾ ਮਾਵਾਂ ਧੀਆਂ ਦਾ" ਬਣੀ ਹੈ। 'ਸ਼ਹੀਦ' ਕਹਾਣੀ ਰਾਹੀਂ ਉਸ ਨੇ ਸ਼ਹੀਦ ਸ਼ਬਦ ਨੂੰ ਨਵੇਂ ਹੀ ਅਰਥ ਦਿੱਤੇ ਹਨ। ਇਕ ਨਹੀਂ ਉਸ ਦੀਆਂ ਅਨੇਕਾਂ ਕਹਾਣੀਆਂ ਸਮੇਂ-ਸਮੇਂ ਪਾਠਕਾਂ ਵਿਚ ਪ੍ਰਵਾਨ ਹੁੰਦੀਆਂ ਰਹੀਆਂ ਹਨ। ਪੰਜਾਬੀ ਆਲੋਚਕਾਂ ਦੀ ਅੱਖ ਦਾ ਟੀਰ, ਉਸ ਨੂੰ ਅੱਖਰਦਾ ਹੈ। ਆਲੋਚਕਾਂ ਬਾਰੇ ਉਹ ਕਹਿੰਦਾ ਹੈ,"ਆਲੋਚਕਾਂ ਦੀ ਕਿਰਪਾ ਨਾਲ ਕਾਲਾ-ਚਿੱਟਾ ਅਤੇ ਚਿੱਟਾ ਕਾਲਾ ਹੋ ਜਾਂਦਾ ਹੈ। ਉਸਨੂੰ ਹਵਾਈ ਜਹਾਜ਼ ਦੀ ਮੁਲਾਇਮ ਸੀਟ ਦਿਸਦੀ ਹੋਵੇ, ਸਕਾਚ ਵਿਸਕੀ ਹਾਕਾਂ ਮਾਰਦੀ ਹੋਵੇ, ਗੋਰੀਆਂ ਮੇਮਾਂ ਅੱਖਾਂ ਨਾਲ ਰਮਜ਼ਾਂ ਸਮਝਾਉਂਦੀਆਂ ਹੋਣ ਤਾਂ ਕੌਣ-ਭੜੂਆ ਕਿਤਾਬ ਵੇਖਦਾ ਹੈ?" ਗਰਗ ਕਈ ਵਾਰ ਤਾਂ ਸਾਹਿਤ ਸਭਾਵਾਂ ਦੀਆਂ ਗੋਸ਼ਟੀਆਂ ਵਿਚ ਅਖੌਤੀ ਪਰਚਾ ਵਿਦਵਾਨਾਂ ਦੀ ਖੁੰਭ-ਠੱਪ ਵੀ ਕਰ ਦਿੰਦਾ ਹੈ। ਉਦੋਂ ਮੇਰੇ ਪਹਿਲੇ ਕਹਾਣੀ ਸੰਗ੍ਰਹਿ 'ਅੱਕ ਦਾ ਬੂਟਾ' 'ਤੇ ਤਲਵੰਡੀ ਭਾਈ ਗੋਸ਼ਟੀ ਹੋਈ ਸੀ। ਗਰਗ ਗੋਸ਼ਟੀ ਵਿਚ, ਸ਼ੇਰ ਜੰਗ ਜਾਂਗਲੀ ਨੂੰ ਵੀ ਲੈ ਕੇ ਆਇਆ ਸੀ। ਕਿਤਾਬ ਵਿਚਲੀਆਂ ਕਹਾਣੀਆਂ ਬਾਰੇ ਬੋਲਦਿਆਂ ਇਕ ਨਵੇਂ ਸਜੇ ਆਲੋਚਕ ਨੇ ਆਖ ਦਿੱਤਾ ਸੀ, "ਇਨ੍ਹਾਂ ਕਹਾਣੀਆਂ ਵਿਚੋਂ ਬਹੁਜਨ ਸਮਾਜ ਪਾਰਟੀ ਦੀ 'ਬੂ' ਆਉਂਦੀ ਹੈ।" ਪ੍ਰਧਾਨਗੀ ਭਾਸ਼ਨ ਵੇਲੇ ਗਰਗ ਸਾਹਿਬ ਨੇ ਬੜੀਆਂ ਮਾਅਰਕੇ ਦੀਆਂ ਗੱਲਾਂ ਕੀਤੀਆਂ ਸਨ। ਉਸ ਨੇ ਕਿਹਾ ਸੀ, "ਮੈਂ ਬਾਣੀਏ ਪਰਿਵਾਰ 'ਚੋਂ ਹਾਂ, ਮੇਰਾ ਅਨੁਭਵ ਉਸ ਸਮਾਜ ਦਾ ਹੈ। ਮੈਂ ਉਸ ਸਮਾਜ ਬਾਰੇ ਚੰਗੀ ਤਰ੍ਹਾਂ ਲਿਖ ਸਕਦਾ ਹਾਂ। ਹੁਣ ਕਹਾਣੀਕਾਰ ਗੁਰਮੀਤ ਕੜਿਆਲਵੀ ਜਿਸ ਵਰਗ ਵਿਚੋਂ ਹੈ, ਉਹਨੂੰ ਉਸ ਦਾ ਕੌੜਾ ਅਨੁਭਵ ਹੈ... ਜੇ ਉਸ ਦੀ ਗੱਲ ਨਾ ਲਿਖੂ ਤਾਂ ਹੋਰ ਕੌਣ ਲਿਖੂ? ਹੁਣ ਕੜਿਆਲਵੀ ਦੀਆਂ ਕਹਾਣੀਆਂ 'ਚੋਂ ਪੰਡਤਾਂ ਦੇ ਘਰ ਜਗਦੀਆਂ ਧੂਫਾਂ ਦੀ ਖੁਸ਼ਬੋ ਤਾਂ ਆਉਣੋਂ ਰਹੀ? ਇੱਥੇ ਤਾਂ ਗਰੀਬ ਬਸਤੀਆਂ ਵਿਚਲੇ ਗੋਹੇ ਦੀ 'ਬੋ' ਹੀ ਆਊ।"

***********

ਕੇ.ਐਲ. ਗਰਗ ਨੇ ਸੰਨ 1943 ਦੀ ਵਿਸਾਖੀ ਵਾਲੇ ਦਿਹਾੜੇ ਧੂਰੀ ਦੀ ਧਰਤੀ ਨੂੰ ਭਾਗ ਲਾਏ ਸਨ। ਧੂਰੀ ਰਹਿੰਦਿਆਂ ਗਰਗ ਦੇ ਬਚਪਨ ਨੇ ਜ਼ਿੰਦਗੀ ਦੇ ਅਨੇਕਾਂ ਉਤਰਾਅ-ਚੜ੍ਹਾਅ ਦੇਖੇ ਹਨ। ਆਪਣੇ ਬਾਪ ਦੀ ਅੱਛੀ ਖਾਸੀ ਚੱਲਦੀ ਦੁਕਾਨਦਾਰੀ ਦੇਖੀ ਹੈ। ਅੱਕ ਦੇ ਭੰਬੂਆਂ ਵਾਂਗ ਹਵਾ ਵਿਚ ਉਡਦਾ ਕਾਰੋਬਾਰ ਅੱਖੀਂ ਦੇਖਿਆ ਹੈ। ਇਹ ਉਹੀ ਸਮਾਂ ਸੀ ਜਦੋਂ ਗਰਗ ਨੂੰ ਸਮਾਜ ਵਿਚਲੇ ਦਰਜਿਆਂ-ਬਦਰਜਿਆਂ ਅਤੇ ਕਾਬਜ਼ ਧਿਰ ਦੀ ਲੁੱਟ-ਚੋਂਘ ਦੀ ਭਾਸ਼ਾ ਸਮਝ ਆਈ ਸੀ। ਮੋਗੇ ਆਉਣ ਨਾਲ ਗਰਗ ਅੰਦਰ ਸੂਝ ਦੀ ਧਾਰ ਤਿੱਖੀ ਹੋਈ। ਮੋਗੇ ਦੀ ਧਰਤ ਦੇ ਕਣ-ਕਣ ਵਿਚ ਵਿਅੰਗ ਰਮਿਆ ਪਿਆ ਸੀ। ਪ੍ਰਿੰਸੀਪਲ ਕਨੱਈਆ ਲਾਲ ਕਪੂਰ ਜੀ ਦੀ ਸੋਹਬਤ ਅਤੇ ਸ਼ੇਰ ਜੰਗ-ਜਾਂਗਲੀ ਵਰਗਿਆਂ ਦੀ ਯਾਰੀ ਨੇ ਗਰਗ ਦੀ ਆਰੀ ਦੇ ਦੰਦਰੇ

***(ਬਾਕੀ ਸਫਾ 26 'ਤੇ)***

# ਨਸਲੀ ਵਿਤਕਰੇ ਦੇ ਨਫ਼ਰਤੀ ਵਰਤਾਰਿਆਂ ਵਿਰੁੱਧ ਮੋੜਵੀਂ ਨਫ਼ਰਤ ਪੈਦਾ ਕਰਦੀ ਸਵੈ-ਜੀਵਨੀ 'ਕਾਲਾ ਮੁੰਡਾ'


***'ਕਾਲਾ ਮੁੰਡਾ' ਉਘੇ ਅਮਰੀਕੀ ਲਿਖਾਰੀ ਰਿਚਰਡ ਰਾਈਟ (4 ਸਤੰਬਰ 1908-28 ਨਵੰਬਰ 1960) ਦੀ ਸਵੈ-ਜੀਵਨੀ 'ਬਲੈਕ ਬੁਆਇ' ਦਾ ਪੰਜਾਬ ਅਨੁਵਾਦ ਹੈ। ਰਿਚਰਡ ਨੇ ਇਹ ਕਿਤਾਬ 1943 ਵਿਚ ਲਿਖੀ ਅਤੇ ਫਿਰ ਦੋ ਸਾਲ ਬਾਅਦ 1945 ਵਿਚ ਛਪਵਾਈ। ਇਸ ਕਿਤਾਬ ਦੀ ਰਚਨਾ ਵਕਤ ਉਹ ਸਿਰਫ 35 ਵਰ੍ਿਆਂ ਦਾ ਸੀ। ਉਂਝ, ਉਦੋਂ ਤੱਕ ਉਹ ਆਪਣਾ ਨਾਵਲ 'ਨੇਟਿਵ ਬੁਆਇ' (1940) ਲਿਖ ਕੇ ਆਪਣੀ ਪੈਂਠ ਬਣਾ ਚੁੱਕਾ ਸੀ। 'ਬਲੈਕ ਬੁਆਇ' ਵਿਚ ਉਸ ਨੇ ਨਸਲੀ ਵਿਤਕਰੇ ਦੀ ਕਹਾਣੀ ਬੇਹੱਦ ਇਮਾਨਦਾਰੀ ਅਤੇ ਦਿਆਨਤਦਾਰੀ ਨਾਲ ਪੇਸ਼ ਕੀਤੀ ਹੈ। ਉਸ ਨੇ ਜੀਵਨ ਦੀ ਹਰ ਬੇਵਸੀ ਨੂੰ ਬਹਾਰ ਵਿਚ ਬਦਲਣ ਦਾ ਸਫਰ ਰੂਹ ਨਾਲ ਬਿਆਨ ਕੀਤਾ ਹੈ।***

ਅਮਰੀਕਾ ਦੇ ਪ੍ਰਬੁੱਧ ਨਾਵਲਕਾਰ, ਕਵੀ ਤੇ ਕਹਾਣੀਕਾਰ ਰਿਚਰਡ ਰਾਈਟ ਦੀ ਸਵੈ-ਜੀਵਨੀ 'ਕਾਲਾ ਮੁੰਡਾ' ਦਾ ਸ਼ੁਮਾਰ ਦੁਨੀਆ ਭਰ ਦੇ ਪਾਠਕਾਂ ਵੱਲੋਂ ਸਭ ਤੋਂ ਵੱਧ ਪੜ੍ਹੀਆਂ ਜਾਣ ਵਾਲੀਆਂ ਸਵੈ-ਜੀਵਨੀਆਂ ਵਿਚ ਹੈ। ਇਹ ਸਵੈ-ਜੀਵਨੀ ਮਨੁੱਖੀ ਅਧਿਕਾਰਾਂ ਦੇ ਰਖਵਾਲੇ ਸਮਝੇ ਜਾਣ ਵਾਲੇ ਮੁਲਕ ਅਮਰੀਕਾ ਵਿਚ 20ਵੀਂ ਸਦੀ ਦੇ ਅਰੰਭਲੇ ਦਹਾਕਿਆਂ ਦੌਰਾਨ ਵਾਪਰਦੇ ਰਹੇ ਨਸਲਵਾਦ ਨਾਲ ਸਬੰਧਤ ਉਨ੍ਹਾਂ ਨਫ਼ਰਤੀ ਵਰਤਾਰਿਆਂ ਨੂੰ ਆਪਣੇ ਕੇਂਦਰ ਵਿਚ ਰੱਖਦੀ ਹੈ,

**ਲੇਖਕ -ਰਿਚਰਡ ਰਾਈਟ**
**ਪੰਜਾਬੀ ਅਨੁਵਾਦ: ਕੇ.ਐਲ .ਗਰਗ**

ਜਿਨ੍ਹਾਂ ਕਾਲੇ ਜਾ ਨਿੱਗਰ ਕਹੇ ਜਾਣ ਵਾਲੇ ਲੋਕਾਂ ਤੋਂ ਉਨ੍ਹਾਂ ਦੇ ਮਨੁੱਖੀ ਢੰਗ ਨਾਲ ਜਿਉਣ ਦੇ ਸਾਰੇ ਅਧਿਕਾਰ ਲਗਭਗ ਖੋਹ ਹੀ ਲਏ ਸਨ। ਉਸ ਸਮੇਂ ਜੇ ਕੋਈ ਕਾਲੀ ਨਸਲ ਦਾ ਨੀਗਰੋ ਆਪਣੀ ਸਮਾਜਿਕ ਜਾਂ ਆਰਥਿਕ ਹੋਂਦ ਨੂੰ ਵਿਸਥਾਰਣ ਦਾ ਯਤਨ ਕਰਦਾ ਤਾਂ ਉਸਦੀ ਜਾਨ ਨੂੰ ਖਤਰਾ ਹੋ ਜਾਂਦਾ ਸੀ। ਲੇਖਕ ਰਿਚਰਡ ਨੇ ਇਸ ਸਵੈ-ਜੀਵਨੀ ਰਾਹੀਂ ਆਪਣੇ ਸੁਰਤ ਸੰਭਾਲਣ ਦੀ ਉਮਰ ਤੋਂ ਲੈ ਕੇ ਚੜ੍ਹਦੀ ਜੁਆਨੀ ਤੱਕ ਸਹਿਣ ਕੀਤੇ ਨਸਲੀ ਅਪਮਾਨ ਦੇ ਵੇਰਵਿਆਂ ਦਾ ਬਿਰਤਾਂਤ ਪੇਸ਼ ਕਰਨ ਦੇ ਨਾਲ ਨਾਲ ਆਪਣੇ ਵੱਲੋਂ ਭੋਗੇ ਗਏ ਗਰੀਬੀ ਤੇ ਭੁੱਖ ਨਾਲ ਲੜਨ ਦੇ ਯਥਾਰਥ ਨੂੰ ਇਕ ਇਤਿਹਾਸਕ ਦਸਤਾਵੇਜ਼ ਦੀ ਤਰ੍ਹਾਂ ਕਲਮਬੱਧ ਕੀਤਾ ਹੈ। ਇਹ ਸਵੈ ਜੀਵਨੀ ਵਿਚਲੇ ਨਸਲੀ ਵਿਤਕਰੇ ਲੇਖਕ ਰਿਚਰਡ ਸਮੇਤ ਸਮੂਹ ਕਾਲੀ ਰੰਗਤ ਦੇ ਲੋਕਾਂ ਨੂੰ ਆਪਣੇ ਆਤੰਕ ਦਾ ਸ਼ਿਕਾਰ ਬਣਾਉਂਦੇ ਰਹੇ। ਇਸ ਤਰ੍ਹਾਂ ਇਹ ਸਵੈ-ਜੀਵਨੀ ਕਿਸੇ ਵਿਅਕਤੀ ਵਿਸ਼ੇਸ਼ ਦੇ ਜੀਵਨ ਨਾਲ ਜੁੜੇ ਯਥਾਰਥ ਦਾ ਬਿਰਤਾਂਤ ਸਿਰਜਦਿਆਂ ਵੀ ਸਮੂਹ ਕਾਲੇ ਲੋਕਾਂ ਦੇ ਜੀਵਨ ਯਥਾਰਥ ਨੂੰ ਰੂਪਮਾਨ ਕਰਨ ਦਾ ਇਤਿਹਾਸਕ ਕਾਰਜ ਕਰਦੀ ਜਾਪਦੀ ਹੈ।

ਚਾਰ ਸਾਲ ਦੀ ਉਮਰ ਦੀ ਅਭੋਲ ਉਮਰ ਵਿਚ ਹੀ ਪੈਦਾ ਹੋਈ 'ਕੀ ਕਿਵੇਂ ਤੇ ਕਿਉਂ? ਨੂੰ ਜਾਣਨ ਦੀ ਜਗਿਆਸਾ ਰਿਚਰਡ ਨੂੰ ਦੂਸਰੇ ਕਾਲੇ ਬੱਚਿਆ ਤੋਂ ਥੋੜਾ ਵੱਖਰਾ ਕਰਕੇ ਪੇਸ਼ ਕਰਦੀ ਹੈ। ਉਸਦੀ ਬਾਲ ਉਮਰ ਇਸ ਜਗਿਆਸਾ ਨੂੰ ਸ਼ਾਂਤ ਕਰਨ ਲਈ ਕੀਤੇ ਜਾਣ ਵਾਲੇ ਯਤਨਾਂ ਵਿਚੋਂ ਉਸਦੇ ਕੁਝ ਕਰ ਗੁਜਰਣ ਦੇ ਇਰਾਦਿਆਂ ਦੀ ਝਲਕ ਵੀ ਸਪਸ਼ਟ ਰੂਪ ਵਿਚ ਮਿਲਦੀ ਹੈ। ਕਾਲੇ ਵਰਗ ਦੇ ਹੋਰ ਲੋਕਾਂ ਵਾਂਗ ਉਸਨੂੰ ਵੀ ਆਪਣੇ ਜੀਵਨ ਵਿਚ ਭੁੱਖਾਂ ਦੁੱਖਾਂ ਤੇ ਨਸਲੀ ਵਿਤਕਿਰਿਆਂ ਦੇ ਘੋਰ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਆਪਣੀ ਜ਼ਮੀਰ ਮਾਰ ਕੇ ਵੀ ਬਹੁਤ ਸਾਰੇ ਸਮਝੌਤੇ ਕਰਨੇ ਪੈਂਦੇ ਹਨ ਪਰ ਗੁਲਾਮੀ ਤੋਂ ਮੁਕਤ ਹੋਣ ਦੀ ਇੱਛਾ ਹਮੇਸ਼ਾ ਹੀ ਉਸਦੇ ਅਵਚੇਤਨ ਦਾ ਹਿੱਸਾ ਬਣੀ ਰਹਿੰਦੀ ਹੈ। ਆਪਣੇ ਬਾਪ ਦੇ ਪਰਿਵਾਰਕ ਜਿੰਮੇਵਾਰੀਆਂ ਤੋਂ ਭੱਜ ਜਾਣ ਕਾਰਨ ਉਸ ਨੂੰ ਅਣਚਾਹੇ ਤੌਰ ਤੇ ਕੁਝ ਸਮਾਂ ਯਤੀਮਖਾਨੇ ਰਹਿਣਾ ਪੈਂਦਾ ਹੈ ਤਾਂ ਉਥੋਂ ਦੀ ਅਮਾਨਵੀ ਵਿਵਸਥਾ ਉਸਨੂੰ ਮਾਨਸਿਕ ਤੌਰ 'ਤੇ ਲਗਾਤਾਰ ਬੇ-ਚੈਨ ਰੱਖਦੀ ਹੈ। ਆਪਣੇ ਪਰਿਵਾਰ ਦੀ ਪੇਟ ਪੂਰਤੀ ਲਈ ਉਸਨੂੰ ਅਕਸਰ ਗੋਰਿਆਂ ਦੇ ਘਰਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਨੌਕਰੀਆਂ ਕਰਨੀਆਂ ਪੈਂਦੀਆਂ ਹਨ, ਪਰ ਗੁਲਾਮੀ ਤੋਂ ਮੁਕਤ ਹੋਣ ਦੇ ਇਰਾਦੇ ਨੂੰ ਉਹ ਔਖੇ ਤੋਂ ਔਖੇ ਸਮੇਂ ਵਿਚ ਵੀ ਨਹੀਂ ਤਿਆਗਦਾ।




ਨਿਰਾਸ਼ ਤੇ ਬੇਵਸ ਹੋਏ ਲੋਕ ਅਕਸਰ ਰੱਬ ਤੇ ਧਰਮ 'ਤੇ ਏਨੇ ਨਿਰਭਰ ਹੋ ਜਾਂਦੇ ਨੇ ਕਿ ਉਨ੍ਹਾ ਨੂੰ ਆਪਣੀ ਹਰ ਸਮੱਸਿਆ ਦਾ ਹੱਲ ਰੱਬੀ ਰਹਿਮਤ ਵਿਚ ਹੀ ਵਿਖਾਈ ਦੇਣ ਲੱਗ ਪੈਂਦਾ ਹੈ। ਰਿਚਰਡ ਦਾ ਨਾਨਕਾ ਘਰ ਵੀ ਚਰਚ ਤੇ ਉਸ ਨਾਲ ਜੁੜੇ ਕਰਮ ਕਾਂਡ ਵਿਚ ਗਹਿਰੀ ਆਸਥਾ ਰੱਖਦਾ ਹੈ। ਉਸਦੀ ਨਾਨੀ ਤੇ ਪਰਿਵਾਰ ਦੇ ਹੋਰ ਮੈਂਬਰ ਉਸ 'ਤੇ ਆਪਣੀ ਧਾਰਮਿਕ ਆਸਥਾ, ਰੱਬ ਦਾ ਭੈਅ ਤੇ ਹੱਠ ਕਰਮ ਜਬਰੀ ਥੋਪਣਾ ਚਾਹੁੰਦੇ ਹਨ ਪਰ ਉਸਨੂੰ ਇਹ ਸਾਰਾ ਕੁਝ ਮਨੁੱਖ ਨੂੰ ਮਾਨਸਿਕ ਤੌਰ ਤੇ ਹੋਰ ਕਮਜੋਰ ਕਰਨ ਵਾਲਾ ਹੀ ਜਾਪਦਾ ਹੈ। ਉਹ ਆਪਣੇ ਪਰਿਵਾਰ ਦੀ ਸਹਾਇਤਾ ਲਈ ਸ਼ਿਕਾਗੋ ਤੋਂ ਨਿਕਲਦੇ ਇਕ ਅਖ਼ਬਾਰ ਦਾ ਹਾਕਰ ਬਣਦਾ ਹੈ ਪਰ ਜਦੋਂ ਉਸਨੂੰ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਇਹ ਅਖਬਾਰ ਮੂਲ ਰੂਪ ਵਿਚ ਰੰਗਭੇਦ ਦੀ ਨੀਤੀ ਦਾ ਹੀ ਪੱਖ ਪੂਰਦਾ ਹੈ ਤਾਂ ਉਸਦੀ ਜਾਗਦੀ ਜ਼ਮੀਰ ਉਸਨੂੰ ਆਪਣਾ ਇਹ ਨਵਾਂ ਰੁਜ਼ਗਾਰ ਛੱਡਣ ਲਈ ਮਜਬੂਰ ਕਰ ਦਿੰਦੀ ਹੈ। ਉਸ ਅੰਦਰ ਪੈਦਾ ਹੋਈ ਅਜ਼ਾਦੀ ਦੀ ਇੱਛਾ ਹੀ ਉਸਦੇ ਬਾਲ ਮਨ ਵਿਚ ਲੇਖਕ ਬਨਣ ਦਾ ਅਜਿਹਾ ਸੁਪਨਾ ਪੈਦਾ ਕਰਦੀ ਹੈ, ਜਿਸ ਦੀ ਪੂਰਤੀ ਉਸ ਸਮੇਂ ਬਿਲਕੁਲ ਅਸੰਭਵ ਹੀ ਵਿਖਾਈ ਦਿੰਦੀ ਸੀ। ਭਾਵੇਂ ਆਪਣੀ ਮਾਂ ਤੋਂ ਬਿਨਾ ਨਾਨਕੇ ਘਰ ਦਾ ਕੋਈ ਵੀ ਮੈਂਬਰ ਉਸ ਨਾਲ ਮਾਨਸਿਕ ਸਾਂਝ ਨਹੀਂ ਰੱਖਦਾ ਤੇ ਮਾਸੀ ਐਡੀ ਸਮੇਤ ਪਰਿਵਾਰ ਦੇ ਕਈ ਮੈਂਬਰਾਂ ਵੱਲੋਂ ਉਸਨੂੰ ਵਾਰ ਵਾਰ ਅਪਮਾਨਿਤ ਵੀ ਕੀਤਾ ਜਾਂਦਾ ਹੈ, ਫਿਰ ਵੀ ਉਹ ਗੁਲਾਮੀ ਤੋਂ ਮੁਕਤ ਹੋਣ ਸਬੰਧੀ ਬਣਾਏ ਆਪਣੇ ਇਰਾਦੇ ਤੋਂ ਥਿੜਕਦਾ ਨਹੀਂ।

ਰਿਚਰਡ ਨਸਲੀ ਰੰਗਭੇਦ ਸਬੰਧੀ ਉਦਾਰ ਨੀਤੀ ਰੱਖਣ ਵਾਲੇ ਉਤਰੀ ਖੇਤਰ ਵਿਚ ਜਾਣ ਦੀ ਤਿਆਰੀ ਵਜੋਂ ਪਹਿਲੇ ਪੜਾਅ 'ਤੇ ਮੈਮਸਿਫ ਕਸਬੇ ਵਿਚ ਠਹਿਰ ਕਰਦਾ ਹੈ ਤਾਂ ਉਥੇ ਮਕਾਨ ਮਾਲਕਿਨ ਮੌਸ ਤੇ ਉਸਦੀ ਬੇਟੀ ਬੈਸ ਦਾ ਮਾਨਵੀ ਵਤੀਰਾ ਉਸਨੂੰ ਆਪਣੇਪਣ ਦਾ ਨਿੱਘਾ ਅਹਿਸਾਸ ਕਰਾਉਂਦਾ ਹੈ। ਬਜ਼ੁਰਗ ਮੌਸ ਦੀ ਇੱਛਾ ਹੈ ਕਿ ਉਹ ਉਸਦੀ ਬੇਟੀ ਨਾਲ ਵਿਆਹ ਕਰਵਾ ਕੇ ਉਸਦੇ ਮਕਾਨ ਦਾ ਮਾਲਕ ਵੀ ਬਣ ਜਾਵੇ ਪਰ ਉਸ ਅੰਦਰਲੀ ਗੈਰਤ ਉਸਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਦਿੰਦੀ। ਉਹ ਬੈਸ ਨਾਲ ਜੁੜ ਸਕਦੇ ਰਿਸ਼ਤੇ ਨੂੰ ਵੀ ਨਵੀਂ ਗੁਲਾਮੀ ਦਾ ਹੀ ਹਿੱਸਾ ਮੰਨਦਾ ਹੈ, ਜੋ ਉਸ ਨੂੰ ਉਸਦੀ ਮੰਜ਼ਲ ਤੋਂ ਦੂਰ ਲਿਜਾ ਸਕਦਾ ਹੈ। ਇੱਥੇ ਰਹਿੰਦਿਆਂ ਪਹਿਲਾਂ ਉਸ ਵੱਲੋਂ ਸਾਹਿਤ ਦੇ ਗੰਭੀਰ ਪਾਠਕ ਬਨਣ ਦੀ ਸ਼ੁਰੂਆਤ ਕੀਤੀ ਜਾਂਦੀ ਹੈ ਤੇ ਫਿਰ ਉਹ ਲੇਖਕ ਬਣ ਕੇ ਆਪਣੀਆਂ ਅਜ਼ਾਦੀ ਪੱਖੀ ਭਾਵਨਾਵਾਂ ਦੀ ਅਭਿਵਿਅਕਤੀ ਦਾ ਰਾਹ ਵੀ ਤਿਆਰ ਕਰ ਲੈਂਦਾ ਹੈ। ਭੁੱਖ ਤੇ ਦੁੱਖ ਕੱਟ ਕੇ ਜੋੜੇ ਪੈਸਿਆਂ ਨਾਲ ਆਖਿਰ ਉਹ ਉਤਰ ਖੇਤਰ ਦੀ ਉਸ ਯਾਤਰਾ ਵੱਲ ਰਵਾਨਾ ਹੋ ਜਾਂਦਾ ਹੈ ਜਿਹੜੀ ਉਸਨੂੰ ਉਸਦੇ ਮਨੁੱਖੀ ਹੱਕਾਂ ਦੀ ਪ੍ਰਾਪਤੀ ਸਬੰਧੀ ਨਵੀਂ ਆਸ ਜਗਾਉਂਦੀ ਹੈ।

ਨਾਵਲ ਗੋਰੀ ਨਸਲ ਦੇ ਲੋਕਾਂ ਵੱਲੋਂ ਕਾਲੀ ਨਸਲ ਦੇ ਲੋਕਾਂ ਪ੍ਰਤੀ ਪ੍ਰਗਟਾਈ ਜਾਣ ਵਾਲੀ ਨਫਰਤ ਦੀ ਇਹੋ ਜਿਹੀ ਸ਼ਿੱਦਤ-ਬਿਆਨੀ ਕਰਦਾ ਹੈ ਕਿ ਪਾਠਕੀ ਮਨ ਉਸ ਨਫ਼ਰਤ ਖਿਲਾਫ ਮੋੜਵੀਂ ਨਫ਼ਰਤ ਨਾਲ ਭਰ ਜਾਂਦਾ ਹੈ। ਕੇਵਲ ਆਪਣੀ ਮਾਨਸਿਕ ਤ੍ਰਿਪਤੀ ਜਾਂ ਮਨੋਰੰਜਨ ਲਈ ਕਾਲੇ ਨੌਜਵਾਨਾਂ ਨੂੰ ਆਪਸ ਵਿਚ ਕੁੱਕੜਾਂ ਵਾਗ ਲੜਾਉਣ, ਜਾਨ ਲੇਵਾ ਹਮਲੇ ਕਰਨ ਲਈ ਉਕਸਾਉਣ, ਇਕ ਚੁਆਨੀ ਬਦਲੇ ਗੋਰੇ ਲੋਕਾਂ ਵੱਲੋਂ ਕਾਲੇ ਲੋਕਾਂ ਦੇ ਚਿੱਤੜਾਂ ਤੇ ਠੁੱਡਾ ਮਾਰਨ ਜਾਂ ਰਸਤੇ ਵਿਚ ਖੜ੍ਹਨ ਤੇ ਉਨ੍ਹਾਂ ਦੀ ਮਾਰ ਕੁਟਾਈ ਕਰਨ ਆਦਿ ਅਨੇਕਾਂ ਘਟਨਾਵਾਂ ਪਾਠਕਾਂ ਨੂੰ ਮਾਨਸਿਕ ਤੌਰ ਤੇ ਵਿਚਲਿਤ ਕਰਦੀਆਂ ਹਨ। ਇਹ ਘਟਨਾਵਾਂ ਸਵੈ-ਜੀਵਨੀ ਦੇ ਪਾਠਕਾਂ ਨੂੰ ਅਜੇ ਤੱਕ ਵੀ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਰੰਗ-ਭੇਦ ਦੇ ਗੈਰ ਮਨੁੱਖੀ ਵਰਤਾਰੇ ਦਾ ਵਿਰੋਧ ਕਰਨ ਲਈ ਵੀ ਪ੍ਰੇਰਿਤ ਕਰਦੀਆਂ ਹਨ। ਉਘੇ ਗਲਪਕਾਰ ਤੇ ਅਨੁਵਾਦਕ ਕੇ. ਐਲ. ਗਰਗ ਵੱਲੋਂ ਅੰਗਰੇਜ਼ੀ ਭਾਸ਼ਾ ਤੋਂ ਇਸ ਸਵੈ-ਜੀਵਨੀ ਦਾ ਪੰਜਾਬੀ ਵਿਚ ਕੀਤਾ ਅਨੁਵਾਦ ਬਹੁਤ ਸੁਚੱਜਾ ਹੈ। ਪਾਠਕ ਇਸਨੂੰ ਮੂਲ ਰੂਪ ਵਿਚ ਪੰਜਾਬੀ ਵਿਚ ਹੀ ਲਿਖੀ ਕਿਸੇ ਸਵੈ-ਜੀਵਨੀ ਵਾਂਗ ਪੜ੍ਹ ਸਕਦਾ ਹੈ। ਦੋਹਾਂ ਭਾਸ਼ਾਵਾਂ 'ਤੇ ਕਮਾਲ ਦੀ ਪਕੜ ਹੋਣ ਕਾਰਨ ਗਰਗ ਆਪਣੀ ਅਨੁਵਾਦ ਕਲਾ ਦਾ ਚੰਗਾ ਸਿੱਕਾ ਜਮਾਉਣ ਵਿਚ ਪੂਰੀ ਤਰ੍ਹਾਂ ਕਾਮਯਾਬ ਰਿਹਾ ਹੈ।

ਇਸ ਸਵੈ-ਜੀਵਨੀ ਵਿਚ ਕਿਸੇ ਦਿਲਚਸਪ ਗਲਪੀ ਰਚਨਾ ਜਿਹਾ ਕਹਾਣੀ ਰਸ ਹੈ ਇਸ ਲਈ ਇਸ ਦਾ ਪਾਠ ਬਹੁਤ ਸਹਿਜਤਾ ਤੇ ਦਿਲਚਸਪੀ ਨਾਲ ਕੀਤਾ ਜਾ ਸਕਦਾ ਹੈ। 304 ਪੰਨਿਆਂ 'ਤੇ ਅਧਾਰਿਤ 600 ਰੁਪਏ ਮੁੱਲ ਦੀ ਇਸ ਸਵੈ ਜੀਵਨੀ ਨੂੰ ਨਵਯੁਗ ਪਬਲਿਸ਼ਰਜ਼ , ਨਵੀਂ ਦਿੱਲੀ ਨੇ ਛਾਪਿਆ ਹੈ।

*-ਨਿਰੰਜਨ ਬੋਹਾ*
*ਫੋਨ: 89682-82700*

## ਦਲ ਬਦਲੂ ਉਰਫ਼ ਡੱਡੂਆਂ ਦੀ ਪੰਸੇਰੀ

ਮੌਕਾਪ੍ਰਸਤਾਂ ਨੇ ਦੇਖੋ
ਸ਼ਰਮ ਲਾਹੀ,
ਮਾਰਦੇ ਫਿਰਦੇ ਨੇ
ਬਾਂਦਰ ਟਪੂਸੀਆਂ ਜੀ।
ਕਦੇ ਟਾਹਲੀ ਉਤੇ
ਕਦੇ ਬੋਹੜ ਉਤੇ,
ਢੀਠਪੁਣੇ ਦੀਆਂ ਦਿਖਾਉਣ
ਖਲੂਸੀਆਂ ਜੀ।

ਰੰਗ ਬਦਲਦੇ ਨੇ
ਵਾਂਗ ਗਿਰਗਿਟਾਂ ਦੇ,
ਪਹਿਲੀ ਪਾਰਟੀ ਦੀਆਂ
ਕਰਨ ਜਾਸੂਸੀਆਂ ਜੀ।
ਦੂਸਰੀ ਪਾਰਟੀ ਨੂੰ
ਦੱਸਦੇ ਘਰ ਵਾਪਸੀ,
ਸਦਾਚਾਰ ਦੀਆਂ ਖਿੱਲੀਆਂ
ਨਾ ਮਹਿਸੂਸੀਆਂ ਜੀ।

ਕੁਰਸੀ ਮੋਹ ਨਾ
ਇਨ੍ਹਾਂ ਤੋਂ ਜਾਵੇ ਛੱਡਿਆ,
ਖੁਸ਼ੀ ਨਾਲ ਵੇਚ ਦੇਣ
ਬੇਸ਼ਕੀਮਤੀ ਜ਼ਮੀਰਾਂ ਜੀ।
ਹਰ ਚੋਣ ਵਿਚ ਬਣਦੇ
ਬਰਸਾਤੀ ਡੱਡੂ,
ਆਖੇ ਬਦਲ ਦਿਆਂਗੇ
ਦੇਸ਼ ਦੀਆਂ ਤਕਦੀਰਾਂ ਜੀ।
ਰਾਮ ਲੀਲ੍ਹਾ ਵਾਂਗੂੰ
ਫਿਰ ਸੁਆਂਗ ਰਚ ਕੇ,
ਕਰਦੇ ਜਲਸਿਆਂ 'ਚ
ਝੱਗੇ ਪਾੜ ਤਕਰੀਰਾਂ ਜੀ।
ਅੰਦਰੋਗਤੀ ਜ਼ਮੀਰਾਂ ਦਾ
ਮੁੱਲ ਵੱਟ ਕੇ,
ਲੁਭਾਉਂਦੇ ਜਨਤਾ ਨੂੰ
ਫਿਰ ਦੱਸ ਤਦਬੀਰਾਂ ਜੀ।

ਨਾ ਕਰਿਉ ਭਰੋਸਾ
ਦਲ ਬਦਲੂਆਂ 'ਤੇ,
ਤੇਰਾ ਬੇੜਾ ਡੋਬ ਕੇ
ਇਨ੍ਹਾਂ ਖੁਦ ਦਾ ਤਾਰਨਾ ਜੀ।
ਗਾਂਢੇ ਸਾਂਢੇ ਲਾਉਣੇ
ਫਿਰ ਭੁੱਲ ਵਾਅਦੇ,
ਭਵਿੱਖ ਆਪਣੇ ਪਰਿਵਾਰ ਦਾ
ਸਿਰਫ਼ ਸੰਵਾਰਨਾ ਜੀ।

ਜੇ ਜਿੱਤ ਵੀ ਗਈ
ਡੱਡੂਆਂ ਦੀ ਪੰਸੇਰੀ,
ਲੈ ਝੰਡੀ ਵਾਲੀ ਕਾਰ,
ਤੁਹਾਨੂੰ ਨਿੱਤ ਵੰਗਾਰਨਾ ਜੀ।
ਪੰਜ ਸਾਲ ਲੋਕਾਂ ਦੇ ਅੱਖੀਂ
ਪਾ ਕੇ ਘੱਟਾ,
ਕਰਕੇ ਮਿੰਨਤਾਂ ਤੁਹਾਡਾ
ਫੇਰ ਵੋਟ ਪੁਕਾਰਨਾ ਜੀ।

*-ਸੇਵਾ ਸਿੰਘ 'ਨੂਰਪੁਰੀ'*

---

## ਸਿਆਸੀ ਗਮਲਾ

ਸੁੰਦਰ ਸੋਹਣਾ ਪਾ ਕੇ ਗਮਲਾ,
ਪਿਆਰਾ ਬੂਟਾ ਲਾਇਆ ਮੈਂ।
ਨੋਟਾਂ ਬਦਲੇ ਵੋਟਾਂ ਪਾ ਕੇ,
ਖੁਦਕੁਸ਼ੀ ਵਣਜ ਕਮਾਇਆ ਮੈਂ।
ਹੱਥ ਕੁਹਾੜਾ ਚੁੱਕ ਕੇ ਆਪਣੇ,
ਪੈਰੀਂ ਆਪ ਚਲਾਇਆ ਮੈਂ।



ਉਚਾ-ਸੁੱਚਾ ਲਕਸ਼ ਜੋ ਮੇਰਾ,
ਭੰਗ ਦੇ ਭਾਅ ਵਿਕਾਇਆ ਮੈਂ।
ਜਾਣਬੁੱਝ ਕੇ ਆਪਣਾ ਬੋਦਾ,
ਦੁਸ਼ਮਣ ਹੱਥ ਫੜਾਇਆ ਮੈਂ।
ਦਾਰੂ ਸਿੱਕੇ ਲਾਲਚ ਬਦਲੇ,
ਚਰਿੱਤਰ ਈਮਾਨ ਗਵਾਇਆ ਮੈਂ।

ਸੁਹਿਰਦ ਰਾਜਾ ਲੱਭਣ ਖਾਤਰ,
ਅਵੈਧ ਪਥ ਅਪਨਾਇਆ ਮੈਂ।
ਮਤਦਾਨ ਭਰ ਕੇ ਬਕਸੇ ਅੰਦਰ,
ਸ਼ਾਸਕ ਇੱਕ ਬਣਾਇਆ ਮੈਂ।
ਸਮਰੱਥਾ ਵੇਖੀ ਪਰਖੀ ਨਾ,
ਮੂੰਹ ਮੁਲਾਹਜ਼ਾ ਭਗਤਾਇਆ ਮੈਂ।

ਜਨਤਾ ਦੇ ਗਲ਼ ਫੰਦਾ ਬਣਿਆ,
ਜੋ ਰੱਸਾ ਆਪ ਵਟਾਇਆ ਮੈਂ।
ਸਿਰ ਮਨਾਉਂਦੇ ਵਾਛੜ ਪੈਗੀ,
ਉਲਟਾ ਕਸ਼ਟ ਉਠਾਇਆ ਮੈਂ।
ਰੰਗਿਆ ਗਿੱਦੜ ਵਿਆਂਕਣ ਲੱਗਾ,
ਗੱਦੀ ਜਦ ਬਿਠਾਇਆ ਮੈਂ।
ਗਿਰਗਿਟ ਵਾਂਗੂ ਬਦਲਿਆ ਛੇਤੀ,
ਪਰਦਾ ਮੂੰਹ ਤੋਂ ਲਾਹਿਆ ਮੈਂ।

ਕੈਂਸਰ ਵਾਂਗ ਸੁਸਾਇਟੀ ਖਾਏ,
ਸਿਤਮ ਸਮਾਜ 'ਤੇ ਢਾਇਆ ਮੈਂ।
ਲਾਰੇ ਲਾ ਕੇ ਡੰਗ ਟਪਾਵੇ,
ਨੀਂਹ ਪੱਥਰ ਮੀਂਹ ਵਰਸਾਇਆ ਮੈਂ।
ਕਾਰਗੁਜ਼ਾਰੀ ਸਿਫ਼ਰ ਤੋਂ ਥੱਲੇ,
ਸਿਆਸੀ ਹੁਕਮ ਵਜਾਇਆ ਮੈਂ।
ਚੱਜ ਆਚਾਰ ਤੋਂ ਸੱਖਣਾ ਊਣਾ,
ਭ੍ਰਿਸ਼ਟ ਤੰਤਰ ਪ੍ਰਨਾਇਆ ਮੈਂ।
ਚਿੱਟੇ ਭੁੱਖੇ ਹਾਥੀ ਖੁੱਲ੍ਹੇ ਫਿਰਦੇ,
ਬਗ਼ੀਚਾ ਮੁਫਤ ਲੁਟਾਇਆ ਮੈਂ।

ਚੌਂਕੇ ਦੀ ਰਾਖੀ ਕਾਂ ਤੇ ਬਿੱਲੀਆਂ,
ਕੂਕਰ ਕੋਲ ਬਿਠਾਇਆ ਮੈਂ।
ਅੱਖਾਂ ਵਿਖਾਵੇ, ਫੰਨ੍ਹ ਫੈਲਾਏ,
ਖੜੱਪੇ ਨੂੰ ਦੁੱਧ ਪਿਲਾਇਆ ਮੈਂ।
ਤੂੰ ਕੌਣ ਤੇ ਮੈਂ ਕੌਣ ਫਿਰ,
ਮਗਰੋਂ ਬੜਾ ਪਛਤਾਇਆ ਮੈਂ।
ਪੰਨੂ ਨਾ ਉਸ ਰਾਹੇ ਤੁਰ ਜਾਏ,
ਜਿਹੜਾ ਓਦੋਂ ਅਪਨਾਇਆ ਮੈਂ।

*-ਚਰਨਜੀਤ ਸਿੰਘ ਪੰਨੂ*

---

## ਚੋਣਾਂ ਨੂੰ ਸਮਰਪਿਤ

## ਹਰ ਪਾਸੇ ਸਤਿਕਾਰ ਭਾਲਦਾ

ਹਰ ਪਾਸੇ ਸਤਿਕਾਰ ਭਾਲਦਾ,
ਉਹ ਫੁੱਲਾਂ ਦਾ ਹਾਰ ਭਾਲਦਾ।
ਚੋਣ ਮੁਹੱਲੇ ਵਾਲੀ ਜਿੱਤ ਕੇ,
ਬੱਤੀ ਵਾਲੀ ਕਾਰ ਭਾਲਦਾ।
ਉੱਠਦਾ ਬਹਿੰਦਾ ਹਰ ਵੇਲੇ ਹੀ
ਬਸ ਦੀਦਾਰ-ਏ-ਯਾਰ ਭਾਲਦਾ।
ਜਨਤਾ ਦੇ ਲਈ ਕੁਝ ਨਹੀਂ ਕੀਤਾ,
ਪਰ ਮੁੜ ਤੋਂ ਸਰਕਾਰ ਭਾਲਦਾ।
ਪਿਸਟਲ, ਐਟਮ ਦੇ ਯੁੱਗ ਅੰਦਰ,
ਇਕ ਯੋਧਾ ਤਲਵਾਰ ਭਾਲਦਾ।
ਤੁਣ ਤੁਣ ਸੁਣਿਆਂ ਵੇਲਾ ਹੋਇਆ,
ਦਿਲ ਤੂੰਬੇ ਦੀ ਤਾਰ ਭਾਲਦਾ।
ਬੁਲਟ ਪਟਾਕੇ ਪਾਉਣ ਲਈ ਤੇ
ਘੁੰਮਣ ਲਈ ਦਿਲ ਥਾਰ ਭਾਲਦਾ।
ਦਿਲ ਕਮਲੇ ਦੀ ਕੀ ਦੱਸਾਂ,
ਇਹ ਨੈਣਾਂ ਦੇ ਵਾਰ ਭਾਲਦਾ।

*-ਹਰਦੀਪ ਬਿਰਦੀ*
*ਫੋਨ: 90416-00900*

ਕਹਾਣੀ

# ਸੰਧੂਰ

ਕਰਮ ਸਿੰਘ ਮਾਨ
ਫੋਨ: 559-261-5024

ਪਿਛਲੇ ਤਿੰਨ ਦਿਨ ਤੋਂ ਰੋਜ਼ੀ ਕੰਮ 'ਤੇ ਆ ਨਹੀਂ ਰਹੀ। ਉਸ ਬਿਨ ਦਫਤਰ ਸੁੰਨਾਂ-ਸੁੰਨਾਂ ਲਗਦਾ ਹੈ। ਇਉਂ ਲਗਦਾ ਹੈ ਜਿਵੇਂ ਦਫਤਰ ਦੀ ਰੂਹ ਗਾਇਬ ਹੋ ਗਈ ਹੋਵੇ। ਦਫਤਰ ਕਲਬੂਤ ਰਹਿ ਗਿਆ ਹੋਵੇ। ਦਫ਼ਤਰ ਦੇ ਕਰਮਚਾਰੀਆਂ ਨੇ ਕਲਪਨਾ ਤੋ ਰੋਜ਼ੀ ਬਾਰੇ ਪੁੱਛਿਆ। 'ਪਤਾ ਨਹੀਂ ਕਿਥੇ ਗਈ ਹੈ। ਫੋਨ ਕੀਤਾ ਸੀ। ਚੁੱਕਿਆ ਨਹੀਂ' ਲੀਵ ਮੈਸੈਜ। ਕਾਲ ਯੂ ਬੈਕ' ਕਲਪਨਾ ਨੇ ਨਿਰਾਸਤਾ ਨਾਲ ਕਿਹਾ।

ਕਲਪਨਾ ਤੇ ਰੋਜ਼ੀ ਪਿਛਲੇ ਸ਼ਨਿਚਰਵਾਰ ਦਫਤਰ ਬੰਦ ਹੋਣ ਪਿੱਛੋਂ ਦਫਤਰ ਦੇ ਗੈਸਟ ਰੂਮ ਵਿਚ ਬੈਠ ਗਈਆਂ ਸਨ। ਰੋਜ਼ੀ ਨੇ ਇੱਕ ਭਰਵਾਂ ਗਲਾਸ ਵਾਈਨ ਦਾ ਭਰ ਲਿਆ ਤੇ ਕਲਪਨਾ ਲਈ ਜੂਸ ਦਾ ਗਲਾਸ ਭਰ ਦਿੱਤਾ।

ਰੋਜ਼ੀ ਨੇ ਗਲਾਸ ਚੁੱਕਿਆ ਤੇ ਇੱਕ ਲੰਬਾ ਹਉਕਾ ਭਰਿਆ।

'ਕੀ ਹੋ ਗਿਆ? ਲੁਕਿੰਗ ਸੋ ਸੈਡ। ਉਖੜੀ ਜਿਹੀ ਫਿਰਦੀ ਹੈਂ? ਕਲਪਨਾ ਨੇ ਰੋਜ਼ੀ ਦੇ ਚਿਹਰੇ ਵੱਲ ਨੀਝ ਨਾਲ ਵੇਖਿਆ।

ਰੋਜ਼ੀ ਨੇ ਚਿਹਰੇ 'ਤੇ ਝੂਠੀ ਮੁਸਕਰਾਹਟ ਲਿਆ ਕੇ ਕੁਝ ਕਹਿਣਾ ਚਾਹਿਆ। ਪਰ ਕਹਿ ਨਾ ਸਕੀ।

ਰੋਜ਼ੀ ਨੇ ਗਲਾਸ ਚੁੱਕਿਆ। ਇਕੋ ਸਾਹੇ ਗਲਾਸ ਅੱਧਾ ਕਰ ਦਿੱਤਾ। ਕਲਪਨਾ ਨੇ ਵੀ ਥੋੜ੍ਹਾ ਜਿਹਾ ਜੂਸ ਪੀ ਲਿਆ।

'ਸਟੀਵਨ ਨੂੰ ਡਾਈਵੋਰਸ' ਉਸਨੇ ਇਹ ਸ਼ਬਦ ਬੜੀ ਮੁਸ਼ਕਲ ਨਾਲ ਕਹੇ।

'ਡਾਈਵੋਰਸ! ਬਕਵਾਸ! ਹਰਾਮਣ! ਕੋਈ ਚੱਜ ਦੀ ਗੱਲ ਕਰ।'

ਉਸਦੇ ਇਹ ਸ਼ਬਦ ਸੁਣ ਕੇ ਰੋਜੀ ਅੱਖਾਂ ਭਰ ਆਈ।

'ਨਿੱਕੀ ਮੋਟੀ ਗੱਲ ਪਰਿਵਾਰਾਂ 'ਚ ਵਾਪਰ ਜਾਂਦੀ ਹੈ। ਆਈ ਮੀਨ ਨਾਟ ਟੂ ਟੇਕ ਹਰਟ। ਐਵੇਂ ਨੀ ਦਿਲ'ਤੇ ਲਾਈਦਾ'। ਨੋ, ਇਟ'ਜ ਸੀਰੀਅਸ।' ਰੋਜ਼ੀ ਦੇ ਮੱਥੇ ਦੀਆਂ ਨਾੜਾਂ ਉਭਰ ਆਈਆਂ।

'ਵਟ ਹੈਪੰਡ? ਚੰਗੇ ਭਲੇ ਵਕੇਸ਼ਨ 'ਤੇ ਗਏ ਸੀ? ਕੀ ਸੱਪ ਸੁੰਘ ਗਿਆ ਤੈਨੂੰ?'

'ਵਕੇਸਨ! ਹੈਲ!' ਰੋਜ਼ੀ ਨੇ ਕਚੀਚੀ ਵੱਟੀ। ਰੋਜ਼ੀ ਨੇ ਗਲਾਸ ਚੁੱਕਿਆ। ਅੱਧਾ ਗਲਾਸ ਇਕੋ ਸਾਹ'ਚ ਖਾਲੀ ਕਰਕੇ ਮੇਜ਼ 'ਤੇ ਧਰ ਦਿੱਤਾ।

'ਆਈਜ਼ਰ ਨੂੰ ਵੀ ਨਾਲ ਲੈ ਚੱਲੀਏ' ਮੈਂ ਸਟੀਵਨ ਨੂੰ ਕਿਹਾ।

'ਆਈਜ਼ਰ! ਪਰਾਬਲਮ!' ਸਟੀਵਨ ਚਿਲਾਇਆ।

'ਵੱਟ! ਪਰਾਬਲਮ? ਆਈਜ਼ਰ ਤੈਨੂੰ ਪਰਾਬਲਮ ਲਗਦਾ?'

ਉਦੋ ਸੋਚਣਾ ਸੀ, ਸਟੀਵਨ ਬਾਰੇ? ਜਦੋਂ ਮਾਈਕਲ ਦੇ ਘਰੋਂ ਚੁੰਨੀ ਚੁੱਕ ਕੇ ਸਟੀਵਨ ਦੇ ਘਰ ਆ ਬੈਠੀ।' ਕਲਪਨਾ ਬੋਲੀ। ਉਸਨੇ ਰੋਜ਼ੀ ਦੇ ਜਜ਼ਬਾਤਾਂ ਦਾ ਕੋਈ ਖਿਆਲ ਨਾ ਕੀਤਾ।

'ਗੋਨ ਸੋ ਗੌਨ! (ਬੀਤੀ ਸੋ ਬੀਤੀ) ਰੋਜ਼ੀ ਨੇ ਲੰਬਾ ਹਉਕਾ ਲਿਆ।

ਰੋਜ਼ੀ ਸੋਲਾਂ ਸਾਲਾਂ ਦੀ ਸੀ ਜਦੋਂ ਉਹ ਆਪਣੇ ਬੁਆਏ ਫਰੈਂਡ ਮਾਈਕਲ ਨਾਲ ਘਰੋਂ ਮੂਵ ਹੋ ਗਈ। ਇੱਕ ਸਾਲ ਪਿਛੋਂ ਆਈਜਰ ਨੇ ਜਨਮ ਲਿਆ। ਇਹ ਪਿਆਰ ਵੀ ਚਾਰ ਦਿਨ ਦੀ ਚਾਨਣੀ ਸਾਬਤ ਹੋਇਆ। ਇਸ ਦਾ ਵੱਡਾ ਕਾਰਨ ਤੰਗੀ-ਤੁਰਸ਼ੀ ਸੀ।

ਮਾਈਕਲ ਪੰਜ ਦਿਨ ਸਟੋਰ ਵਿਚ ਕੰਮ ਕਰਦਾ। ਰੋਜ਼ੀ ਆਈਜ਼ਰ ਦੀ ਦੇਖਭਾਲ ਲਈ ਘਰ ਹੀ ਰਹਿੰਦੀ। ਮਾਈਕਲ ਕੰਮਚੋਰ ਹੋਣ ਕਰਕੇ ਖਿਝਿਆ ਰਹਿੰਦਾ। ਉਹ ਕਿੰਨੇ-ਕਿੰਨੇ ਦਿਨ ਘਰੋਂ ਬਾਹਰ ਰਹਿਣ ਲੱਗ ਪਿਆ। ਉਸ ਤੋਂ ਦੁਖੀ ਹੋ ਕੇ ਰੋਜ਼ੀ ਨਾਲ ਦੇ ਅਪਾਰਟਮੈਂਟ ਵਿੱਚ ਰਹਿੰਦੇ ਸਟੀਵਨ ਦੀਆਂ ਬਾਹਾਂ ਵਿਚ ਆ ਡਿੱਗੀ।

ਆਈਜ਼ਰ ਸਟੀਵਨ ਤੇ ਰੋਜ਼ੀ ਦੇ ਜੀਵਨ ਵਿਚ ਸੇਹ ਦਾ ਤੱਕਲਾ ਬਣਦਾ। ਜਿਨਾਂ ਉਹ ਆਈਜ਼ਰ ਵੱਲ ਵੱਧ ਧਿਆਨ ਦਿੰਦੀ। ਉਨ੍ਹਾਂ ਹੀ ਉਹ ਦੂਰ ਰਹਿੰਦਾ।

'ਇਸ ਦਾ ਵਤੀਰਾ ਤਾਂ ਪਹਿਲਾਂ ਹੀ ਚੰਗਾ ਨਹੀਂ। ਜੇ ਮੈਂ ਇਸਦਾ ਬੱਚਾ ਜੰਮ ਦਿੱਤਾ ਤਾਂ ਆਈਜ਼ਰ ਦਾ ਬਹੁਤ ਹੀ ਭੈੜਾ ਹਾਲ ਹੋਜੂ। ਜੇ ਸਟੀਵਨ ਵੀ ਮਾਈਕਲ ਵਾਂਗ ਭੱਜ ਗਿਆ ਤਾਂ ਕਿਵੇ ਪਾਲੂੰਗੀ ਇਹ ਬੇਰੜਾ ਟੱਬਰ।' ਇਸੇ ਕਾਰਨ ਹੀ ਉਹ ਸਟੀਵਨ ਦੀ ਜ਼ਿੱਦ ਅੱਗੇ ਝੁਕੀ ਨਹੀਂ ਸੀ। ਉਹ ਵੀ ਰੋਜ਼ੀ ਤੇ ਖ਼ਫਾ ਸੀ।

ਇਸੇ ਕਾਟੋ-ਕਲੇਸ਼ ਤੋਂ ਤੰਗ ਆ ਕੇ ਰੋਜ਼ੀ ਦੇ ਲੱਖ ਰੋਕਣ ਦੇ ਬਾਵਜੂਦ ਵੀ ਸਟੀਵਨ ਫੌਜ ਵਿਚ ਭਰਤੀ ਹੋ ਗਿਆ। ਰੋਜ਼ੀ ਨੇ ਪਹਿਲਾਂ ਤਾ ਇਹ ਸਮਝਿਆ ਕਿ ਉਹ ਉਸਨੂੰ ਛੱਡ ਕੇ ਚਲਿਆ ਗਿਆ ਹੈ। ਪਰ ਉਸਦੇ ਵਤੀਰੇ ਨੇ ਉਸਦਾ ਇਹ ਭਰਮ ਦੂਰ ਕਰ ਦਿੱਤਾ। ਉਹ ਲਗਾਤਾਰ ਉਸਦੇ ਗੁਜਾਰੇ ਲਈ ਡਾਲਰ ਭੇਜਦਾ ਰਿਹਾ। ਚਿੱਠੀਆਂ ਲਿਖ ਕੇ ਤੇ ਲਗਾਤਾਰ ਫੋਨ ਕਰਦਾ ਰਿਹਾ। ਇਸ ਵਤੀਰੇ ਨੇ ਰੋਜ਼ੀ ਦਾ ਭਰਮ ਦੂਰ ਕਰੀ ਰੱਖਿਆ। ਉਹ ਤਿੰਨ ਸਾਲ ਪਿੱਛੋਂ ਵਾਪਸ ਮੁੜ ਆਇਆ।

'ਹੁਣ ਕੀ ਹੋ ਗਿਆ?' ਕਲਪਨਾ ਨੇ ਰੋਜ਼ੀ ਦੇ ਮੱਥੇ ਤੇ ਹੱਥ ਰੱਖ ਕੇ ਬੜੇ ਪਿਆਰ ਨਾਲ ਪੁਛਿਆ।'

'ਹੁਣ ਫਿਰ ਚਲਿਆ ਗਿਆ। ਮਰੇ-ਖਪੇ, ਡਿੱਗੇ ਡੂੰਘੀ ਡਿੱਚ ਵਿਚ।'

'ਇਹ ਵੀ ਕੀ ਗੱਲ ਹੋਈ। ਤੈਨੂੰ ਇਸ 'ਤੇ ਮਾਣ ਹੋਣਾ ਚਾਹੀਦਾ।'

'ਹੈਲ ਵਿਦ ਇਟ। ਡਿੱਗੇ ਢੱਠੇ ਖੂਹ 'ਚ। ਮੈਂ ਆਪਣੀ ਜਿੰਦਗੀ ਸਪਾਇਲ ਨਹੀਂ ਕਰਨੀ।' ਰੋਜ਼ੀ ਦਾ ਤਣਿਆ ਚਿਹਰਾ ਉਸਦੇ ਮਨ ਦਾ ਅਕਸ ਸੀ।



'ਤੂੰ ਸੈਨਿਕ ਦੀ ਪਤਨੀ ਹੈ। ਤੈਨੂੰ ਮਾਣ ਹੋਣਾ ਚਾਹੀਦਾ ਅਪਣੇ ਦੇਸ਼ਭਗਤ ਪਤੀ 'ਤੇ।'

ਇਹ ਕਹਿੰਦੀ ਕਲਪਨਾ ਰੋਜ਼ੀ ਵੱਲ ਬੜੀ ਘਿਰਣਾ ਨਾਲ ਝਾਕੀ।

'ਬਕਵਾਸ। ਸੋਲਜ਼ਰ। ਸੈਨਿਕ। ਡੈਸ਼ਭਗਟ।'

ਰੋਜੀ ਦੇ ਇਹ ਸਬਦ ਕਲਪਨਾ ਨੂੰ ਬਹੁਤ ਬੁਰੇ ਲੱਗੇ। ਪਰ ਫਿਰ ਵੀ ਉਸਨੇ ਆਪਣੇ ਆਪ 'ਤੇ ਕਾਬੂ ਰੱਖਿਆ।

ਕੁਝ ਚਿਰ ਰੁਕ ਕੇ ਰੋਜ਼ੀ ਫਿਰ ਬੋਲੀ, ਗੋਲੀ ਖਾਣ ਵਾਲਾ ਵੀ ਦੇਸ਼ਭਗਤ ਤੇ ਗੋਲੀ ਮਾਰਨ ਵਾਲਾ ਵੀ ਦੇਸ਼ਭਗਤ। ਮਰਨਾ, ਮਾਰਨਾ। ਸਾਨ੍ਹਾਂ ਵਾਂਗੂੰ ਭਿੜਨਾ। ਇਹ ਲੜ੍ਹਦੇ ਨਹੀਂ ਲੜ੍ਹਾਉਂਦੇ ਨੇ ਹਾਕਮ-ਕਿੜਾਂ ਕੱਢਣ ਲਈ, ਰਾਜ ਵਧਾਉਣ ਲਈ, ਧਨ ਬਟੋਰਨ ਲਈ ਅਤੇ ਧੌਂਸ ਜਮਾਉਣ ਲਈ।

'ਇਹ ਆਪਣੇ ਦੇਸ਼ ਲਈ ਲੜ੍ਹਦੇ ਹਨ। ਰੱਖਿਆ ਲਈ। ਔਰਤਾ ਦੀ ਤੇ ਸਾਡੀ ਸਭ ਦੀ। ਜਾਨਾਂ ਹੂਲ ਕੇ।' ਭਰੀ-ਪੀਤੀ ਕਲਪਨਾ ਨੇ ਕਿਹਾ।

'ਰੇਪਿਸਟ! ਮੈਨੂੰ ਤਾਂ ਉਸਦੇ ਸਾਹਾਂ ਵਿਚੋ ਬੋਅ ਮਾਰਦੀ ਆ।' ਰੋਜ਼ੀ ਨਸ਼ੇ ਵਿਚ ਹੋਰ ਵੀ ਅਬਾ-ਤਬਾ ਬੋਲੀ ਗਈ।

ਕਲਪਨਾ ਨੂੰ ਇਹ ਪਤਾ ਵੀ ਨਾ ਲੱਗਿਆ ਰੋਜ਼ੀ ਕਿਸ ਵੇਲੇ ਉਠ ਕੇ ਤੁਰ ਗਈ।

ਘਰ ਆ ਉਹ ਹੱਥ-ਮੂੰਹ ਧੋ ਲੇਟ ਗਈ। ਰੋਜ਼ੀ ਨਾਲ ਹੋਈ ਗੱਲਬਾਤ 'ਤੇ ਉਹ ਬਹੁਤ ਪਰੇਸ਼ਾਨ ਹੋਈ। ਸੋਚਦੀ-ਸੋਚਦੀ ਛੇਤੀ ਹੀ ਅਤੀਤ ਵਿੱਚ ਗੁੰਮ ਹੋ ਗਈ।

ਉਹ ਅਜੇ ਦੂਜੀ ਵਾਰੀ ਸਹੁਰੇ ਘਰ ਆਈ ਸੀ। ਅਜੇ ਉਸਦੇ ਹੱਥਾਂ ਦੀ ਮਹਿੰਦੀ ਦਾ ਰੰਗ ਫਿੱਕਾ ਨਹੀਂ ਪਿਆ ਸੀ।

'ਹਰਪਾਲ, ਛੁੱਟੀ ਹੋਰ ਵਧਾ ਲੈ?' ਕਲਪਨਾ ਨੇ ਕਿਹਾ ਸੀ।

'ਵਾਗਾਂ ਛੱਡ ਦੇ ਹੰਝੂਆਂ ਵਾਲੀਏ ਨੀ ਪੈਰ ਧਰਨ ਦੇ ਮੈਨੂੰ ਰਕਾਬ ਉਤੇ। ਸਰੂ ਵਰਗੀ ਜਵਾਨੀ ਫੂਕਣੀ ਏ ਬਹਿ'ਗੇ ਭੂੰਡ ਜੇ ਗੁਲਾਬ ਉਤੇ।' ਹਰਪਾਲ ਠਹਾਕਾ ਮਾਰ ਕੇ ਹੱਸਿਆ ਸੀ।

'ਜਨਾਬ, ਰਕਾਬ ਨਹੀਂ ਜਹਾਜ ਉਤੇ' ਕਲਪਨਾ ਨੇ ਵੀ ਹੱਸ ਕੇ ਕਿਹਾ ਸੀ।

ਨਾ ਹੀ ਕੋਈ ਲੜਾਈ ਲੱਗੀ ਹੋਈ ਸੀ ਤੇ ਨਾਹੀ ਕਲਪਨਾ ਨੂੰ ਇਹ ਪਤਾ ਸੀ ਕਿ

ਫੌਜੀ ਦੀ ਛੁੱਟੀ ਸੌਖੀ ਤਰ੍ਹਾਂ ਵਧਾਈ ਜਾ ਸਕਦੀ ਹੈ।

ਹਰਪਾਲ ਛੁੱਟੀ ਕੱਟ ਕੇ ਛੇਤੀ ਹੀ ਵਾਪਸ ਮੁੜਨ ਦਾ ਵਾਅਦਾ ਕਰਕੇ ਚਲਿਆ ਗਿਆ।

ਪਲਟਣ ਵਿੱਚ ਹਾਜਰ ਹੋਣ ਤੋਂ ਕਈ ਦਿਨ ਬਾਅਦ ਹਰਪਾਲ ਨੇ ਦਰਦ ਤੇ ਬਿਰਹੋਂ 'ਚ ਭਿੱਜ ਕੇ ਮੋਹ ਤੇ ਉਦਾਸੀ ਭਰੀ ਚਿੱਠੀ ਲਿਖੀ। ਉਸ ਨੇ ਉਸ ਨੂੰ ਅਰਾਮ ਕਰਨ ਦੀ ਅਤੇ ਪੇਟ'ਚ ਪਲ ਰਹੇ ਬੱਚੇ ਵੱਲ ਵਿਸ਼ੇਸ ਧਿਆਨ ਦੇਣ ਲਈ ਕਿਹਾ ਸੀ।

ਕਲਪਨਾ ਵੀ ਹਰ ਹਫਤੇ ਉਸਨੂੰ ਚਿੱਠੀ ਲਿਖਦੀ-ਵਿਛੋੜੇ ਤੇ ਸੱਲ ਦੀਆਂ। ਕਾਰ ਵਿਹਾਰ ਦੀਆਂ ਚਿੱਠੀਆਂ। ਪੇਟ ਵਿਚ ਪਲਦੇ ਭਰੂਣ ਦੀਆਂ। ਰੰਗੀਨ ਸੁਪਨਿਆਂ ਦੀਆਂ।

'ਦੁਸ਼ਮਣ ਨੇ ਅਚਾਨਕ ਸਾਡੇ ਦੇਸ 'ਤੇ ਹਮਲਾ ਕਰ ਦਿੱਤਾ ਹੈ। ਸਾਡੀ ਪਲਟਣ ਫਰੰਟ 'ਤੇ ਜਾ ਰਹੀ ਹੈ। ਸਾਡੀ ਟੁਕੜੀ ਵੀ ਜਾਨ ਹੂਲ ਰਹੀ ਹੈ।' ਹਰਪਾਲ ਦੀ ਆਖਰੀ ਚਿੱਠੀ ਸੀ

'ਦੇਹੁ ਸ਼ਿਵਾ ਵਰ ਮੁਹਿ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ। ਜਵ ਆਵ ਕੀ ਅਉਧ ਨਿਧਾਨ ਬਣੇ ਅਤਿ ਹੀ ਰਣ ਮੇਂ ਤਬ ਜੂਝ ਮਰੋਂ" ਦੇ ਸ਼ਬਦ ਸੈਨਿਕਾਂ ਦਾ ਮਨੋਬਲ ਉਚਾ ਕਰਦੇ।

ਕਲਪਨਾ ਦਾ ਦਿਲ ਧੜਕਦਾ। ਉਹ ਹਰ ਰੋਜ ਉਸਦੀ ਜਿੱਤ ਦੀ ਕਾਮਨਾ ਕਰਦੀ। ਉਸਦੇ ਸਹੀ ਸਲਾਮਤ ਵਾਪਸ ਮੁੜਨ ਦੀ ਅਰਦਾਸ ਕਰਦੀ।

ਉਹ ਅੰਦਰੋਂ ਰੋਂਦੀ ਪਰ ਹਰਪਾਲ ਦੇ ਬੁੱਢੇ ਮਾਂ-ਪਿਉ ਨੂੰ ਦਿਲਾਸਾ ਦਿੰਦੀ।

ਆਖਰ ਨੂੰ ਹਰਪਾਲ ਦੀ ਮੌਤ ਦੀ ਖਬਰ ਆ ਗਈ। ਇੱਕ-ਦੂਜੇ ਨੂੰ ਧਰਵਾਸਾ ਦੇਣ ਵਾਲਾ ਬਚਿਆ ਨਹੀਂ ਸੀ। 'ਸ਼ਹੀਦ ਦੀ ਪਤਨੀ ਏ ਤੂੰ ਸ਼ਹੀਦ ਦੀ। ਸੂਰਬੀਰ ਬਹਾਦਰ ਦੀ।' ਹੁਣ ਹਰਪਾਲ ਦੀ ਯਾਦ ਈ ਰਹਿ ਗਈ ਸੀ। ਉਹ ਆਪਣੇ ਸਾਰੇ ਅਰਮਾਨਾਂ ਨੂੰ ਲਾਂਬੂ ਲਾ ਕੇ ਚੁੱਪ ਦੀ ਮੂਰਤ ਬਣ ਗਈ। ਉਸ ਨਾਲ ਲੜ੍ਹਦਾ ਸਿਪਾਹੀ ਇੱਕ ਮਹੀਨੇ ਪਿੱਛੋਂ ਉਸਦੇ ਕੋਲ ਅਫਸੋਸ ਕਰਨ ਆਇਆ। ਉਸਨੇ ਕਲਪਨਾ ਨੂੰ ਦੱਸਿਆ ਕਿ ਹਰਪਾਲ ਮੈਨੂੰ ਬਚਾਉਂਦਾ ਆਪ ਸ਼ਹੀਦ ਹੋ ਗਿਆ ਸੀ।

'ਅਸੀਂ ਦੋਵੇਂ ਇੱਕ ਬੈਂਕਰ ਵਿਚ ਸਾਂ। ਗੋਲੀ-ਸਿੱਕਾ ਮੁੱਕ ਜਾਣ ਕਰਕੇ ਲੜ੍ਹਾਈ ਹੱਥੋ-ਹੱਥੀ ਹੋ ਗਈ। ਦੁਸ਼ਮਣ ਦੇ ਇੱਕ ਸਿਪਾਹੀ ਦੀ ਬੰਦੂਕ ਦੀ ਨੋਕ ਮੇਰੇ ਵੱਲ ਵਧੀ। ਉਸਨੇ ਮੈਨੂੰ ਜ਼ਖਮੀ ਕਰ ਦਿੱਤਾ। ਹਰਪਾਲ ਨੇ ਅੱਖ ਦੇ ਫੋਰ ਵਿਚ ਉਸ 'ਤੇ ਹਮਲਾ ਕਰ ਦਿੱਤਾ। ਦੋਵੇਂ ਗੁੱਥਮ-ਗੁੱਥਾ ਹੋਏ ਡਿੱਗ ਪਏ। ਮੇਰੇ ਵਾਰ ਕਰਨ ਤੋਂ ਪਹਿਲਾਂ ਹੀ ਭਾਣਾ ਵਰਤ ਗਿਆ।

ਦੋਵੇਂ ਇਕੱਠੇ ਪਏ ਸਨ-ਅਸਮਾਨ ਵੱ.ਲ ਝਾਕਦੀਆਂ ਪਥਰਾਈਆਂ ਅੱਖਾਂ, ਲਹੂ-ਲੁਹਾਣ ਗੜੁੱਚ ਹੋਏ। ਸਿਪਾਹੀ ਨੇ ਭਰੇ ਮਨ ਨਾਲ ਰੁੱਕ-ਰੁੱਕ ਕੇ ਸਾਰੀ ਕਹਾਣੀ ਸੁਣਾਈ।

'ਮੈਂ ਬਚ ਗਿਆ, ਯਾਰ ਤੁਰ ਗਿਆ। ਸਾਨੂੰ ਸਿਖਾਇਆ ਈ ਇਹ ਜਾਂਦਾ ਹੈ 'ਦੁਸ਼ਮਣ ਨੂੰ ਮਾਰੋ ਤੇ ਸਾਥੀ ਨੂੰ ਬਚਾਓ'।

ਗੁੰਮ-ਸੁੰਮ ਹੋਈ ਕਲਪਨਾ ਉਸਦੇ ਵੱਲ ਝਾਕੀ। ਸ਼ਾਇਦ ਉਸਦੀਆਂ ਹੰਝੂਆਂ ਨਾਲ ਛਲਕਦੀਆਂ ਅੱਖਾਂ ਸਵਾਲ ਕਰ ਰਹੀਆਂ ਸਨ ਕਿ ਮਰਨ ਤੋਂ ਪਹਿਲਾਂ ਮੇਰਾ ਨਾਂਅ ਉਸਦੇ ਬੁਲ੍ਹਾਂ 'ਤੇ ਆਇਆ ਸੀ?

ਉਸ ਦਿਨ ਤੋਂ ਪਿੱਛੋਂ ਜਦ ਵੀ ਉਹ ਸਾਹਮਣੇ ਲਿਸ਼ਕਦੀ ਪਹਾੜੀ ਵੱਲ ਵੇਖਦੀ ਉਸਨੂੰ ਇਉਂ ਲਗਦਾ ਜਿਵੇਂ ਉਸਦੀ ਮਾਂਗ ਵਿਚਲਾ ਸੰਧੂਰ ਹਰਪਾਲ ਦੇ ਵਹੇ ਖ਼ੂਨ ਵਿਚ ਇੱਕ ਮਿੱਕ ਹੋ ਗਿਆ ਹੋਵੇ। ਉਸ ਵਿਚ ਵਿਰੋਧੀ ਸੈਨਿਕ ਦਾ ਖ਼ੂਨ ਤੇ ਉਸਦੀ ਪਤਨੀ ਦਾ ਸੰਧੂਰ ਇੱਕ ਮਿੱਕ ਹੋਏ ਹੋਣ ਤੇ ਸਰਹੱਦੀ ਰੇਖਾ ਅਜੇ ਵੀ ਡੂੰਘੀ ਅਣਭਰੀ ਹੋਵੇ।

ਉਹ ਅੱਜ ਬੈਡ 'ਤੇ ਪਈ ਉਸਲਵੱਟੇ ਲੈਂਦੀ ਹੈ। ਹਰਪਾਲ ਦੀ ਯਾਦ ਉਸਦਾ ਖਹਿੜਾ ਨਹੀਂ ਸੀ ਛੱਡ ਰਹੀ। 'ਵਿਚ ਰੰਗ ਦੇ ਦੇਵੀ ਹੈ ਨਾਰ ਸਾਡੀ। ਵਿਚ ਜੰਗ ਦੇ ਦੇਵੀ ਹੈ ਕਟਾਰ ਸਾਡੀ' ਇਹ ਸ਼ਬਦ ਉਸਦੇ ਕੰਨਾਂ ਵਿਚ ਗੂੰਜਦੇ ਹਨ। ਉਸਦੀ ਹੂਕ ਨਿਕਲਦੀ ਹੈ।

'ਉਸਨੂੰ ਰੋਜ਼ੀ ਨਾਲ ਗੁਸਤਾਖ਼ ਨਹੀਂ ਸੀ ਹੋਣਾ ਚਾਹੀਦਾ। ਉਹ ਰੋਜ਼ੀ ਨਾਲ ਕੀਤੇ ਵਿਵਹਾਰ 'ਤੇ ਪਛਤਾ ਰਹੀ ਸੀ।

'ਸੱਚੀ ਤਾਂ ਸੀ ਉਸਦੀ ਗੱਲ। ਦੋਵੇਂ ਪਾਸੇ ਔਰਤ ਦਾ ਬਲਾਤਕਾਰ। ਦੋਵੇਂ ਪਾਸੇ ਔਰਤ ਦਾ ਹੀ ਤਿਆਗ। ਮੈਂ ਕਿਉਂ ਤੜਪੀ ਸੀ ਸੁਣ ਕੇ ਉਸਦਾ ਤਰਕ-ਸਾਰੀ ਉਮਰ ਵਿੱਛੜ ਗਏ ਦੇ ਦੁੱਖ ਵਿਚ ਧੁੱਖ ਕੇ ਮਰਨਾ। ਇਸੇ ਕਰਕੇ ਉਸਨੇ ਮੈਨੂੰ ਸਲੇਵ ਮਟੈਲਿਟੀ' ਕਿਹਾ ਸੀ। ਕੀ ਮੇਰੀ ਸਾਰੀ ਉਮਰ ਕੰਡਿਆਂ ਦੀ ਸੇਜ ਨਹੀਂ?

'ਰੰਗ ਤਾਂ ਤੂੰ ਨਾਲ ਹੀ ਲੈ ਗਿਆ? ਮੇਰੇ ਸੀਨੇ ਵਿਚ ਵੀ ਕਟਾਰ ਖੁਭੋ ਜਾਂਦਾ। ਇੱਕ ਹੂਕ ਉਸਦੇ ਧੁਰ ਅੰਦਰੋ ਨਿਕਲਦੀ ਹੈ-ਦਿਲ ਤੇ ਦਿਮਾਗ 'ਚੋ" ਉਸਦੀਆਂ ਭਾਰੀਆਂ ਤੇ ਸੁੱਜੀਆਂ ਅੱਖਾ ਅੱਗੇ ਹਰਪਾਲ ਖੜ੍ਹਾ ਸੀ। 'ਕਲਪਨਾ ਮੇਰੇ ਵਿਛੋੜੇ ਦੇ ਗ਼ਮ ਨੂੰ ਹੱਡੀਆਂ ਦਾ ਰੋਗ ਨਾ ਬਣਾ? ਮਰੇ ਹੋਏ ਕਦ ਵਾਪਸ ਆਉਂਦੇ ਹਨ?' ਉਸਦੀ ਅੱਖ ਖੁੱਲ੍ਹੀ। ਹਰਪਾਲ ਕਿਤੇ ਵੀ ਨਹੀਂ ਸੀ।

ਇਹ ਹਰਪਾਲ ਦੀ ਅਵਾਜ ਸੀ ਜਾ ਇੱਕ ਸੁਪਨਾ?

ਸਵੇਰ ਦੇ ਚਾਰ ਵੱਜ ਗਏ ਸਨ। ਉਹ ਸਾਰੀ ਸੁਪਨਮਈ ਅਵਸਥਾ ਵਿਚ ਘਿਰੀ ਰਹੀ ਸੀ। ਉਹ ਤਾਂ ਕੈਲੇਫੋਰਨੀਆਂ ਦੇ ਸ਼ਹਿਰ ਮਡੈਸਟੋ ਵਿਚ ਆਪਣੀ ਮਹਿਰਮ ਮਾਸੀ ਦੇ ਨਾਲ ਦੇ ਘਰ ਵਿਚ ਇਕੱਲੀ ਪਈ ਸੀ-ਮਾਸੀ ਜਿਸਨੇ ਉਸਦੀ ਪਟੀਸ਼ਨ ਕਰ ਦਿੱਤੀ ਸੀ ਤੇ ਉਹਦੇ ਕੋਲ ਅਪਣੇ ਸੱਤ ਸਾਲ ਦੇ ਪੁੱਤਰ ਸਨੇਹਪਾਲ ਨਾਲ ਆ ਗਈ।

ਸਨੇਹਪਾਲ ਅਜੇ ਕਿਸ਼ੋਰ ਅਵਸਥਾ ਵਿਚ ਸੀ ਜਦੋਂ ਉਹ ਆਪਣੀ ਗਰਲ ਫਰੈਂਡ ਨਾਲ ਵਿਆਹ ਕਰਾ ਕੇ ਨਿਊਜਰਸੀ ਰਹਿਣ ਲੱਗ ਪਿਆ। ਉਸ ਦੀ ਜਿੱਦੀ ਔਰਤ ਦੇ ਸਾਹਮਣੇ ਕੋਈ ਪੇਸ਼ ਨਹੀਂ ਚੱਲੀ ਸੀ।

ਕਲਪਨਾ ਦੀ ਸਾਰੀ ਦੁਨੀਆਂ ਰੋਜ਼ੀ ਸੀ। ਉਹ ਹੀ ਉਸਦੀ ਰਾਜ਼ਦਾਨ ਸੀ। ਜਿਸਨੂੰ ਬੋਲ-ਕਬੋਲ ਕਰਕੇ ਉਸਦਾ ਕਾਲਜਾ ਲੂਹ ਦਿੱਤਾ ਸੀ।

ਅਗਲੀ ਸਵੇਰ ਕਲਪਨਾ ਉਠੀ। ਕੰਧ ਤੋਂ ਹਰਪਾਲ ਦੀ ਫੋਟੋ ਲਾਹੀ ਤੇ ਪੂਰੀ ਤਰ੍ਹਾਂ ਝਾੜ ਪੰਝੂ ਕੇ ਅਲਮਾਰੀ ਵਿਚ ਰੱਖ ਦਿੱਤੀ। ਉਸ ਨੇ ਆਪਣਾ ਚਿਹਰਾ ਸ਼ੀਸ਼ੇ ਵਿਚ ਵੇਖਿਆ ਉਸ ਨੂੰ ਅੱਖਾਂ ਵਿਚ ਖੁਮਾਰੀ ਕੁਝ ਕਹਿੰਦੀ ਦਿਸੀ। ਉਸਦੇ ਮਨ 'ਚੋਂ ਇੱਕ ਲਹਿਰ ਉਠੀ ਜਿਸ ਨਾਲ ਉਹ ਲਰਜ਼ਾ ਗਈ। ਇਕ ਵਿਸਮਾਦ 'ਚ ਉਹ ਨਸ਼ਿਆ ਗਈ।

ਉਸਨੇ ਹੱਥਾਂ ਦੀ ਕਰੰਘੜੀ ਪਾਈ। ਸੋਚਿਆ ਉਹ ਵਾਈਨਰੀ 'ਚ ਜਾ ਕੇ ਰੋਜ਼ੀ ਨੂੰ ਜੱਫੀ ਪਾ ਕੇ ਉਸਦੀ ਦੀ ਜਾਨ ਕੱਢ ਦੇਵੇਗੀ।

ਉਹ ਵਾਈਨਰੀ ਵਿਚ ਗਈ। ਰੋਜ਼ੀ ਉਥੇ ਨਹੀਂ ਸੀ। ਉਸਦਾ ਚਿੱਤ ਕਿਰਕਰਾ ਹੋ ਗਿਆ। ਰੋਜ਼ੀ ਦੂਜੇ ਦਿਨ ਅਤੇ ਤੀਜੇ ਦਿਨ ਵੀ ਨਾ ਆਈ। ਚੌਥੇ ਦਿਨ ਰੋਜ਼ੀ ਆ ਗਈ।

ਦਫਤਰ ਬੰਦ ਹੋਣ ਪਿੱਛੋਂ ਕਾਫੀ ਹਾਊਸ ਵਿਚ ਬੜੀ ਬੇਤਾਬੀ ਨਾਲ ਮਿਲੀਆਂ। ਜਿਵੇਂ ਉਨ੍ਹਾਂ ਨੂੰ ਮਿਲਿਆਂ ਯੁੱਗ ਬੀਤ ਗਿਆ ਹੋਵੇ।

'ਕਿੱਥੇ ਰਹੀ ਸੀ ਇੰਨੇ ਦਿਨ? ਕਿੰਨਾਂ ਫਿਕਰ ਸੀ ਤੇਰਾ ਮੈਨੂੰ?' ਕਲਪਨਾ ਨੇ ਪੁੱਛਿਆ।

'ਤੇਰੇ ਡੇਸ਼ਬਗਟ ਸਟੀਵਨ ਦੀ ਮਾਮ ਨੂੰ ਮਿਲ ਕੇ ਆਈ ਆਂ। ਮੇਰਾ ਫਰਜ ਬਣਦਾ ਹੈ ਸਟੀਵਨ ਦੀ ਮਾਮ ਨੂੰ ਮਿਲਣ ਦਾ। ਮੈਨੂੰ ਉਸਦੀ ਤਾਕਤ ਬਣਨਾ ਚਾਹੀਦਾ ਹੈ। ਉਹ ਲੋਨਲੀ ਫੀਲ ਨਾ ਕਰੇ। ਸਟਰੈਸਡ ਨਾ ਹੋਵੇ। ਡੀਪਰੈਸ਼ਨ ਦਾ ਸ਼ਿਕਾਰ ਨਾ ਹੋ ਜਾਵੇ। ਮੈਂ ਹੋਈ ਨਾ ਸੈਨਕ ਦੀ ਵਾਈਫ।' ਰੋਜ਼ੀ ਦੇ ਚਿਹਰੇ ਦੇ ਹਾਵ-ਭਾਵ ਉਸਦੀ ਬੋਲਚਾਲ ਤੋਂ ਕਿਤੇ ਵੱਧ ਉਸਦੇ ਜ਼ਜਬਾਤਾਂ ਦੀ ਤਰਜਮਾਨੀ ਕਰ ਰਹੇ ਸਨ।

ਕਲਪਨਾ ਨੇ ਪੈਸੇ ਦੇਣ ਸਮੇ ਆਪਣਾ ਪਰਸ ਲੋੜ ਨਾਲੋਂ ਵੱਧ ਈ ਖੋਲ੍ਹ ਲਿਆ। ਉਸਦੇ ਪਰਸ ਵਿਚ ਸਤਵੰਤ ਦੀ ਤਸਵੀਰ ਸੀ-ਸਤਵੰਤ ਕਲਪਨਾ ਦਾ ਕਾਲਜ ਦੇ ਸਮੇ ਦਾ ਦੋਸਤ ਸੀ। ਉਸਦੀ ਪਤਨੀ ਪਿਛਲੇ ਸਾਲ ਉਸਨੂੰ ਸਦੀਵੀ ਵਿਛੋੜਾ ਦੇ ਗਈ ਸੀ। ਦੋਵਾਂ ਦੇ ਇੱਕ ਸਾਂਝੇ ਦੋਸਤ ਨੇ ਕਲਪਨਾ ਨਾਲ ਗੱਲ ਕੀਤੀ, ਪਰ ਕਲਪਨਾ ਨੇ ਕੋਈ ਹੁੰਗਾਰਾ ਨਹੀ ਦਿੱਤਾ ਸੀ।

ਰੋਜ਼ੀ ਕਲਪਨਾ ਦੇ ਪਰਸ ਦੇ ਵਿਚ ਸਤਵੰਤ ਦੀ ਫੋਟੋ ਵੇਖ ਕੇ ਚਾਂਭਲ ਈ ਗਈ।

'ਲੱਭ ਲਿਆ?' ਰੋਜ਼ੀ ਦੇ ਚਿਹਰੇ 'ਤੇ ਖੁਸ਼ੀ ਭੰਗੜਾ ਪਾਉਣ ਲੱਗੀ, ਕਲਪਨਾ ਨੇ ਮੁਸਕਰਾ ਕੇ ਨੀਵੀਂ ਪਾ ਲਈ।

'ਲੱਭ ਦੇ ਕੋਈ, ਹਰਾਮਣੇ?' 'ਮੇਰੇ ਲੱਭੇ ਨਾਲ ਤਾਂ ਚਾਰ ਦਿਨ ਵੀ ਨੀ ਕੱਟਣੇ।

'ਆਹ ਤਾਂ ਹੈ।'

ਕਲਪਨਾ ਦੇ ਬੁੱਲ੍ਹਾਂ 'ਤੇ ਮੁਸਕਰਾਹਟ ਤੇ ਚਿਹਰੇ 'ਤੇ ਲਾਲੀ ਪਸਰ ਗਈ। ਸਤਵੰਤ ਦੀ ਤਸਵੀਰ ਪਰਸ 'ਚੋਂ ਕੱਢ ਕੇ ਹਿੱਕ ਨਾਲ ਲਾ ਵਿਸਮਾਦ ਵਿਚ ਅੱਖਾਂ ਮੀਚ ਲਈਆਂ।

## ਦੌਧਰ ਦਾ ਦੋਹਤਰਾ

*(ਸਫਾ 24 ਦਾ ਬਾਕੀ)*

ਤਿੱਖੇ ਕਰ ਦਿੱਤੇ। ਫ਼ਿਲਾਸਫੀ ਗਰਗ ਅੰਦਰ ਦੌਧਰ ਦੀਆਂ ਗਲੀਆਂ 'ਚ ਖੇਡਦਿਆਂ ਪੈਦਾ ਹੋ ਗਈ ਸੀ। ਦੌਧਰ ਗਰਗ ਦਾ ਨਾਨਕਾ ਪਿੰਡ ਹੈ। ਨਾਵਲ 'ਧਾਰਾਂ ਵਾਲਾ ਪੁਲ' ਦੀ ਕਹਾਣੀ ਵੀ ਦੌਧਰ ਦੀ ਹੀ ਹੈ। ਦੌਧਰ ਪਿੰਡ ਵਿਦਵਾਨਾਂ ਅਤੇ ਚਿੰਤਕਾਂ ਦੇ ਪਿੰਡ ਵਜੋਂ ਜਾਣਿਆ ਜਾਂਦਾ ਹੈ। ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਰਹੇ, ਗਿਆਨੀ ਲਾਲ ਸਿੰਘ ਵਰਗੇ ਵਿਦਵਾਨਾਂ ਦੀ ਕਰਮ ਤੇ ਜਨਮ ਭੂਮੀ ਰਹੇ ਪਿੰਡ ਦੌਧਰ ਦਾ ਦੋਹਤਰਾ ਹੋਣਾ, ਛੋਟੀ ਗੱਲ ਨਹੀਂ ਹੈ। ਇਸੇ ਕਰਕੇ ਵਿਦਵਤਾ ਅਤੇ ਵਿਚਾਰਧਾਰਾ ਗਰਗ ਦੀ ਸਮੁੱਚੀ ਰਚਨਾ ਦਾ ਕੇਂਦਰ ਬਿੰਦੂ ਬਣੀ ਰਹਿੰਦੀ ਹੈ। ਗਰਗ ਸਾਡਾ ਅਜਿਹਾ ਸਰਬਾਂਗੀ ਸਾਹਿਤਕਾਰ ਹੈ, ਜਿਸ ਦੀ ਰਚਨਾਕਾਰੀ ਵਿਚ ਇਕੋ ਸਮੇਂ ਸਮਾਜਿਕ-ਰਾਜਨੀਤਕ ਚੇਤਨਾ, ਵਿਅੰਗ ਦੀ ਤਿੱਖੀ ਧਾਰ ਅਤੇ ਬੌਧਿਕਤਾ ਮੌਜੂਦ ਰਹਿੰਦੀ ਹੈ।

## ਪੋਸਟ ਸਕ੍ਰਿਪਟ

ਬਾਕੀ ਪੰਜਾਬ ਵਾਂਗ ਮੋਗੇ ਸ਼ਹਿਰ ਦੇ ਅਮਨ-ਚੈਨ ਨੂੰ ਵੀ ਅੱਗ ਲੱਗੀ ਹੋਈ ਸੀ। ਆਏ ਦਿਨ ਹੁੰਦੀਆਂ ਵਾਰਦਾਤਾਂ ਤੋਂ ਅੱਕੇ ਸ਼ਹਿਰੀਏ ਪੰਜਾਬ ਦੀ ਪੁਲਿਸ ਨੂੰ ਬੁਰਾ ਭਲਾ ਆਖਦੇ। ਪੁਲਿਸ ਦਾ ਅਕਸ ਸੁਧਾਰਨ ਲਈ ਜ਼ਿਲ੍ਹਾ ਪੁਲਿਸ ਮੁਖੀ ਨੇ ਸ਼ਹਿਰ ਦੇ ਪਤਵੰਤਿਆਂ ਦੀ ਮੀਟਿੰਗ ਬੁਲਾਉਣੀ ਉਚਿਤ ਸਮਝੀ। ਸਮਾਜ ਸੇਵੀ ਵਿਅਕਤੀਆਂ, ਪਤਰਕਾਰਾਂ, ਨਗਰ ਕੌਂਸਲਰਾਂ, ਫਰੀਡਮ ਫਾਈਟਰਾਂ, ਸਾਬਕਾ ਸੈਨਿਕਾਂ ਅਤੇ ਚਲਦੇ-ਫਿਰਦੇ ਬੰਦਿਆਂ ਨੂੰ ਬੁਲਾਉਣ ਦੇ ਨਾਲ-ਨਾਲ ਲੇਖਕ ਹੋਣ ਦੇ ਨਾਤੇ ਕੇ.ਐਲ. ਗਰਗ ਨੂੰ ਵੀ ਬੁਲਾਉਣਾ ਠੀਕ ਸਮਝਿਆ ਗਿਆ। ਗਰਗ ਸਾਹਿਬ ਨੂੰ ਮੀਟਿੰਗ ਵਿਚ ਲੈ ਕੇ ਜਾਣ ਲਈ ਦੋ ਬਾਵਰਦੀ ਪੁਲਿਸ ਕਰਮਚਾਰੀ ਉਸ ਦੇ ਕਿਸ਼ਨਪੁਰਾ ਮੁਹੱਲੇ ਵਾਲੇ ਘਰ ਵਿਚ ਆ ਗਏ। ਗਰਗ ਸਾਹਿਬ ਛੇਤੀ-ਛੇਤੀ ਤਿਆਰ ਹੋ ਕੇ ਉਨ੍ਹਾਂ ਨਾਲ ਤੁਰ ਪਏ। ਮੁਹੱਲੇ ਦੇ ਲੋਕ ਹੈਰਾਨ ਸਨ ਕਿ ਪੁਲਿਸ ਵਾਲੇ ਗਰਗ ਨੂੰ ਕਿੱਥੇ ਅਤੇ ਕਿਉਂ ਲੈ ਕੇ ਜਾ ਰਹੇ ਹਨ। ਪੁਲਿਸ ਨੂੰ ਪੁੱਛਣ ਦਾ ਹੌਂਸਲਾ ਕੌਣ ਕਰਦਾ? ਉਨ੍ਹੀਂ ਦਿਨੀ ਪੁਲਿਸ ਨੂੰ ਪੁੱਛਣ-ਪੁਛਾਉਣ ਦਾ ਰਿਵਾਜ਼ ਵੀ ਨਹੀਂ ਸੀ।

"ਬੰਦਾ ਤਾਂ ਚੰਗਾ ਸੀ.. .. ਕੀ ਗੱਲ ਬਣਗੀ?" ਮੁਹੱਲੇਦਾਰ ਆਪਸ ਵਿਚ ਕਾਨਾਫੂਸੀ ਕਰ ਰਹੇ ਸਨ।

"ਐਹੋ-ਜਿਹਾ ਕੀ ਕਰਤਾ ਹੋਊ?"

"ਇਹਨੇ ਕੀ ਕਰਨਾ?" ਕਿਸੇ ਭੱਦਰ ਪੁਰਸ਼ ਨੇ ਪਹਿਲੇ ਦੀ ਪੁੱਛ ਦਾ ਜਵਾਬ ਦਿੱਤਾ ਸੀ।

"ਫੇਰ ਵੀ ਮਾਸਟਰ ਐ ਭਾਈ.. .. .. ਕੀ ਪਤਾ ਲੱਗਦਾ ਕਿਸੇ ਚੰਗੀ ਮਾੜੀ ਦਾ?" ਲੋਕਾਂ ਅੰਦਰ ਚਵਾ-ਚਵੀ ਹੁੰਦੀ ਰਹੀ।

ਮੀਟਿੰਗ ਤੋਂ ਆ ਕੇ ਗਰਗ ਨੇ ਵੇਖਿਆ, ਲੋਕ ਉਸਨੂੰ ਹੋਰੂੰ-ਹੋਰੂੰ ਜਿਹੀਆਂ ਅੱਖਾਂ ਨਾਲ ਦੇਖ ਰਹੇ ਸਨ। ਗਰਗ ਕੀਹਨੂੰ-ਕੀਹਨੂੰ ਸਮਝਾਉਂਦਾ? ਪੁਲਿਸ ਦਾ ਅਕਸ ਤਾਂ ਕੀ ਸੁਧਰਨਾ ਸੀ, ਗਰਗ ਸਾਹਿਬ ਦਾ ਅਕਸ ਜ਼ਰੂਰ ਕਿੰਨਾ ਚਿਰ ਹੀ ਵਿਗੜਿਆ ਰਿਹਾ। ***(ਸਮਾਪਤ)***

# ਮਨਦੀਪ ਰਿੰਪੀ ਦੀਆਂ ਖੇਡ ਕਹਾਣੀਆਂ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਮਨਦੀਪ ਰਿੰਪੀ ਬਾਲ ਕਵਿਤਾਵਾਂ ਤੇ ਕਹਾਣੀਆਂ ਦੀ ਹੋਣਹਾਰ ਲੇਖਕਾ ਹੈ। ਉਸ ਦੀਆਂ ਦੋ ਕਹਾਣੀਆਂ 'ਚੈਂਪੀਅਨ' ਤੇ 'ਹੁਣ ਨੀ ਹਾਰਦਾ ਮੇਰਾ ਪੁੱਤ' ਖੇਡ-ਖਿਡਾਰੀਆਂ ਬਾਰੇ ਹਨ। ਉਸ ਤੋਂ ਭਵਿੱਖ ਵਿਚ ਹੋਰ ਖੇਡ ਕਹਾਣੀਆਂ ਦੀ ਵੀ ਆਸ ਰੱਖੀ ਜਾ ਸਕਦੀ ਹੈ। ਉਹ ਪ੍ਰਾਇਮਰੀ ਸਕੂਲ ਦੀ ਅਧਿਆਪਕਾ ਹੈ, ਜਿਸ ਨੇ 2019 ਤੋਂ ਲਿਖਣਾ ਸ਼ੁਰੂ ਕੀਤਾ। ਪਹਿਲਾਂ ਕਵਿਤਾਵਾਂ ਲਿਖੀਆਂ, ਫਿਰ ਕਹਾਣੀਆਂ। ਉਸ ਦੇ ਕਾਵਿ-ਸੰਗ੍ਰਹਿ ਦਾ ਨਾਂ 'ਜਦੋਂ ਤੂੰ ਚੁੱਪ ਸੀ' ਤੇ ਕਹਾਣੀ ਸੰਗ੍ਰਹਿ ਦਾ ਨਾਂ 'ਚਿੱਟੀ ਦੀ ਖੀਰ' ਹੈ। ਉਸ ਨੇ ਕੋਵਿਡ-19 ਦੀ ਸਾੜ੍ਹਸਤੀ ਦੌਰਾਨ ਬੱਚਿਆਂ ਦੇ ਬਾਲ ਗੀਤ ਤੇ ਬਾਲ ਕਹਾਣੀਆਂ ਦੀਆਂ 500 ਤੋਂ ਵੱਧ ਵੀਡੀਓਜ਼ ਬਣਾ ਕੇ ਵੱਖ-ਵੱਖ ਥਾਈਂ ਭੇਜੀਆਂ। ਪੰਜਾਬ ਸਿੱਖਿਆ ਵਿਭਾਗ ਵੱਲੋਂ 'ਨੰਨ੍ਹੇ ਉਸਤਾਦ' ਪ੍ਰੋਗਰਾਮ ਵਿਚ ਤਿੰਨ ਬਾਲ ਕਹਾਣੀਆਂ ਡੀਡੀ ਪੰਜਾਬੀ ਜਲੰਧਰ ਦੂਰਦਰਸ਼ਨ 'ਤੇ ਪੇਸ਼ ਕੀਤੀਆਂ ਗਈਆਂ। ਸਿਰਜਣਾਤਮਿਕ ਸਿੱਖਿਆ ਸੰਸਾਰ ਦੇ 'ਪਰਵਾਜ਼' ਚੈਨਲ 'ਤੇ 34 ਬਾਲ ਕਹਾਣੀਆਂ, ਇੱਕ ਬਾਲ ਗੀਤ ਅਤੇ 'ਨਿੱਕੀਆਂ ਕਰੂੰਬਲਾਂ' ਚੈਨਲ 'ਤੇ ਅੱਠ ਬਾਲ ਕਹਾਣੀਆਂ ਪੇਸ਼ ਕਰ ਚੁੱਕੀ ਹੈ। ਭਾਰਤ ਦੇ ਪੰਜਾਬੀ ਅਖ਼ਬਾਰਾਂ, ਰਸਾਲਿਆਂ ਤੋਂ ਲੈ ਕੇ ਲਾਹੌਰ ਦੇ ਪ੍ਰਸਿੱਧ ਬਾਲ ਮੈਗਜ਼ੀਨ 'ਪੰਖੇਰੂ' ਵਿਚ ਉਹਦੀਆਂ ਰਚਨਾਵਾਂ ਅਕਸਰ ਛਪਦੀਆਂ ਰਹਿੰਦੀਆਂ ਹਨ।

ਉਸ ਦਾ ਜਨਮ ਪਿੰਡ ਬੰਦੇ ਮਹਿਲ ਕਲਾਂ, ਜ਼ਿਲ੍ਹਾ ਰੂਪਨਗਰ ਵਿਖੇ 19 ਅਪ੍ਰੈਲ, 1979 ਨੂੰ ਮਾਤਾ ਰਣਵੀਰ ਕੌਰ ਤੇ ਪਿਤਾ ਰਤਨ ਸਿੰਘ ਸਾਬਕਾ ਸਰਪੰਚ ਦੇ ਘਰ ਹੋਇਆ। ਉਸ ਨੇ ਅੱਠਵੀਂ ਟੈਗੋਰ ਮਾਡਲ ਸਕੂਲ ਤੇ ਦਸਵੀਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਗਰਲਜ਼) ਰੂਪਨਗਰ ਤੋਂ ਕੀਤੀ। ਡਿਪਲੋਮਾ ਇਨ ਇਲੈਕਟ੍ਰਾਨਿਕਸ ਐਂਡ ਕਮਿਊਨੀਕੇਸ਼ਨ, ਪੋਲੀਟੈਕਨੀਕਲ ਫ਼ਾਰ ਵਿਮੈੱਨ ਰੂਪਨਗਰ ਤੋਂ ਕੀਤਾ। ਈਟੀਟੀ ਡਾਇਟ ਰੂਪਨਗਰ ਤੋਂ, ਬੀ.ਏ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ, ਐਮ.ਏ. ਹਿੰਦੀ ਤੇ ਐਮ.ਏ. ਹਿਸਟਰੀ ਅਤੇ ਬੀਐੱਡ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ। ਉਸ ਦਾ ਪਤੀ ਡੀਸੀ ਦਫਤਰ ਰੂਪਨਗਰ ਵਿਚ ਸਰਕਾਰੀ ਕਰਮਚਾਰੀ ਹੋਣ ਕਾਰਨ ਰਿਹਾਇਸ਼ ਰੂਪਨਗਰ ਹੀ ਰੱਖੀ ਹੈ।

ਮਨਦੀਪ ਸੱਤਵੀ 'ਚ ਪੜ੍ਹਦਿਆਂ ਆਪਣੇ ਅਧਿਆਪਕ ਅਰਵਿੰਦ ਸ਼ਰਮਾ ਦੀ ਪ੍ਰੇਰਨਾ ਨਾਲ ਸੁੰਦਰ ਲਿਖਾਈ, ਸ਼ਬਦ ਗਾਇਨ ਤੇ ਕਵਿਤਾ ਲਿਖਣ ਦੇ ਸਕੂਲੀ ਮੁਕਾਬਲਿਆਂ ਵਿਚ ਭਾਗ ਲੈਣ ਲੱਗੀ। ਉਸ ਦੀ ਪਹਿਲੀ ਰਚਨਾ ਸੀ:

ਮਨ ਦੇ ਜਜ਼ਬੇ ਮਨ ਦੇ ਅੰਦਰ
ਗੁੱਥਮ ਗੁੱਥੀ ਕਰਿਆ ਨਾ ਕਰ
ਲੋਕੀਂ ਪਿੱਠ ਦੇ ਪਿੱਛੇ ਹੱਸਦੇ
ਤੂੰ ਹਾਸੇ ਤੋਂ ਡਰਿਆ ਨਾ ਕਰ
ਜਜ਼ਬੇ ਤੇਰੇ ਸਮੁੰਦਰੋਂ ਡੂੰਘੇ
ਕੁੱਝ ਨੇ ਬੋਲ਼ੇ, ਕੁੱਝ ਨੇ ਗੂੰਗੇ
ਕੱਚਿਆਂ ਨੇ ਤਾਂ ਖੁਰ ਹੀ ਜਾਣਾ
ਕੱਚਿਆਂ 'ਤੇ ਤਰਿਆ ਨਾ ਕਰ।

ਉਸ ਦੀਆਂ ਕੁਝ ਕਹਾਣੀਆਂ ਦੇ ਨਾਂ ਹਨ: 'ਰਾਹੁਲ ਦਾ ਫੋਨ', 'ਤੇ ਕੰਧ ਬੋਲ ਪਈ', 'ਫਰਕ ਤਾਂ ਪੈਂਦਾ ਹੈ', 'ਕਰ ਭਲਾ ਹੋ ਭਲਾ', 'ਤੋਹਫ਼ਾ', 'ਮੈਂ ਡੀਸੀ ਲੱਗਣਾ', 'ਖ਼ਤਰਾ ਹਾਲੇ ਟਲਿਆ ਨਹੀਂ', 'ਮੈਂ ਕੁਝ ਨਹੀਂ ਸੁਣਿਆ', 'ਆਪਣਾ ਘਰ', 'ਮੇਰੀਆਂ ਅੱਖਾਂ ਨੀਵੀਆਂ ਕਿਉਂ?', 'ਲਾਗਣ', 'ਰਾਖ ਦੀ ਢੇਰੀ', 'ਮੋਟਾ ਚੂਹਾ', 'ਨਿੱਕੀ ਤਿਤਲੀ', 'ਮੇਰੇ ਆਪਣੇ', 'ਮੈਂ ਜਸਪਾਲ ਨਹੀਂ' ਤੇ 'ਇੰਦਰ ਦੀ ਸਾਈਕਲ' ਆਦਿ। ਉਸ ਨੇ ਕਹਾਣੀਆਂ ਤੇ ਕਵਿਤਾਵਾਂ ਨਾਲ ਕੁਝ ਲੇਖ ਵੀ ਅਖ਼ਬਾਰਾਂ ਵਿਚ ਛਪਵਾਏ ਹਨ ਅਤੇ ਕੁਝ ਪੁਸਤਕਾਂ ਦੇ ਰੀਵੀਊ ਵੀ ਕੀਤੇ ਹਨ। ਪੇਸ਼ ਹੈ ਉਸ ਦੀ ਖੇਡ ਕਹਾਣੀ:

## ਹੁਣ ਨੀ ਹਾਰਦਾ ਮੇਰਾ ਪੁੱਤ

ਅੱਜ ਟ੍ਰੇਨ 'ਚ ਬੈਠਿਆਂ ਮੈਨੂੰ ਕਦੋਂ ਨੀਂਦ ਆ ਗਈ ਪਤਾ ਹੀ ਨਾ ਲੱਗਾ। ਮੈਂ ਤਾਂ ਪਿੱਛੇ ਵੱਲ ਦੌੜੇ ਜਾਂਦੇ ਰੁੱਖਾਂ ਵੱਲ ਵੇਖ ਰਿਹਾ ਸਾਂ। ਅੱਖ ਖੁੱਲ੍ਹਦੇ ਸਾਰ ਮੇਰੀ ਸੋਚਾਂ ਦੀ ਸੂਈ ਮੱਲੋ-ਮੱਲੀ ਅਤੀਤ ਵੱਲ ਘੁੰਮ ਗਈ। ਉਦੋਂ ਮਸਾਂ ਦਸਾਂ ਕੁ ਵਰ੍ਹਿਆਂ ਦਾ ਸਾਂ, ਜਦੋਂ ਪਿਉ ਨਾਲ ਪੰਜਾਬ ਆਇਆ। ਉੱਧਰ ਵੀ ਭੁੱਖੇ ਮਰਦੇ ਸਾਂ। ਨਾ ਦਿਹਾੜੀ ਪੱਲੇ ਪੈਂਦੀ ਸੀ ਤੇ ਨਾ ਦੋ ਵਕਤ ਦੀ ਰੋਟੀ। ਮੇਰੇ ਪਿਉ ਦਾ ਖ਼ਾਸ ਮਿੱਤਰ ਜਿਹਨੂੰ ਇੱਧਰ ਵਸਦਿਆਂ ਸੱਤ-ਅੱਠ ਵਰ੍ਹੇ ਹੋ ਗਏ ਸਨ, ਜਦੋਂ ਉਹ ਉੱਧਰ ਜਾਂਦਾ, ਉਹਦੇ ਬੱਚਿਆਂ ਦੇ ਸੋਹਣੇ-ਸੋਹਣੇ ਕੱਪੜਿਆਂ ਨਾਲ ਢਕੇ ਤਨ ਦੇਖਦੇ ਤਾਂ ਮੱਲੋ-ਮੱਲੀ ਸਾਡਾ ਧਿਆਨ ਆਪਣੇ ਤਨ 'ਤੇ ਪਏ ਟਾਕੀਆਂ ਲੱਗੇ ਕੱਪੜਿਆਂ ਵਿਚ ਉਲਝ ਕੇ ਰਹਿ ਜਾਂਦਾ। ਭੁੱਖੀਆਂ ਆਂਦਰਾਂ ਨੂੰ ਖਿੱਚ ਪੈਂਦੀ ਤੇ ਮਨ ਮਸੋਸਿਆ ਜਾਂਦਾ।

ਮੇਰੀ ਮਾਂ ਮੇਰੇ ਪਿਉ ਨਾਲ ਲੜਦੀ ਤੇ ਕਈ ਵਾਰ ਆਖ ਦਿੰਦੀ, "ਤੂੰ ਨਹੀਂ ਜਾ ਸਕਦਾ ਉੱਧਰ ਦਿਹਾੜੀਆਂ ਲੱਭਣ ਜਿੱਥੇ ਉਹ ਜਾਂਦਾ। ਕਿਉਂ ਤੂੰ ਤਾਂ ਸਾਡੇ ਮਰਨ ਦੀ ਉਡੀਕ ਕਰਦਾ? ਇੱਥੇ ਤਾਂ ਅਸੀਂ ਉਂਜ ਈ ਭੁੱਖ ਨਾਲ ਮਰ ਜਾਣਾ।" ਨਿੱਤ ਦੇ ਕਲੇਸ਼ ਤੋਂ ਡਰਦਿਆਂ ਮੇਰੇ ਪਿਉ ਨੇ ਇੱਕ ਦਿਨ ਆਪਣੇ ਉਸ ਸਾਥੀ ਨਾਲ ਦਿਲ ਫਰੋਲ ਹੀ ਲਿਆ। ਉਹਨੇ ਵੀ ਹਾਮੀ ਭਰਨ ਲੱਗਿਆਂ ਦੇਰ ਨਾ



ਲੇਖਿਕਾ ਮਨਦੀਪ ਰਿੰਪੀ

ਲਾਈ ਆਪਣੇ ਨਾਲ ਲਿਆਉਣ ਦੀ ਤੇ ਅਸੀਂ ਇੱਥੇ ਆ ਗਏ ਪੰਜਾਬ ਦੇ ਸ਼ਹਿਰ ਰੋਪੜ। ਮੇਰੇ ਪਿਓ ਦਾ ਉਹ ਮਿੱਤਰ ਜਿਸ ਨੂੰ ਅਸੀਂ ਚਾਚਾ ਆਖਦੇ ਸਾਂ, ਰੇਲਵੇ ਫਾਟਕ ਕੋਲ ਰਹਿੰਦਾ ਸੀ ਤੇ ਉਹਨੇ ਸਾਨੂੰ ਵੀ ਇੱਕ ਛੋਟਾ ਜਿਹਾ ਕਮਰਾ ਕਿਰਾਏ 'ਤੇ ਲੈ ਦਿੱਤਾ।

ਮੇਰੇ ਪਿਉ ਨੇ ਜਿਹਨੂੰ ਖੇਤੀਬਾੜੀ ਤੋਂ ਇਲਾਵਾ ਕੁੱਝ ਨਹੀਂ ਸੀ ਆਉਂਦਾ, ਆਪਣੇ ਮਿੱਤਰ ਨੂੰ ਤਰਲਾ ਕੀਤਾ ਕਿ ਉਹਨੂੰ ਕਿਧਰੇ ਦਿਹਾੜੀ 'ਤੇ ਲਵਾ ਦੇਵੇ। ਮੇਰੇ ਪਿਓ ਦਾ ਮਿੱਤਰ ਜਿਸ ਨੂੰ ਅਸੀਂ ਚਾਚਾ ਆਖਦੇ ਸਾਂ ਨੇ ਆਪਣੇ ਨਾਲ ਹੀ ਉਸ ਨੂੰ ਕੰਮ 'ਤੇ ਲਾ ਲਿਆ। ਮੇਰਾ ਪਿਉ ਉਹਦੇ ਨਾਲ ਮਾਲੀ ਲੱਗ ਕੇ ਮਾਲੀ ਦਾ ਕੰਮ-ਕਾਰ ਸਿੱਖ ਗਿਆ।

ਮੇਰਾ ਪਿਉ ਐਸ.ਐਚ.ਓ. ਸੁਖਵੀਰ ਰਾਣਾ ਦੇ ਘਰ ਮੌਸਮੀ ਫੁੱਲ ਲਾਉਂਦਾ ਅਤੇ ਉਨ੍ਹਾਂ ਦੀ ਦੇਖਭਾਲ ਕਰਦਾ। ਕਦੇ-ਕਦੇ ਮੈਂ ਵੀ ਉਸ ਨਾਲ ਚਲਿਆ ਜਾਂਦਾ ਉਹਦੇ ਕੰਮ 'ਚ ਹੱਥ ਵਟਾਉਣ। ਜਦੋਂ ਮੈਂ ਉਨ੍ਹਾਂ ਦੇ ਘਰਾਂ ਦੇ ਬੱਚਿਆਂ ਨੂੰ ਵੇਖਦਾ ਤਾਂ ਆਪਣੇ ਆਪ ਵਿਚ ਅਜੀਬ ਜਿਹੀ ਭਾਵਨਾ ਨਾਲ ਭਰ ਜਾਂਦਾ। ਕਿੱਥੇ ਉਹ ਬੱਚੇ ਹੱਥਾਂ 'ਚ ਚਾਕਲੇਟ ਤੇ ਕੁਰਕੁਰਿਆਂ ਦੇ ਪੈਕਟ ਚੁੱਕੀ ਆਪਣੇ ਖਿਡੌਣਿਆਂ ਨਾਲ ਗੱਲਾਂ ਕਰਦੇ ਆਪਣੇ ਵਿਹੜਿਆਂ 'ਚ ਪੈਲਾਂ ਪਾਉਂਦੇ ਘੁੰਮਦੇ, ਉਨ੍ਹਾਂ ਦੇ ਮਾਪੇ ਵੀ ਉਨ੍ਹਾਂ ਨੂੰ ਸਾਂਭ-ਸਾਂਭ ਰੱਖਦੇ ਕਿ ਕਿਧਰੇ ਮਿੱਟੀ ਨਾ ਲੱਗ ਜਾਏ ਤੇ ਕਿੱਥੇ ਮੈਂ? ਆਪਣੇ ਪਿਉ ਨਾਲ ਖੁਰਪਾ ਫੜੀ ਮਿੱਟੀ ਨਾਲ ਮਿੱਟੀ ਹੁੰਦਾ ਰਹਿੰਦਾ। ਉਨ੍ਹਾਂ ਬੱਚਿਆਂ ਦੇ ਖਿਡੌਣੇ ਅਤੇ ਕੱਪੜੇ ਵੇਖ ਮੇਰੇ ਦਿਲ 'ਚ ਅਜੀਬ ਜਿਹੀ ਚੀਸ ਉੱਠਦੀ। ਮੇਰਾ ਜੀਅ ਕਰਦਾ ਮੇਰੀ ਜੀਭ ਵੀ ਚਾਕਲੇਟਾਂ ਦੇ ਸਵਾਦ ਵੇਖੇ ਤੇ ਮੇਰਾ ਮਨ ਆਪਣੇ ਆਪ ਉਸ ਚੀਜ਼ ਦੇ ਸੁਆਦ ਦੀ ਕਲਪਨਾ ਕਰਕੇ ਠੰਢਾ ਹੋ ਜਾਂਦਾ।

ਇੱਕ ਦਿਨ ਮੈਨੂੰ ਐੱਸ.ਐੱਚ.ਓ. ਸਾਹਿਬ ਆਪਣੇ ਨਾਲ ਸਟੇਡੀਅਮ ਵਿਚ ਲੈ ਗਏ। ਉਹ ਕੁਸ਼ਤੀ ਦੇ ਸ਼ੌਕੀਨ ਸਨ। ਉਨ੍ਹਾਂ ਕੋਲ ਖੜ੍ਹਾ ਮੈਂ ਵੀ ਬੱਚਿਆਂ ਦੇ ਘੋਲ ਵੇਖਣ ਲੱਗਾ। ਬੱਚਿਆਂ ਨੂੰ ਘੁਲਦੇ ਵੇਖ ਪਤਾ ਨਹੀਂ ਕਦੋਂ ਮੈਂ ਕਚੀਚੀਆਂ ਵੱਟਦਾ, ਜੋਸ਼ ਵਿਚ ਆਪਣੇ ਹੱਥ-ਪੈਰ ਮਾਰਨ ਲੱਗਿਆ। ਐਸ.ਐੱਚ.ਓ. ਸਾਹਿਬ ਮੈਨੂੰ ਵੇਖ ਕੇ ਹੱਸਣ ਲੱਗੇ। ਅਚਾਨਕ ਕਿਸੇ ਨੇ ਮੈਨੂੰ ਇਹ ਆਖਦੇ ਹੋਏ ਅਖਾੜੇ ਵਿਚ ਧੱਕ ਦਿੱਤਾ, "ਲੈ! ਹੁਣ ਮਾਰ ਹੱਥ-ਪੈਰ ਜਿਹੜੇ ਮਾਰਨੇ।" ਮੈਂ ਸੰਗਦਾ ਹੋਇਆ ਅੱਖਾਂ ਨੀਵੀਆਂ ਕਰੀ ਖੜ੍ਹ ਗਿਆ। ਇਸ ਤੋਂ ਪਹਿਲਾਂ ਕਿ ਮੈਂ ਕੁੱਝ ਕਹਿੰਦਾ, ਮੈਨੂੰ ਇੱਕ ਪਹਿਲਵਾਨ ਨੇ ਆ ਦਬੋਚਿਆ। ਘੋਲ ਸ਼ੁਰੂ ਹੋ ਗਿਆ। ਮੈਂ ਤਾਂ ਕਦੇ ਵੀ ਅਜਿਹੀ ਖੇਡ ਨਹੀਂ ਸਾਂ ਖੇਡਿਆ। ਮੈਥੋਂ ਉਮਰ 'ਚ ਘੱਟ ਉਸ ਪਹਿਲਵਾਨ ਨੇ ਮੈਨੂੰ ਚੰਗੀ ਤਰ੍ਹਾਂ ਰਗੜਿਆ, ਮਰੋੜਿਆ ਤੇ ਮੈਂ ਥੱਕ-ਟੁੱਟ ਕੇ ਘਰ ਪਰਤਿਆ।

ਮੈਂ ਸਾਰੀ ਰਾਤ ਦੁਖਦੇ ਹੱਡੀਂ ਸੋਚਦਾ ਰਿਹਾ ਕਿ ਉਹ ਮੈਥੋਂ ਕਿਤੇ ਛੋਟਾ ਸੀ ਪਰ ਫੇਰ ਵੀ ਉਹਨੇ ਮੈਨੂੰ ਕਿੰਨੀ ਸੌਖ ਨਾਲ ਹਰਾ ਦਿੱਤਾ। ਮੇਰੇ ਸਰੀਰ ਦਾ ਹਰ ਅੰਗ ਪੀੜ ਨੇ ਮਿੱਧਿਆ ਹੋਇਆ ਸੀ ਪਰ ਫੇਰ ਵੀ ਇਹ ਪੀੜ ਮੈਨੂੰ ਉਸ ਪੀੜ ਨਾਲੋਂ ਕਿਤੇ ਘੱਟ ਜਾਪ ਰਹੀ ਸੀ ਜਿਹੜੀ ਪੀੜ ਮੈਂ ਉਸ ਸਮੇਂ ਝੱਲੀ ਜਦੋਂ ਉਹ ਨਿੱਕਾ ਪਹਿਲਵਾਨ ਮੈਨੂੰ ਵਾਰ-ਵਾਰ ਪਟਕ ਰਿਹਾ ਸੀ ਤੇ ਲੋਕ ਤਾੜੀਆਂ ਮਾਰ-ਮਾਰ ਹੱਸ ਰਹੇ ਸਨ।

ਅਗਲੇ ਦਿਨ ਮੈਂ ਮੁੜ ਸਟੇਡੀਅਮ ਜਾਣ ਦੀ ਗੱਲ ਦੁਹਰਾਈ ਤਾਂ ਮੇਰਾ ਪਿਓ ਮੈਨੂੰ ਝਈਆਂ ਲੈ ਕੇ ਪਿਆ, "ਸਾਥੋਂ ਨਹੀਂ ਪੁੱਗਣੇ ਇਹ ਕੁੱਤੇ ਸ਼ੌਕ। ਜੇ ਕਿਤੇ ਤੇਰੀ ਲੱਤ-ਬਾਂਹ ਟੁੱਟ ਗਈ ਤਾਂ ਕੌਣ ਦੇਖੂ? ਸਾਥੋਂ ਤਾਂ ਦਾਲ-ਰੋਟੀ ਨੀਂ ਤੁਰਦੀ। ਸੁੱਕੀਆਂ ਰੋਟੀਆਂ ਨਾਲ ਪਹਿਲਵਾਨੀ ਨਹੀਂ ਹੁੰਦੀ।"

ਪਿਉ ਨੇ ਤਾਂ ਆਪਣਾ ਫੈਸਲਾ ਸੁਣਾ ਦਿੱਤਾ ਪਰ ਮੈਨੂੰ ਮਨਜ਼ੂਰ ਨਹੀਂ ਸੀ। ਮੇਰਾ ਪਿਉ ਤੜਕੇ ਉੱਠ ਕੇ ਆਪਣੇ ਕੰਮ 'ਤੇ ਜਾਣ ਦੀ ਤਿਆਰੀ ਕਰਨ ਲੱਗਦਾ। ਮੇਰੀ ਵੀ ਅੱਖ ਖੁੱਲ੍ਹ ਜਾਂਦੀ ਪਰ ਮੈਂ ਮਚਲਾ ਹੋਇਆ ਅੱਖਾਂ ਬੰਦ ਕਰੀ ਪਿਆ ਰਹਿੰਦਾ। ਮੇਰੇ ਪਿਉ ਦੀ ਘਰੋਂ ਪੈਰ ਪੁੱਟਣ ਦੀ ਦੇਰ ਹੁੰਦੀ, ਮੈਂ ਵੀ ਕਾਹਲੀ ਨਾਲ ਉੱਠ ਪਿਉ ਦੇ ਮਗਰ ਹੀ ਘਰੋਂ ਬਾਹਰ ਨਿਕਲ ਜਾਂਦਾ। ਸਾਰਾ ਟੱਬਰ ਘੂਕ ਸੁੱਤਾ ਹੁੰਦਾ ਤੇ ਮੈਂ ਸਟੇਡੀਅਮ ਵੱਲ ਦੌੜਿਆ ਹੁੰਦਾ। ਉੱਥੇ ਪੁੱਜ ਕੇ ਅਭਿਆਸ ਕਰਦੇ ਬੱਚਿਆਂ ਵੱਲ ਵੇਖਦਾ ਤਾਂ ਲੂਹਰੀਆਂ ਉੱਠਦੀਆਂ। ਮੈਨੂੰ ਉੱਥੇ ਅਖਾੜੇ ਦੇ ਉਸਤਾਦ ਜੀ ਰੋਜ਼ ਵੇਖਦੇ ਪਰ ਮੇਰੀ ਹਿੰਮਤ ਨਾ ਹੁੰਦੀ ਉਨ੍ਹਾਂ ਨੂੰ ਆਖਣ ਦੀ ਕਿ ਮੈਨੂੰ ਵੀ ਆਪਣਾ ਸ਼ਾਗਿਰਦ ਬਣਾ ਲਓ। ਉਸਤਾਦ ਜੀ ਵੀ ਜਿਵੇਂ ਮੇਰਾ ਇਮਤਿਹਾਨ ਲੈਂਦੇ ਹੋਣ। ਉਹ ਮੈਨੂੰ ਨਿੱਤ ਅਣਦੇਖਿਆ ਕਰ ਛੱਡਦੇ ਜਦੋਂਕਿ ਮੈਂ ਚਾਹੁੰਦਾ ਸੀ ਉਹ ਮੈਨੂੰ ਵੇਖਣ ਤੇ ਆਖਣ, "ਆ ਪੁੱਤਰਾ! ਤੂੰ ਵੀ ਆਜਾ। ਤੈਨੂੰ ਵੀ ਪਹਿਲਵਾਨੀ ਦੇ ਗੁਰ ਸਿਖਾਈਏ।"

ਮੈਂ ਘੁਲਦੇ ਪਹਿਲਵਾਨਾਂ ਨੂੰ ਵੇਖਦਾ ਰਹਿੰਦਾ ਤੇ ਸ਼ਾਇਦ ਉਸਤਾਦ ਜੀ ਮੈਨੂੰ। ਮੈਂ ਰਾਤ ਨੂੰ ਸੁੱਤਿਆਂ-ਸੁੱਤਿਆਂ ਵੀ ਉਨ੍ਹਾਂ ਦੇ ਦੱਸੇ ਦਾਅ-ਪੇਚਾਂ ਨਾਲ ਗੁੱਥਮ-ਗੁੱਥੀ ਹੁੰਦਾ ਹੋਇਆ ਆਪਣੇ ਭਰਾ ਨਾਲ ਘੁਲਣ ਲੱਗਦਾ ਤੇ ਉਦੋਂ ਮੇਰੀ 'ਹਾਏ' 'ਹਾਏ' ਕਰਦੇ ਦੀ ਜਾਗ ਖੁੱਲ੍ਹ ਜਾਂਦੀ ਜਦੋਂ ਉਹ ਮੇਰੇ ਜੋਰ ਦੇਣੀ ਕੱਸ ਕੇ ਗੁੱਸੇ ਨਾਲ ਲੱਤ ਮਾਰਦਾ। ਮੇਰੀ ਮਾਂ ਫ਼ਿਕਰ ਕਰਦੀ ਪਿਉ ਨੂੰ ਆਖਦੀ, "ਮੁੰਡਾ ਕਿਸੇ ਓਪਰੀ ਕਸਰ 'ਚ ਲੱਗਦੈ, ਕਿਧਰੇ ਝਾੜਾ ਕਰਵਾ ਲਓ।" ਮੈਂ ਮਾਂ ਦੀਆਂ ਗੱਲਾਂ ਸੁਣ ਕੇ ਡਰ ਜਾਂਦਾ ਕਿਉਂਕਿ ਮੈਨੂੰ ਤਾਂ ਪਤਾ ਸੀ ਕਿ ਮੈਨੂੰ ਕਿਹੜੀ ਕਸਰ ਐ। ਮੇਰੇ ਸਿਰ 'ਤੇ ਤਾਂ ਪਹਿਲਵਾਨੀ ਦਾ ਭੂਤ ਸਵਾਰ ਸੀ। ਮੈਂ ਦਿਨੇ ਵੀ ਆਪਣੇ ਭਰਾ ਨਾਲ ਹੇਠ-ਉੱਪਰ ਹੁੰਦਾ ਦਾਅ ਅਜ਼ਮਾਉਂਦਾ ਰਹਿੰਦਾ। ਸਕੂਲ ਵਿਚ ਵੀ ਜਦੋਂ ਮੌਕਾ ਮਿਲਦਾ ਹੋਰ ਬੱਚਿਆਂ ਨਾਲ ਘੁਲਣ ਲੱਗਦਾ।




ਪੁਸਤਕ ਜਦੋਂ ਤੂੰ ਚੁੱਪ ਸੀ ਦਾ ਮੁਖੜਾ

ਮੈਂ ਔਖਿਆਂ-ਸੌਖਿਆਂ ਪੰਜਵੀਂ ਤਾਂ ਪਾਸ ਕਰ ਲਈ ਪਰ ਅੱਗੇ ਕੋਈ ਰਾਹ ਨਹੀਂ ਸੀ ਲੱਭ ਰਿਹਾ ਕਿ ਕਿਵੇਂ ਅਖਾੜਿਆਂ ਦੀ ਮਿੱਟੀ ਨੂੰ ਮੱਥੇ ਲਾਵਾਂ। ਮੈਂ ਪਹਿਲਵਾਨਾਂ ਨਾਲ ਘੁਲਦੇ ਹੋਏ ਮਿੱਟੀ ਦੀ ਮਹਿਕ ਨੂੰ ਆਪਣੀ ਰੂਹ ਤਕ ਖਿੱਚ ਲੈ ਜਾਣਾ ਚਾਹੁੰਦਾ ਸਾਂ। ਮੇਰੇ ਲਈ ਅਖਾੜੇ 'ਚ ਵੜਨਾ ਮੇਰਾ ਸੁਪਨਾ ਸੀ ਤੇ ਸ਼ਾਇਦ ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਖੁਸ਼ੀ ਵੀ।

ਫਿਰ ਮੇਰੇ ਪਿਓ ਨੇ ਮੈਨੂੰ ਗਾਂਧੀ ਸਕੂਲ ਵਿਚ ਦਾਖ਼ਲ ਕਰਵਾ ਦਿੱਤਾ। ਮੇਰਾ ਪਿਓ ਇਸੇ ਸਕੂਲ ਦੇ ਮਾਸਟਰ ਮੋਹਨ ਲਾਲ ਚੋਪੜਾ ਦੇ ਘਰ ਮਾਲੀ ਦਾ ਕੰਮ ਕਰਦਾ ਸੀ। ਜਦੋਂ ਮੈਂ ਗਾਂਧੀ ਸਕੂਲ 'ਚ ਦਾਖਲ ਹੋਇਆ ਤਾਂ ਮੇਰੇ ਸੁਪਨਿਆਂ ਨੇ ਮੇਰੀ ਨੀਂਦ ਖੋਹ ਲਈ। ਮੈਂ ਸਕੂਲੀ ਖੇਡਾਂ 'ਚ ਆਪਣੇ ਪਿਉ ਤੋਂ ਬਾਗੀ ਹੋ, ਆਪਣਾ ਨਾਂ ਪਹਿਲਵਾਨੀ 'ਚ ਲਿਖਵਾ ਦਿੱਤਾ। ਜਦੋਂ ਮੇਰੇ ਪਿਓ ਨੂੰ ਪਤਾ ਲੱਗਿਆ ਤਾਂ ਉਹਨੇ ਪਿਆਰ ਨਾਲ ਸਮਝਾਉਣਾ ਚਾਹਿਆ ਪਰ ਜਦੋਂ ਉਸ ਦੇ ਸਮਝਾਉਣ ਦਾ ਅਸਰ ਨਾ ਹੋਇਆ ਤਾਂ ਪਹਿਲਾਂ ਵਾਂਗੂੰ ਹੀ ਭੜਕ ਪਿਆ ਪਰ ਪਿਓ ਦੀਆਂ ਝਿੜਕਾਂ ਦਾ ਮੇਰੇ 'ਤੇ ਕੋਈ ਅਸਰ ਨਾ ਹੁੰਦਾ। ਮੈਂ ਸੌਂਦਾ-ਜਾਗਦਾ ਹਰ ਵੇਲੇ ਅਖਾੜੇ 'ਚ ਹੀ ਘੁੰਮਦਾ ਰਹਿੰਦਾ। ਮੈਂ ਸਟੇਡੀਅਮ ਜਾਣਾ ਕਦੇ ਨਾ ਛੱਡਿਆ। ਆਖ਼ਰ ਉਸਤਾਦ ਨੇ ਮੇਰੀ ਬਾਂਹ ਫੜ ਹੀ ਲਈ ਤੇ ਮੈਨੂੰ ਆਪਣਾ ਪੱਠਾ ਬਣਾ ਲਿਆ। ਉਹ ਦਿਨ ਮੇਰੀ ਜ਼ਿੰਦਗੀ ਦਾ ਸਭ ਤੋਂ ਖੂਬਸੂਰਤ ਦਿਨ ਸੀ ਜਦੋਂ ਮੇਰੇ ਉਸਤਾਦ ਜੀ ਮੇਰੇ ਵੱਲ ਕਿੰਨੀ ਦੇਰ ਤਕ ਨੀਝ ਲਗਾ ਕੇ ਤੱਕਦੇ ਰਹੇ ਤੇ ਫਿਰ ਆਖਣ ਲੱਗੇ, "ਅਖਾੜੇ ਦੇ ਬਾਹਰ ਖੜ੍ਹ ਕੇ ਪਹਿਲਵਾਨੀ ਨਹੀਂ ਸਿੱਖੀ ਜਾਂਦੀ। ਆ, ਅਖਾੜੇ 'ਚ ਆ।" ਉਸਤਾਦ ਦੇ ਮੂੰਹੋਂ ਨਿਕਲੇ ਇਹ ਸ਼ਬਦ ਰੱਬ ਦੇ ਮੂੰਹੋਂ ਨਿਕਲੇ ਸ਼ਬਦਾਂ ਨਾਲੋਂ ਘੱਟ ਨਹੀਂ ਸਨ।

ਮੈਂ ਕੁੱਦ ਕੇ ਅਖਾੜੇ 'ਚ ਜਾ ਵੜਿਆ। ਅਖਾੜੇ ਦੀ ਜਿਸ ਮਿੱਟੀ ਦੀ ਮਹਿਕ ਮੈਨੂੰ ਸੌਣ ਨਹੀਂ ਸੀ ਦਿੰਦੀ, ਉਸੇ ਮਿੱਟੀ ਵਿਚ ਮੈਂ ਆਪਣੇ ਸੁਪਨਿਆਂ ਦੀਆਂ ਕਲੀਆਂ ਮਹਿਕਦੀਆਂ ਮਹਿਸੂਸ ਕਰਨ ਲੱਗਿਆ। ਮੈਂ ਉਸਤਾਦ ਜੀ ਤੋਂ ਸਿੱਖੇ ਦਾਅ-ਪੇਚ ਏਨੀ ਜੁਗਤ ਨਾਲ ਵਰਤ ਰਿਹਾ ਸਾਂ ਕਿ ਨਾਲਦੇ ਹੋਰ ਪਹਿਲਵਾਨ ਸਾਡੇ ਆਲੇ-ਦੁਆਲੇ ਇਕੱਠੇ ਹੋ ਗਏ। ਕਿੱਥੇ ਉਸਤਾਦ ਜੀ ਦੇ ਪੁਰਾਣੇ ਸ਼ਾਗਿਰਦ ਤੇ ਕਿੱਥੇ ਮੈਂ ਨਵਾਂ ਸਿਖਾਂਦਰੂ! ਸਭ ਦੇ ਸਾਹ ਰੁਕੇ ਹੋਏ ਸਨ ਤੇ ਮੈਂ ਆਖ਼ਰੀ ਦਾਅ ਨਾਲ ਸਭ ਤੋਂ ਤਕੜੇ ਪਹਿਲਵਾਨ ਨੂੰ ਚਿੱਤ ਕਰ ਹੀ ਦਿੱਤਾ। ਉਸਤਾਦ ਜੀ ਨੇ ਭੱਜ ਕੇ ਮੈਨੂੰ ਕਲਾਵੇ 'ਚ ਲੈ ਲਿਆ। ਮੈਨੂੰ ਇੰਜ ਲੱਗਿਆ ਜਿਵੇਂ ਮੈਂ ਜ਼ਿੰਦਗੀ ਦੀ ਬਾਜ਼ੀ ਜਿੱਤ ਲਈ ਹੋਵੇ ਪਰ ਅਸਲੀ ਮਾਲੀ ਤਾਂ ਹਾਲੇ ਬਾਕੀ ਸੀ।

ਜਦੋਂ ਮੈਂ ਘਰ ਆ ਕੇ ਚਾਈਂ-ਚਾਈਂ ਇਹ ਗੱਲ ਆਪਣੀ ਮਾਂ ਨਾਲ ਸਾਂਝੀ ਕੀਤੀ ਤਾਂ ਮੇਰਾ ਪਿਓ ਭੜਕ ਪਿਆ, "ਤੂੰ ਕਿਹੜੇ ਰਾਹ ਤੁਰ ਪਿਆਂ? ਤੈਨੂੰ ਕਿੰਨੀ ਵਾਰ ਸਮਝਾਇਆ ਭਲਵਾਨੀ ਸ਼ੌਕ ਸਾਡੇ ਵਰਗਿਆਂ ਤੋਂ ਨੀ ਪੁੱਗਣੇ। ਅਖਾੜਿਆਂ ਨੇ ਤੈਨੂੰ ਰੋਲ਼ ਦੇਣਾ। ਦਿਹਾੜੀਆਂ ਕਰਨ ਜੋਗਾ ਵੀ ਨਹੀਂ ਛੱਡਣਾ। ਦੋ ਅੱਖਰ ਪੜ੍ਹ ਕੇ ਤੇਰਾ ਦਿਮਾਗ ਖ਼ਰਾਬ ਹੋ ਗਿਆ। ਕੱਲ੍ਹ ਤੋਂ ਤੇਰਾ ਸਕੂਲ ਜਾਣਾ ਬੰਦ।"

ਮੇਰੇ ਪਿਓ ਦਾ ਇਹ ਹੁਕਮ ਮੈਨੂੰ ਫਾਹੇ ਲਾਉਣ ਵਰਗਾ ਸੀ। ਮੇਰੇ ਸੁਫ਼ਨਿਆਂ ਦੀ ਮੌਤ! ਹਾਲੇ ਹੁਣੇ ਤਾਂ ਮੇਰੇ ਸੁਪਨੇ ਸਾਹ ਲੈਣ ਲੱਗੇ ਸਨ ਤੇ ਐਨੀ ਛੇਤੀ ਕਿਵੇਂ ਦਮ ਤੋੜ ਦਿੰਦੇ। ਮੇਰਾ ਪਿਉ ਮੈਨੂੰ ਆਪਣੇ ਨਾਲ ਦਿਹਾੜੀ 'ਤੇ ਲਿਜਾਣ ਲੱਗਿਆ। ਉਹਨੇ ਹੱਥ ਖੜ੍ਹੇ ਕਰ ਦਿੱਤੇ ਮੇਰੀ ਫੀਸ ਤੇ ਕਿਤਾਬਾਂ ਦਾ ਖਰਚਾ ਝੱਲਣ ਤੋਂ। ਮੇਰੇ ਹੱਥਾਂ ਵਿਚੋਂ ਕਿਤਾਬਾਂ ਖੋਹ ਰੰਬਾ ਫੜਾ ਦਿੱਤਾ।

ਜਦੋਂ ਮੈਂ ਤਿੰਨ-ਚਾਰ ਦਿਨ ਸਕੂਲ ਨਾ ਗਿਆ ਤਾਂ ਮਾਸਟਰ ਜੀ ਪੁੱਛਦੇ-ਪੁਛਾਉਂਦੇ ਸਵੱਖਤੇ ਹੀ ਸਾਡੇ ਘਰ ਆ ਪਹੁੰਚੇ। ਮੇਰਾ ਪਿਓ ਸਾਈਕਲ ਦੇ ਟਾਇਰ 'ਚ ਹਵਾ ਭਰ ਰਿਹਾ ਸੀ ਤੇ ਮੈਂ ਪੌਦੇ ਟੋਕਰੀ 'ਚ ਰੱਖ ਰਿਹਾ ਸਾਂ। ਉਨ੍ਹਾਂ ਆਉਂਦੇ ਸਾਰ ਮੈਨੂੰ ਸਕੂਲ ਨਾ ਆਉਣ ਦਾ ਕਾਰਨ ਪੁੱਛਿਆ। ਮੈਂ ਕੁੱਝ ਨਾ ਬੋਲ ਸਕਿਆ ਪਰ ਮੈਨੂੰ ਇੰਜ ਲੱਗਿਆ ਜਿਵੇਂ ਮੇਰੀ ਖ਼ਾਮੋਸ਼ੀ ਤੇ ਭਿੱਜੀਆਂ ਅੱਖਾਂ ਨੇ ਉਨ੍ਹਾਂ ਨੂੰ ਸਭ ਕੁੱਝ ਸਮਝਾ ਦਿੱਤਾ ਹੋਵੇ। ਉਹ ਮੇਰੇ ਪਿਓ ਦੇ ਮੂੰਹ 'ਤੇ ਨੀਝ ਲਾ ਕੇ ਵੇਖਣ ਲੱਗੇ ਤੇ ਮੇਰਾ ਪਿਓ ਹੱਥ ਜੋੜ ਕੇ ਆਖਣ ਲੱਗਿਆ, 'ਮਾਸਟਰ ਜੀ! ਤੁਹਾਨੂੰ ਸਾਡੀ ਹਾਲਤ ਦਾ ਪਤਾ ਈ ਐ, ਤੁਹਾਡੇ ਕੋਲੋਂ ਕੀ ਲੁਕਿਆ? ਮੈਂ ਤਾਂ ਦਿਹਾੜੀ-ਦੱਪੇ ਦੇ ਸਿਰ 'ਤੇ ਬੱਚੇ ਪਾਲ ਰਿਹਾਂ। ਦੋ ਵਕਤਦੀ ਰੋਟੀ ਲਈ ਤਰਲੇ ਕਰਦਾਂ ਤੇ ਇਹ ਗ਼ਲਤ ਕੰਮਾਂ 'ਚ ਪੈ ਗਿਆ। ਭਲਾ ਇਹਨੂੰ ਕੀ ਮਿਲਣਾ ਅਖਾੜਿਆਂ 'ਚੋਂ? ਜੇ ਕੱਲ੍ਹ ਨੂੰ ਕੋਈ ਵੱਡੀ ਸੱਟ-ਫੇਟ ਲੱਗ ਗਈ ਤਾਂ ਮੈਂ ਕੀ ਕਰੂੰ? ਇਹਨੇ ਦੋ ਵਕਤ ਦੀ ਰੋਟੀ ਕਮਾਉਣ ਜੋਗਾ ਵੀ ਨਹੀਂ ਰਹਿਣਾ। ਸਾਡੇ ਵੱਸ ਦੀ ਗੱਲ ਨਹੀਂ ਪਹਿਲਵਾਨੀ। ਉਂਜ ਵੀ ਮੈਂ ਹੁਣ ਕਿਤਾਬਾਂ ਕਾਪੀਆਂ ਦੇ ਖਰਚੇ ਦਾ ਬੋਝ ਨਹੀਂ ਚੁੱਕ ਸਕਦਾ। ਕਿਹਦੇ ਅੱਗੇ ਹੱਥ ਅੱਡਾਂ? ਇਹ ਕਿਹੜਾ 'ਕੱਲਾ ਈ ਐ, ਮੈਂ ਦੂਜੇ ਜੁਆਕਾਂ ਨੂੰ ਵੀ ਵੇਖਣਾ। ਉਨ੍ਹਾਂ ਦੀ ਰੋਟੀ ਦਾ ਜੁਗਾੜ ਵੀ ਕਰਨਾ। ਤੁਸੀਂਓ ਸਮਝਾਓ ਇਹਨੂੰ। ਤੁਹਾਡੀ ਗੱਲ ਛੇਤੀ ਸਮਝੂ। ਪੰਜ ਜਮਾਤਾਂ ਜੋ ਪੜ੍ਹ ਗਿਆ, ਅਨਪੜ੍ਹ ਪਿਓ ਦੀ ਗੱਲ ਹੁਣ ਇਹਦੇ ਕਿੱਥੇ ਪੱਲੇ ਪੈਂਦੀ?"

ਮਾਸਟਰਜੀ ਚੁੱਪ-ਚਾਪ ਮੇਰੇ ਪਿਓ ਦੀਆਂ ਗੱਲਾਂ ਸੁਣਦੇ ਰਹੇ ਤੇ ਫੇਰ ਸਮਝਾਉਣ ਦੇ ਲਹਿਜ਼ੇ ਵਿਚ ਆਖਣ ਲੱਗੇ,"ਤੂੰ ਫ਼ਿਕਰਨਾ ਕਰ। ਅੱਜ ਤੋਂ ਇਹ ਤੇਰਾ ਹੀ ਨਹੀਂ, ਮੇਰਾ ਵੀ ਪੁੱਤ ਐ। ਮੈਂ ਆਪੇ ਝੱਲੂੰ ਇਹਦੀ ਪੜ੍ਹਾਈ ਦਾ ਖ਼ਰਚ।"

ਫੇਰ ਪਰਤ ਕੇ ਮੇਰੇ ਵੱਲ ਵੇਖ ਕੇ ਆਖਣ ਲੱਗੇ, "ਅੱਜ ਤੋਂ ਤੈਨੂੰ ਜਿਹੜੀ ਚੀਜ਼ ਦੀ ਲੋੜ ਹੋਵੇ, ਮੈਨੂੰ ਆਖੀਂ। ਆਪਣੇ ਪਿਉ ਨੂੰ ਤੰਗ ਨਾ ਕਰੀਂ।"

ਮਾਸਟਰ ਜੀ ਹਾਲੇ ਮੈਨੂੰ ਇਹ ਆਖ ਈ ਰਹੇ ਸਨ ਕਿ ਮੇਰਾ ਪਿਓ ਉਨ੍ਹਾਂ ਨੂੰ ਵਿਚੋਂ ਈ ਟੋਕਦੇਹੋਏ ਆਖਣ ਲੱਗਾ, "ਜੇ ਲੱਤ-ਬਾਂਹ ਤੁੜਾ ਬੈਠਾ ਫੇਰ?"

ਮੇਰੇ ਭੋਲ਼ੇ ਪਿਉ ਦੇ ਮੋਢੇ 'ਤੇ ਹੱਥ ਰੱਖ ਮਾਸਟਰ ਜੀ ਕਹਿਣ ਲੱਗੇ, "ਨਾ ਭਾਈ! ਘਬਰਾ ਨਾ! ਮੈਂ ਕਿਹਾ ਤਾਂ ਹੈ, ਮੈਂ ਹੈਗਾਂ। ਹੁਣ ਤਾਂ ਮੰਨ ਲੈ ਭਰਾਵਾ ਚੱਲ ਤੋਰ ਮੁੰਡੇ ਨੂੰ ਮੇਰੇ ਨਾਲ।"

ਮਾਸਟਰ ਜੀ ਮੇਰੇ ਵੱਲ ਵੇਖਦੇ ਹੋਏ ਆਖਣ ਲੱਗੇ, "ਚੱਲ ਪੁੱਤ! ਚੱਕ ਬਸਤਾ।" ਮਾਸਟਰ ਜੀ ਦੀ ਗੱਲ ਸੁਣ ਮੈਂ ਚਾਅ ਨਾਲ ਭਰ ਗਿਆ। ਮੈਂ ਝੱਟ ਦੇਣੀ ਆਪਣਾ ਬੈਗ ਮੋਢਿਆਂ 'ਤੇ ਪਾ ਬਿਨਾਂ ਕੁੱਝ ਕਹੇ-ਸੁਣੇ ਮਾਸਟਰ ਜੀ ਦੇ ਸਕੂਟਰ ਵੱਲ ਤੁਰ ਪਿਆ।

ਜਦੋਂ ਮੈਂ ਸਕੂਲ ਪਹੁੰਚਿਆ ਮੈਨੂੰ ਇੰਜ ਲੱਗਿਆ ਜਿਵੇਂ ਮੈਂ ਸਾਰੀ ਦੁਨੀਆ ਜਿੱਤ ਲਈ ਹੋਵੇ। ਮੇਰਾ ਸਕੂਲ ਵਿਚ ਦਿਨ ਬਹੁਤ ਵਧੀਆ ਰਿਹਾ ਪਰ ਜਦੋਂ ਸ਼ਾਮ ਨੂੰ ਘਰ ਪਹੁੰਚਿਆ ਤਾਂ ਪਿਉ ਦੀਆਂ ਘੂਰਦੀਆਂ ਅੱਖਾਂ 'ਚ ਗੁੱਸੇ ਦੇ

(ਬਾਕੀ ਸਫਾ 30 'ਤੇ)

# ਮੇਰਾ ਮੁਕਲਾਵਾ

***ਉਘੇ ਪਹਿਲਵਾਨ ਦਾਰਾ ਸਿੰਘ (19 ਨਵੰਬਰ 1928-12 ਜੁਲਾਈ 2012) ਦਾ ਬਚਪਨ ਦਾ ਨਾਂ ਦੀਦਾਰ ਸਿੰਘ ਸੀ। ਉਹਨੇ ਪਹਿਲਵਾਨੀ ਕੀਤੀ, ਫਿਰ ਫਿਲਮਾਂ ਵਿਚ ਐਕਟਰ ਤੇ ਫਿਰ ਡਾਇਰੈਕਟਰ ਵੀ ਬਣਿਆ। ਉਹ ਪਹਿਲਾ ਖਿਡਾਰੀ ਸੀ ਜਿਸ ਨੂੰ ਰਾਜ ਸਭਾ ਲਈ ਨਾਮਜ਼ਦ ਕੀਤਾ ਗਿਆ। ਇਸ ਲੇਖ ਵਿਚ ਉਸ ਨੇ ਆਪਣੇ ਮੁਕਲਾਵੇ ਦਾ ਬੜਾ ਦਿਲਚਸਪ ਕਿੱਸਾ ਛੋਹਿਆ ਹੈ। ਇਸ ਵਿਚ ਉਨ੍ਹਾਂ ਵੇਲਿਆਂ ਦਾ ਪੰਜਾਬ ਧੜਕਦਾ ਸਾਫ ਸੁਣਾਈ ਦਿੰਦਾ ਹੈ।***

**ਦਾਰਾ ਸਿੰਘ**

ਇਹ ਗੱਲ 1938-39 ਦੀ ਹੋਵੇਗੀ। ਅਸੀਂ ਪਿੰਡ ਦੇ ਮੁੰਡੇ ਦੁਪਹਿਰੇ ਮੈਰੇ ਵਿਚ ਡੰਗਰ ਚਾਰ ਰਹੇ ਸਾਂ ਕਿ ਚੰਨਣ ਕਿਆਂ ਦੀ ਖੂਹੀ ਜਿਸ ਨੂੰ ਨਾਥ ਦੀ ਖੂਹੀ ਵੀ ਕਹਿੰਦੇ ਹਨ, 'ਤੇ ਆ ਕੇ ਬੱਸ ਰੁਕੀ। ਇਹ ਖੂਹੀ ਚਾਰ ਪੰਜ ਪਿੰਡਾਂ ਵਿਚਾਲੇ ਉਜਾੜ ਬੀਆਬਾਨ ਵਿਚ ਬੋਹੜ ਦੇ ਵੱਡੇ ਰੁੱਖ ਕਰਕੇ ਦੂਰੋਂ ਨਜ਼ਰ ਆਉਂਦੀ ਸੀ। ਅੰਮ੍ਰਿਤਸਰ ਤੋਂ ਮਹਿਤੇ ਨੂੰ ਦਿਹਾੜੀ ਵਿਚ ਤਿੰਨ ਬੱਸਾਂ ਇਥੋਂ ਲੰਘਿਆ ਕਰਦੀਆਂ ਸਨ। ਇਹ ਖੂਹੀ ਪੰਜ ਦਸ ਪਿੰਡ ਤੋਂ ਸ਼ਹਿਰ ਨੂੰ ਆਉਣ ਜਾਣ ਵਾਲਿਆਂ ਦਾ ਅੱਡਾ ਸੀ। ਇਸ ਰਾਹ ਵਿਚ ਏਨੀ ਜ਼ਿਆਦਾ ਰੇਤ ਹੁੰਦੀ ਸੀ ਕਿ ਕਈ ਵਾਰ ਮੁਸਾਫਰਾਂ ਨੂੰ ਬਸ ਵਿਚੋਂ ਉਤਰ ਕੇ ਧੱਕਾ ਲਾ ਕੇ ਗੱਡੀ ਨੂੰ ਰੇਤ ਵਿਚੋਂ ਕੱਢਣਾ ਪੈਂਦਾ ਸੀ। ਇਸ ਦੁੱਖੋਂ ਬਹੁਤ ਲੋਕ ਤਾਂ ਅੰਮ੍ਰਿਤਸਰ ਪੈਦਲ ਜਾਂ ਸਾਈਕਲਾਂ 'ਤੇ ਜਾਣਾ ਹੀ ਪਸੰਦ ਕਰਦੇ ਸਨ। ਉਸ ਵਕਤ ਬੱਸ ਦਾ ਇੰਜਣ ਵੀ ਕੋਲਿਆਂ ਨਾਲ ਚਲਦਾ ਸੀ ਤੇ ਬਸ ਦਾ ਐਗਜ਼ਾਸਟ ਪਾਈਪ ਪਿਛਲੇ ਬੰਨੇ ਉਪਰ ਵੱਲ ਹੁੰਦਾ ਸੀ ਜਿਹੜਾ ਆਟਾ ਪੀਸਣ ਦੀ ਚੱਕੀ ਵਾਂਗ ਟੁਕ-ਟੁਕ ਕਰਦਾ ਰਹਿੰਦਾ ਸੀ। ਅਸੀਂ ਦੂਰੋਂ ਹੀ ਬੱਸ ਨੂੰ ਵੇਖ ਕੇ ਖੁਸ਼ ਹੋਇਆ ਕਰਦੇ ਸਾਂ ਤੇ ਕਦੀ-ਕਦੀ ਉਸ ਪਹੇ ਯਾਨੀ ਖੂਹੀ ਤਕ ਡੰਗਰ ਵੀ ਲੈ ਜਾਇਆ ਕਰਦੇ ਸਾਂ ਪਰ ਸਿਰਫ ਪਾਣੀ ਪੀਣ ਲਈ ਤੇ ਡੰਗਰਾਂ ਨੂੰ ਪਾਣੀ ਪਿਆਉਣ ਲਈ। ਫਿਰ ਛੇਤੀ ਹੀ ਵਾਪਸ ਪਰਤਣਾ ਪੈਂਦਾ ਸੀ ਕਿਉਂਕਿ ਇਹ ਖੂਹੀ ਸਾਡੇ ਪਿੰਡ ਦੀ ਹੱਦ ਤੋਂ ਬਾਹਰ ਸੀ।


ਅਸੀਂ ਆਪਣੇ ਪਿੰਡੇ ਦੀ ਹੱਦ ਵਿਚ ਦੂਰ ਕਿੱਕਰਾਂ ਦੇ ਥੱਲੇ ਬੈਠਿਆਂ ਵੇਖਿਆ ਕਿ ਰੋਜ਼ ਦੀ ਤਰ੍ਹਾਂ ਰੁਕੀ ਇਸ ਬਸ ਵਿਚੋਂ ਇਕ ਸਵਾਰੀ ਉਤਰੀ। ਉਤਰਨ ਵਾਲੇ ਨੇ ਆਪਣਾ ਸਮਾਨ ਟਰੰਕ ਅਤੇ ਬਿਸਤਰਾ ਚੁੱਕਿਆ ਹੈ ਤੇ ਸਾਡੇ ਪਿੰਡ ਵਾਲੇ ਰਾਹ 'ਤੇ ਤੁਰ ਪਿਆ ਹੈ। ਸਾਡੇ ਵਿਚੋਂ ਜਿਹੜੇ ਮੁੰਡੇ ਵੱਡੇ ਸਨ, ਉਨ੍ਹਾਂ ਕਿਹਾ, ਕੋਈ ਫੌਜੀ ਛੁੱਟੀ ਆਇਆ ਹੋਣਾ ਹੈ। ਆਪਣੇ ਪਿੰਡ ਵਾਲਿਆਂ ਨੂੰ ਤਾਂ ਸਾਰੇ ਜਾਣਦੇ ਸਨ, ਹੋ ਸਕਦੈ, ਇਹ ਸੈਦਪੁਰ ਜਾਂ ਮਹਿਸਮਪੁਰੇ ਦਾ ਹੋਵੇ। ਮੇਰੇ ਮਨ ਵਿਚ ਆਈ, ਕਿਧਰੇ ਬਾਪੂ ਜੀ ਹੀ ਇਸ ਤਰ੍ਹਾਂ ਆ ਜਾਵੇ। ਖੈਰ, ਜਿਉਂ-ਜਿਉਂ ਮੁਸਾਫਿਰ ਨੇੜੇ ਆਉਂਦਾ ਗਿਆ, ਅਸੀਂ ਵੀ ਪਹੇ ਵਾਲੇ ਬੰਨੇ ਤੁਰਦੇ ਗਏ ਕਿ ਚਲੋ ਕੋਈ ਵੀ ਹੋਵੇਗਾ, ਵੇਖ ਤਾਂ ਲਈਏ। ਜਦੋਂ ਪਛਾਣਨ ਤਕ ਦੀ ਦੂਰੀ ਰਹਿ ਗਈ ਤਾਂ ਅਸਾਂ ਸਾਰਿਆਂ ਨੇ ਪਛਾਣ ਲਿਆ। ਮੇਰਾ ਬਾਪੂ ਪੈਂਟ ਪਾਈ ਟਰੰਕ ਚੁੱਕੀ ਆ ਰਿਹਾ ਸੀ। ਮੇਰੀ ਤਾਂ ਖੁਸ਼ੀ ਦਾ ਅੰਤ ਨਾ ਰਿਹਾ। ਵੱਡੇ ਮੁੰਡੇ ਭਾਊ-ਭਾਊ ਕਹਿ ਕੇ ਬਾਪੂ ਨੂੰ ਮਿਲੇ। ਦੋਹਾਂ ਨੇ ਉਨ੍ਹਾਂ ਦਾ ਸਮਾਨ ਚੁੱਕ ਲਿਆ ਕਿ ਅਸੀਂ ਪਿੰਡ ਛੱਡ ਕੇ ਆਉਂਦੇ ਹਾਂ। ਬਾਪੂ ਨੇ ਡੰਗਰ ਛੇਤੀ ਪਿੰਡ ਲੈ ਆਉਣ ਲਈ ਕਿਹਾ ਤੇ ਅਸੀਂ ਦੌੜ ਪਏ ਪਸ਼ੂਆਂ ਨੂੰ ਇਕੱਠਾ ਕਰਨ।

ਸ਼ਾਮ ਨੂੰ ਸਾਡੇ ਘਰ ਲੋਕਾਂ ਦੀ ਭੀੜ ਲੱਗ ਗਈ। ਖੁਸ਼ੀਆਂ ਹੀ ਖੁਸ਼ੀਆਂ ਵਰਤ ਗਈਆਂ। ਕਈ ਬੁਢੜੀਆਂ ਆ ਕੇ ਬਾਪੂ ਨੂੰ ਪਿਆਰ ਕਰਨ ਤੇ ਅਸ਼ੀਰਵਾਦ ਦੇਣ। ਸੁਖ ਨਾਲ ਸੂਰਤਾ ਸਿੰਘ ਆਇਆ ਏ। ਜਿਉਂਦਾ ਰਹਿ ਪੁੱਤ, ਰੱਬ ਵਡੀ ਉਮਰ ਕਰੇ। ਜਦੋਂ ਪਿੰਡ ਵਾਲੇ ਮਿਲ ਮਿਲਾ ਕੇ ਚਲੇ ਗਏ ਤਾਂ ਜਾ ਕੇ ਬਾਪੂ ਨੇ ਘਰ ਵਾਲਿਆਂ ਨਾਲ ਗੱਲ ਕੀਤੀ ਤੇ ਮੈਨੂੰ ਕੋਲ ਬਿਠਾ ਕੇ ਪਿਆਰ ਕੀਤਾ। ਉਨ੍ਹਾਂ ਦੱਸਿਆ ਕਿ ਸਿੰਘਾਪੁਰ ਲੜਾਈ ਲੱਗਣ ਵਾਲੀ ਹੈ, ਇਸ ਲਈ ਮੈਂ ਛੇਤੀ ਆ ਗਿਆ ਹਾਂ; ਤਾਂ ਦਾਦੀ ਨੇ ਕਿਹਾ, ਛੋਟੇ ਭਰਾਵਾਂ ਨੂੰ ਨਾਲ ਲੈ ਕੇ ਕਿਉਂ ਨਹੀਂ ਆਇਆ, ਤਾਂ ਬਾਪੂ ਨੇ ਕਿਹਾ, ਉਹ ਜਾਣ ਬੁਝ ਕੇ ਨਹੀਂ ਆਏ, ਕਹਿੰਦੇ ਸਨ, ਅਜੇ ਤਾਂ ਅਫਵਾਹਾਂ ਹਨ, ਜਦੋਂ ਲੜਾਈ ਲੱਗੇਗੀ, ਉਦੋਂ ਵੇਖੀ ਜਾਵੇਗੀ।

ਬਾਪੂ ਦੇ ਆਉਣ ਦਾ ਮੇਰੇ ਮਾਮਿਆਂ ਨੂੰ ਪਤਾ ਲੱਗਾ ਤਾਂ ਉਹ ਵੀ ਮਿਲਣ ਆਏ। ਬਾਪੂ ਦਾ ਇਕ ਦੋਸਤ ਸੀ ਜੋ ਇਨ੍ਹਾਂ ਨਾਲ ਸਿੰਘਾਪੁਰ ਹੀ ਰਹਿੰਦਾ ਸੀ, ਮਹਿਤੇ ਪਿੰਡ ਦਾ ਆਤਮਾ ਸਿੰਘ। ਉਹ ਵੀ ਮਿਲਣ ਆਇਆ। ਉਸ ਕੋਲ ਸਾਈਕਲ ਸੀ ਜਿਹੜਾ ਉਹ ਸਿੰਘਾਪੁਰੋਂ ਲੈ ਕੇ ਆਇਆ ਸੀ। ਮੈਨੂੰ ਸਾਈਕਲ ਚਲਾਉਣਾ ਸਿੱਖਣ ਦੀ ਤਾਂਘ ਆਈ। ਮੈਂ ਜਾ ਮਾਂ ਨੂੰ ਫਰਮਾਇਸ਼ ਪਾਈ ਕਿ ਮੈਂ ਸਾਈਕਲ ਚਲਾਉਣਾ ਸਿੱਖਣਾ ਚਾਹੁੰਦਾ ਹਾਂ। ਸ. ਆਤਮਾ ਸਿੰਘ ਨੇ ਮੈਨੂੰ ਸਾਈਕਲ 'ਤੇ ਬਿਠਾ ਕੇ ਹੂਟਾ ਦਿਵਾਇਆ ਤੇ ਚਲਾਉਣ ਦਾ ਢੰਗ ਵੀ ਦੱਸਿਆ ਪਰ ਸਾਈਕਲ ਦੀ ਕਾਠੀ 'ਤੇ ਬੈਠ ਕੇ ਮੇਰੇ ਪੈਰ ਪੈਡਲਾਂ ਤਕ ਨਹੀਂ ਸਨ ਪਹੁੰਚਦੇ, ਇਸ ਲਈ ਮੈਂ ਸਾਈਕਲ ਦੇ ਡੰਡੇ 'ਤੇ ਪਰਨਾ ਬੰਨ੍ਹ ਕੇ ਉਸ ਦੀ ਕਾਠੀ ਬਣਾ ਲੈਣੀ ਤੇ ਸਾਈਕਲ ਨੂੰ ਵੱਟ ਲਾਗੇ ਕਰਕੇ ਉਪਰ ਚੜ੍ਹ ਜਾਣਾ। ਜਦੋਂ ਵੀ ਆਤਮਾ ਸਿੰਘ ਨੇ ਸਾਡੇ ਪਿੰਡ ਆਉਣਾ, ਮੈਂ ਉਸ ਦਾ ਸਾਈਕਲ ਤੋਂ ਉਤਰਨ ਦਾ ਇੰਤਜ਼ਾਰ ਕਰਨਾ। ਉਸ ਨੇ ਸਾਈਕਲ ਤੋਂ ਲੱਤ ਲਾਹੀ ਨਹੀਂ ਕਿ ਮੈਂ ਬੋਲ ਦੇਣਾ, ਲਿਆਓ ਮੈਂ ਸਾਈਕਲ ਸੰਭਾਲ ਕੇ ਹਵੇਲੀ ਰੱਖ ਆਵਾਂ। ਉਸ ਨੇ ਸਮਝ ਜਾਣਾ ਕਿ ਸਾਈਕਲ ਹਵੇਲੀ ਨਹੀਂ, ਪਿੰਡ ਦੀ ਰੋੜ 'ਤੇ ਚਲੇਗਾ ਤੇ ਡਿਗੇਗਾ ਤੇ ਸ਼ਾਇਦ ਹੈਂਡਲ ਵਗੈਰਾ ਵੀ ਟੇਢਾ ਹੋਵੇਗਾ ਪਰ ਮੁਸਕਰਾ ਕੇ ਕਹਿਣਾ, ਜ਼ਰਾ ਆਹਿਸਤਾ ਚਲਾਈਂ, ਜਿੰਨਾ ਚਿਰ ਤੇਰੇ ਪੈਰ ਕਾਠੀ 'ਤੇ ਬੈਠ ਕੇ ਚਲਾਉਣ ਜੋਗੇ ਨਹੀਂ ਹੁੰਦੇ, ਓਨਾ ਚਿਰ ਸੱਟ ਲਗਣ ਦਾ ਖਤਰਾ ਹੈ ਪਰ ਮੈਂ ਤਾਂ ਦੋ-ਚਾਰ ਵਾਰ ਚਲਾਉਣ ਨਾਲ ਬੜਾ ਮਾਹਿਰ ਹੋ ਗਿਆ ਸੀ ਤੇ ਇਕ ਦਿਨ ਮੈਂ ਸਰਦਾਰ ਆਤਮਾ ਸਿੰਘ ਦੇ ਸਾਹਮਣੇ ਆਪਣੇ ਆਪ ਸਾਈਕਲ ਵੱਟ ਲਾਗੇ ਕਰਕੇ ਤੇ ਚੜ੍ਹ ਕੇ ਚਲਾ ਕੇ ਵਿਖਾਇਆ ਤਾਂ ਉਹ ਖੁਸ਼ ਹੋ ਗਏ। ਫਿਰ ਜਦੋਂ ਮੇਰਾ ਚਿੱਤ ਕਰਨਾ, ਉਨ੍ਹਾਂ ਸਾਈਕਲ ਦੀ ਕਾਠੀ ਖੋਲ੍ਹ ਕੇ ਨੀਵੀਂ ਕਰ ਦੇਣੀ ਤੇ ਮੇਰੇ ਪੱਬ ਕਾਠੀ 'ਤੇ ਬੈਠ ਪੈਡਲਾਂ ਤਕ ਪਹੁੰਚ ਜਾਂਦੇ ਸਨ।

ਬਾਪੂ ਜੀ ਨੂੰ ਹਾਲੀਂ ਪਿੰਡ ਆਇਆਂ ਸਾਲ ਵੀ ਨਹੀਂ ਹੋਇਆ ਹੋਣਾ ਕਿ ਮੇਰੇ ਸਹੁਰਿਆਂ ਨੇ ਮੁਕਲਾਵਾ ਲਿਆਉਣ ਲਈ ਜ਼ੋਰ ਪਾ ਦਿਤਾ। ਬਾਪੂ ਨੇ ਸਾਫ ਕਿਹਾ ਕਿ ਮੁੰਡਾ ਹਾਲੇ ਨਿਆਣਾ ਹੈ, ਮੁਕਲਾਵੇ ਦਾ ਕੀ ਮਤਲਬ। ਨਾਲੇ ਤੁਸੀਂ ਖੁਦ ਕਿਹਾ ਸੀ ਕਿ ਵਿਆਹ ਕਰ ਲਵੋ, ਮੁਕਲਾਵਾ ਜਦੋਂ ਜੀਅ ਕਰੇ ਲੈ ਲੈਣਾ ਪਰ ਸਹੁਰਿਆਂ ਪਤਾ ਨਹੀਂ ਮੇਰੇ ਨਾਨਕਿਆਂ ਨੂੰ ਕੀ ਪੱਟੀ ਪੜ੍ਹਾਈ, ਉਹ ਤਾਂ ਪਿਛੇ ਹੀ ਪੈ ਗਏ। ਆਖਰ ਬਾਪੂ ਜੀ ਮੰਨ ਗਏ ਤੇ ਇਕ ਦਿਨ ਮੈਨੂੰ ਸਾਈਕਲ 'ਤੇ ਬਿਠਾ ਕੇ ਮੇਰੇ ਸਹੁਰੀਂ ਛੱਡ ਆਏ। ਆਪ ਤਾਂ ਉਹ ਵਾਪਸ ਚਲੇ ਆਏ, ਸ਼ਾਇਦ ਇਕ ਰਾਤ ਰਹੇ ਸਨ ਕਿ ਨਹੀਂ, ਚੰਗੀ ਤਰ੍ਹਾਂ ਯਾਦ ਨਹੀਂ ਪਰ ਮੈਂ ਚਾਰ-ਪੰਜ ਦਿਨ ਸਹੁਰੀਂ ਰਿਹਾ। ਜਿਵੇਂ ਮੈਂ ਪਹਿਲਾਂ ਦੱਸਿਆ ਹੈ, ਸਹੁਰੇ ਮੇਰੇ ਰੱਜੇ-ਪੁੱਜੇ ਘਰਾਣੇ ਦੇ ਸਨ, ਮੇਰੀ ਬੜੀ ਖਾਤਰ ਹੋਈ। ਪਹਿਲਾਂ ਤਾਂ ਮੈਨੂੰ ਡਰ ਜਿਹਾ ਲੱਗਦਾ ਸੀ ਪਰ ਇਕ-ਦੋ ਦਿਨਾਂ ਵਿਚ ਹੀ ਮੈਨੂੰ ਮੇਰਾ ਸਹੁਰਾ ਘਰ ਆਪਣਾ ਆਪਣਾ ਲੱਗਣ ਲੱਗ ਪਿਆ। ਮਿਥੇ ਹੋਏ ਦਿਨ 'ਤੇ ਮੈਨੂੰ ਅਤੇ ਮੇਰੀ ਵਹੁਟੀ ਨੂੰ ਰਵਾਨਾ ਕੀਤਾ ਗਿਆ। ਇਹ ਫੈਸਲਾ ਪਹਿਲਾਂ ਹੀ ਬਾਪੂ ਨਾਲ ਹੋ ਗਿਆ ਸੀ ਕਿ ਆਉਂਦੇ ਹੋਏ ਅਸੀਂ ਦੋਵੇਂ ਆ ਜਾਵਾਂਗੇ (ਕਿਉਂਕਿ ਸਾਈਕਲ ਜੋ ਇਕ ਸੀ)। ਸਹੁਰਿਆਂ ਵਾਲੇ ਪਿੰਡੋਂ ਬਾਹਰ ਤਕ ਸਾਨੂੰ ਤੋਰਨ ਆਏ। ਸਾਈਕਲ ਦੀ ਕਾਠੀ ਤਾਂ ਬਾਪੂ ਜੀ ਨੀਵੀਂ ਕਰ ਗਏ ਸਨ। ਮੈਂ ਕਾਠੀ 'ਤੇ ਬੈਠ ਗਿਆ ਤੇ ਵਹੁਟੀ ਨੂੰ ਪਿਛੇ ਕੈਰੀਅਰ ਤੇ ਬਿਠਾ ਲਿਆ। ਮੈਂ ਇਕੱਲਾ ਸਾਈਕਲ ਚਲਾਉਣ ਵਿਚ ਤਾਂ ਉਸਤਾਦ ਹੋ ਗਿਆ ਸੀ ਪਰ ਕਿਸੇ ਨੂੰ ਪਿਛੇ ਬਿਠਾ ਕੇ ਕਦੀ ਨਹੀਂ ਸੀ ਚਲਾਇਆ। ਜਦੋਂ ਮੈਂ ਵਹੁਟੀ ਨੂੰ ਬਿਠਾ ਕੇ ਪੈਡਲ ਮਾਰਿਆ ਤਾਂ ਇੰਝ ਲੱਗਾ ਕਿ ਸਾਈਕਲ ਗੱਡੇ ਜਿੰਨਾ ਭਾਰਾ ਹੈ। ਖੈਰ, ਉਥੇ ਲੋਕਾਂ ਦੇ ਸਾਹਮਣੇ ਤਾਂ ਮੇਰੀ ਇੱਜ਼ਤ ਰਹਿ ਗਈ। ਪਹਿਆ ਵੀ ਪੱਧਰਾ ਸੀ। ਡਕੋ-ਡੋਲੇ ਖਾ ਕੇ ਸਾਈਕਲ ਸਿੱਧਾ ਹੋ ਤੁਰਿਆ ਪਰ ਵੱਡੇ ਰਾਹ 'ਤੇ ਆ ਕੇ ਮੋੜ ਸੀ। ਮੋੜ ਮੁੜਨ ਲੱਗਿਆਂ ਸਾਈਕਲ ਡਿਗ ਪਿਆ, ਛੇਤੀ-ਛੇਤੀ ਉਠੇ, ਭਈ ਕੋਈ ਵੇਖ ਨਾ ਲਵੇ। ਫੇਰ ਬੈਠੇ, ਸਾਈਕਲ ਥੋੜ੍ਹੀ ਦੂਰ ਹੀ ਗਿਆ ਤੇ ਫਿਰ ਡਿੱਗ ਪਿਆ, ਕਿਉਂਕਿ ਵੱਡੇ ਰਸਤੇ 'ਤੇ ਰੇਤਾ ਬਹੁਤ ਸੀ। ਦੋ-ਚਾਰ ਵਾਰ ਡਿਗਣ ਤੋਂ ਬਾਅਦ ਵਹੁਟੀ ਨੇ ਕਿਹਾ, ਭਈ ਤੁਰ ਕੇ ਚਲਦੇ ਹਾਂ। ਇਕ ਛੋਟਾ ਜਿਹਾ ਸੂਟਕੇਸ ਵੀ ਸੀ ਵਿਚਾਰੀ ਦੇ ਹੱਥ ਵਿਚ ਤੇ ਡਿਗਣ-ਡਿਗੌਣ ਨਾਲ ਕਪੜੇ ਵੀ ਖਰਾਬ ਹੋ ਗਏ ਸਨ।





*ਪਹਿਲਵਾਨ ਦਾਰਾ ਸਿੰਘ ਆਪਣੀ ਪਤਨੀ ਨਾਲ।*

ਹਾਲੀਂ ਥੋੜ੍ਹੀ ਹੀ ਦੂਰ ਗਏ ਹੋਵਾਂਗੇ ਕਿ ਇਕ ਨੌਜਵਾਨ ਸਾਡੇ ਕੋਲ ਦੀ ਲੰਘਿਆ ਤੇ ਖਲੋ ਗਿਆ। ਉਹ ਮੇਰੀ ਵਹੁਟੀ ਨੂੰ ਪਛਾਣਦਾ ਸੀ। ਉਸ ਕਿਹਾ, ਕੀ ਗੱਲ ਹੈ, ਸਾਈਕਲ ਖਰਾਬ ਤਾਂ ਨਹੀਂ ਹੋ ਗਿਆ? ਮੈਂ ਕਿਹਾ, ਖਰਾਬ ਤਾਂ ਨਹੀਂ ਹੋਇਆ ਪਰ ਕਦੀ ਕਿਸੇ ਨੂੰ ਪਿਛੇ ਬਿਠਾ ਕੇ ਚਲਾਇਆ ਨਹੀਂ ਤੇ ਨਾਲੇ ਇਸ ਰਾਹ ਵਿਚ ਰੇਤ ਵੀ ਬਹੁਤ ਹੈ, ਰੜਾ ਮੈਦਾਨ ਹੁੰਦਾ ਤਾਂ ਤੇ ਕੋਈ ਗੱਲ ਨਹੀਂ ਸੀ। ਉਸ ਨੂੰ ਡਿੱਗਣ ਵਾਲੀ ਗੱਲ ਨਹੀਂ ਦਸੀ। ਉਹ ਕਹਿਣ ਲੱਗਾ, ਮੈਂ ਵੀ ਤੁਹਾਡੇ ਪਿੰਡ ਵਾਲੇ ਪਾਸੇ ਜਾ ਰਿਹਾ ਹਾਂ, ਜੇ ਠੀਕ ਸਮਝੋ ਤਾਂ ਬਚਨੋਂ ਨੂੰ ਮੈਂ ਪਿਛੇ ਬਿਠਾ ਲੈਨਾ ਤੇ ਤੁਸੀਂ ਇਕੱਲੇ ਤਾਂ ਚਲਾ ਹੀ ਲਵੋਗੇ। ਮੇਰੇ ਕੱਦ ਬੁੱਤ ਨੂੰ ਵੇਖ ਉਸ ਨੂੰ ਸ਼ੱਕ ਪੈ ਰਿਹਾ ਸੀ ਕਿ ਸ਼ਾਇਦ ਮੈਂ ਸਾਈਕਲ ਚਲਾ ਹੀ ਨਾ ਸਕਦਾ ਹੋਵਾਂ। ਮੇਰੀ ਵਹੁਟੀ ਨੇ ਕਿਹਾ, ਨਹੀਂ ਇਕੱਲੇ ਤਾਂ ਠੀਕ ਚਲਾ ਲੈਂਦੇ ਨੇ। ਬਸ ਫੇਰ ਕੀ ਸੀ, ਉਸ ਨੇ ਮੇਰੀ ਵਹੁਟੀ ਨੂੰ ਪਿਛੇ ਬਿਠਾਇਆ ਤੇ ਸਾਈਕਲ ਐਨੀ ਤੇਜ਼ ਚਲਾਈ ਕਿ ਮੈਂ ਮਸਾਂ ਉਨ੍ਹਾਂ ਨਾਲ ਮਿਲਦਾ-ਮਿਲਦਾ ਚਲਾ ਰਿਹਾ ਸਾਂ। ਦਿਲੋਂ ਤਾਂ ਮੈਂ ਨਹੀਂ ਸਾਂ ਚਾਹੁੰਦਾ ਕਿ ਮੇਰੀ ਵਹੁਟੀ ਉਸ ਦੇ ਸਾਈਕਲ ਪਿਛੇ ਬੈਠੇ ਪਰ ਮੈਂ ਕਰ ਵੀ ਕੀ ਸਕਦਾ ਸੀ। ਜਦੋਂ ਰੇਤ ਵਾਲਾ ਰਾਹ ਲੰਘ ਆਏ ਤਾਂ ਮੈਂ ਕਿਹਾ, ਹੁਣ ਠੀਕ ਹੈ, ਅਸੀਂ ਹੁਣ ਆਪੇ ਚਲੇ ਜਾਵਾਂਗੇ ਪਰ ਵਹੁਟੀ ਨੇ ਕਿਹਾ, ਤੁਰੀ ਚਲੋ, ਪਿੰਡ ਹੁਣ ਕਿਹੜੀ ਦੂਰ ਹੈ। ਸ਼ਾਇਦ ਉਹ ਤਾਂ ਡਰਦੀ ਹੋਵੇ ਕਿ ਰੇਤ ਵਿਚ ਤਾਂ ਡਿਗ ਕੇ ਬਚ ਗਏ ਸੀ, ਰੜੇ ਤਾਂ ਸੱਟਾਂ ਵੀ ਚੰਗੀਆਂ ਲੱਗਣਗੀਆਂ ਪਰ ਮੈਨੂੰ ਗੁੱਸਾ ਚੜ੍ਹੀ ਜਾਵੇ, ਭਈ ਇਹ ਪਰਾਏ ਮਰਦ ਦੇ ਸਾਈਕਲ ਦੇ ਪਿਛੇ ਬਹਿ ਕੇ ਬੜੀ ਖੁਸ਼ ਹੈ। ਖੈਰ, ਵਾਟ ਤਿੰਨ-ਚਾਰ ਕੋਹ ਹੀ ਸੀ, ਛੇਤੀ ਕਟ ਗਈ ਤੇ ਸਾਡੇ ਪਿੰਡ ਦੇ ਪਿਛਵਾੜੇ ਯਾਨੀ ਹੱਦ ਤੋਂ ਥੋੜ੍ਹੀ ਦੂਰ ਉਹ ਮੇਰੀ ਵਹੁਟੀ ਨੂੰ ਸਾਈਕਲ ਤੋਂ ਲਾਹ ਕੇ ਚਲਾ ਗਿਆ ਤਾਂ ਮੈਂ ਪੁਛਿਆ, ਭਈ ਇਹ ਕੌਣ ਸੀ? ਮੈਂ ਤਾਂ ਆਪਣੀ ਜਗ੍ਹਾ ਔਖਾ ਸੀ ਤੇ ਵਹੁਟੀ ਆਪਣੀ ਜਗ੍ਹਾ ਦੁਖੀ ਸੀ ਕਿ ਉਸ ਦੇ ਜਾਣਨ ਵਾਲੇ ਕੀ ਸੋਚਣਗੇ ਕਿ ਗੱਭਰੂ ਕਿਹੋ ਜਿਹਾ ਲੱਭਾ ਜਿਹੜਾ ਵਹੁਟੀ ਨੂੰ ਸਾਈਕਲ 'ਤੇ ਚੜ੍ਹਾ ਕੇ ਵੀ ਨਹੀਂ ਲੈ ਜਾ ਸਕਦਾ। ਉਸ ਰੁੱਖਾ ਜਿਹਾ ਜਵਾਬ ਦਿਤਾ, ਇਹ ਸਾਡਾ ਰਿਸ਼ਤੇਦਾਰ ਸੀ, ਫਲਾਣੀ-ਫਲਾਣੀ ਦਾ ਲੜਕਾ। ਖੈਰ, ਮੈਂ ਵਹੁਟੀ ਨੂੰ ਕਿਹਾ ਕਿ ਤੂੰ ਇਥੇ ਹੀ ਬੈਠ, ਮੈਂ ਜਾ ਕੇ ਜ਼ਨਾਨੀਆਂ ਨੂੰ ਭੇਜਦਾ ਹਾਂ ਤਾਂ ਕਿ ਆ ਕੇ ਤੈਨੂੰ ਲੈ ਜਾਣ। ਉਸ ਕਿਹਾ, ਚੰਗਾ। ਮੈਂ ਘਰ ਜਾ ਦੱਸਿਆ ਤੇ ਮਾਂ ਹੋਰੀਂ ਨੂੰਹ ਨੂੰ ਬੜੇ ਚਾਵਾਂ ਨਾਲ ਲੈ ਆਈਆਂ।

***ਘਰ ਵਾਲਿਆਂ ਦਾ ਦਿਲ ਤਾਂ ਹੀ ਖੁਸ਼ ਹੁੰਦਾ ਸੀ, ਜੇ ਉਨ੍ਹਾਂ ਦੀ ਨੂੰਹ ਖੁਸ਼ ਹੋਵੇ। ਪਹਿਲੇ ਮੁਕਲਾਵੇ ਨੂੰ ਦੋ ਸਾਲ ਨਿਕਲ ਗਏ ਤਾਂ ਮੈਨੂੰ ਮੁੜ ਸਹੁਰੀਂ ਵਹੁਟੀ ਨੂੰ ਲਿਆਉਣ ਲਈ ਭੇਜਿਆ ਗਿਆ। ਮੈਂ ਕੋਈ ਚੌਦਾਂ ਪੰਦਰਾਂ ਸਾਲਾਂ ਦਾ ਸਾਂ ਪਰ ਲਗਦਾ ਵੱਡਾ ਸਾਂ। ਤਾਕਤ ਵਿਚ ਤਕੜੇ ਆਦਮੀ ਨਾਲੋਂ ਵੀ ਤਕੜਾ ਹੋ ਗਿਆ ਸੀ। ਇਸ ਵਾਰ ਸਹੁਰਿਆਂ ਦੇ ਪਿੰਡ ਦੀਆਂ ਜ਼ਨਾਨੀਆਂ ਖੁਸ਼ ਸਨ ਕਿ ਮੁੰਡਾ ਗੱਭਰੂ ਹੋ ਗਿਆ ਹੈ। ਵਹੁਟੀ ਨੂੰ ਪਿੰਡ ਤਾਂ ਲੈ ਆਂਦਾ ਪਰ ਮੇਰਾ ਧਿਆਨ ਘੁਲਣ ਵਾਲੇ ਪਾਸੇ ਜ਼ਿਆਦਾ ਤੇ ਵਹੁਟੀ ਵਲ ਘੱਟ।***

ਮੇਰੇ ਹਾਣੀਆਂ ਨੂੰ ਪਤਾ ਲੱਗਾ ਕਿ ਮੈਂ ਮੁਕਾਲਾਵਾ ਲੈ ਆਇਆ ਹਾਂ। ਉਹ ਸਾਰੇ ਤੇ ਕੁਝ ਮੇਰੀ ਉਮਰ ਤੋਂ ਵਡੇ ਮੁੰਡੇ ਮੈਨੂੰ ਸਮਝਾਉਣ ਲੱਗੇ, ਭਈ ਪਹਿਲੀ ਰਾਤ ਵਹੁਟੀ ਨਾਲ ਕਿਸ ਤਰ੍ਹਾਂ ਦਾ ਸਲੂਕ ਕਰੀਦਾ ਹੈ। ਜਿਹੜੇ ਵੱਡੇ ਮੁੰਡੇ ਸਨ, ਉਨ੍ਹਾਂ ਆਪਣਾ-ਆਪਣਾ ਤੇ ਕਈਆਂ ਨੇ ਸੁਣਿਆ-ਸੁਣਾਇਆ ਕਿੱਸਿਆਂ ਦਾ ਜ਼ਿਕਰ ਕੀਤਾ। ਸਾਡੇ ਪਿੰਡ ਦਾ ਪਹਿਲੀ ਰਾਤ ਦਾ ਕਿੱਸਾ ਉਨ੍ਹੀਂ ਦਿਨੀਂ ਬੜੀ ਚਰਚਾ ਦਾ ਕੇਂਦਰ ਬਣਿਆ ਸੀ। ਇਹ ਹੈ ਵੀ ਬੜਾ ਅਜੀਬੋ-ਗਰੀਬ ਤੇ ਪਾਂਡਵਾਂ ਦੀ ਸਭਿਅਤਾ ਦੀ ਯਾਦ ਤਾਜ਼ਾ ਕਰਵਾਉਣ ਵਾਲਾ। ਗੱਲ ਇਸ ਤਰ੍ਹਾਂ ਹੋਈ- ਸਾਡੇ ਪਿੰਡ ਇਕ ਘਰ ਛੇ ਭਰਾ ਸਨ। ਦੂਜੇ ਨੰਬਰ ਵਾਲਾ ਜਿਹੜਾ ਕਿ ਵੱਡੇ ਨਾਲੋਂ ਸਿਰਫ ਡੇਢ ਕੁ ਸਾਲ ਹੀ ਛੋਟਾ ਸੀ, ਸਾਰਿਆਂ ਭਰਾਵਾਂ ਨਾਲੋਂ ਤਗੜਾ ਸੀ। ਜਦੋਂ ਵੱਡੇ ਭਰਾ ਦਾ ਵਿਆਹ ਹੋਇਆ ਤਾਂ ਸਿਆਲ ਦੀ ਬਹਾਰ ਸੀ। ਵਿਆਹ ਵਾਲਾ ਮੁੰਡਾ ਤਾਂ ਪ੍ਰਾਹੁਣਿਆਂ ਦੀ ਖਾਤਿਰ-ਤਵੱਜੋ ਵਿਚ ਲੱਗਾ ਰਿਹਾ ਤੇ ਅੱਧੀ ਰਾਤ ਤੱਕ ਆਪਣੇ ਸੁਸਰਾਲ ਤੋਂ ਨਾਲ ਆਏ ਬੰਦਿਆਂ ਨੂੰ ਸ਼ਰਾਬ ਪਿਆਉਂਦਾ ਰਿਹਾ ਪਰ ਉਸ ਦਾ ਛੋਟਾ ਭਰਾ ਚੋਰੀ ਹਨੇਰੇ ਵਿਚ ਵਹੁਟੀ ਕੋਲ ਚਲਿਆ ਗਿਆ। ਉਸ ਵਿਚਾਰੀ ਨੂੰ ਕੀ ਪਤਾ ਸੀ, ਉਸ ਸਮਝਿਆ, ਉਸ ਦੇ ਘਰ ਵਾਲਾ ਹੈ ਤੇ ਇਹ ਲੁੱਚਾ ਵਿਆਹ ਵਾਲੇ ਮੁੰਡੇ ਦੇ ਵਹੁਟੀ ਕੋਲ ਆਉਣ ਤੋਂ ਪਹਿਲਾਂ ਹੀ ਖਿਸਕ ਗਿਆ। ਜਦੋਂ ਲਾੜਾ ਅੱਧੀ ਰਾਤ ਤੋਂ ਬਾਅਦ ਘਰ ਆਇਆ ਤਾਂ ਵਹੁਟੀ ਨੇ ਸੰਗਦਿਆਂ ਪੁੱਛਿਆ, ਹਾਏ-ਹਾਏ ਤੁਸੀਂ ਉਠ ਕੇ ਸ਼ਰਾਬ ਪੀਣ ਤੁਰ ਗਏ ਸੀ? ਲਾੜੇ ਨੇ ਕਿਹਾ, ਤੁਰ ਗਏ ਦਾ ਮਤਲਬ ਮੈਂ ਨਹੀਂ ਸਮਝਿਆ? ਵਹੁਟੀ ਕਹਿਣ ਲੱਗੀ, ਤੁਸੀਂ ਆਏ ਤੇ ਮੇਰੇ ਨਾਲ ਗੱਲ ਵੀ ਨਹੀਂ ਕੀਤੀ, ਬਸ ਜ਼ਬਰਦਸਤੀ ਕਰ ਕੇ ਤੁਰ ਪਏ, ਇਹ ਕਿਹੋ ਜਿਹਾ ਪਿਆਰ ਹੈ? ਤੇ ਹੁਣ ਸ਼ਰਾਬ ਪੀ ਕੇ ਆ ਗਏ ਹੋ। ਲਾੜਾ ਤਾੜ ਗਿਆ ਆਪਣੇ ਭਰਾ ਦੀ ਕਰਤੂਤ ਪਰ ਵਹੁਟੀ ਨੂੰ ਪਤਾ ਨਾ ਲੱਗ ਜਾਵੇ, ਇਸ ਕਰ ਕੇ ਕਹਿਣ ਲੱਗਾ, ਦਰਅਸਲ ਹਵੇਲੀ ਵਿਚ ਪ੍ਰਾਹੁਣੇ ਬੈਠੇ ਹੀ ਸਨ, ਇਸ ਲਈ ਮੈਂ ਸੋਚਿਆ ਕਿ ਜਦ ਤਕ ਇਹ ਸੌਂ ਨਹੀਂ ਜਾਂਦੇ, ਮੈਨੂੰ ਇਨ੍ਹਾਂ ਕੋਲ ਬੈਠਣਾ ਚਾਹੀਦਾ ਹੈ, ਇਸ ਲਈ ਮੈਨੂੰ ਕਾਹਲੀ ਸੀ। ਵਹੁਟੀ ਕੋਲੋਂ ਪਰਦਾ ਤਾਂ ਰੱਖਿਆ ਪਰ ਸੁਣਿਆ ਹੈ, ਵਹੁਟੀ ਨੂੰ ਇਸ ਗੱਲ ਦਾ ਪਤਾ ਲੱਗ ਗਿਆ। ਵਹੁਟੀ ਤਾਂ ਕੀ, ਦੂਸਰੇ ਦਿਨ ਭਰਾਵਾਂ ਵਿਚ ਲੜਾਈ ਹੋਈ ਤਾਂ ਸਾਰੇ ਪਿੰਡ ਨੂੰ ਪਤਾ ਲੱਗ ਗਿਆ ਤੇ ਕਾਨਾਫੂਸੀ ਹੋਣ ਲੱਗੀ। ਆਸ਼ਿਕ ਮਿਜ਼ਾਜ ਲੋਕ ਤਾਂ ਇਥੋਂ ਤਕ ਗੱਲਾਂ ਕਰਨ ਲੱਗ ਪਏ, ਭਈ ਪਹਿਲੀ ਰਾਤ ਦਾ ਵਹੁਟੀ 'ਤੇ ਐਨਾ ਅਸਰ ਹੁੰਦਾ ਹੈ ਕਿ ਉਹ ਸਾਰੀ ਉਮਰ ਮਰਦ ਦੀ ਤਹਿ-ਦਿਲੋਂ ਸੇਵਾ ਕਰਦੀ ਹੈ। ਇਸੇ ਲਈ ਉਪਰਲੇ ਕਿੱਸੇ ਵਾਲੀ ਤੀਵੀਂ ਆਪਣੇ ਮਰਦ ਨਾਲੋਂ ਜ਼ਿਆਦਾ ਆਪਣੇ ਦੇਵਰ ਨੂੰ ਚਾਹੁਣ ਲੱਗ ਪਈ ਸੀ।

ਖੈਰ, ਜੋ ਵੀ ਹੋਇਆ ਹੋਵੇਗਾ, ਜਾਂ ਕਿਸੇ ਨੇ ਇਹ ਗੱਲ ਪਹਿਲੀ ਰਾਤ ਨੂੰ ਤਰਜੀਹ ਦੇਣ ਲਈ ਮਨਘੜਤ ਹੀ ਘੜ ਲਈ ਹੋਵੇ, ਬਹਰਹਾਲ ਮੁੰਡਿਆਂ ਨੇ ਮੈਨੂੰ ਬੜੇ ਹੀ ਦਾਅ ਦੱਸੇ ਕਿ ਇੰਝ ਕਰੀਦਾ ਹੈ, ਉਂਝ ਕਰੀਦਾ ਹੈ, ਤਾ ਹੀ ਤਾਂ ਜ਼ਨਾਨੀ ਉਤੇ ਉਮਰ ਭਰ ਰੋਹਬ ਰਹਿੰਦਾ ਹੈ ਮਰਦ ਦਾ। ਮੈਂ ਵੀ ਬੜਾ ਭੋਲਾ ਹੁੰਦਾ ਸੀ, ਮੁੰਡਿਆਂ ਦੀਆਂ ਗੱਲਾਂ ਮੇਰੇ ਮਨ 'ਤੇ ਅਸਰ ਕਰ ਗਈਆਂ ਤੇ ਮੈਂ ਲੱਗ ਪਿਆ ਸੋਚਣ। ਰਿਵਾਜ ਮੁਤਾਬਿਕ ਮੇਰੀ ਮੰਜੀ ਵਹੁਟੀ ਦੇ ਪਲੰਘ ਕੋਲ ਡਾਹੀ ਗਈ। ਮੇਰੀ ਨੀਂਦ ਐਨੀ ਭੈੜੀ ਹੈ ਕਿ ਮੈਂ ਮੰਜੀ 'ਤੇ ਲੇਟਿਆ ਨਹੀਂ ਕਿ ਮੈਨੂੰ ਨੀਂਦ ਆਈ ਨਹੀਂ। ਮੈਨੂੰ ਬਹੁਤ ਕਰ ਕੇ ਇਹੋ ਡਰ ਸੀ ਕਿ ਕਿਧਰੇ ਮੇਰੀ ਅੱਖ ਲੱਗ ਗਈ ਤਾਂ ਜਾਗ ਸਵੇਰੇ ਹੀ ਆਉਣੀ ਹੈ ਪਰ ਜਦ ਤਕ ਸਾਰੇ ਘਰ ਵਾਲੇ ਸੌਂ ਨਹੀਂ ਸਨ ਜਾਂਦੇ, ਮੈਂ ਵਹੁਟੀ ਨਾਲ ਪਿਆਰ ਵੀ ਤਾਂ ਨਹੀਂ ਸੀ ਕਰ ਸਕਦਾ। ਬੜੀ ਕੋਸ਼ਿਸ਼ ਕਰ ਕੇ ਆਪਣੇ ਆਪ ਨੂੰ ਜਗਾਈ ਰੱਖਿਆ ਤੇ ਜਦੋਂ ਮਹਿਸੂਸ ਕੀਤਾ ਕਿ ਸਾਰੇ ਸੌਂ ਗਏ ਹਨ, ਮੈਂ ਡਰਦਾ-ਡਰਦਾ ਉਸ ਦੀ ਮੰਜੀ 'ਤੇ ਪਹੁੰਚਿਆ। ਉਹਨੇ ਮੇਰਾ ਬੜਾ ਨਿੱਘਾ ਸਵਾਗਤ ਕੀਤਾ। ਮੇਰਾ ਡਰ ਤਾਂ ਲਹਿ ਗਿਆ ਪਰ ਤ੍ਰੇਲੀਆਂ ਸ਼ੁਰੂ ਹੋ ਗਈਆਂ, ਕਿਉਂਕਿ ਬਾਵਜੂਦ ਹਜ਼ਾਰ ਕੋਸ਼ਿਸ਼ ਕਰਨ ਦੇ, ਮੇਰੇ ਸਰੀਰ ਵਿਚ ਕਾਮਦੇਵ ਦੀ ਉਪਾਸਨਾ ਨਾ ਹੋਈ। ਬਸ ਫਿਰ ਕੀ ਸੀ, ਵਹੁਟੀ ਨੂੰ ਪਤਾ ਲੱਗ ਗਿਆ ਕਿ ਮੇਰਾ ਗੱਭਰੂ ਹਾਲੀਂ ਨਿਆਣਾ ਬੱਚਾ ਹੈ। ਬਾਰ੍ਹਾਂ ਜਾਂ ਤੇਰ੍ਹਾਂ ਸਾਲ ਦੀ ਉਦੋਂ ਉਮਰ ਸੀ ਮੇਰੀ। ਮੈਂ ਚੁੱਪ-ਚਾਪ ਆਪਣੀ ਮੰਜੀ 'ਤੇ ਆ ਸੁੱਤਾ ਤੇ ਪੈਂਦਿਆਂ ਨੀਂਦ ਨੇ ਆ ਘੇਰਿਆ।

ਦੂਸਰੇ ਦਿਨ ਦੋਸਤਾਂ ਨੇ ਹਾਲਚਾਲ ਪੁੱਛਣ ਦੀ ਬੜੀ ਕੋਸ਼ਿਸ਼ ਕੀਤੀ ਪਰ ਮੈਂ ਕਿਸੇ ਨੂੰ ਕੁਝ ਨਾ ਦੱਸਿਆ। ਦੱਸਦਾ ਵੀ ਕੀ, ਨਮੋਸ਼ੀ ਵਾਲੀ ਗੱਲੀ ਸੀ। ਝੂਠ ਮੈਂ ਵੈਸੇ ਨਹੀਂ ਸਾਂ ਬੋਲਦਾ, ਸੋ ਟਾਲ-ਮਟੋਲ ਕਰ ਕੇ ਸਮਾਂ ਲੰਘਾ ਲਿਆ ਪਰ ਪਤਾ ਨਹੀਂ ਮੇਰੇ ਘਰ ਵਾਲਿਆਂ ਨੂੰ ਕਿਵੇਂ ਪਤਾ ਲੱਗ ਗਿਆ, ਜਾਂ ਉਨ੍ਹਾਂ ਅੰਦਾਜ਼ਾ ਲਗਾ ਲਿਆ, ਤੇ ਜਾਂ ਵਹੁਟੀ ਵਲੋਂ ਕੋਈ ਇਸ਼ਾਰਾ ਹੋਇਆ ਹੋਣਾ; ਵਹੁਟੀ ਤਾਂ ਤਿੰਨ-ਚਾਰ ਦਿਨ ਰਹਿ ਕੇ ਪੇਕੇ ਤੁਰ ਗਈ ਪਰ ਮੇਰੀ ਸਪੈਸ਼ਲ ਸੇਵਾ ਹੋਣ ਲੱਗ ਪਈ। ਮਾਂ ਨੇ ਤਰ੍ਹਾਂ-ਤਰ੍ਹਾਂ ਦੀ ਖੁਰਾਕ ਖਵਾਉਣੀ ਸ਼ੁਰੂ ਕਰ ਦਿੱਤੀ। ਮੈਨੂੰ ਛੇਤੀ ਜਵਾਨ ਕਰਨ ਦੇ ਬਹੁਤ ਉਪਰਾਲੇ ਕੀਤੇ ਗਏ। ਕਿਸੇ ਨੇ ਕਿਹਾ, ਇਹਨੂੰ ਖਾਂਘੜ ਮਹਿੰ ਦਾ ਦੁੱਧ ਪਿਆਇਆ ਕਰੋ, ਉਸ ਦਾ ਬੰਦੋਬਸਤ ਕੀਤਾ ਗਿਆ। ਕਿਸੇ ਨੇ ਕਿਹਾ, ਭਈ ਤੇੜ ਬਣਾ ਕੇ ਪਿਆਇਆ ਕਰੋ (ਰਾਤ ਨੂੰ ਦੁਧ ਜਮਾ ਕੇ, ਸਵੇਰੇ ਉਸ ਦਾ ਅਧ-ਰਿੜਕਾ ਬਣਾ ਕੇ ਤੇ ਮੱਝ ਦੇ ਦੁੱਧ ਦੀਆਂ ਉਸ ਵਿਚ ਸਿਧੀਆਂ ਧਾਰਾਂ ਮਾਰ ਕੇ ਪੀਣ ਨੂੰ ਤੇੜ ਕਹਿੰਦੇ ਹਨ)। ਅਧ-ਰਿੜਕਾ ਮੈਨੂੰ ਜ਼ਬਰਦਸਤੀ ਪਿਆਇਆ ਜਾਣ ਲੱਗਾ। ਫਿਰ ਕਿਸੇ ਨੇ ਕਿਹਾ, ਇਹਨੂੰ ਛੋਲਿਆਂ ਦੀ ਦਾਲ ਰਾਤ ਨੂੰ ਦੁੱਧ ਵਿਚ ਭਿਉਂ ਕੇ ਸਵੇਰੇ ਖਵਾਇਆ ਕਰੋ ਤਾਂ ਇਹ ਵੀ ਸ਼ੁਰੂ ਹੋ ਗਿਆ। ਉਤੋਂ ਸਾਡੇ ਇਕ ਰਿਸ਼ਤੇ 'ਚੋਂ ਲਗਦੇ ਫੁੱਫੜ ਨੇ ਕਿਹਾ, ਭਈ ਮੈਂ ਆਪਣੇ ਮੁੰਡੇ

***(ਬਾਕੀ ਅਗਲੇ ਸਫੇ 'ਤੇ)***

# ਉਤਰ ਪਾਸੇ ਢਾਬ ਸੁਣੀਂਦੀ...

ਪੰਜਾਬ ਦੀ ਕੁਦਰਤੀ ਢਲਾਣ ਉੱਤਰ ਪੂਰਬ ਤੋਂ ਦੱਖਣ ਪੱਛਮ ਵੱਲ ਹੈ। ਸਾਡੇ ਉੱਤਰ ਪੂਰਬ ਵਿਚ ਨੇੜਲੇ ਪਿੰਡ ਸਰਵਰਪੁਰ ਤੇ ਬਘੌਰ ਵੱਲੋਂ ਸਤਲੁਜ ਦੀ ਇਕ ਬਰਸਾਤੀ ਧਾਰਾ ਇਧਰ ਨੂੰ ਵਗਦੀ। ਟਿੱਬਿਆਂ ਵੱਲੋਂ ਆਉਂਦਾ ਪਾਣੀ ਜਿਸ ਨੂੰ ਰੌਅ ਆਖਦੇ, ਪਿੰਡ ਵਿਚ ਆ ਵੜਦਾ, ਅੱਗੇ ਨਿਕਲ ਜਾਂਦਾ। ਸ਼ਾਇਦ ਇਸ ਕਾਰਨ ਹੀ ਪਿੰਡ ਦੇ ਵਡੇਰਿਆਂ ਨੇ ਉੱਤਰ ਵੱਲ ਪਿੰਡ ਦੇ ਨਾਲੋ ਨਾਲ 40 ਏਕੜ ਵਿਸ਼ਾਲ ਟੋਭਾ ਛੱਡਿਆ ਹੋਵੇ। ਸੱਤਰਵਿਆਂ ਤੱਕ ਪਿੰਡ ਦੇ ਲੋਕ ਹਰ ਗਰਮੀ ਵਿਚ ਜਦੋਂ ਟੋਭਾ ਲਗਭਗ ਸੁੱਕਾ ਹੁੰਦਾ, ਪੇਤਲੇ ਪਾਣੀ ਵਿਚੋਂ ਗਾਰਾ ਕੱਢਦੇ। ਉੱਥੇ ਹੀ ਘਾਣੀ ਮਿੱਧਦੇ। ਬਾਰੀਕ ਤੂੜੀ ਮਿਲਾ ਕੇ ਖ਼ੂਬ ਮਿਧਾਈ ਕਰਦੇ। ਸਿਰਾਂ ਉੱਤੇ ਘਰ ਢੋਂਹਦੇ। ਆਪਣੇ ਕੱਚੇ ਬਨੇਰੇ ਤੇ ਮਕਾਨ ਲਿੱਪਦੇ। ਇਹ ਹਰ ਸਾਲ ਦੀ ਲੋੜ ਅਤੇ ਔਖਾ ਕਾਰਜ ਸੀ ਜੋ ਹਰ ਨੂੰਹ ਧੀ ਨੂੰ ਕਰਨਾ



**ਅਵਤਾਰ ਸਿੰਘ ਬਿਲਿੰਗ**
ਵ੍ਹੱਟਸਐਪ: +91-82849-09596

ਪੈਂਦਾ। ਏਨਾ ਬੰਦੋਬਸਤ ਕਰਨ ਦੇ ਬਾਵਜੂਦ ਮੀਂਹ ਪੈਂਦੇ ਵਿਚ ਕੋਠੇ ਉੱਤੇ ਚੜ੍ਹ ਕੇ ਗ਼ਲੀਆਂ ਮੁੰਦਣੀਆਂ ਪੈਂਦੀਆਂ। ਲੋਕ ਗੀਤ ਬਣਿਆ ਸੀ:

ਜਿੱਥੇ ਲਿੱਪਣੇ ਨਾ ਪੈਣ ਬਨੇਰੇ
ਪੱਕਾ ਘਰ ਟੋ਼ਲੀਂ ਬਾਬਲਾ

ਟੋਭੇ ਦਾ ਫਾਇਦਾ ਸੀ। ਇੱਥੇ ਤਰੇੜਾਂ ਫਟਦੀਆਂ ਤਾਂ ਲੋਕ ਡ਼ਲੇ ਜਾਂ ਢੀਮਾਂ ਪੁੱਟ ਕੇ ਰੇਤਲੇ ਖੇਤਾਂ ਵਿਚ ਪਾਉਂਦੇ, ਜ਼ਮੀਨ ਦੀ ਤਾਸੀਰ ਬਦਲਦੇ, ਮਾਰੂ ਤੋਂ ਉਪਜਾਊ ਬਣਾ ਦਿੰਦੇ। ਪੁਰਾਣੇ ਸਮੇਂ ਵਿਚ ਉਨ੍ਹਾਂ ਡਲ਼ਿਆਂ ਨੂੰ ਘੜ ਕੇ ਪੱਧਰ ਕਰਦੇ ਅਤੇ ਗਾਰੇ ਵਿਚ ਚਿਣਦੇ, ਮਕਾਨ ਦੀਆਂ ਦੀਵਾਰਾਂ ਉਸਾਰ ਲੈਂਦੇ। ਸੋ ਪਿੰਡ ਦੇ ਸਾਰੇ ਮਕਾਨ ਇਸ ਵਿਸ਼ਾਲ ਟੋਭੇ ਵਿਚੋਂ ਬਣੇ ਸਨ। ਉਨ੍ਹਾਂ ਦਾ ਗਾਰਾ ਮੀਂਹ ਨਾਲ ਉਤਰ ਕੇ ਮੁੜ ਟੋਭੇ ਵਿਚ ਆ ਜਾਂਦਾ। ਇਸ ਲਈ ਹਰ ਸਾਲ ਟੋਭਾ ਪੁੱਟਣਾ ਜ਼ਰੂਰੀ ਹੁੰਦਾ। ਮੇਲਿਆਂ ਉੱਤੇ 'ਮਿੱਟੀ ਕੱਢਣ' ਦਾ ਅਸਲ ਕਾਰਨ ਵੀ ਇਹ ਸੀ। ਪਾਣੀ ਦੇ ਸਰੋਤ ਨੂੰ ਡੂੰਘਾ ਕਰਨਾ ਅਤੇ ਮਿੱਟੀ ਪੁੱਟ ਕੇ ਉਸ ਦੇ ਕਿਨਾਰੇ ਖੜ੍ਹੇ ਦਰਖਤਾਂ ਦੁਆਲੇ ਲਗਾਉਣੀ।

ਪਾਣੀ ਦੀ ਅਣਹੋਂਦ ਮੌਕੇ ਏਹੀ ਨਹਾਉਣ ਧੋਣ, ਡੰਗਰ ਪਸ਼ੂ ਨੂੰ ਪਾਣੀ ਪਿਲਾਉਣ ਦਾ ਸਾਧਨ ਹੁੰਦਾ। ਲੋਕ ਟੋਭਿਆਂ ਦਾ ਪਾਣੀ ਪੀਂਦੇ। ਜਲ ਨੂੰ ਗੰਦਾ ਕਰਨਾ ਪਾਪ ਸਮਝਦੇ। ਜਿੱਥੇ ਕਿਸੇ ਛੋਟੀ ਛੱਪੜੀ ਵਿਚ ਗੰਦ ਪੈਣ ਨਾਲ ਕੂਰੇ ਜਾਂ ਪਾਣੀ ਦੇ ਸਫੈਦ ਸੁੰਡ ਪੈਦਾ ਹੋ ਜਾਂਦੇ, ਪਿੰਡ ਤੋਂ ਦੂਰ ਰੋਹੀ ਬੀਆਬਾਨ ਵਿਚ ਡੰਗਰ ਚਰਾਉਂਦੇ ਪਾ਼ਲੀ, ਉਸ ਛੱਪੜੀ ਵਿਚ ਦੁਪੱਟਾ ਵਿਛਾਉਂਦੇ, ਮੂਧੇ ਹੋ ਕੇ ਉਸ ਕੱਪੜੇ ਉੱਤੇ ਮੂੰਹ ਰੱਖ ਕੇ ਪਾਣੀ ਨੂੰ ਪਵਿੱਤਰ ਸਮਝਦੇ, ਪਿਆਸ ਬੁਝਾਉਂਦੇ।

ਇਸ ਵੱਡੇ ਟੋਭੇ ਦੇ ਅੰਦਰ ਮਿੱਟੀ ਨਾਲ ਘੇਰਾਬੰਦੀ ਕਰ ਕੇ ਵਡਾਰੂਆਂ ਨੇ ਇਕ ਤਲਾਬ ਵੱਖਰਾ ਬਣਾਇਆ ਸੀ। ਉਸ ਦੇ ਦੁਆਲੇ ਬਰੋਟੇ ਪਿੱਪਲ ਅੰਬ ਜਾਮਣਾਂ ਨੇ ਹਨੇਰਾ ਕੀਤਾ ਹੋਇਆ ਸੀ। ਬਾਵੇ ਕੇਹਰੂ ਦੀਆਂ ਲਾਈਆਂ ਜਾਮਣਾਂ ਸਨ। ਇਨ੍ਹਾਂ ਵਿਚੋਂ ਇਕ ਦੋ ਝੁਕ ਕੇ ਪਾਣੀ ਨਾਲ ਲੱਗਦੀਆਂ ਜਿੱਥੋਂ ਬਰਸਾਤ ਵਿਚ ਮੱਝਾਂ ਨਹਾਉਂਦੇ ਜਵਾਕ ਜਾਮਣਾਂ ਖਾਂਦੇ, ਡੰਡ ਪਲਾਂਘੜਾ ਖੇਡਦੇ। ਕੂਕਿਆਂ ਦੇ ਅੰਬ ਵੀ ਬੜੇ ਭਾਰੀ ਸਨ।



ਜਾਮਣਾਂ ਤੇ ਅੰਬਾਂ ਦੇ ਵਿਚਕਾਰ ਚੜ੍ਹਦੀ ਤਰਫ ਦੇਖਦੀਆਂ ਪੱਕੀਆਂ ਪੌੜੀਆਂ ਬਾਬਾ ਮਾਘੀ ਨੇ ਪੁੰਨ ਅਰਥ ਬਣਵਾਈਆਂ ਸਨ। ਪੌੜੀਆਂ ਦੇ ਸਿਖਰ ਦੋਹਾਂ ਨੁੱਕਰਾਂ ਵਿਚ ਸ਼ਿਵ ਲਿੰਗ ਸਥਾਪਤ ਕੀਤੇ ਹੋਏ ਸਨ। ਗੋਲ ਚੁੱਘੀਆਂ ਵਿਚ ਉੱਪਰ ਵੱਲ ਸਿੱਧੇ ਖੜ੍ਹੇ ਠਾਕਰ! ਇਹ ਮਹਾਜਨਾਂ ਦਾ ਪੂਜਾ ਸਥਾਨ ਸੀ। ਇੱਥੇ ਪੌੜੀਆਂ ਉੱਤੇ ਲੋਕ ਕੱਪੜੇ ਧੋਂਦੇ ਤੇ ਨਹਾਉਂਦੇ। ਪੁਰਾਣੇ ਜ਼ਮਾਨੇ ਵਿਚ ਕਿਸੇ ਘਰ ਜਦੋਂ ਕੋਈ ਮੌਤ ਹੋ ਜਾਂਦੀ ਤਾਂ ਦਸਵੇਂ ਦਿਨ ਉਸ ਦੀ ਬਰਾਦਰੀ ਦੀਆਂ ਔਰਤਾਂ ਇੱਥੇ ਨਹਾਉਂਦੀਆਂ, 'ਦਸਾਹੀ' ਦੀ ਰਸਮ ਨਿਭਾਉਂਦੀਆਂ। ਬੰਦੇ ਗੁਰੂਘਰ ਦੀਆਂ ਟੂਟੀਆਂ ਉੱਪਰ ਨਹਾਉਂਦੇ।

ਇਹ ਟੋਭਾ ਜਦੋਂ ਬਰਸਾਤ ਵਿਚ ਚੜ੍ਹ ਜਾਂਦਾ ਤਾਂ ਭਿਆਨਕ ਰੂਪ ਧਾਰ ਲੈਂਦਾ। ਪਿੰਡ ਦੇ ਉੱਤਰ ਵੱਲ ਜਿਵੇਂ ਕੋਈ ਬਹੁਤ ਚੌੜੇ ਪਾਟ ਵਾਲਾ ਦਰਿਆ ਵਗ ਰਿਹਾ ਹੋਵੇ। ਮੱਝਾਂ ਮਗਰ ਆਏ ਜਵਾਕ ਇੱਥੇ ਡੁੱਬ ਜਾਂਦੇ। ਟੋਭੇ ਦੇ ਰੂਪ ਵਿਚ ਖੁਆਜਾ ਦੇਵਤਾ ਹਰ ਸਾਲ ਇਕ ਬਲੀ ਲੈਂਦਾ। ਡੁੱਬਣ ਵਾਲੇ ਹਾਦਸੇ ਏਨੇ ਵਾਪਰਦੇ ਕਿ ਲੋਕਾਂ ਵਿਚ ਆਮ ਵਿਸ਼ਵਾਸ ਬਣ ਗਿਆ ਸੀ।

ਉਦੋਂ ਤੱਕ ਇਸ ਦਾ ਪਾਣੀ ਏਨਾ ਨਿਰਮਲ ਹੁੰਦਾ ਕਿ ਕੰਢੇ ਖੜ੍ਹੇ ਬੰਦੇ ਦਾ ਸ਼ੀਸ਼ੇ ਵਾਂਗ ਮੂੰਹ ਦਿਸਦਾ। ਪਿੰਡ ਵਿਚ ਮੱਛੀ ਮੋਟਰਾਂ ਲੱਗਣ ਨਾਲ ਪਾਣੀ ਦੀ ਆਮਦ ਏਨੀ ਵਧ ਗਈ ਹੈ ਕਿ ਹੁਣ ਇਹ ਦਰਸ਼ਨੀ ਟੋਭਾ ਕਦੇ ਨਹੀਂ ਸੁੱਕਦਾ। ਗੰਧਲਿਆ ਪਾਣੀ ਬਦਬੂ ਮਾਰਦਾ ਹੈ। ਪਿੰਡ ਦੇ ਸ਼ਾਇਰ ਰਾਜਿੰਦਰ ਸਿੰਘ 'ਸੇਹ' ਦੀ ਟਿੱਪਣੀ ਗੌਲਣਯੋਗ ਹੈ:

ਜਲ ਨਿਰਮੈਲ ਹੁੰਦਾ ਸੀ ਜੋ ਢਾਬ ਦਾ
ਹੁਣ ਰੂਪ ਧਾਰਿਆ ਜ਼ਹਿਰੀਲੇ ਆਬ ਦਾ।

ਇਸ ਢਾਬ ਕੰਢੇ ਤਿੰਨ ਵਿਰਕਤ ਬਾਬੇ ਵਿਚਰਦੇ ਰਹੇ ਹਨ। ਬਾਵਾ ਕੇਹਰੂ, ਬਾਬਾ ਬੱਗੂ ਤੇ ਬੋਅਲੀ ਗੁੱਜਰ। ਬਾਵਾ ਕੇਹਰੂ ਭਗਵੇਂ ਬਸਤਰ ਪਹਿਨਦਾ। ਨੇੜੇ ਹੀ ਲਗਾਈ ਆਪਣੀ ਫੁਲਵਾੜੀ ਵਿਚ ਬੈਠ ਕੇ ਭਗਵਤ ਪੁਰਾਣ, ਮਹਾਂਭਾਰਤ ਪੜ੍ਹਦਾ। ਗਰਮੀਆਂ ਵਿਚ ਔੜ ਲੱਗਦੀ ਤਾਂ ਉਹ ਢੀਂਗਲੀ ਨਾਲ ਟੋਭੇ ਵਿਚੋਂ ਡੱਲ ਮਾਰ ਕੇ ਬਾੜੀ ਸਿੰਜਦਾ। ਉਸ ਬਾੜੀ ਵਿਚੋਂ ਚਮੇਲੀ ਦੀ ਵਾਸ਼ਨਾ ਆਉਂਦੀ। ਬਰਸਾਤ ਵਿਚ ਜਦੋਂ ਅੰਬ ਪੱਕਦੇ ਰਸਦੇ ਤਾਂ ਅੰਬਾਂ ਦੀ ਖੁਸ਼ਬੋ ਮਨਾਂ ਨੂੰ ਮੋਹ ਲੈਂਦੀ। ਇਸ ਤੋਂ ਪਹਿਲਾਂ ਹਾੜ੍ਹ ਦੇ ਮਹੀਨੇ ਬਦਾਮੀ ਰੰਗ ਦੇ ਮੋਟੇ ਕਾਬਲੀ ਨਸੂਹੜੇ ਵੀ ਮਹਿਕਾਂ ਛੱਡਦੇ, ਬਹੁਤ ਮਿੱਠੇ ਹੁੰਦੇ ਜਿਨ੍ਹਾਂ ਨੂੰ ਤੋੜਨ ਦੀ ਸਭ ਨੂੰ ਖੁੱਲ੍ਹ ਹੁੰਦੀ। ਪਰ ਵਾੜ ਕੀਤੀ ਵਾੜੀ ਵਿਚੋਂ ਫ਼ਲ ਤੋੜਨਾ ਜਾਂ ਅੰਦਰ ਵੜਨਾ ਉਵੇਂ ਹੀ ਮਨ੍ਹਾਂ ਸੀ ਜਿਵੇਂ ਅੰਗਰੇਜ਼ੀ ਦੀ ਮਸ਼ਹੂਰ ਕਹਾਣੀ 'ਸੈਲਫਿਸ਼ ਜੈਂਟ' ਵਿਚ ਦਾਖ਼ਲ ਹੋਣ ਉੱਤੇ ਦੈਂਤ ਵੱਲੋਂ ਪੱਕੀ ਪਾਬੰਦੀ ਸੀ।

ਦੂਜਾ ਸੀ ਬਾਬਾ ਬੱਗੂ। ਇਹ ਉਹ ਧਰਮਾਤਮਾ ਕਿਸਮ ਦਾ ਵਿਅਕਤੀ ਸੀ ਜਿਹੜਾ ਜੱਟਾਂ ਜ਼ਿਮੀਂਦਾਰਾਂ ਨੂੰ ਬਲਦਾਂ ਉੱਤੇ ਤਰਸ ਕਰਨ ਦੀ ਨਸੀਹਤ ਦਿੰਦਾ। ਘੱਟ ਭਾਰ ਲੱਦਣ, ਪੰਡਾਂ ਆਪ ਢੋਹਣ ਲਈ ਆਖਦਾ, ਹਰ ਮਹੀਨੇ ਇਕ ਦਿਨ ਦੀ ਬਲਦਾਂ ਨੂੰ ਛੁੱਟੀ ਕਰਵਾਉਂਦਾ ਜਿਸ ਨੂੰ ਇਕਾਦਸ਼ੀ ਛੱਡਣਾ ਆਖਦੇ। ਉਹ ਚੰਦਰਮਾ ਦੀ ਗਿਆਰਵੀਂ ਚਾਨਣੀ ਤਿੱਥ ਹੁੰਦੀ। ਜਿਹੜਾ ਇਕਾਦਸ਼ੀ ਨਾ ਛੱਡਦਾ, ਬਾਬਾ ਕਈ ਵਾਰ ਉਸ ਦੇ ਗੱਡੇ ਦੀ ਪਿੰਜਣੀ ਕੱਢ ਕੇ ਕਿਧਰੇ ਲੁਕਾਅ ਦਿੰਦਾ। ਗੱਡੇ ਦਾ ਜੂ਼ਲਾ ਖੋਲ੍ਹ ਕੇ ਲੈ ਜਾਂਦਾ। ਰਾਤ ਨੂੰ ਪਿੰਡ ਦੀ ਜਲਸਾ ਮੰਡਲੀ ਨਾਲ ਸ਼ੌਕੀਆ ਬੋਲੀਆਂ ਪਾਉਂਦਾ, ਠੂੰਮਰੇ ਵਜਾਉਂਦਾ। ਉਸ ਨੂੰ ਯਾਦ ਕਰਦਾ ਕੋਈ ਵਡੇਰਾ ਹੁਣ ਵੀ ਕਦੇ ਕਦਾਈਂ ਇਹ ਬੋਲੀ ਪਾ ਦਿੰਦਾ:

ਬਾਬਾ ਬੱਗੂ ਪੱਛੜ ਗਿਆ
ਜਲਸਾ ਹੋਵੇ ਠੂੰਮਰਿਆਂ ਤੋਂ ਬਾਹਰਾ।

ਤੀਜਾ ਸੀ ਮੁਸਲਮਾਨ ਗੁੱਜਰ ਬਾਬਾ ਬੋਅਲੀ। ਉਹ ਆਪੇ ਰੰਗੀ ਉਨਾਭੀ ਪੱਗ ਬੰਨ੍ਹਦਾ। ਪਿੰਡ ਦਾ ਵੱਗ ਚਰਾਉਂਦਾ। ਗਊਆਂ, ਮੱਝਾਂ ਦਾ ਪਾ਼ਲੀ ਜੋ ਚੌਣਾ ਚਾਰਦਾ। ਸਾਰੇ ਪਿੰਡ ਦੀਆਂ ਲਵੇਰੀਆਂ, ਝਾੜਾਂ ਵਾਲੇ ਬਰੋਟੇ ਹੇਠ ਇਕੱਠੀਆਂ ਹੁੰਦੀਆਂ। ਉਸ ਦੇ ਨੇੜੇ ਹੀ ਬਾਵੇ ਦੀ ਬਾੜੀ ਸੀ ਅਤੇ ਬਾਬਾ ਬੋਅਲੀ, ਬਾਵਾ ਕੇਹਰੂ ਅਤੇ ਬਾਬਾ ਬੱਗੂ ਦੀ ਤ੍ਰਿਕੜੀ ਵੱਲੋਂ ਆਪੇ ਲਾਹੀ ਖੂਹੀ ਵੀ। ਉਸ ਦੇ ਆਸੇ ਪਾਸੇ ਦੋ ਚੂਨੇ-ਗੱਚ ਕੁੰਡਾਂ। ਇਕੱਲੀ ਇਕੱਲੀ ਲਵੇਰੀ ਦੀ ਪਛਾਣ ਰੱਖਦਾ ਪਿੰਡ ਦਾ ਪਾ਼ਲੀ ਬੋਅਲੀ ਕੂਲੇ ਦੁਪਹਿਰੇ ਵੱਗ ਛੇੜਦਾ। ਜਿਹੜਾ ਆਪਣੇ ਆਪ ਬਾਗ਼ ਵੱਲ ਸਿੱਧਾ ਹੋ ਜਾਂਦਾ। ਸ਼ਾਮ ਦੇ ਚਾਰ ਵਜੇ ਤੋਂ ਬਾਅਦ ਝਿੜੀ ਵਿਚੋਂ ਘਾਹ ਚਰ ਕੇ ਮੁੜੀਆਂ ਸਾਰੀਆਂ ਮੱਝਾਂ ਗਊਆਂ ਵੱਛੀਆਂ ਕੱਟੀਆਂ ਵਾਪਸ ਆਪੋ ਆਪਣੀ ਖੁਰਲੀ ਉੱਤੇ ਪਹੁੰਚ ਜਾਂਦੀਆਂ। ਬਾਬਾ ਬੋਅਲੀ ਨੂੰ ਹਰੇਕ ਪਸ਼ੂ ਚਾਰਨ ਬਦਲੇ ਮਿੱਥੇ ਹੋਏ ਦਾਣੇ ਹਰ ਛਿਮਾਹੀ ਮਾਲਕ ਨੇ ਦੇਣੇ ਹੁੰਦੇ। ਛਿਮਾਹੀ ਨਾ ਦੇਣ ਦੇ ਇੱਛੁਕ ਘਰਾਂ ਦੇ ਕਿੰਨੇ ਹੋਰ ਮੁੰਡੇ ਕੁੜੀਆਂ ਆਪਣੇ ਪਸ਼ੂਆਂ ਨਾਲ ਆਪ ਜਾਂਦੇ। ਸੰਭਾਲ ਕਰਦੇ। ਬਾਬਾ ਬੋਅਲੀ ਨੇ ਪਾਕਿਸਤਾਨ ਬਣਨ ਵੇਲੇ ਵੀ ਲਹਿੰਦੇ ਪੰਜਾਬ ਜਾਣ ਤੋਂ ਇਨਕਾਰ ਕਰ ਦਿੱਤਾ। ਨਾ ਹੀ ਉਸ ਨੇ ਡਰਦਿਆਂ ਆਪਣਾ ਦੀਨ ਧਰਮ ਬਦਲਿਆ। ਉਹ ਗਊਆਂ ਤੇ ਲਵੇਰੀਆਂ ਚਰਾਉਣ ਵਾਲਾ ਨਗਰ ਦਾ ਸੇਵਾਦਾਰ ਸੀ। ਉਸ ਨੂੰ ਕਿਸੇ ਨੇ ਡਰਾਇਆ ਧਮਕਾਇਆ ਵੀ ਨਹੀਂ। ਇਹ ਬਾਬਾ ਬਾਅਦ ਵਿਚ ਸ਼ਾਦੀ ਰਾਜਪੂਤ ਦੇ ਘਰ ਰਹਿੰਦਾ ਜਾਂ ਮਹੋਣ ਪਿੰਡ ਵਿਚ ਜਾ ਟਿਕਦਾ। ਜਦੋਂ 1975 ਵਿਚ ਉਹ ਇਕ ਸ਼ੁੱਕਰਵਾਰ ਨੂੰ ਅੱਲਾ ਨੂੰ ਪਿਆਰਾ ਹੋ ਗਿਆ ਤਾਂ ਉਸ ਦਾ ਜਨਾਜ਼ਾ ਵੀ ਸ਼ਾਦੀ ਰਾਜਪੂਤ, ਜਗੀਰਾ ਪਰਜਾਪਤ ਅਤੇ ਪਿੰਡ ਵਾਸੀਆਂ ਨੇ ਆਪ ਕਬਰ ਪੁੱਟ ਕੇ ਉਸ ਨੂੰ ਦਫਨਾਇਆ। ਖੰਨਾ ਤੋਂ ਕਾਜ਼ੀ ਬੁਲਾਇਆ ਗਿਆ।

"ਐ ਬੰਦੇ! ਐ ਮੇਰੇ ਪਿਆਰੇ! ਇਕ ਰੋਜ਼ ਮੈਂ ਤੈਨੂੰ ਇਸ ਮਿੱਟੀ ਵਿਚੋਂ ਪੈਦਾ ਕੀਤਾ ਸੀ। ਅੱਜ ਉਸੇ ਮਿੱਟੀ ਵਿਚ ਵਾਪਸ ਬੁਲਾਇਆ ਹੈ।" ਸਿਗਰਟ ਪੀ ਕੇ ਆਪਣੇ ਹੱਥ ਸੁੱਚੇ ਕਰ ਕੇ ਇਹ ਨਮਾਜ਼ ਏ ਜਨਾਜ਼ਾ ਪੜ੍ਹ ਹਟੇ ਕਾਜ਼ੀ ਨੇ ਮੈਨੂੰ ਕੋਲ ਬੈਠੇ ਨੂੰ ਦੱਸਿਆ ਕਿ ਜੁੰਮੇ ਵਾਲੇ ਦਿਨ ਮਰਨਾ ਇਸਲਾਮ ਵਿਚ ਸ਼ੁਭ ਸ਼ਗਨ ਸਮਝਿਆ ਜਾਂਦਾ ਹੈ। ਜਦੋਂ ਬਾਬੇ ਦੀ ਕਬਰ ਚੰਗੀ ਤਰ੍ਹਾਂ ਢਕ ਦਿੱਤੀ ਗਈ ਤਾਂ ਇਕਦਮ ਮੀਂਹ ਉਤਰ ਪਿਆ। ਪਿੱਪਲ ਦੀਆਂ ਜੜ੍ਹਾਂ ਵਿਚ ਖੜ੍ਹੇ ਸਾਂ ਜਦੋਂ ਲੰਬੇ ਲਟਕਵੇਂ ਲੜ ਵਾਲੀ ਲਾਜਵਰੀ ਪੱਗ ਬੰਨ੍ਹੀਂ ਖੜ੍ਹਾ ਕਾਜ਼ੀ ਫੇਰ ਬੋਲਿਆ: "ਜੁੰਮੇ ਰੋਜ਼ ਮਰਨਾ ਤੇ ਸੱਜਰੀ ਕਬਰ ਉੱਤੇ ਮੀਂਹ ਪੈਣਾ ਇਸ ਦੇ ਦਰਵੇਸ਼ ਹੋਣ ਦੀ ਸ਼ਾਹਦੀ ਭਰਦਾ ਹੈ।"

ਨੇੜੇ ਹੀ ਬਾਬੇ ਬੱਗੂ ਦੀ ਲਗਾਈ ਜਾਮਣ ਖੜ੍ਹੀ ਸੀ। ਇਹ ਤਿੰਨ ਬਾਬੇ ਬੇਗਰਜ਼ ਬੰਦੇ ਸਨ। ਦੁਨੀਆਦਾਰੀ ਤੋਂ ਬੇਪਰਵਾਹ! ਫੱਕਰ ਲੋਕ!

# ਮੇਰਾ ਮੁਕਲਾਵਾ

***(ਪਿਛਲੇ ਸਫੇ ਦੀ ਬਾਕੀ)***

ਨੂੰ ਛੇਤੀ ਜਵਾਨ ਕੀਤਾ ਹੈ। ਰਾਤ ਨੂੰ ਬਦਾਮਾਂ ਦੀਆਂ ਗਿਰੀਆਂ ਪਾਣੀ ਵਿਚ ਭਿਉਂ ਕੇ ਸਵੇਰੇ ਛਿੱਲੜ ਲਾਹ ਕੇ ਸੁਟ ਦਿਓ ਤੇ ਗਿਰੀਆਂ ਨੂੰ ਥੋੜ੍ਹਾ ਜਿਹਾ ਕੁੱਟ ਕੇ ਵਿਚ ਮਖਣੀ ਤੇ ਖੰਡ ਮਿਲਾ ਕੇ ਖਵਾਇਆ ਕਰੋ। ਰੋਜ਼ ਦੀ ਸੌ ਗਿਰੀ ਖਵਾਓ, ਵੇਖੋ ਫਿਰ ਮੁੰਡਾ ਕਿਵੇਂ ਜਵਾਨ ਹੁੰਦਾ ਹੈ। ਆਖਰੀ ਖੁਰਾਕ ਸ਼ੁਰੂ ਹੋਈ ਤਾਂ ਮੈਨੂੰ ਬੜੀ ਸਵਾਦ ਲੱਗੀ। ਇਸ ਦਾ ਇਸਤੇਮਾਲ ਮੈਂ ਦੂਜੀਆਂ ਸਾਰੀਆਂ ਖੁਰਾਕਾਂ ਨਾਲੋਂ ਜ਼ਿਆਦਾ ਕੀਤਾ। ਇਨ੍ਹਾਂ ਦਿਨਾਂ ਵਿਚ ਮੇਰੀ ਸਿਹਤ ਨੇ ਦਿਨ ਦੂਣੀ ਤੇ ਰਾਤ ਚੌਗਣੀ ਤਰੱਕੀ ਕੀਤੀ। ਮੈਂ ਸਮਝਦਾ ਹਾਂ, ਇਸ ਖੁਰਾਕ ਕਰਕੇ ਮੈਨੂੰ ਅੱਗੇ ਚੱਲ ਕੇ ਪਹਿਲਵਾਨ ਬਣਨ ਵਿਚ ਬੜੀ ਸਹਾਇਤਾ ਮਿਲੀ।

ਪਰ ਘਰ ਵਾਲਿਆਂ ਦਾ ਦਿਲ ਤਾਂ ਹੀ ਖੁਸ਼ ਹੁੰਦਾ ਸੀ, ਜੇ ਉਨ੍ਹਾਂ ਦੀ ਨੂੰਹ ਖੁਸ਼ ਹੋਵੇ। ਪਹਿਲੇ ਮੁਕਲਾਵੇ ਨੂੰ ਦੋ ਸਾਲ ਨਿਕਲ ਗਏ ਤਾਂ ਮੈਨੂੰ ਮੁੜ ਸਹੁਰੀਂ ਵਹੁਟੀ ਨੂੰ ਲਿਆਉਣ ਲਈ ਭੇਜਿਆ ਗਿਆ। ਮੈਂ ਕੋਈ ਚੌਦਾਂ ਪੰਦਰਾਂ ਸਾਲਾਂ ਦਾ ਸਾਂ ਪਰ ਲਗਦਾ ਵੱਡਾ ਸਾਂ। ਤਾਕਤ ਵਿਚ ਤਕੜੇ ਆਦਮੀ ਨਾਲੋਂ ਵੀ ਤਕੜਾ ਹੋ ਗਿਆ ਸੀ। ਇਸ ਵਾਰ ਸਹੁਰਿਆਂ ਦੇ ਪਿੰਡ ਦੀਆਂ ਜ਼ਨਾਨੀਆਂ ਖੁਸ਼ ਸਨ ਕਿ ਮੁੰਡਾ ਗੱਭਰੂ ਹੋ ਗਿਆ ਹੈ। ਵਹੁਟੀ ਨੂੰ ਪਿੰਡ ਤਾਂ ਲੈ ਆਂਦਾ ਪਰ ਮੇਰਾ ਧਿਆਨ ਘੁਲਣ ਵਾਲੇ ਪਾਸੇ ਜ਼ਿਆਦਾ ਤੇ ਵਹੁਟੀ ਵਲ ਘੱਟ। ਬਾਪੂ ਨੇ ਇਕ ਦਿਨ ਕਿਹਾ, "ਪੁੱਤ ਤੂੰ ਖੁਰਾਕ ਵਗੈਰਾ ਖਾਹ, ਤਕੜਾ ਹੋ ਜਾ ਪਰ ਅਸੀਂ ਤੇਰੀ ਪਹਿਲਵਾਨ ਬਣਨ ਦੀ ਖਾਹਿਸ਼ ਪੂਰੀ ਨਹੀਂ ਕਰ ਸਕਦੇ।" ਮੈਂ ਕਿਹਾ, "ਕਿਉਂ?" ਤਾਂ ਕਹਿਣ ਲਗੇ, "ਪਹਿਲਵਾਨੀ ਤਾਂ ਬਹੁਤ ਮੁੰਡੇ ਕਰਦੇ ਨੇ ਪਰ ਬਣਦਾ ਕੋਈ-ਕੋਈ ਏ; ਤੇ ਜਿਹੜੇ ਨਹੀਂ ਬਣਦੇ, ਉਹ ਤਾਂ ਸਿੱਧਾ ਘਰ ਦਾ ਉਜਾੜਾ ਈ ਨੇ, ਕਿਉਂਕਿ ਵਾਹੀ ਜੋਤੀ ਪਹਿਲਵਾਨ ਕਰਦਾ ਨਹੀਂ ਪਰ ਖੁਰਾਕ ਉਹਨੂੰ ਹਮੇਸ਼ਾ ਚਾਹੀਦੀ ਹੈ, ਆਲ੍ਹਾ ਤੋਂ ਆਲ੍ਹਾ ਤੇ ਜਦੋਂ ਖੁਰਾਕ ਮਿਲਦੀ ਨਹੀਂ ਤਾਂ ਫਿਰ ਉਹ ਬਦਮਾਸ਼ ਬਣ ਜਾਂਦਾ ਹੈ। ਇਸ ਕਰ ਕੇ ਤੂੰ ਪਹਿਲਵਾਨ ਬਣਨ ਦਾ ਖਿਆਲ ਛਡ ਦੇ।"

ਮੇਰੇ ਮਨ ਦੀ ਰੀਝ ਤਾਂ ਪਹਿਲਵਾਨ ਬਣਨ ਦੀ ਸੀ ਪਰ ਘਰ ਵਾਲਿਆਂ ਦੇ ਸਹਾਰੇ ਤੋਂ ਬਿਨਾ ਇਹ ਰੀਝ ਪੂਰੀ ਨਹੀਂ ਸੀ ਹੋ ਸਕਦੀ। ਉਨ੍ਹਾਂ ਦੀ ਬਦਾਮਾਂ ਵਾਲੀ ਖੁਰਾਕ ਤਾਂ ਉਦੋਂ ਹੀ ਬੰਦ ਹੋ ਗਈ, ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਮੇਰਾ ਬਾਪੂ ਦਾਦਾ ਬਣਨ ਵਾਲਾ ਹੈ। ਮੈਂ ਸਤਾਰਾਂ ਸਾਲਾਂ ਦੀ ਉਮਰ ਵਿਚ, ਯਾਨੀ ਨਾਬਾਲਗ ਹੀ ਇਕ ਬਾਲਕ ਦਾ ਪਿਓ ਬਣ ਗਿਆ। ਮੁੰਡੇ ਦਾ ਨਾਂ ਰੱਖਿਆ ਗਿਆ ਪ੍ਰਦੁਮਣ। ਖੁਸ਼ੀਆਂ ਤੇ ਵਧਾਈਆਂ ਨਾਲ ਵਿਹੜਾ ਭਰ ਗਿਆ।

ਮੈਨੂੰ ਪਹਿਲਵਾਨਾਂ ਦੇ ਦੰਗਲ ਵੇਖਣ ਦਾ ਬੜਾ ਸ਼ੌਕ ਸੀ। ਸਾਡੇ ਪਿੰਡ ਦੇ ਲਾਗਲੇ ਪਿੰਡ ਰਾਮਾਣੇ ਚੱਕ ਦਾ ਤੋਤਾ ਪਹਿਲਵਾਨ ਬੜਾ ਹੀ ਫੁਰਤੀਲਾ ਘੁਲਦਾ ਹੁੰਦਾ ਸੀ। ਲਾਗੇ ਦੇ ਪਿੰਡਾਂ ਵਿਚ ਜਿਥੇ ਵੀ ਛਿੰਜ ਪੈਣੀ ਜਾਂ ਮੇਲੇ 'ਤੇ ਘੋਲ ਹੋਣੇ, ਮੈਂ ਜ਼ਰੂਰ ਪਹੁੰਚਦਾ ਹੁੰਦਾ ਸੀ ਤੇ ਤੋਤੇ ਨੂੰ ਘੋਲਾਂ ਦਾ ਇਨਾਮ ਦੇਣ ਵਾਸਤੇ ਮੇਰੇ ਹੱਥ ਆਪਣੇ ਆਪ ਖੀਸੇ ਵਿਚ ਪਹੁੰਚ ਜਾਂਦੇ ਸਨ। ਮੇਲੇ ਵਿਚ ਪੈਸੇ ਖਰਚ ਨਾ ਕਰ ਕੇ ਮੈਂ ਪਹਿਲਵਾਨਾਂ ਨੂੰ ਇਨਾਮ ਦੇ ਤੌਰ 'ਤੇ ਦਿੰਦਾ ਸੀ। ਇਕ ਵਾਰ ਸਾਡੇ ਪਿੰਡ ਦੇ ਲਾਗੇ ਨਾਥ ਦੀ ਖੂਹੀ 'ਤੇ ਛਿੰਜ ਪਈ ਤਾਂ ਪੰਜਾਬ ਦੇ ਚੋਟੀ ਦੇ ਪਹਿਲਵਾਨ ਉਸ ਵਿਚ ਸ਼ਾਮਿਲ ਹੋਏ। ਉਸ ਮੈਦਾਨ ਵਿਚ ਮੈਂ ਇਕ ਪਹਿਲਵਾਨ ਦਾ ਐਡਾ ਸੋਹਣਾ ਸਰੀਰ ਵੇਖਿਆ ਕਿ ਮੇਰੇ ਦਿਲੋ-ਦਿਮਾਗ ਉਤੇ ਉਸ ਦਾ ਜਾਦੂ ਵਰਗਾ ਅਸਰ ਹੋਇਆ। ਪਹਿਲਵਾਨ ਦਾ ਨਾਂ ਕੌਲਾ ਸੀ ਤੇ ਪਿੰਡ ਭਾਗੋਵਾਲ। ਕੁਦਰਤ ਨੇ ਇਸ ਪਹਿਲਵਾਨ ਦੇ ਸਰੀਰ ਨੂੰ ਬੜੀ ਰੀਝ ਨਾਲ ਬਣਾਇਆ ਸੀ। ਛਿੰਜ ਵੇਖ ਕੇ ਘਰ ਆਏ ਤਾਂ ਛੋਟੇ ਜਿਹੇ ਪ੍ਰਦੁਮਣ ਨੂੰ ਮੈਂ ਮੰਜੇ 'ਤੇ ਪਏ ਦੇਖਿਆ। ਇੰਝ ਲੱਗਾ ਜਿਵੇਂ ਵੱਡਾ ਹੋ ਕੇ ਬਿਲਕੁਲ ਕੌਲੇ ਦੇ ਸਰੀਰ ਵਰਗਾ ਸਰੀਰ ਹੋਵੇਗਾ। ਦਿਲ ਨਾਲ



**ਦਾਰਾ ਸਿੰਘ ਆਪਣੀ ਪਤਨੀ, ਪੁੱਤਰਾਂ ਅਤੇ ਪੁੱਤਰੀਆਂ ਨਾਲ। ਬੈਠੀ ਹੋਈ ਧੀ ਕਮਲ, ਖੱਬਿਓਂ: ਧੀ ਦੀਪਾ, ਪੁੱਤਰ ਅਮਰੀਕ ਸਿੰਘ, ਪਤਨੀ ਸੁਰਜੀਤ ਕੌਰ, ਦਾਰਾ ਸਿੰਘ, ਪੁੱਤਰ ਵਰਿੰਦਰ ਸਿੰਘ ਉਰਫ ਵਿੰਦੂ ਅਤੇ ਧੀ ਰੁਪਿੰਦਰ।**

ਵਾਇਦਾ ਕੀਤਾ ਕਿ ਮੈਂ ਤਾਂ ਨਹੀਂ ਬਣ ਸਕਿਆ ਪਰ ਇਸ ਮੁੰਡੇ ਨੂੰ ਜ਼ਰੂਰ ਪਹਿਲਵਾਨ ਬਣਾਉਣਾ ਹੈ। ਕਦੀ ਕਦਾਈਂ ਤੋਤਾ ਪਹਿਲਵਾਨ ਹੀ ਮੇਰੇ ਕੋਲ ਆਉਂਦਾ ਹੁੰਦਾ ਸੀ। ਉਹ ਜਦ ਵੀ ਆਉਂਦਾ, ਘਰ ਵਾਲਿਆਂ ਨੂੰ ਫਿਕਰ ਪੈ ਜਾਂਦਾ, ਭਈ ਹੁਣ ਦੁੱਧ ਦੀ ਖੈਰ ਨਹੀਂ, ਖਾਣੇ ਨਾਲ ਵੀ ਕੁੱਕੜ ਵਗੈਰਾ ਬਣਾਉਣਾ ਪਊਗਾ। ਮੈਨੂੰ ਘਰ ਦੀ ਪਤਲੀ ਹਾਲਤ ਦਾ ਅਹਿਸਾਸ ਸੀ ਪਰ ਮੇਰਾ ਇਕੋ-ਇਕ ਸ਼ੌਕ ਪਹਿਲਵਾਨਾਂ ਦੀ ਸੇਵਾ ਕਰਨਾ ਤੇ ਉਨ੍ਹਾਂ ਨਾਲ ਮਿਲ ਬੈਠਣਾ ਹੀ ਸੀ। ਤੋਤੇ ਨੇ ਮੈਨੂੰ ਕਈ ਵਾਰ ਕਿਹਾ ਕਿ ਜਿੰਨੀ ਤੇਰੇ ਵਿਚ ਤਾਕਤ ਹੈ, ਜੇ ਤੂੰ ਪਹਿਲਵਾਨੀ ਦਾ ਹੁਨਰ ਸਿੱਖ ਲਵੇਂ ਤਾਂ ਬੜੀ ਆਸਾਨੀ ਨਾਲ ਵੱਡਿਆਂ ਜੋੜਾਂ ਵਿਚ ਘੁਲ ਸਕੇਂਗਾ। ਮੈਂ ਉਸ ਨੂੰ ਵਿਚਲੀ ਗੱਲ ਨਾ ਦੱਸ ਕੇ ਐਵੇਂ ਹੱਸ ਛੱਡਣਾ, ਯਾਰ ਵਾਹੀ ਕਰਨ ਵਾਲੇ ਜੱਟਾਂ ਕੋਲੋਂ ਕਿਥੇ ਪਹਿਲਵਾਨੀ ਹੁੰਦੀ ਹੈ।

ਵਾਹੀ ਵਿਚ ਵੀ ਪਿੰਡ ਵਿਚ ਜ਼ਿਆਦਾ ਕੰਮ ਕਰਨ ਵਾਲੇ ਨੂੰ ਬੜਾ ਮਾਣ ਮਿਲਦਾ ਹੈ, ਸਾਰੇ ਉਸ ਦੀ ਚਰਚਾ ਕਰਦੇ ਹਨ ਤੇ ਇੱਜ਼ਤ ਵੀ। 1947 ਦੀਆਂ ਗਰਮੀਆਂ ਸਨ ਤੇ ਕਣਕ ਦੀ ਵਾਢੀ ਚੱਲ ਰਹੀ ਸੀ। ਉਨ੍ਹਾਂ ਦਿਨਾਂ ਵਿਚ ਪਿੰਡੋਂ ਸਾਰਿਆਂ ਨਾਲੋਂ ਵਧ ਕਣਕ ਵੱਢਣ ਵਾਲਾ ਇਕ ਤਰ੍ਹਾਂ ਚੈਂਪੀਅਨ ਗਿਣਿਆ ਜਾਂਦਾ ਸੀ। ਮੈਂ ਸ਼ਾਮ ਨੂੰ ਕੇਸੀ ਇਸ਼ਨਾਨ ਕਰਕੇ ਪਿੰਡ ਦੀ ਸੱਥ ਵਿਚ ਜਿਥੇ ਸ਼ਾਮ ਨੂੰ ਅਹਿਰਨ ਆਦਿ ਚੁੱਕੀਦੀ ਸੀ, ਆਪਣੇ ਕੇਸ ਸੁਕਾ ਰਿਹਾ ਸਾਂ। ਸੂਰਜ ਡੁਬਣ ਹੀ ਵਾਲਾ ਸੀ ਕਿ ਮੇਰੇ ਬਾਬੇ ਦਾ ਹਾਣੀ ਦੀਨ ਮੁਹੰਮਦ ਲੁਹਾਰ ਕਹਿਣ ਲੱਗਾ, "ਕਾਕਾ, ਵਾਢੀਆਂ ਦੇ ਦਿਨ ਨੇ, ਤੇ ਤੂੰ ਵਿਹਲਾ ਤੁਰਿਆ ਫਿਰਦਾ ਏਂ। ਤੇਰੇ ਵਡਿਆਂ ਦੇ ਪਿੰਡ ਵਿਚ ਕਣਕ ਵੱਢਣ ਦੇ ਬੜੇ ਚਰਚੇ ਸਨ, ਤੂੰ ਵੀ ਕੋਸ਼ਿਸ਼ ਕਰਨੀ ਸੀ ਆਪਣਾ ਨਾਂ ਪੈਦਾ ਕਰਨ ਦੀ।" ਮੈਂ ਕਿਹਾ, "ਬਾਬਾ ਮੈਂ ਅੱਜ ਕਣਕ ਵੱਢ ਕੇ ਹੀ ਆਇਆ ਹਾਂ।" ਕਹਿਣ ਲੱਗੇ, "ਹਲਾ, ਵੱਢੀ ਸੂ? ਕਿੰਨੀ ਵੱਢੀ ਸੂ।" ਮੈਂ ਕਿਹਾ, "ਦੋ ਵਿੱਘੇ।" ਬਾਬਾ ਬੋਲਿਆ, "ਕਿਹਾੜੇ ਦੋ ਵਿੱਘੇ ਭਾਈ?" ਪਿੰਡ ਦੇ ਹਰ ਬੰਦੇ ਨੂੰ ਪਿੰਡ ਦੀ ਸਾਰੀ ਜ਼ਮੀਨ ਦਾ ਪਤਾ ਹੁੰਦਾ ਹੈ ਕਿਉਂਕਿ ਇਨ੍ਹਾਂ ਦੇ ਸਾਹਮਣੇ ਫਸਲ ਬੀਜੀ ਜਾਂਦੀ ਹੈ, ਪੌਦੇ ਉਗਦੇ ਹਨ, ਪਰਵਾਨ ਚੜ੍ਹਦੇ ਹਨ ਤੇ ਦਾਣਾ ਪੈਂਦਾ ਹੈ; ਤੇ ਫੇਰ ਇਨ੍ਹਾਂ ਦੇ ਸਾਹਮਣੇ ਕਟੀਂਦੇ ਹਨ। ਮੈਂ ਕਿਹਾ, "ਬਾਬਾ, ਇਕ ਵਿੱਘਾ ਤਾਂ ਮੈਂ ਰੋਟੀ ਵੇਲੇ ਤਕ ਵੱਢ ਲਿਆ ਸੀ (ਸਾਡੀ ਇਕ ਪੈਲੀ ਦਾ ਨਾਂ ਹੀ ਵਿੱਘਾ ਸੀ)। ਵੱਢਦਿਆਂ-ਵੱਢਦਿਆਂ ਕਿਆਰਾ ਓਸ ਪਾਸੇ ਤੇ ਕਿਆਰਾ ਓਸ ਪਾਸੇ, ਜਦ ਤਕ ਮੈਂ ਪੂਰਾ ਵਿਘਾ ਵਢਿਆ ਨਹੀਂ ਮੈਂ ਉਠਿਆ ਨਹੀਂ।" ਕਹਿਣ ਲੱਗੇ, "ਸ਼ਾਬਾਸ਼, ਪਰ ਦੂਜਾ ਕਿਹੜਾ ਵਿੱਘਾ।" ਮੈਂ ਕਿਹਾ, "ਬਾਬਾ, ਵਿੱਘਾ ਥਾਂ ਰੇੜ ਵਾਲੀ ਪੈਲੀ ਵਿਚੋਂ ਵੱਢਿਆ ਏ।" ਬਾਬਾ ਹੈਰਾਨ ਹੋ ਕੇ ਬੋਲਿਆ, "ਹੈ! ਇਹ ਤਾਂ ਢੱਠੀ ਪਈ ਕਣਕ ਸੀ; ਇਹ ਤੂੰ ਕਿਵੇਂ ਕਿਸ ਤਰ੍ਹਾਂ ਵੱਢ ਲਿਆ, ਤੇ ਭਰੀਆਂ ਕਿੰਨੀਆਂ ਬੱਝੀਆਂ ਨੇ?" ਮੈਂ ਕਿਹਾ, "ਭਰੀਆਂ ਤਾਂ ਕੱਲ੍ਹ ਬਾਪੂ ਹੋਰੀਂ ਬੰਨ੍ਹਣਗੇ, ਮੈਂ ਤਾਂ ਵੱਢ ਕੇ ਹੀ ਆ ਗਿਆ।" ਕਹਿਣ ਲੱਗੇ, "ਪੰਜਾਹ-ਸੱਠ ਭਰੀਆਂ ਤਾਂ ਜ਼ਰੂਰ ਹੀ ਬੱਝਣਗੀਆਂ। ਲੈ ਭਈ ਮੁੰਡਿਆ, ਤੂੰ ਰੂਪਾ ਸਿੰਘ ਕਿਆਂ ਦਾ ਨਾਂ ਰੱਖ ਲਿਆ ਈ।"

ਵਾਕਿਆ ਹੀ ਅਗਲੇ ਦਿਨ 55 ਭਰੀਆਂ ਬੱਝੀਆਂ। ਹੋ ਸਕਦੈ, ਮੁੰਡੇ ਦਾ ਰੋਹਬ ਜਮਾਉਣ ਲਈ ਬਾਪੂ ਨੇ ਭਰੀਆਂ ਛੋਟੀਆਂ ਬੰਨ੍ਹੀਆਂ ਹੋਣ ਪਰ ਵੱਡੀਆਂ ਵੀ ਬੰਨ੍ਹਦੇ ਤਾਂ ਪੰਜਾਹਾਂ ਤੋਂ ਘੱਟ ਨਾ ਹੁੰਦੀਆਂ। ਆਮ ਕਰ ਕੇ ਐਨੀ ਕਣਕ ਉਸ ਜ਼ਮਾਨੇ ਵਿਚ ਚਾਰ ਆਦਮੀ ਵੱਢਿਆ ਕਰਦੇ ਸਨ। ਸਾਡੇ ਪਿੰਡ ਦੇ ਇਕ ਮਜ਼ਹਬੀ ਸਿੰਘ ਦਾ ਛੋਹਲੇ ਵਾਢਿਆਂ ਵਿਚ ਬੜਾ ਨਾਮ ਸੀ। ਮੇਰੇ ਨਾਲ ਜ਼ਿਦ ਕੇ ਕਣਕ ਵੱਢਣ ਦੀ ਉਸ ਦੀ ਗੱਲਬਾਤ ਚੱਲ ਰਹੀ ਸੀ। ਜਦੋਂ ਉਸ ਨੂੰ ਇਸ ਦਾ ਪਤਾ ਲੱਗਾ ਤਾਂ ਜ਼ਿਦਬਾਜ਼ੀ ਛੱਡ ਗਿਆ ਤੇ ਮੈਂ ਬਿਨਾ ਮੁਕਾਬਲੇ ਚੈਂਪੀਅਨ ਬਣ ਗਿਆ। ਹਾਲਾਂਕਿ ਕਈ ਵਾਰੀ ਵੇਖਿਆ ਗਿਆ ਹੈ ਕਿ ਅਖਾੜੇ ਵਿਚ ਜ਼ੋਰ ਕਰਨ ਵਾਲੇ ਮੈਦਾਨ ਵਿਚ ਜਾ ਕੇ ਲਿੱਦ ਕਰ ਦਿੰਦੇ ਹਨ। ਖੈਰ, ਜੋ ਵੀ ਹੋਇਆ, ਆਪਣਾ ਵਾਢੀ ਕਰਨ ਵਿਚ ਅੱਵਲ ਨੰਬਰ ਆ ਗਿਆ; ਤੇ ਇਹ ਸੀ ਮੇਰਾ ਵਾਹੀ ਕਰਨ ਦਾ ਆਖਰੀ ਸਾਲ।

# ਆਖ਼ਰ ਵੋਟ ਕਿਸ ਨੂੰ ਪਾਈਏ?

ਪ੍ਰਸਿੱਧ ਲੇਖਕ ਮਾਰਕ ਟਵੇਨ ਦੇ ਸ਼ਬਦ ਹਨ ਕਿ "ਜੇ ਵੋਟ ਪਾਉਣ ਨਾਲ ਕੋਈ ਫ਼ਰਕ ਪੈਣਾ ਹੁੰਦਾ ਤਾਂ ਇਨ੍ਹਾਂ ਨੇ ਸਾਨੂੰ ਵੋਟ ਦਾ ਹੱਕ ਦੇਣਾ ਹੀ ਨਹੀਂ ਸੀ।" ਜੇ ਲੋਕਤੰਤਰੀ ਵਿਵਸਥਾ ਵਿਚ ਮਾਰਕ ਟਵੇਨ ਦੇ ਕਥਨ ਅਨੁਸਾਰ ਵੋਟ ਪਾਉਣ ਨਾਲ ਕੋਈ ਫ਼ਰਕ ਨਹੀਂ ਪੈਂਦਾ ਤਾਂ ਕੀ ਫਿਰ ਵੋਟ ਨਾ ਪਾ ਕੇ ਸਰ ਸਕਦਾ ਹੈ? 1992 ਵਿਚ ਪੰਜਾਬ ਵਿਚ ਵੋਟਾਂ ਦਾ ਬਾਈਕਾਟ ਕਰਕੇ ਵੀ ਵੇਖ ਲਿਆ, ਪਰੰਤੂ ਬਾਈਕਾਟ ਦੇ ਬਾਵਜੂਦ, ਘੱਟ ਪੋਲਿੰਗ ਦੇ ਬਾਵਜੂਦ ਵੀ ਇੱਕ ਹਾਕਮੀ ਜਮਾਤ ਬਣੀ। ਇੱਥੋ ਇਹ ਪਤਾ ਚੱਲਦਾ ਹੈ ਕਿ ਵੋਟ ਨਾ ਪਾਉਣਾ ਵੀ ਕਿਸੇ ਪੱਖੋਂ ਹੱਕ ਵਿਚ ਨਹੀਂ ਜਾਂਦਾ। ਵੋਟ ਨਾ ਪਾ ਕੇ ਆਪਣੇ ਆਪ ਹੀ ਵਿਰੋਧੀ ਨੂੰ ਇੱਕ ਵੋਟ ਜਿਤਾਉਣਾ ਸਾਬਤ ਹੁੰਦਾ ਹੈ।

ਸਵਾਲ ਹੈ ਕਿ ਆਖ਼ਰ ਕਿਸ ਨੂੰ ਵੋਟ ਪਾਈਏ? ਵੋਟ ਦੀ ਸਹੀ ਅਹਿਮੀਅਤ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਕਿਸੇ ਰਾਜੇ ਦੀ ਜਨਤਾ ਬਣਨ ਦੀ ਥਾਂ ਦੇਸ ਅਤੇ ਲੋਕਤੰਤਰੀ ਵਿਵਸਥਾ ਵਿਚ ਨਾਗਰਿਕ ਬਣਿਆ ਜਾਵੇ। ਆਪਣੀ ਵੋਟ ਦੀ ਮਹੱਤਤਾ ਨੂੰ ਸਮਝਿਆ ਜਾਵੇ। ਨਸ਼ੇ, ਪੈਸੇ, ਡਰ ਜਾਂ ਕਿਸੇ ਲਾਲਚਵਸ ਆਪਣੀ ਵੋਟ ਦਾ ਸੌਦਾ ਕਰ ਲੈਣਾ, ਵੇਚ ਦੇਣਾ ਆਪਣੇ ਭਵਿੱਖ ਅਤੇ ਆਪਣੀ ਆਉਣ ਵਾਲੀ ਪੀੜੀ ਦੇ ਭਵਿੱਖ ਨੂੰ ਖੂਹ ਵਿਚ ਧੱਕ ਦੇਣਾ ਹੈ। ਵੋਟ ਦੀ ਤਾਕਤ ਨੂੰ ਸਮਝਣਾ ਚਾਹੀਦਾ ਹੈ। ਮੁਲਾਜ਼ੇਦਾਰੀਆਂ, ਧਰਮ, ਜਾਤ ਆਦਿ ਦੇ ਚੱਕਰਾਂ 'ਚ ਪੈ ਕੇ ਨਹੀਂ, ਸਗੋਂ ਸੋਚ ਵਿਚਾਰ ਕੇ ਹੀ ਵੋਟ ਪਾਉਣੀ ਚਾਹੀਦੀ ਹੈ।

ਚੋਣ ਲੜ ਰਹੀਆਂ ਪਾਰਟੀਆਂ ਅਤੇ ਉਮੀਦਵਾਰਾਂ ਦੇ ਚੋਣ ਮਨੋਰਥ ਪੱਤਰਾਂ ਨੂੰ ਘੋਖਣਾ ਚਾਹੀਦਾ ਹੈ। ਅੱਖਾਂ ਮੀਟ ਕੇ ਪਾਰਟੀਆਂ ਪਿੱਛੇ ਨਹੀਂ ਲੱਗਣਾ ਚਾਹੀਦਾ ਸਗੋਂ ਪਾਰਟੀ ਤਰਫ਼ੋਂ ਦਿੱਤੇ ਉਮੀਦਵਾਰ ਨੂੰ ਵੀ ਆਪਣੀ ਵਿਚਾਰਾਂ ਦੀ ਕਸੌਟੀ ਤੇ ਵਿਚਾਰਨਾ ਚਾਹੀਦਾ ਹੈ। ਹਲਕੇ ਵਿਚ ਜੋ ਉਮੀਦਵਾਰ ਚੋਣ ਲੜ ਰਹੇ ਹੋਣ, ਉਨ੍ਹਾਂ ਵਿਚੋਂ ਕੌਣ ਪਹਿਲਾਂ ਤੋਂ ਲੋਕਾਂ ਵਿਚ ਵਿਚਰ ਰਿਹਾ ਹੈ ਅਤੇ ਕੌਣ ਚੌਣਾਂ ਸਮੇਂ ਬਰਸਾਤੀ ਡੱਡੂ ਬਣਿਆ ਹੈ। ਜ਼ਮੀਨੀ ਗੱਲ ਕਿਹੜਾ ਉਮੀਦਵਾਰ ਕਰਦਾ ਹੈ ਤੇ ਹਵਾਈ ਕੌਣ ਕਰਦਾ ਹੈ, ਇਸ ਦਾ ਅੰਤਰ ਸਮਝਣਾ ਚਾਹੀਦਾ ਹੈ। ਕਿਸ ਉਮੀਦਵਾਰ ਤੱਕ ਪਹੁੰਚ ਕਰਨਾ ਸੌਖਾ ਹੈ, ਕਿਹੜਾ ਉਮੀਦਵਾਰ ਗੱਲ ਸੁਣਦਾ ਹੈ ਤੇ ਕਿਹੜਾ ਲੋੜ ਪੈਣ ਤੇ ਲੋਕਾਂ ਨਾਲ ਖੜ੍ਹਦਾ ਵਿਖਾਈ ਦਿੰਦਾ ਹੈ, ਲੋਕਾਂ ਦੀ ਆਵਾਜ਼ ਬੁਲੰਦ ਕਰਦਾ ਹੈ, ਦੁੱਖ ਸੁੱਖ ਵਿਚ ਸ਼ਰੀਕ ਹੁੰਦਾ ਹੈ। ਉਮੀਦਵਾਰ ਦਾ ਕਿਰਦਾਰ ਕਿਸ ਤਰ੍ਹਾਂ ਦਾ ਹੈ? ਕਿਤੇ ਉਮੀਦਵਾਰ ਸਿੱਧੇ ਅਸਿੱਧੇ ਢੰਗਾਂ ਨਾਲ ਡਰਾ ਕੇ, ਪੈਸੇ ਨਾਲ, ਜਾਤੀ, ਧਰਮ ਆਦਿ ਵਿਸ਼ੇਸ ਤੇ ਵੋਟ ਤਾਂ ਨਹੀਂ ਮੰਗ ਰਿਹਾ ਜਾਂ ਫਿਰ ਤੁਹਾਡੇ ਮੁੱਦਿਆਂ ਅਤੇ ਵਿਕਾਸ ਦੀ ਗੱਲ ਕਰਕੇ ਵੋਟ ਮੰਗ ਰਿਹਾ ਹੈ। ਜੋ ਤੁਹਾਡੇ ਹਲਕੇ ਦਾ ਉਮੀਦਵਾਰ ਹੈ ਉਸਦੇ ਆਲੇ ਦੁਆਲੇ, ਉਸਦੇ ਸਰਕਲ ਵਿਚ ਕਿਸ ਤਰ੍ਹਾਂ ਦੇ ਬੰਦੇ ਹਨ? ਉਮੀਦਵਾਰ ਦਾ ਬਦਮਾਸ਼, ਧੱਕਾ ਕਰਨ ਵਾਲਾ, ਲੁੱਟ ਮਚੋਣ ਵਾਲਾ, ਰਿਸ਼ਵਤਖੋਰ ਅਤੇ ਖੂੰਖਾਰ ਅਪਰਾਧਿਕ ਰਿਕਾਰਡ ਤਾਂ ਨਹੀਂ। ਆਪਣੀ ਪਸੰਦ ਦੇ ਉਮੀਦਵਾਰ ਨੂੰ ਵੋਟ ਪਾਈ ਜਾ ਸਕਦੀ ਹੈ ਅਤੇ ਜੇਕਰ ਹਲਕੇ ਵਿਚ ਚੋਣ ਲੜ ਰਹੇ ਉਮੀਦਵਾਰਾਂ ਵਿਚੋਂ ਕੋਈ ਵੀ ਉਮੀਦਵਾਰ ਸਹੀ ਨਹੀਂ ਜਾਪਦਾ ਤਾਂ ਵੋਟਿੰਗ ਮਸ਼ੀਨ ਜਾਂ ਵੋਟ ਪਰਚੀ ਤੇ ਸਭ ਤੋਂ ਅਖ਼ੀਰ ਵਿਚ 'ਨੋਟਾ-ਇਨ੍ਹਾਂ ਵਿਚੋਂ ਕੋਈ ਨਹੀਂ **(NOTA – None of the above)' ਨੂੰ ਵੋਟ ਕੀਤੀ ਜਾ ਸਕਦੀ ਹੈ।**

ਚੋਣ ਕਮੀਸ਼ਨ ਨੇ ਚੋਣਾਂ ਦੀ ਘੋਸ਼ਣਾ ਕਰ ਦਿੱਤੀ ਤੇ ਬਿਨਾਂ ਕੁਝ ਸੋਚੇ-ਸਮਝੇ, ਬਿਨਾਂ ਕੁਝ ਵਿਚਾਰੇ ਵੋਟ ਪਾ ਆਏ, ਕੋਈ ਜਿੱਤ ਗਿਆ ਤੇ ਕੋਈ ਹਾਰ ਗਿਆ ਤੇ ਸਾਨੂੰ ਕੀ? ਇਹ ਸਜਗ ਵੋਟਰ ਦੀ ਨਿਸ਼ਾਨੀ ਨਹੀਂ। ਵੋਟ ਭਵਿੱਖ ਤੈਅ ਕਰਦੀ ਹੈ, ਜਦ ਵੋਟਰ ਵੋਟ ਦੀ ਮਹੱਤਤਾ ਸਮਝੇਗਾ ਅਤੇ ਸੋਚ ਵਿਚਾਰ ਕਰਕੇ ਆਪਣੀ ਵੋਟ ਪਾਵੇਗਾ ਤੇ ਯੋਗ ਉਮੀਦਵਾਰ ਚੁਣਨ ਦੀ ਕੋਸ਼ਿਸ਼ ਕਰੇਗਾ ਤਦ ਹੀ ਲੋਕਤੰਤਰ ਨੂੰ ਅਮਲੀ ਜਾਮਾ ਪ੍ਰਾਪਤ ਹੋਵੇਗਾ।

***-ਗੋਬਿੰਦਰ ਸਿੰਘ ਢੀਂਡਸਾ (ਧੂਰੀ)***
*feedback[goibnder@gmial.com*

# ਆਪ ਕੀ ਸਰਕਾਰ ਆਪ ਕੇ ਦੁਆਰ!

ਸ਼ਾਮ ਦਾ ਸਮਾਂ ਹੈ। ਪਿੰਡ ਦੇ ਸਰਪੰਚ ਦੇ ਘਰ ਅੱਜ ਕੁਝ ਵਿਸ਼ੇਸ਼ ਆਯੋਜਨ ਜਾਪਦਾ ਹੈ। ਕੁਝ ਹੋਰ ਮੋਹਤਬਰ ਵੀ ਹਾਜ਼ਰ ਹਨ। ਪਿੰਡ ਦਾ ਚੌਕੀਦਾਰ ਜੈਲਾ ਇੱਕ ਪਾਸੇ ਆਪਣੀ ਖਾਸ ਡਿਊਟੀ ਨਿਭਾਉਂਦਿਆਂ ਮੁਰਗਾ ਰਿੰਨ ਰਿਹਾ ਹੈ। ਉਸ ਦਾ ਬਣਾਇਆ ਮੀਟ ਇਲਾਕੇ ਦੇ ਆਲਾ ਅਫਸਰਾਂ ਦੀ ਵਾਹਵਾ ਪ੍ਰਸ਼ੰਸਾ ਖੱਟ ਚੁੱਕਿਆ ਹੈ। ਲਓ ਜੀ ਸਮੇਂ ਸਿਰ ਹੀ ਸ਼ਰਾਬ ਠੇਕੇਦਾਰ ਨੇ ਚਾਰ ਬੋਤਲਾਂ ਵਿਸਕੀ ਦੀਆਂ ਪਹੁੰਚਾ ਦਿੱਤੀਆਂ ਹਨ। ਇੱਕ ਕਮਰੇ ਵਿਚ ਵੱਡੇ ਮੇਜ ਦੁਆਲੇ ਕੁਰਸੀਆਂ ਸਜੀਆਂ ਹਨ ਅਤੇ ਇੱਕ ਸੇਵਕ ਨੇ ਲਿਸ਼ਕਦੇ ਗਲਾਸਾਂ ਨਾਲ ਕੁਝ ਸਲਾਦ ਆਦਿ ਦੀਆਂ ਪਲੇਟਾਂ ਲਿਆ ਰੱਖੀਆਂ ਹਨ। ਖਾਸ ਮਹਿਮਾਨਾਂ ਵਿਚੋਂ ਸਭ ਤੋਂ ਪਹਿਲਾਂ ਖੇਤਰ ਦੇ ਬੀ.ਡੀ.ਓ. ਸਾਹਿਬ ਪਧਾਰੇ ਹਨ। ਛੇਤੀ ਹੀ ਸਰਕਾਰੀ ਤਾਕਤ ਦੀ ਹੇਠਲੀ ਸਭ ਤੋਂ ਅਹਿਮ ਕੜੀ ਥਾਣੇਦਾਰ ਹੁਰੀਂ ਵੀ ਆ ਵਿਰਾਜਮਾਨ ਹੋ ਗਏ ਹਨ। ਮੌਸਮ ਅਤੇ ਨਿੰਘਰਦੇ ਜਾ ਰਹੇ ਸਿਆਸੀ ਮਿਆਰ ਨਾਲ ਅਰੰਭ ਹੋਈ ਚਰਚਾ ਦੂਜੇ ਪੈੱਗ ਨਾਲ ਅਸਲ ਮੰਤਵ ਵੱਲ ਆਉਣੀ ਸ਼ੁਰੂ ਹੋ ਗਈ।

ਇਲਾਕੇ ਦੇ ਵਿਧਾਇਕ ਦੀ ਗੈਰਹਾਜ਼ਰੀ ਮਹਿਸੂਸ ਕੀਤੀ ਜਾ ਰਹੀ ਸੀ ਪਰ ਸਰਪੰਚ ਸਾਹਿਬ ਦੇ ਦੱਸਣ ਮੁਤਾਬਕ ਉਹ ਹੁਣ ਬਹੁਤ ਘੱਟ ਇਹੋ ਜਿਹੇ ਮੌਕਿਆਂ 'ਤੇ ਹਾਜ਼ਰ ਹੁੰਦੇ ਸਨ। ਠੀਕ ਵੀ ਸੀ ਕਿਉਂਕਿ ਅੱਗ ਲੱਗਣੀ ਵੀਡੀਓ ਰਿਕਾਰਡਿੰਗ ਦੀ ਖੋਜ ਨੇ ਸਭ ਨੂੰ ਆਪਣਾ ਦਾਮਨ ਬਚਾ ਰੱਖਣਾ ਬੜਾ ਔਖਾ ਕਰ ਦਿੱਤਾ ਸੀ, ਜਦ ਪੱਤਰਕਾਰ ਸਰਕਾਰੀ ਮਸ਼ੀਨਰੀ ਵਿਚ ਸੰਨ੍ਹ ਲਾਉਣ ਵਾਲੀਆਂ ਖਬਰਾਂ ਹਾਸਲ ਕਰਨ ਲਈ ਆਦਮ-ਬੋ ਆਦਮ-ਬੋ ਕਰਦੇ ਰਹਿੰਦੇ ਹਨ। ਖੈਰ ਵਿਧਾਇਕ ਸਾਹਿਬ ਸੁਨੇਹਾ ਘੱਲ ਦਿੱਤਾ ਸੀ ਕਿ ਉਨ੍ਹਾਂ ਦੀ ਸਰਪ੍ਰਸਤੀ ਨੂੰ ਹਾਜ਼ਰ ਜਾਣ ਮਸਲੇ ਨਬੇੜ ਲਏ ਜਾਣ। ਸੋ ਕਈ ਮਸਲੇ ਹੱਲ ਕੀਤੇ ਗਏ। ਛੋਟੀਆਂ ਮੋਟੀਆਂ ਕਈ ਸਮੱਸਿਆਵਾਂ ਦੇ ਤੋੜ ਕੱਢੇ ਗਏ। ਖਾਸ ਮੁੱਦਾ ਸੀ ਸਰਕਾਰ ਵੱਲੋਂ ਆਈ ਕਿਸਾਨੀ ਸਹਾਇਤਾ ਦੀ ਵੰਡ ਵਿਚ ਹੋਇਆ ਘਪਲਾ। ਸਭ ਦੇ ਸਹਿਯੋਗ ਨਾਲ ਨੇਪਰੇ ਚੜ੍ਹੇ ਇਸ ਘਪਲੇ ਨਾਲ ਸੱਤਾਧੀਨ ਪਾਰਟੀ ਦਾ ਵੋਟ ਬੈਂਕ ਵਧਿਆ ਸੀ ਨਾਲ ਹੀ ਫੁੱਟੀ ਭੇਲੀ ਵਿਚੋਂ ਸਭ ਨੂੰ ਚੂੰਝ ਭਰਨ ਦਾ ਮੌਕਾ ਮਿਲਿਆ ਸੀ। ਇਸ ਮਸਲੇ ਨੂੰ ਨਜਿੱਠਣ ਲਈ ਠਾਣੇਦਾਰ ਹੁਰਾਂ ਬੜੀ ਸੂਝ-ਬੂਝ ਨਾਲ ਇਲਾਕੇ ਦੇ ਪੱਤਰਕਾਰ ਨੂੰ ਕਾਬੂ ਕਰਨ ਦੇ ਨਾਲ ਕੁਝ ਵਿਰੋਧੀਆਂ ਨੂੰ ਖੁੱਸੀ ਕਰਨ ਵਿਚ ਕਾਮਯਾਬੀ ਹਾਸਲ ਕੀਤੀ ਸੀ। ਸਰਕਾਰੀ ਰਿਕਾਰਡ ਦੁੱਧ ਧੋਤਾ ਰੱਖਣਾ ਬੀ ਡੀ ਓ ਸਾਹਿਬ ਲਈ ਖੱਬੇ ਹੱਥ ਦੀ ਖੇਡ ਸੀ। ਇੱਕ ਹੋਰ ਮੁਸੀਬਤ ਨੂੰ ਦੂਰ ਕਰ ਥਾਣੇਦਾਰ ਹੁਰਾਂ ਆਪਣਾ ਫਰਜ਼ ਨਿਭਾਇਆ ਸੀ। ਪਿੰਡ ਦਾ ਇੱਕ ਸਕੂਲ ਟੀਚਰ ਜੋ ਵਿਧਾਇਕ ਹੁਰਾਂ ਦੀ ਖਾਸ ਰਿਸ਼ਤੇਦਾਰੀ ਵਿਚੋਂ ਸੀ ਇੱਕ ਦਲਿਤ ਸੇਵਾਦਾਰਨੀ ਨਾਲ ਕੋਝੀ ਹਰਕਤ ਕਰ ਬੈਠਾ। ਗੱਲ ਠਾਣੇ ਅੱਪੜ ਗਈ। ਠਾਣੇਦਾਰ ਨੇ ਸਰਕਾਰ 'ਤੇ ਲੱਗਣ ਜਾ ਰਹੇ ਇਸ ਦਾਗ ਨੂੰ ਵੀ ਬੜੀ ਹੁਸ਼ਿਆਰੀ ਨਾਲ ਧੋ ਦਿੱਤਾ। ਸ਼ਰਾਬ ਠੇਕੇਦਾਰ ਦੁਆਰਾ ਮੌਕੇ ਬੇ ਮੌਕੇ ਉਪਲੱਬਧ ਕਰਾਈ ਜਾਂਦੀ ਮੁਫਤ ਅੰਗਰੇਜ਼ੀ ਸ਼ਰਾਬ ਦਾ ਮੁੱਲ ਠਾਣੇਦਾਰ ਨਾਜਾਇਜ਼ ਸ਼ਰਾਬ ਦੀ ਵਿਕਰੀ ਨੂੰ ਠੱਲ੍ਹ ਪਾ ਚੁਕਾ ਦਿੰਦਾ ਸੀ। ਹੋਰ ਵੀ ਕਈ ਮਸਲਿਆਂ ਵਿਚ ਸਰਕਾਰ ਦੇ ਇਨ੍ਹਾਂ ਅਹਿਮ ਥੰਮ੍ਹਾਂ ਦੀ ਬੁੱਕਲ ਸਾਂਝੀ ਸੀ। ਜੈਲੇ ਦੇ ਬਣਾਏ ਮੁਰਗੇ ਦੀ ਤਾਰੀਫ ਕਰਦਿਆਂ ਇਹ ਮਹਿਫਲ ਬਰਖਾਸਤ ਹੋਈ। ਅਗਲੀ ਮਿਲਣੀ ਵਿਚ ਅੱਜ ਹਾਜ਼ਰ ਨਾ ਹੋ ਸਕੇ ਤਹਿਸੀਲਦਾਰ ਦੀ ਹਾਜ਼ਰੀ ਯਕੀਨੀ ਬਣਾਉਣ ਦਾ ਨਿਸ਼ਚਾ ਕੀਤਾ ਗਿਆ, ਜਿਸ ਨਾਲ ਉਨ੍ਹਾਂ ਨਾਲ ਸਬੰਧਤ ਮਸਲੇ ਨਿਬੇੜੇ ਜਾਣ। ਘਰ ਮੁੜਦਿਆਂ ਵਧੀਆ ਵਿਸਕੀ ਅਤੇ ਮੁਰਗੇ ਨਾਲ ਨਿਹਾਲ ਹੋਇਆ ਜੈਲਾ ਗੁਣਗੁਣਾ ਰਿਹਾ ਸੀ 'ਵੋਟ ਹਮੇਂ ਹੀ ਦੇਨਾ ਇਸ ਬਾਰ, ਕਿਉਂਕਿ ਹਮਾਰੀ ਸਰਕਾਰ ਹਮੇਸ਼ਾ ਰਹੇਗੀ ਆਪ ਕੇ ਦੁਆਰ'।

***-ਹਰਜੀਤ ਦਿਓਲ, ਬਰੈਂਪਟਨ***

# ਦੇਹ ਪਵਾਰ ਦੇ ਕਾਰਨ?

ਦੇਹ ਵਪਾਰ ਯਾਨਿ ਜਿਸਮਫਰੋਸ਼ੀ ਦਾ ਧੰਦਾ ਸੰਸਾਰ ਦੇ ਸਾਰੇ ਦੇਸ਼ਾਂ ਵਿਚ ਹੀ ਚੱਲ ਰਿਹਾ ਹੈ। ਕਈ ਦੇਸ਼ਾਂ ਵਿਚ ਤਾਂ ਇਸ ਧੰਦੇ ਨੂੰ ਕਾਨੂੰਨੀ ਮਾਨਤਾ ਪ੍ਰਾਪਤ ਹੈ-ਜਿਵੇਂ ਜਰਮਨੀ, ਸਪੇਨ, ਮਲੇਸ਼ੀਆ, ਕੀਨੀਆਂ, ਬ੍ਰਾਜ਼ੀਲ, ਥਾਈਲੈਂਡ ਅਤੇ ਨੀਦਰਲੈਂਡ। ਨੀਦਰਲੈਂਡ ਵਿਚ ਤਾਂ ਸਭ ਤੋਂ ਵੱਧ ਮਾਤਰਾ ਵਿਚ ਦੇਹ ਵਪਾਰ ਦਾ ਧੰਦਾ ਅਜਕਲ੍ਹ ਚੱਲ ਰਿਹਾ ਹੈ। ਇਨ੍ਹਾਂ ਦੇਸ਼ਾਂ ਦੇ ਲੋਕਾਂ ਤੋਂ ਇਸ ਧੰਦੇ ਬਾਰੇ ਜਾਣਨ ਤੋਂ ਪਤਾ ਲਗਦਾ ਹੈ ਕਿ ਇਹ ਕਿਸੇ ਮਜਬੂਰੀ ਜ਼ਾ ਗ਼ਰੀਬੀ ਕਰਕੇ ਇਹ ਕੰਮ ਨਹੀਂ ਕਰਦੇ। ਇਹ ਉਨ੍ਹਾਂ ਲਈ ਰੋਜ਼ਗਾਰ ਹੈ (ਜਿਸ ਨੂੰ ਉਹ ਪ੍ਰੋਫੈਸ਼ਨਲ ਵਰਕ ਵੀ ਕਹਿ ਦਿੰਦੇ ਹਾਂ)। ਸਰਕਾਰ ਨੇ ਉਨ੍ਹਾਂ ਨੂੰ ਆਜ਼ਾਦੀ ਦਿੱਤੀ ਹੈ ਕਿ ਉਹ ਆਪਣੀ ਮਰਜ਼ੀ ਨਾਲ ਕੋਈ ਵੀ ਕੰਮ ਕਰ ਸਕਦੇ ਹਨ, ਇਸ ਲਈ ਉਥੋਂ ਦੀਆਂ ਸਰਕਾਰਾਂ ਇਸ ਧੰਦੇ ਨੂੰ ਗ਼ੈਰਕਾਨੂੰਨੀ ਨਹੀਂ ਮੰਨਦੀਆਂ। ਸਾਡੀ ਨਿਗ੍ਹਾ ਵਿਚ ਦੇਹ ਵਪਾਰ ਭਾਵੇਂ ਇਕ ਜੁਰਮ ਹੈ ਪਰ ਇਹ ਧੰਦਾ ਇਨ੍ਹਾਂ ਦੇਸ਼ਾਂ ਵਿਚ ਇੱਕ ਆਮ ਜਨਜੀਵਨ ਵਾਂਗ ਇਕ ਰੁਜ਼ਗਾਰ ਰਾਹੀਂ ਚੱਲ ਰਿਹਾ ਹੈ।

ਭਾਰਤ, ਜਿਥੇ ਦੇਹ ਵਪਾਰ ਦਾ ਧੰਦਾ (ਧਾਰਾ 292-293 ਹੇਠ) ਕਾਨੂੰਨੀ ਜੁਰਮ ਹੈ ਪਰ ਫਿਰ ਵੀ ਭਾਰਤ ਦੇ ਕਈ ਹਿੱਸਿਆਂ ਵਿਚ ਇਹ ਧੰਦਾ ਖੁੱਲ੍ਹੇਆਮ ਚੱਲ ਰਿਹਾ ਹੈ। ਬੰਬਈ, ਦਿੱਲੀ, ਬੰਗਲੌਰ, ਕੋਲਕਾਤਾ ਅਤੇ ਚੇਨਈ ਵਰਗੇ ਵੱਡੇ ਰਾਜਾਂ ਵਿਚ ਇਹ ਦੇਹ ਵਪਾਰ ਦਾ ਕੰਮ ਸਰਕਾਰ ਤੋਂ ਚੋਰੀ-ਛਿਪੇ ਚੱਲ ਰਿਹਾ ਹੈ। ਇਨ੍ਹਾਂ ਸ਼ਹਿਰਾਂ ਵਿਚ ਦਿਨ-ਦਿਹਾੜੇ ਅਤੇ ਰਾਤ ਦੇ ਸਮੇਂ ਖੁੱਲ੍ਹੇਆਮ ਜਵਾਨ ਕੁੜੀਆਂ ਆਪਣੇ ਜਿਸਮ ਦਾ ਮੁੱਲ ਤੈਅ ਕਰਦੀਆਂ ਤੁਹਾਨੂੰ ਸੜਕਾਂ 'ਤੇ ਘੁੰਮਦੀਆਂ ਮਿਲ ਜਾਣਗੀਆਂ। ਇਨ੍ਹਾਂ ਸ਼ਹਿਰਾਂ ਤੋਂ ਇਲਾਵਾ ਹੋਰ ਕਈ ਰਾਜਾਂ ਵਿਚ ਵੀ ਦੇਹ ਵਪਾਰ ਦਾ ਧੰਦਾ ਆਮ ਚੱਲਦਾ ਹੈ। **ਭਾਵੇਂ ਹਰ ਦਿਨ ਕੋਈ ਨਾ ਕੋਈ ਗਿਰੋਹ ਪੁਲਿਸ ਦੇ ਹੱਥੀਂ ਚੜ੍ਹ ਜਾਂਦਾ ਹੈ ਪਰ ਫਿਰ ਵੀ ਇਹ ਧੰਦੇ ਬੰਦ ਹੋਣ 'ਤੇ ਨਹੀਂ ਆਉਂਦੇ।** ਆਏ ਦਿਨ ਕੋਈ ਨਾ ਕੋਈ ਨਵਾਂ ਗਿਰੋਹ ਕਿਸੇ ਨਾ ਕਿਸੇ ਰਾਜ ਵਿਚ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਜਿਸ ਵਿਚ ਭਾਰਤੀ ਕੁੜੀਆਂ ਦੇ ਨਾਲ ਨਾਲ ਹੋਰ ਦੇਸ਼ਾਂ ਜਿਵੇਂ ਚੀਨ, ਜਾਪਾਨ, ਅਰਬ ਦੇਸ਼ਾਂ, ਸ੍ਰੀਲੰਕਾ ਅਤੇ ਬੰਗਲਾਦੇਸ਼ ਦੀਆਂ ਜਵਾਨ ਕੁੜੀਆਂ ਗ੍ਰਿਫਤਾਰ ਕੀਤੀਆਂ ਜਾਂਦੀਆਂ ਹਨ। ਆਖਰ ਕਿਓਂ ਕੁੜੀਆਂ ਵੇਸ਼ਵਾ ਬਣਨ ਲਈ ਮਜਬੂਰ ਹਨ?

ਹੁਣ ਤੱਕ ਜਿੰਨੀਆਂ ਵੀ ਕੁੜੀਆਂ ਫੜੀਆਂ ਗਈਆਂ ਹਨ ਉਨ੍ਹਾਂ ਨਾਲ ਜਦੋਂ ਇਸ ਧੰਦੇ ਬਾਰੇ ਗੱਲਬਾਤ ਕੀਤੀ ਜਾਂਦੀ ਹੈ, ਤਾਂ ਅਕਸਰ ਉਹ ਇਸ ਧੰਦੇ ਵਿਚ ਆਉਣ ਦਾ ਮੁੱਖ ਕਾਰਨ ਬੇਰੁਜ਼ਗਾਰੀ ਅਤੇ ਗ਼ਰੀਬੀ ਦੱਸਦੀਆਂ ਹਨ। ਜਦੋਂ ਉਨ੍ਹਾਂ ਨੂੰ ਕੋਈ ਰੋਜ਼ਗਾਰ ਨਹੀਂ ਮਿਲਦਾ, ਤਾਂ ਨਾ ਚਾਹੁੰਦੇ ਹੋਏ ਵੀ ਉਨ੍ਹਾਂ ਨੂੰ ਇਸ ਗਲਤ ਰਾਹ ਵੱਲ ਕਦਮ ਪੁੱਟਣਾ ਪੈਂਦਾ ਹੈ। ਇੰਨਾ ਹੀ ਨਹੀਂ, ਕਈਆਂ ਨੇ ਤਾਂ ਇਹ ਵੀ ਬਿਆਨ ਦਿੱਤਾ ਹੈ ਕਿ ਉਨ੍ਹਾਂ ਦੇ ਆਪਣੇ ਪਰਿਵਾਰਕ ਮੈਂਬਰਾਂ ਵਲੋਂ ਉਨ੍ਹਾਂ ਨੂੰ ਇਸ ਧੰਦੇ ਦੇ ਮੁੱਖ ਤਸਕਰਾਂ ਕੋਲ ਵੇਚ ਦਿੱਤਾ ਜਾਂਦਾ ਹੈ ਅਤੇ ਹੋਰ ਦੇਸ਼ਾਂ ਵਿਚ ਉਨ੍ਹਾਂ ਦੀ ਸ਼ਰੇਆਮ ਨਿਲਾਮੀ ਕੀਤੀ ਜਾਂਦੀ ਹੈ, ਜਿਸ ਕਾਰਨ ਮਜਬੂਰਨ ਉਨ੍ਹਾਂ ਨੂੰ ਹੱਮ-ਬਿਸਤਰ ਹੋਣਾ ਪੈਂਦਾ ਹੈ।

ਭਾਰਤੀ ਪੁਲਿਸ ਅਤੇ ਹੋਰ ਦੇਸ਼ਾਂ ਦੀ ਪੁਲਿਸ ਨੇ ਇਸ ਤਰ੍ਹਾਂ ਦੇ ਕਈ ਗਿਰੋਹ ਫੜੇ ਹਨ, ਜੋ ਨਿੱਕੇ-ਨਿੱਕੇ ਬੱਚਿਆਂ ਦੀ ਵਿਸ਼ਵ ਭਰ ਵਿਚ ਤਸਕਰੀ ਕਰਦੇ ਹਨ। ਜਿਸ ਵਿਚ ਜਵਾਨ ਅਤੇ ਛੋਟੀ ਉਮਰ ਦੀਆਂ ਕੁੜੀਆਂ ਸ਼ਾਮਲ ਹੁੰਦੀਆਂ ਹਨ। ਇਹ ਤਸਕਰ ਜਵਾਨ ਕੁੜੀਆਂ ਨੂੰ ਹਾਰਮੋਨ ਦੇ ਟੀਕੇ ਲਗਾਉਂਦੇ ਹਨ। ਇਹ ਟੀਕੇ ਗਰਭਵਤੀ ਔਰਤਾਂ ਨੂੰ ਉਨ੍ਹਾਂ ਦੀ ਡਿਲੀਵਰੀ ਦੇ ਸਮੇਂ ਲਗਾਏ ਜਾਂਦੇ ਹਨ, ਜਿਨ੍ਹਾਂ ਦੀ ਕੀਮਤ ਲਗਭਗ 25 ਹਜ਼ਾਰ ਰੁਪਏ ਤੱਕ ਦੀ ਹੈ। ਇਨ੍ਹਾਂ ਟੀਕਿਆਂ ਦੀ ਸਹਾਇਤਾ ਨਾਲ ਨਾਬਾਲਗ ਕੁੜੀਆਂ ਦੇ ਅੰਗਾਂ ਨੂੰ ਉਨ੍ਹਾਂ ਦੀ ਉਮਰ ਤੋਂ ਪਹਿਲਾਂ ਵੱਡਾ ਕੀਤਾ ਜਾਂਦਾ ਹੈ ਤਾਂ ਕਿ ਉਨ੍ਹਾਂ ਨੂੰ ਅੱਗੇ ਵੇਚ ਕੇ ਤਸਕਰ ਚੰਗਾ ਮੁੱਲ ਵਸੂਲ ਕਰ ਸਕਣ।

ਇਹ ਧੰਦਾ ਬਹੁਤ ਤੇਜ਼ੀ ਨਾਲ ਗੈਰ ਕਾਨੂੰਨੀ ਢੰਗ ਨਾਲ ਫੈਲ ਰਿਹਾ ਹੈ, ਜਿਸ ਉਤੇ ਜਿੰਨੀ ਜਲਦੀ ਹੋ ਸਕੇ, ਰੋਕ ਲਗਾਉਣੀ ਲਾਜ਼ਮੀ ਹੈ। ਇਸ ਧੰਦੇ ਦਾ ਸ਼ਿਕਾਰ ਚੰਗੇ-ਚੰਗੇ ਘਰਾਂ ਦੀਆਂ ਕੁੜੀਆਂ ਵੀ ਹੋ ਰਹੀਆਂ ਹਨ, ਭਾਵੇਂ ਪੈਸੇ ਦੇ ਲਾਲਚ ਹੇਠ ਨਹੀਂ, ਪਰ ਕਿਸੇ ਨਾ ਕਿਸੇ ਮਜਬੂਰੀ ਕਾਰਨ ਉਨ੍ਹਾਂ ਨੂੰ ਵੀ ਆਪਣਾ ਜਿਸਮ ਵੇਚਣਾ ਪੈਂਦਾ ਹੈ। ਸਰਕਾਰ ਦੇ ਨਾਲ ਨਾਲ ਇਹ ਹਰ ਇਕ ਆਮ ਨਾਗਰਿਕ ਦਾ ਵੀ ਫਰਜ਼ ਬਣਦਾ ਹੈ ਕਿ ਉਹ ਵੱਧ ਤੋਂ ਵੱਧ ਇਸ ਧੰਦੇ ਨੂੰ ਰੋਕਣ ਵਿਚ ਸਰਕਾਰੀ ਕਰਮਚਾਰੀਆਂ ਦੀ ਮੱਦਦ ਕਰਨ, ਤਾਂ ਜੋ ਕਲ੍ਹ ਨੂੰ ਕਿਤੇ ਆਪਣੀ ਕੋਈ ਧੀ-ਭੈਣ ਕਿਸੇ ਮਜਬੂਰੀ ਵਸ ਨਾ ਇਸ ਦੀ ਸ਼ਿਕਾਰ ਹੋ ਜਾਵੇ।

***ਜਸਕੀਰਤ ਸਿੰਘ***
***-ਫੋਨ: 98889-49201***

## ਪਤੰਗ

ਪਾਪਾ ਜੀ ਲੈ ਦਿਓ ਪਤੰਗ,
ਉਡਾਉਣੀ ਆਂ ਮੈਂ ਦੋਸਤਾਂ ਸੰਗ,
ਇਕ ਚਰਖੜੀ ਲੈ ਦਿਓ ਨਾਲ,
ਇਕੋ ਇਕ ਹੈ ਮੇਰੀ ਮੰਗ,
ਪਾਪਾ ਜੀ ਲੈ ਦਿਓ ਪਤੰਗ।

ਲਾਡੀ ਕੇ ਕੋਠੇ 'ਤੇ ਸਾਰੇ,
ਕੱਠੇ ਹੋ ਕੇ ਮਿੱਤਰ ਪਿਆਰੇ,
ਜ਼ਿੱਦ ਜ਼ਿੱਦ ਵੇਖਿਓ ਪੇਚਾ ਲਾਉਂਦੇ,
ਮੈਂ ਪਰੀਆਂ ਦੇ ਕੱਟੂੰ ਖੰਭ,
ਪਾਪਾ ਜੀ ਲੈ ਦਿਓ ਪਤੰਗ।
ਗੁੱਡੀ 'ਕੋਈ ਸੱਜ ਚੜ੍ਹਾਵੇ,
ਕੋਈ ਚਾਈਨਾ ਦੀ ਡੋਰ ਦਿਖਾਵੇ,
ਚੱਲਦੀ ਰੇਸ ਦੇ ਘੋੜੇ ਸਾਰੇ,
ਵੇਖਿਓ ਕੀਹਦੇ ਟੁੱਟਦੇ ਦੰਦ,
ਪਾਪਾ ਜੀ ਲੈ ਦਿਓ ਪਤੰਗ।

ਯਪੀ, ਜ਼ਸਨ ਤੇ ਬੰਬਾ ਕਹਿੰਦੇ,
ਗੁੱਡੀ ਤੇਰੀ ਲੁੱਟਣੀ ਬਹਿੰਦੇ,



ਮੇਰਾ ਵੀ ਤੁਸੀਂ ਵੇਖਿਓ ਜਾਦੂ,
ਦੇਣਾ ਸਭ ਦਾ ਤੋੜ ਘਮੰਡ,
ਪਾਪਾ ਜੀ ਲੈ ਦਿਓ ਪਤੰਗ।
ਪਰ ਪਾਪਾ ਇਕ ਗੱਲ ਸਤਾਵੇ,
'ਵੀਰਪਾਲ' ਸਾਨੂੰ ਨਿੱਤ ਸਮਝਾਵੇ,
ਚਾਈਨਾ ਡੋਰ ਬੜੀ ਹਾਨੀਕਾਰਕ,
ਪੰਛੀਆਂ ਦੇ ਵੱਢ ਦਿੰਦੀ ਅੰਗ,
ਮਾਨਵ ਜਾਤੀ ਲਈ ਵੀ ਖਤਰਾ,
ਸ਼ੌਕ ਇਹੋ ਜਿਹੇ ਕਰ ਦਿਓ ਬੰਦ,
ਮੈਂ ਨਹੀਂ ਪਾਪਾ ਲੈਣੀ ਪਤੰਗ
ਮੈਂ ਨਹੀਂ ਪਾਪਾ ਲੈਣੀ ਪਤੰਗ।

***-ਵੀਰਪਾਲ ਕੌਰ ਭੱਠਲ***

# ਮਨਦੀਪ ਰਿੰਪੀ ਦੀਆਂ ਖੇਡ ਕਹਾਣੀਆਂ

***(ਸਫਾ 27 ਦਾ ਬਾਕੀ)***

ਅੰਗਾਰ ਵੇਖ ਮੇਰੀ ਰੂਹ ਕੰਬ ਗਈ। ਭਾਵੇਂ ਮੇਰੇ ਪਿਉ ਨੇ ਮੂੰਹੋਂ ਤਾਂ ਕੁੱਝ ਨਾ ਆਖਿਆ ਪਰ ਉਸਦੀ ਘੂਰੀ ਮੈਨੂੰ ਹਮੇਸ਼ਾਂ ਘੇਰੀ ਰੱਖਦੀ। ਅਗਲੇ ਦਿਨ ਸਕੂਲ ਜਾਣ ਲਈ ਸਵੱਖਤੇ ਹੀ ਤਿਆਰ ਹੋਇਆ। ਜਦੋਂ ਮੈਂ ਤੜਕੇ-ਤੜਕੇ ਅਖਾੜੇ ਵੱਲ ਭੱਜਦਾ ਜਾ ਰਿਹਾ ਸਾਂ ਤਾਂ ਇੱਕ ਵਾਰ ਤਾਂ ਮੈਨੂੰ ਇੰਜ ਲੱਗਿਆ ਜਿਵੇਂ ਮਾਸਟਰ ਜੀ ਦਾ ਹੌਸਲਾ ਮੇਰੇ ਨਾਲ-ਨਾਲ ਭੱਜ ਰਿਹਾ ਹੋਵੇ ਪਰ ਦੂਜੇ ਹੀ ਪਲ ਇੰਜ ਜਾਪਣ ਲੱਗਾ ਜਿਵੇਂ ਮੇਰੇ ਪਿਉ ਦੀ ਘੂਰੀ ਮੇਰੇ ਪੈਰਾਂ ਨੂੰ ਬੰਨ੍ਹਣ ਦੀ ਕੋਸ਼ਿਸ਼ ਕਰਦੀ ਹੋਵੇ। ਮੇਰੇ ਪੈਰ ਥਾਏਂ ਰੁਕ ਗਏ ਕਿਉਂਕਿ ਮੇਰੇ ਪਿਉ ਦੇ ਗੁੱਸੇ ਵਿਚ ਮੇਰੇ ਲਈ ਫ਼ਿਕਰ ਦਾ ਅਥਾਹ ਪਿਆਰ ਵੀ ਸੀ। ਦਿਨ ਲੰਘਦੇ ਗਏ।

ਮਾਸਟਰ ਜੀ ਨੇ ਮੇਰਾ ਨਾਂ ਪਹਿਲਵਾਨੀ ਦੇ ਮੁਕਾਬਲਿਆਂ ਲਈ ਭੇਜ ਦਿੱਤਾ। ਇੱਕ ਪਾਸੇ ਮੈਂ ਅਖਾੜੇ ਵਿਚ ਪਹਿਲਵਾਨ ਨਾਲ ਘੁਲ ਰਿਹਾ ਸਾਂ ਤੇ ਦੂਜੇ ਪਾਸੇ ਆਪਣੇ ਪਿਉ ਦੀਆਂ ਘੂਰਦੀਆਂ ਅੱਖਾਂ ਨਾਲ। ਫੇਰ ਵੀ ਮੈਂ ਪਹਿਲਵਾਨ ਨੂੰ ਚਿੱਤ ਕਰ ਦਿੱਤਾ। ਇਸ ਤਰ੍ਹਾਂ ਸੈਂਟਰ 'ਚ ਜੇਤੂ ਰਿਹਾ। ਫੇਰ ਬਲਾਕ ਦੇ ਮੁਕਾਬਲਿਆਂ ਵਿਚ ਵੀ ਮੇਰੀ ਬੱਲੇ-ਬੱਲੇ ਹੋ ਗਈ। ਜ਼ਿਲ੍ਹੇ ਤਕ ਪਹੁੰਚਦੇ-ਪਹੁੰਚਦੇ ਮੇਰੀ ਵੱਖਰੀ ਪਛਾਣ ਬਣ ਗਈ। ਹੁਣ ਮੈਂ ਸਟੇਟ ਦੇ ਮੁਕਾਬਲਿਆਂ ਵਿਚ ਜਾਣਾ ਸੀ ਪਰ ਮੇਰੇ ਪਿਉ ਦੀਆਂ ਗੁੱਸੇ ਭਰੀਆਂ ਖੁਸ਼ਕ ਅੱਖਾਂ ਮੈਥੋਂ ਝੱਲੀਆਂ ਨਹੀਂ ਸਨ ਜਾ ਰਹੀਆਂ। ਹਰ ਵੇਲੇ ਇੰਜ ਲੱਗਦਾ ਜਿਵੇਂ ਮੇਰਾ ਪਿਉ ਮੈਨੂੰ ਭੋਰਾ ਪਿਆਰ ਨਹੀਂ ਕਰਦਾ।

ਮੇਰੀ ਮਾਂ ਮੈਨੂੰ ਸਮਝਾਉਂਦੀ ਹੰਭ ਜਾਂਦੀ ਕਿ ਮੈਂ ਆਪਣੇ ਪਿਉ ਵੱਲ ਵੇਖਾਂ। ਉਹ ਮੇਰਾ ਦੋਖੀ ਨਹੀਂ। ਮੇਰੀ ਭਲਾਈ ਬਾਰੇ ਈ ਸੋਚਦਾ। ਪਰ ਮੇਰੇ ਲਈ ਤਾਂ ਅਖਾੜਾ ਹੀ ਸਭ ਕੁੱਝ ਬਣ ਗਿਆ ਸੀ। ਮੈਨੂੰ ਇੰਜ ਲੱਗਣ ਲੱਗਿਆ ਜਿਵੇਂ ਮੈਂ ਰਾਤ ਕੱਟਣ ਲਈ ਹੀ ਘਰ ਆਉਂਦਾ ਹੋਵਾਂ। ਜਦੋਂ ਮੇਰਾ ਪਿਉ ਘਰ ਹੁੰਦਾ ਮੇਰੀ ਕੋਸ਼ਿਸ਼ ਹੁੰਦੀ ਕਿ ਮੈਂ ਉਹਦੇ ਸਾਹਮਣੇ ਨਾ ਹੋਵਾਂ ਕਿਉਂਕਿ ਮੈਨੂੰ ਆਪਣੇ ਪਿਉ ਦੀਆਂ ਅੱਖਾਂ ਵਿਚ ਆਈ ਉਹ ਘੂਰੀ, ਜਿਸ ਦਿਨ ਮਾਸਟਰ ਜੀ ਮੈਨੂੰ ਘਰ ਲੈਣ ਆਏ ਸਨ, ਹਾਲੇ ਤੱਕ ਨਹੀਂ ਸੀ ਭੁੱਲੀ। ਉਸ ਦਿਨ ਤੋਂ ਮੈਂ ਆਪਣੇ ਪਿਉ ਦੇ ਮੂੰਹੋਂ ਆਪਣਾ ਨਾਂ ਨਹੀਂ ਸੀ ਸੁਣਿਆ। ਉਹ ਮੈਨੂੰ ਕਦੇ ਨਾ ਬੁਲਾਉਂਦਾ। ਸਗੋਂ ਮੇਰੇ ਭੈਣ-ਭਰਾਵਾਂ ਨਾਲ ਹੀ ਗੱਲੀਂ ਰੁੱਝਿਆ ਰਹਿੰਦਾ। ਮੈਂ ਤਾਂ ਜਿਵੇਂ ਉਸ ਘਰ 'ਚ ਮੌਜੂਦ ਹੀ ਨਾ ਹੋਵਾਂ। ਮੈਂ ਉਸ ਘਰ 'ਚ ਹਾਜ਼ਰ ਹੋ ਕੇ ਵੀ ਪਿਉ ਲਈ ਗ਼ੈਰ-ਹਾਜ਼ਰ ਹੀ ਸਾਂ।

ਜਦੋਂ ਮੈਂ ਸਟੇਟ ਚੈਂਪੀਅਨਸ਼ਿਪ 'ਚ ਜਾਣਾ ਸੀ ਤਾਂ ਮਾਸਟਰ ਮੋਹਨ ਲਾਲ ਜੀ ਨੇ ਹਰ ਤਰ੍ਹਾਂ ਦੀ ਤਿਆਰੀ ਕਰਵਾ ਦਿੱਤੀ। ਮੈਂ ਸਟੇਟ ਮੁਕਾਬਲੇ 'ਚ ਜਾਣ ਦੀ ਗੱਲ ਆਪਣੇ ਪਿਉ ਨਾਲ ਸਾਂਝੀ ਨਹੀ ਕਰ ਸਕਿਆ ਭਾਵੇਂ ਕਿ ਆਪਣੀ ਮਾਂ ਦੇ ਕੰਨ ਜ਼ਰੂਰ ਇਹ ਗੱਲ ਪਾ ਦਿੱਤੀ ਸੀ। ਮੈਂ ਆਪਣੇ ਲੀੜੇ ਕੱਪੜੇ ਇੱਕ ਬੈਗ ਵਿਚ ਪਾ ਲਏ। ਮੈਨੂੰ ਸਾਰੀ ਰਾਤ ਨੀਂਦ ਨਾ ਆਈ ਤੇ ਮੈਂ ਸੋਚਦਾ ਰਿਹਾ ਕਾਸ਼! ਮੇਰਾ ਪਿਉ ਵੀ ਹੋਰਾਂ ਵਾਂਗੂੰ ਮੇਰੀ ਜਿੱਤ 'ਤੇ ਖ਼ੁਸ਼ੀ ਮਨਾਉਂਦਾ। ਮੈਨੂੰ ਸ਼ਾਬਾਸ਼ ਦਿੰਦਾ! ਮੇਰੇ ਕਾਲਜੇ 'ਚੋਂ ਹੂਕ ਨਿਕਲਦੀ ਤੇ ਮੈਂ ਮਸੋਸ ਕੇ ਰਹਿ ਜਾਂਦਾ।

ਅਗਲੇ ਦਿਨ ਮੈਂ ਤੜਕੇ ਨਹਾ-ਧੋ ਕੇ ਆਪਣਾ ਬੈਗ ਚੁੱਕ ਸਟੇਸ਼ਨ 'ਤੇ ਚਲਾ ਗਿਆ। ਸਾਰੇ ਖਿਡਾਰੀ ਪਹੁੰਚ ਚੁੱਕੇ ਸਨ ਪਰ ਮਾਸਟਰ ਜੀ ਹਾਲੇ ਤੱਕ ਨਹੀਂ ਸਨ ਆਏ। ਸਭ ਨੂੰ ਫ਼ਿਕਰ ਹੋਣ ਲੱਗਾ ਕਿਉਂਕਿ ਅੱਗੇ ਕਦੇ ਅਜਿਹਾ ਨਹੀਂ ਸੀ ਹੋਇਆ। ਸਾਡੇ ਦਿਲਾਂ ਦੀਆਂ ਧੜਕਨਾਂ ਹੋਰ ਵਧਣ ਲੱਗੀਆਂ ਪਰ ਮਾਸਟਰ ਜੀ ਨੂੰ ਆਉਂਦਿਆਂ ਵੇਖ ਕੇ ਸਭ ਦੇ ਸਾਹਾਂ 'ਚ ਸਾਹ ਆ ਗਏ। ਅਸੀਂ ਟ੍ਰੇਨ 'ਚ ਜਾ ਬੈਠੇ। ਮੈਂ ਖਿੜਕੀ ਵੱਲ ਬੈਠਾ ਆਪਣੇ ਪਿਉ ਬਾਰੇ ਹੀ ਸੋਚਦਾ ਰਿਹਾ ਕਿ ਮੇਰਾ ਪਿਉ ਐਨਾ ਪੱਥਰ ਦਿਲ ਕਿਉਂ ਹੈ? ਅਚਾਨਕ ਮੈਂ ਆਪਣੀਆਂ ਸੋਚਾਂ 'ਚੋਂ ਵਾਪਸ ਪਰਤ ਆਇਆ ਜਦੋਂ ਕਿਸੇ ਨੇ ਮੇਰੇ ਮੋਢੇ 'ਤੇ ਹੱਥ ਧਰਿਆ। ਮੇਰੇ ਪਿਉ ਦੇ ਹੱਥ 'ਚ ਮੇਰੇ ਲਈ ਰੋਟੀ ਦਾ ਡੱਬਾ ਵੇਖ ਮੇਰੀਆਂ ਅੱਖਾਂ ਭਰ ਆਈਆਂ ਤੇ ਰੋਕਦੇ-ਰੋਕਦੇ ਵੀ ਛਲਕ ਪਈਆਂ। ਮੇਰੇ ਪਿਉ ਦੀਆਂ ਨਜ਼ਰਾਂ ਨੂੰ ਅੱਜ ਘੂਰੀ ਦੀ ਥਾਂ ਪਿਆਰ ਦੇ ਹੰਝੂਆਂ ਨੇ ਮੱਲਿਆ ਹੋਇਆ ਸੀ। ਮੇਰੇ ਪਿਉ ਦਾ ਗਲਾ ਰੁੰਦਿਆ ਗਿਆ ਤੇ ਉਹ ਮੈਨੂੰ ਕਲਾਵੇ 'ਚ ਲੈ ਕੇ ਆਖਣ ਲੱਗਾ, "ਝੱਲਿਆ! ਕਿੰਨੀ ਕੁ ਦੇਰ ਨਾਰਾਜ਼ ਰਹਿੰਦਾ ਮੈਂ? ਆਖ਼ਰ ਹਾਂ ਤਾਂ ਤੇਰਾ ਪਿਉ। ਲੈ ਫੜ ਰੋਟੀ! ਖਾ ਲਈਂ ਰਾਹ 'ਚ। ਨਾਲੇ ਜਿੱਤ ਕੇ ਆਵੀਂ ਪੁੱਤ!"

ਮੈਂ ਭਰੀਆਂ ਅੱਖਾਂ ਪੂੰਝਦਿਆਂ ਹੌਂਸਲੇ ਨਾਲ ਕਿਹਾ, "ਬਾਪੂ! ਦੇਖਦਾ ਰਹੀਂ! ਹੁਣ ਤੇਰੇ ਪੁੱਤ ਨੂੰ ਕੋਈ ਨਹੀਂ ਹਰਾ ਸਕਦਾ।"

ਬਾਪੂ ਦੀਆਂ ਅੱਖਾਂ ਵੀ ਲਿਸ਼ਕ ਪਈਆਂ, "ਹੁਣ ਨੀ ਹਾਰਦਾ ਮੇਰਾ ਪੁੱਤ!"

# ਵਲੈਤੀਆਂ ਦਾ ਸਬਕ ਅਤੇ ਚੀਨ ਦੀਆਂ ਨਾਟਕ ਮੰਡਲੀਆਂ


## ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

***ਅਦਾਕਾਰ ਬਲਰਾਜ ਸਾਹਨੀ (1913-1973) ਲਿਖਾਰੀ ਵੀ ਸੀ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਅਸੀਂ ਉਸ ਦੀ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।***

ਮਾਰਕਸਵਾਦ ਬਾਰੇ ਕਿਤਾਬਾਂ ਪੜ੍ਹਦਿਆਂ ਮੈਨੂੰ ਰਜਨੀ ਪਾਮਦੱਤ ਅਤੇ ਕ੍ਰਿਸ਼ਨ ਮੈਨਨ ਦੀਆਂ ਕਿਤਾਬਾਂ ਦਾ ਵੀ ਪਤਾ ਲੱਗਾ। ਮੈਨੂੰ ਸਮਝ ਆਉਣਾ ਸ਼ੁਰੂ ਹੋਇਆ ਕਿ ਸੰਸਾਰ ਜੰਗ ਕਿਉਂ ਹੁੰਦੀ ਹੈ, ਫਾਸ਼ਿਜ਼ਮ ਅਤੇ ਸਾਮਰਾਜਵਾਦ ਕੀ ਚੀਜ਼ ਹਨ, ਹਿੰਦੁਸਤਾਨ ਕਿਉਂ ਗੁਲਾਮ ਹੈ, ਸਮਾਜਵਾਦ ਦਾ ਆਦਰਸ਼ ਕਿਵੇਂ ਮਨੁੱਖਤਾ ਲਈ ਵਿਕਾਸ ਦਾ ਇਕ ਨਵਾਂ ਪੜਾਅ ਹੈ। ਸੋਵੀਅਤ ਯੂਨੀਅਨ ਓਦੋਂ ਸਖਤ ਖਤਰੇ ਵਿਚੋਂ ਲੰਘ ਰਿਹਾ ਸੀ ਅਤੇ ਬੇਪਨਾਹ ਦਲੇਰੀ ਨਾਲ ਲੜ ਰਿਹਾ ਸੀ। ਸਾਰੇ ਸੰਸਾਰ ਦੀਆਂ ਨਜ਼ਰਾਂ ਸਟਾਲਿਨਗਰਾਡ ਅਤੇ ਲੈਨਿਨਗਰਾਡ ਵਲ ਲੱਗੀਆਂ ਹੋਈਆਂ ਸਨ। ਸਾਡੇ ਆਪਣੇ ਦੇਸ਼ ਵਿਚ ਸਾਮਰਾਜੀ ਜ਼ੁਲਮ ਨੇ ਕਹਿਰ ਢਾਹਿਆ ਹੋਇਆ ਸੀ। ਬੰਗਾਲ ਦੇ ਕਾਲ ਦੀਆਂ ਖਬਰਾਂ, ਗਾਂਧੀ ਅਤੇ ਨਹਿਰੂ ਦੇ ਕੈਦ ਹੋਣ ਦੀਆਂ ਖਬਰਾਂ ਦਿਲ ਨੂੰ ਬੜਾ ਸਖਤ ਬੇਚੈਨ ਕਰਦੀਆਂ ਸਨ ਪਰ ਨਾਲ ਇਹ ਵੀ ਪਤਾ ਸੀ ਕਿ ਸਾਰੇ ਅਨਿਆਂ ਦੇ ਬਾਵਜੂਦ ਸਾਡੇ ਰਾਸ਼ਟਰੀ ਅੰਦੋਲਨ ਦੀਆਂ ਆਸਾਂ ਸਮਾਜਵਾਦ ਅਤੇ ਲੋਕਵਾਦ ਦੀ ਜਿੱਤ ਨਾਲ ਜੁੜੀਆਂ ਹੋਈਆਂ ਹਨ, ਹਿਟਲਰ ਦੀ ਫਾਸ਼ਿਸਟ ਬਰਬਰੀਅਤ ਨਾਲ ਨਹੀਂ।



*ਚੀਨ ਦੇ ਪੀਪਲਜ਼ ਥੇਟਰ ਦੀ ਝਲਕ।*

ਇਸ ਤਰ੍ਹਾਂ ਮੈਨੂੰ ਆਪਣੇ ਰੇਡੀਓ ਦੇ ਕੰਮ ਵਿਚ ਵੀ ਇਕ ਨਵਾਂ ਸੁਆਦ ਜਿਹਾ ਪ੍ਰਤੀਤ ਹੋਣ ਲੱਗ ਪਿਆ। ਮੈਂ ਆਪਣੇ ਹਿੰਦੀ ਅਤੇ ਉਰਦੂ ਦੇ ਉਚਾਰਨ ਨੂੰ ਸੁਆਰਨ ਉਪਰ ਬੜੀ ਮਿਹਨਤ ਕੀਤੀ। ਮੈਂ ਜਾਨ ਗੀਲਗੁਡ, ਟੀ.ਐਸ ਈਲੀਅਟ, ਜਾਰਜ ਆਰਵੈਲ, ਹੈਰਲਡ ਲਾਸਕੀ, ਲਾਇਨਲ ਫੀਲਡਨ, ਗਿਲਬਰਟ ਹਾਰਡਿੰਗ ਅਤੇ ਕਿਤਨੇ ਈ ਹੋਰ ਸ਼੍ਰੋਮਣੀ ਚਿੰਤਕਾਂ, ਸਾਹਿਤਕਾਰਾਂ ਤੇ ਕਲਾਕਾਰਾਂ ਨਾਲ ਦੋਸਤੀਆਂ ਲਾਈਆਂ ਅਤੇ ਉਹਨਾਂ ਤੋਂ ਬਹੁਤ ਕੁਝ ਸਿੱਖਿਆ, ਬਹੁਤ ਕੁਝ ਹਾਸਲ ਕੀਤਾ। ਲੜਾਈ ਦੇ ਜ਼ਮਾਨੇ ਦਾ ਇਕ ਲਾਭ ਇਹ ਵੀ ਸੀ ਕਿ ਯੋਰਪ ਤੇ ਅਮਰੀਕਾ ਦੇ ਵਧੀਆ ਤੋਂ ਵਧੀਆ ਫਿਲਮ ਤੇ ਸਟੇਜ ਐਕਟਰ-ਐਕਟਰੈਸਾਂ ਬੀ.ਬੀ.ਸੀ. ਉਪਰ ਪ੍ਰੋਗਰਾਮ ਕਰਨ ਆਉਂਦੇ ਸਨ, ਰੇਡੀਓ-ਨਾਟਕ ਖੇਡਦੇ ਸਨ, ਮਨੋਰੰਜਕ ਪ੍ਰੋਗਰਾਮ ਕਰਦੇ ਸਨ। ਬਾਬ ਹੋਪ, ਲਾਰੰਸ ਓਲੀਵੀਅਰ, ਮਾਈਕਲ ਰੈਡਗਰੇਵ, ਬੇਬ ਡੇਨੀਅਲ, ਵਿਵਅਨ ਲੀ ਅਤੇ ਕਿਤਨੇ ਈ ਹੋਰ ਕਲਾਕਾਰਾਂ ਦੇ ਕੰਮਾਂ ਨੂੰ ਨੇੜਿਓਂ ਵੇਖਣ ਦਾ ਮੈਨੂੰ ਮੌਕਾ ਮਿਲਿਆ। ਮੈਂ ਉਹਨਾਂ ਵਿਚ ਸਭ ਤੋਂ ਵੱਡੀ ਸਿਫਤ ਇਹ ਵੇਖੀ ਕਿ ਉਹ ਵਕਤ ਦੇ ਬੜੇ ਪਾਬੰਦ ਸਨ। ਰਿਹਰਸਲ ਹੋਵੇ ਭਾਵੇਂ ਬ੍ਰਾਡਕਾਸਟ, ਉਹ ਕਦੇ ਅੱਧੇ ਮਿੰਟ ਦੀ ਵੀ ਦੇਰ ਨਹੀਂ ਸਨ ਕਰਦੇ, ਅਤੇ ਕੰਮ ਵੇਲੇ ਦੁਨੀਆ-ਜਹਾਨ ਭੁੱਲ ਜਾਂਦੇ ਸਨ। ਉਹਨਾਂ ਦੇ ਕੰਮ ਦਾ ਸਿਲਸਿਲਾ ਇਕ ਮਸ਼ੀਨ ਵਾਂਗ ਚੱਲਦਾ ਸੀ। ਮਿਲ ਕੇ ਕੰਮ ਕਰਨ ਵੇਲੇ ਕਿਸੇ ਨੂੰ ਵੱਡੇ-ਛੋਟੇ ਦਾ ਅਹਿਸਾਸ ਨਹੀਂ ਸੀ ਰਹਿੰਦਾ। ਸਭ ਨਾਲ ਇਕੋ ਜਿਹਾ ਸਲੂਕ ਹੁੰਦਾ ਸੀ, ਅਤੇ ਆਪਸ ਵਿਚ ਵੀ ਉਹ ਇਕ ਦੂਜੇ ਨਾਲ ਘੁਲ-ਮਿਲ ਜਾਂਦੇ ਸਨ। ਲਗਨ ਅਤੇ ਕੰਮ ਵਿਚ ਖੁੱਭਣ ਦਾ ਇਕ ਅਜੀਬ ਸੁੰਦਰ ਵਾਤਾਵਰਣ ਪੈਦਾ ਹੋ ਜਾਂਦਾ ਸੀ, ਜਿਸ ਦੇ ਮੁਕਾਬਲੇ ਵਿਚ ਅਸਾਂ ਹਿੰਦੁਸਤਾਨੀਆਂ ਦੇ ਢਿਲਮਿਲ ਯਕੀਨੇ ਤੌਰ-ਤਰੀਕੇ ਦਿਲ ਨੂੰ ਬੜੇ ਹੀ ਚੁਭਦੇ ਸਨ। ਹਿੰਦੁਸਤਾਨੀ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਕਦੇ ਵੀ ਰਿਹਰਸਲ ਲਈ ਵਕਤ ਸਿਰ ਨਹੀਂ ਸਨ ਆਉਂਦੇ। ਖਰੜਾ ਵੇਲੇ ਸਿਰ ਤਿਆਰ ਨਾ ਹੁੰਦਾ। ਅੰਗਰੇਜ਼ ਕਲਾਕਾਰਾਂ ਦਾ ਕੰਮ ਵੇਖ ਕੇ ਮੈਂ ਇਕ ਗੱਲ ਜ਼ਰੂਰ ਪੱਲੇ ਬੰਨ੍ਹ ਲਈ ਕਿ ਆਰਟ ਦੀ ਪ੍ਰੇਰਨਾ ਦਰਗਾਹੋਂ ਨਹੀਂ ਆਉਂਦੀ ਸਗੋਂ ਸਵੈ-ਸੰਜਮ, ਸਾਧਨਾ, ਮਿਹਨਤ ਅਤੇ ਪਾਬੰਦੀ ਨਾਲ ਆਉਂਦੀ ਹੈ। ਅਦਾਕਾਰੀ ਦੇ ਮੈਦਾਨ ਵਿਚ ਮੇਰੇ ਕਲਪਿਤ ਮਿਆਰ ਹੋਰ ਉੱਚੇ ਹੋਏ, ਤੇ ਸਮਝ ਆਈ ਕਿ ਖਰਾ ਕੀ ਹੈ ਤੇ ਖੋਟਾ ਕੀ। ਮੈਂ ਉਹਨਾਂ ਦਿਨਾਂ ਵਿਚ ਬੜੀ ਮਿਹਨਤ ਕੀਤੀ, ਅਤੇ ਹਿੰਦੁਸਤਾਨ ਵਾਪਸ ਆ ਕੇ ਇਸ ਗੱਲ ਦੀ ਬੜੀ ਖੁਸ਼ੀ ਹੋਈ ਕਿ ਸਾਡੇ ਲੰਡਨ ਤੋਂ ਪੇਸ਼ ਕੀਤੇ ਕਈ ਡਰਾਮੇ ਇਥੇ ਕਾਫੀ ਸ਼ੌਕ ਨਾਲ ਸੁਣੇ ਅਤੇ ਪਸੰਦ ਕੀਤੇ ਗਏ ਸਨ।

ਬੀ.ਬੀ.ਸੀ. ਵਿਚ ਕੰਮ ਕਰਦਿਆਂ, ਅਤੇ ਉੱਤਮ ਅੰਗਰੇਜ਼ ਕਲਾਕਾਰਾਂ ਨੂੰ ਸਟੂਡੀਓ ਵਿਚ ਰਿਹਰਸਲ ਕਰਦੇ ਵੇਖਦਿਆਂ ਮੈਂ ਇਸ ਨਤੀਜੇ ਉਤੇ ਵੀ ਪਹੁੰਚ ਗਿਆ ਕਿ ਰੇਡੀਓ ਉਪਰ ਨਕਲੀ ਢੰਗ ਨਾਲ ਆਵਾਜ਼ ਦੇ ਉਤਾਰ-ਚੜ੍ਹਾਅ ਪੈਦਾ ਕਰਨਾ ਗਲਤੀ ਹੈ। ਭਾਵਨਾ ਯਥਾਰਥਕ ਅਤੇ ਸੱਚੀ ਹੋਣੀ ਚਾਹੀਦੀ ਹੈ। ਆਵਾਜ਼ ਦੀ ਬਿਲਕੁਲ ਪਰਵਾਹ ਨਹੀਂ ਕਰਨੀ ਚਾਹੀਦੀ ਕਿ ਕਿਵੇਂ ਨਿਕਲਦੀ ਹੈ ਜਾਂ ਨਿਕਲਣੀ ਚਾਹੀਦੀ ਹੈ। ਮੈਂ ਆਵਾਜ਼ ਦੀ 'ਟਰੇਨਿੰਗ' ਬਾਰੇ ਸੋਚਣਾ ਬਿਲਕੁਲ ਛੱਡ ਦਿੱਤਾ। ਇਸ ਲਈ ਮੈਂ ਅੰਗਰੇਜ਼ ਕਲਾਕਾਰਾਂ ਦਾ ਬੜਾ ਮਸ਼ਕੂਰ ਹਾਂ।

ਲੜਾਈ ਜਿਉਂ-ਜਿਉਂ ਗੰਭੀਰ ਹੁੰਦੀ ਗਈ, ਮੇਰਾ ਜੀਵਨ ਬਾਰੇ ਦ੍ਰਿਸ਼ਟੀਕੋਣ ਵੀ ਗੰਭੀਰ ਹੁੰਦਾ ਗਿਆ, ਅਤੇ ਜੋ ਮੈਂ ਆਪਣੇ ਬਾਰੇ ਕਹਿ ਰਿਹਾ ਹਾਂ, ਉਹ ਮੇਰੀ ਪਤਨੀ ਦਮੋ ਉਪਰ ਵੀ ਉਤਨਾ ਹੀ ਲਾਗੂ ਹੁੰਦਾ ਸੀ। ਉਹ ਵੀ ਬੀ.ਬੀ.ਸੀ. ਦੀ ਮੁਲਾਜ਼ਮ ਸੀ। ਪ੍ਰੋਗਰਾਮਾਂ ਵਿਚ ਉਹ ਵੀ ਉਤਨਾ ਹੀ ਭਾਗ ਲੈਂਦੀ ਸੀ ਸਗੋਂ ਮਾਈਕ ਉਤੇ ਮੇਰੇ ਮੁਕਾਬਲੇ ਵਿਚ ਉਹ ਕਿਤੇ ਜ਼ਿਆਦਾ ਨਿਝੱਕ ਸੀ। ਫੌਜੀ ਵੀਰਾਂ ਲਈ ਸੰਗੀਤ ਦੇ ਪ੍ਰੋਗਰਾਮ ਪਹਿਲੋਂ-ਪਹਿਲ ਉਸੇ ਨੇ ਪੇਸ਼ ਕਰਨੇ ਸ਼ੁਰੂ ਕੀਤੇ ਸਨ, ਅਤੇ ਹਰ ਹਫਤੇ ਉਹਨੂੰ ਦੂਰ-ਦੁਰੇਡੇ ਦੇਸ਼ਾਂ ਤੋਂ ਸਰੋਤਿਆਂ ਦੇ ਸੈਂਕੜੇ ਖਤ ਆਉਂਦੇ ਸਨ, ਅਤੇ ਕਈ ਵਾਰੀ ਅਫਰੀਕਾ ਅਤੇ ਆਸਟਰੇਲੀਆ ਤੋਂ ਜਾਮ, ਪਨੀਰ, ਚਾਹ ਅਤੇ ਹੋਰ ਕਿਤਨੀਆਂ ਸੁਗਾਤਾਂ ਦੇ ਪਾਰਸਲ ਵੀ।

ਅਸੀਂ ਦੋਵੇਂ ਲੰਡਨ ਦੇ ਯੂਨਿਟੀ ਥੇਟਰ ਦੇ ਮੈਂਬਰ ਵੀ ਬਣ ਗਏ। ਹੁਣ ਕੋਈ ਵੀ ਚੰਗਾ ਨਾਟਕ ਜਾਂ ਕਨਸਰਟ (ਸੰਗੀਤ ਪ੍ਰੋਗਰਾਮ) ਹੋਵੇ, ਅਸੀਂ ਵੇਖੇ ਬਿਨਾ ਨਹੀਂ ਸਾਂ ਛੱਡਦੇ। ਅਭਿਨੈ ਕਲਾ ਲਈ ਸਾਡੀ ਰੀਝ ਬੜੀ ਪਰਬਲ ਹੋ ਚੁੱਕੀ ਸੀ।

ਪਰ ਅਜੇ ਵੀ ਸਾਡੇ ਮਨ ਵਿਚ ਫਿਲਮਾਂ ਵਿਚ ਕੰਮ ਕਰਨ ਦਾ ਕਦੇ ਖਿਆਲ ਨਹੀਂ ਸੀ ਉੱਠਿਆ। ਹਾਂ, ਦਿਨੋ-ਦਿਨ ਵਾਪਸ ਜਾਣ ਦੀ ਇੱਛਾ ਜ਼ਰੂਰ ਪਰਬਲ ਹੁੰਦੀ ਜਾ ਰਹੀ ਸੀ। ਅਸੀਂ ਆਪਣੇ ਲਾਡਲੇ ਲਾਲ ਪਰੀਕਸ਼ਤ ਜੋ ਮਸਾਂ ਦਸਾਂ ਮਹੀਨਿਆਂ ਦਾ ਸੀ, ਨੂੰ ਮਾਂ ਕੋਲ ਛੱਡ ਆਏ ਸਾਂ। ਮੇਰੀ ਮਾਂ ਨੇ ਲੜਾਈ ਦੇ ਜ਼ਮਾਨੇ ਵਿਚ ਉਹਨੂੰ ਸਾਡੇ ਨਾਲ ਘੱਲਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਮੈਂ ਦਮੋ ਦੀਆਂ ਅੱਖਾਂ ਨੂੰ ਆਪਣੇ ਬੱਚੇ ਲਈ ਸਹਿਕਦਾ ਵੇਖ ਕੇ ਕਈ ਵਾਰੀ ਤੜਪ-ਤੜਪ ਜਾਂਦਾ ਸਾਂ। ਹਿੰਦੁਸਤਾਨ ਵਾਪਸ ਜਾਣ ਤੋਂ ਪਹਿਲਾਂ ਇਕ ਹੋਰ ਕਾਬਿਲੇ-ਜ਼ਿਕਰ ਘਟਨਾ ਹੋਈ। ਚੀਨ ਵੀ ਉਦੋਂ ਇਤਿਹਾਦੀ ਦੇਸ਼ਾਂ ਵਿਚ ਸ਼ਾਮਲ ਹੋ ਚੁੱਕਾ ਸੀ। ਬੀ.ਬੀ.ਸੀ. ਦਾ ਇਕ ਪ੍ਰਤੀਨਿਧ ਦਲ ਸਾਰੇ ਚੀਨ ਦਾ ਚੱਕਰ ਲਗਾ ਕੇ ਆਇਆ, ਅਤੇ ਉਹਨਾਂ ਦੇ ਦਿੱਤੇ ਬਿਆਨ ਅਤੇ ਭਾਸ਼ਣ ਸਾਡੇ ਵਿਭਾਗ ਵਿਚ ਵੀ ਆਏ। ਉਹਨਾਂ ਤੋਂ ਪਤਾ ਲੱਗਾ ਕਿ ਜਾਪਾਨ ਦੇ ਖਿਲਾਫ ਸਭ ਤੋਂ ਵੱਧ ਜਾਂ-ਨਿਸਾਰੀ ਨਾਲ ਉਤਰੀ ਚੀਨ ਦੀਆਂ ਕਮਿਊਨਿਸਟ ਫੌਜਾਂ ਲੜ ਰਹੀਆਂ ਹਨ। ਉਹਨਾਂ ਫੌਜਾਂ ਬਾਰੇ ਬੜੇ ਵਚਿੱਤਰ ਹਾਲ ਉਹਨਾਂ ਲਿਖੇ ਸਨ। ਉਹ ਫੌਜੀ ਲੜਦੇ ਵੀ ਸਨ, ਅਤੇ ਨਾਲ-ਨਾਲ ਕਿਸਾਨਾਂ ਨਾਲ ਮਿਲ ਕੇ ਖੇਤੀ ਵੀ ਕਰਦੇ ਸਨ। ਹਰ ਫੌਜੀ ਜਥੇ ਨੇ ਆਪਣਾ ਨਾਟਕ ਮੰਡਲ ਵੀ ਬਣਾਇਆ ਹੋਇਆ ਸੀ ਜੋ ਨਿੱਤ ਦੀਆਂ ਜੰਗੀ, ਸਿਆਸੀ ਅਤੇ ਸਮਾਜਿਕ ਘਟਨਾਵਾਂ ਨੂੰ ਲੈ ਕੇ ਝਟ ਨਾਟਕ ਤਿਆਰ ਕਰ ਲੈਂਦਾ ਸੀ ਤੇ ਪਿੰਡਾਂ ਦੇ ਲੋਕਾਂ ਦਾ ਮਨੋਰੰਜਨ ਵੀ ਕਰਦਾ ਸੀ, ਉੱਤਮ ਸਿੱਖਿਆ ਵੀ ਦੇਂਦਾ ਸੀ, ਤੇ ਉਹਨਾਂ ਦੇ ਗਿਆਨ-ਚਖਸ਼ੂ ਵੀ ਖੋਲ੍ਹਦਾ ਸੀ। ਉਸ ਥੇਟਰ ਦਾ ਨਾਂ ਸੀ 'ਪੀਪਲਜ਼ ਥੇਟਰ'।

ਪ੍ਰਤੀਨਿਧ ਦਲ ਆਪਣੇ ਨਾਲ ਬਹੁਤ ਸਾਰਾ ਚੀਨੀ ਸੰਗੀਤ ਵੀ ਰਿਕਾਰਡ ਕਰਕੇ ਲਿਆਇਆ ਸੀ ਜਿਸ ਵਿਚੋਂ ਬਹੁਤ ਸਾਰਾ 'ਚੀਨੀ ਪੀਪਲਜ਼ ਥੇਟਰ' ਦੇ ਕਲਾਕਾਰਾਂ ਦਾ ਸੀ। ਕੁਝ ਇਕ ਨਾਟਕਾਂ ਦੇ ਖਰੜੇ ਵੀ ਉਹ ਲਿਆਏ ਸਨ ਜੋ ਅਸਾਂ ਅਨੁਵਾਦ ਕਰਕੇ ਬ੍ਰਾਡਕਾਸਟ ਕੀਤੇ।

ਮੈਂ ਅਤੇ ਮੇਰੀ ਪਤਨੀ ਏਸ ਪੀਪਲਜ਼ ਥੇਟਰ ਵਲ ਬਹੁਤ ਖਿੱਚੇ ਗਏ। ਅਜਿਹੇ ਥੇਟਰ ਦੀ ਤਾਂ ਸਾਡੇ ਭਾਰਤ ਵਿਚ ਵੀ ਬੜੀ ਲੋੜ ਹੈ, ਅਸੀਂ ਸੋਚਦੇ। ਕਿਉਂ ਨਾ ਸਾਡੇ ਦੇਸ਼ ਵਿਚ ਵੀ ਪਿੰਡ-ਪਿੰਡ ਨਾਟਕ ਮੰਡਲੀਆਂ ਹੋਣ ਜੋ ਲੋਕਾਂ ਦੀ ਚੇਤਨਾ ਜਾਗਰਤ ਕਰਨ। ਮੈਂ ਆਪਣੇ ਕਾਲਜ ਦੇ ਜ਼ਮਾਨੇ ਵਿਚ ਨੋਰਾ ਰਿਚਰਡ ਨੂੰ ਇਹੋ ਜਿਹਾ ਇਕ ਤਜਰਬਾ ਕਰਦੇ ਵੇਖਿਆ ਸੀ, ਅਤੇ ਉਹ ਬੜਾ ਸਫਲ ਰਿਹਾ ਸੀ। ਨੋਰਾ ਰਿਚਰਡ ਨੇ ਪੇਂਡੂ ਜੀਵਨ ਦੀਆਂ ਝਾਕੀਆਂ ਬੜੇ ਯਥਾਰਥ ਨਾਲ ਪੇਸ਼ ਕੀਤੀਆਂ ਸਨ। ਕੋਈ ਵਡੇ ਸੈੱਟ ਨਹੀਂ ਸਨ ਲਾਏ, ਕੋਈ ਸਟੇਜੀ ਅਡੰਬਰ ਨਹੀਂ ਸੀ ਰਚਿਆ। ਸਾਰੇ ਪ੍ਰੋਗਰਾਮ ਉਤੇ ਮੁਸ਼ਕਲ ਨਾਲ ਦਸ ਰੁਪਏ ਖਰਚ ਹੋਏ ਹੋਣਗੇ। ਉਹਨਾਂ ਨਾਟਕਾਂ ਦਾ ਮੈਂ ਰਾਵਲਪਿੰਡੀ ਦੇ ਰੇਲ ਮਜ਼ਦੂਰਾਂ ਅਤੇ ਉਹਨਾਂ ਦੇ ਪਰਵਾਰਾਂ ਉਪਰ ਅਤਿਅੰਤ ਡੂੰਘਾ ਪ੍ਰਭਾਵ ਪੈਂਦਾ ਵੇਖਿਆ ਸੀ। ***(ਚੱਲਦਾ)***

# ਸੂਰਿਆਵੰਸ਼ੀ: ਨਫਰਤ ਦਾ ਵਪਾਰ

ਮੁਸਲਮਾਨ ਸ਼ਖਸ ਆਪਣੀ ਪਤਨੀ ਨੂੰ ਜਹਾਦ ਦੇ ਨਾਮ 'ਤੇ ਕਤਲ ਹੁੰਦਿਆਂ ਦੇਖਦਾ ਹੈ। ਆਮ ਹਿੰਦੂ ਦੇ ਸਾਂਗ ਵਿਚ ਵਿਚਰਦਾ ਇਹ ਨੌਜਵਾਨ ਸਾਦਾ ਜੀਵਨ ਬਿਤਾ ਰਿਹਾ ਹੈ ਤੇ ਪੇਸ਼ੇ ਤੋਂ ਕਾਰ ਮਕੈਨਿਕ ਹੈ ਪਰ ਜਦੋਂ ਉਸ ਦੀ ਹਿੰਦੂ ਪਤਨੀ ਉਸ ਨਾਲ ਅਤਿਵਾਦੀ ਸਾਜ਼ਿਸ਼ ਬਾਰੇ ਬਹਿਸਦੀ ਹੈ ਤਾਂ ਅਤਿਵਾਦੀ ਸਰਗਣੇ ਦਾ ਮੁਖੀ ਜੋ ਉਸ ਦੇ ਪਤੀ ਨੂੰ ਮੁੜ ਭਰਤੀ ਕਰਨ ਆਇਆ ਹੁੰਦਾ ਹੈ, ਬੜਾ ਸਹਿਜ ਰਹਿੰਦਿਆਂ ਇਸ ਔਰਤ ਦਾ ਕਤਲ ਕਰ ਦਿੰਦਾ ਹੈ। ਛੇਤੀ ਹੀ ਅਸੀਂ ਉਸ ਦੇ ਪਤੀ ਅਤੇ ਹੋਰ ਜਣਿਆਂ ਨੂੰ ਅਗਲੇ ਹਮਲੇ ਦੀ ਤਿਆਰੀ ਤੋਂ ਪਹਿਲਾਂ ਇਬਾਦਤ ਕਰਦਿਆਂ ਦੇਖਦੇ ਹਾਂ।

ਰਾਣਾ ਆਯੂਬ
ਤਰਜਮਾ: ਗੁਰਵਿੰਦਰ ਸਵੈਚ

ਇਹ ਨਫਰਤ ਭੜਕਾਊ ਦ੍ਰਿਸ਼ ਫਿਲਮ 'ਸੂਰਿਆਵੰਸ਼ੀ' ਦਾ ਹੈ। ਇਹ ਫਿਲਮ ਅਖੌਤੀ 'ਲਵ ਜਹਾਦ' ਦੀ ਸਾਜ਼ਿਸ਼ ਨੂੰ ਭੁਨਾਉਂਦੀ ਹੈ ਜਿਸ ਮੁਤਾਬਕ ਮੁਸਲਮਾਨ ਨੌਜਵਾਨ ਯੋਜਨਾਬੱਧ ਢੰਗ ਨਾਲ ਹਿੰਦੂ ਕੁੜੀਆਂ ਜਾਂ ਔਰਤਾਂ ਨੂੰ ਫੁਸਲਾਉਂਦੇ ਅਤੇ ਇਸਲਾਮ ਕਬੂਲ ਕਰਵਾਉਂਦੇ ਹਨ ਪਰ ਅਕਸ਼ੇ ਕੁਮਾਰ ਜੋ ਭਾਰਤ ਦੀਆਂ ਵੱਡੀਆਂ ਫਿਲਮ ਹਸਤੀਆਂ 'ਚੋਂ ਇੱਕ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵੱਡਾ ਮੁਰੀਦ ਅਤੇ ਅੰਨ੍ਹੀ ਕੌਮਪ੍ਰਸਤੀ ਵਾਲੀਆਂ ਆਪਣੀਆਂ ਫਿਲਮਾਂ ਲਈ ਪ੍ਰਸਿੱਧ ਹੈ, ਦੀ ਇਹ ਫਿਲਮ ਦੇ ਕੇਂਦਰ ਵਿਚ ਇਸਲਾਮ-ਵਿਰੋਧ ਦੇ ਹੋਰ ਤੱਤ ਵੀ ਮੌਜੂਦ ਹਨ।

'ਸੂਰਿਆਵੰਸ਼ੀ' ਕਰੋਨਾ ਲੌਕਡਾਊਨ ਖੁੱਲ੍ਹਣ ਤੋਂ ਬਾਅਦ ਭਾਰਤ ਅੰਦਰ ਰਿਲੀਜ਼ ਹੋਈ। ਇਸ ਦੀ ਸਫਲਤਾ ਨਫਰਤ ਅਤੇ ਵਿਤਕਰੇ ਭਰੇ ਉਸ ਮਾਹੌਲ ਨੂੰ ਭੜਕਾਉਂਦੀ ਹੈ ਜਿਸ ਨੂੰ ਕਰੀਬ ਵੀਹ ਕਰੋੜ ਭਾਰਤੀ ਮੁਸਲਮਾਨ ਆਪਣੇ ਪਿੰਡੇ 'ਤੇ ਹੰਢਾਉਣ ਲਈ ਮਜ਼ਬੂਰ ਹਨ। ਫਿਲਮ ਦਾ ਹਰ ਤੀਜਾ ਦ੍ਰਿਸ਼ ਇਸਲਾਮ ਦੀ ਡਰਾਉਣੀ ਤਸਵੀਰ ਪੇਸ਼ ਕਰਦਾ ਹੈ, ਜਦਕਿ ਉਚ ਵਰਗ ਦੇ ਹਿੰਦੂ ਦਾ ਕਿਰਦਾਰ ਜੋ ਅਕਸ਼ੇ ਕੁਮਾਰ ਨੇ ਨਿਭਾਇਆ ਹੈ, ਦੇਸ਼ਭਗਤੀ ਦਾ ਸਬਕ ਦਿੰਦਾ ਨਜ਼ਰ ਆਉਂਦਾ ਹੈ। ਮੁਸਲਮਾਨ ਖਲਨਾਇਕ ਦਾ ਵਿਹਾਰ ਨਫਰਤ ਭਰਿਆ ਹੈ, ਉਹ ਅਕ੍ਰਿਤਘਣ ਹੈ ਜਿਸ ਦੇ ਲੰਮੀ ਦਾੜ੍ਹੀ ਅਤੇ ਗੋਲ ਟੋਪੀ ਪਹਿਨੀ ਹੋਈ ਹੈ। ਹਰ ਵਾਰ ਜਦੋਂ ਨਾਇਕ ਕਿਸੇ ਭਾਰਤੀ ਮੁਸਲਮਾਨ ਨੂੰ ਜ਼ਾਬਤੇ 'ਚ ਰਹਿਣ ਦੀ ਨਸੀਹਤ ਦਿੰਦਾ ਹੈ ਤਾਂ ਸਿਨੇਮਾ ਹਾਲ 'ਚ ਬੈਠੇ ਦਰਸ਼ਕ ਜਿੱਥੇ ਮੈਂ ਫਿਲਮ ਦੇਖੀ, ਤਾੜੀਆਂ ਤੇ ਸੀਟੀਆਂ ਨਾਲ ਦਾਦ ਦਿੰਦੇ ਸਨ।

ਫਿਲਮ ਆਪਣੇ ਏਜੰਡੇ ਜੋ ਮੋਦੀ ਸਰਕਾਰ ਦਾ ਸੱਜੇ-ਪੱਖੀ, ਹਿੰਦੂ-ਰਾਸ਼ਟਰਵਾਦੀ ਏਜੰਡਾ ਹੈ, ਨੂੰ ਲੁਕੋਣ ਦਾ ਵੀ ਯਤਨ ਨਹੀਂ ਕਰਦੀ। ਇਹ ਕਸ਼ਮੀਰ ਦੇ ਖਾਸ ਸੂਬੇ ਦੇ ਦਰਜੇ ਨੂੰ ਖਤਮ ਕਰਨ ਨੂੰ ਨਿਆਇਕ ਠਹਿਰਾਉਂਦੀ ਹੈ, ਜਿੱਥੇ 2019 'ਚ ਹਜ਼ਾਰਾਂ ਨੌਜਵਾਨ ਨਜ਼ਰਬੰਦ ਕੀਤੇ ਅਤੇ ਇੰਟਰਨੈਟ ਸੇਵਾਵਾਂ ਮੁਕੰਮਲ ਤੌਰ 'ਤੇ ਬੰਦ ਕਰ ਦਿੱਤੀਆਂ ਸਨ। ਸਰਕਾਰ ਵਾਂਗ ਇਹ ਫਿਲਮ ਵੀ ਇਹੀ ਤਰਕ ਦਿੰਦੀ ਹੈ ਕਿ ਧਾਰਾ 370 ਹਟਾਉਣ ਤੋਂ ਬਾਅਦ ਵਾਦੀ 'ਚੋਂ ਅਤਿਵਾਦ ਦਾ ਸਫਾਇਆ ਹੋ ਗਿਆ ਹੈ। ਫਿਲਮਕਾਰਾਂ ਨੇ ਜੇ ਕਸ਼ਮੀਰ ਬਾਰੇ ਕੋਈ ਖ਼ਬਰ ਵੀ ਪੜ੍ਹੀ ਹੁੰਦੀ ਤਾਂ ਉਹ ਹਕੀਕਤ ਤੋਂ ਜਾਣੂ ਹੋ ਜਾਂਦੇ ਪਰ ਜਿਨ੍ਹਾਂ ਦਾ ਮੰਤਵ ਹੀ ਕੂੜ-ਪ੍ਰਚਾਰ ਕਰਨਾ ਹੋਵੇ ਉਹ ਹਕੀਕਤ ਕਿਉਂ ਜਾਣਨਾ ਚਾਹੁਣਗੇ?




*ਫਿਲਮ 'ਸੂਰਿਆਵੰਸ਼ੀ' ਦਾ ਪੋਸਟਰ।*

ਜਦੋਂ ਕੂੜ-ਪ੍ਰਚਾਰ ਵਿਕਦਾ ਹੋਵੇ, ਸਪਸ਼ਟ ਹੈ ਕਿ ਖਬਰਾਂ ਰੁਕਾਵਟ ਪੈਦਾ ਕਰਨਗੀਆਂ। ਪੁਲਿਸ ਨੇ 102 ਟਵਿੱਟਰ ਖਾਤਿਆਂ ਵਿਰੁੱਧ ਕਾਰਵਾਈ ਕੀਤੀ ਹੈ ਜਿਨ੍ਹਾਂ ਵਿਚ ਪੱਤਰਕਾਰ, ਸਮਾਜਕ ਕਾਰਕੁਨ ਅਤੇ ਵਕੀਲ ਸ਼ਾਮਲ ਹਨ ਜਿਨ੍ਹਾਂ ਨੇ ਉੱਤਰ ਪੂਰਬੀ ਸੂਬੇ ਤ੍ਰਿਪੁਰਾ 'ਚ ਅਕਤੂਬਰ ਮਹੀਨੇ ਅੰਜਾਮ ਦਿੱਤੀ ਗਈ ਮੁਸਲਮਾਨ-ਵਿਰੋਧੀ ਹਿੰਸਾ ਦੇ ਖਿਲਾਫ ਬੋਲਣ ਦੀ ਹਿੰਮਤ ਕੀਤੀ। ਉੱਥੇ ਹਿੰਦੂ ਕੱਟੜਪੰਥੀਆਂ ਵੱਲੋਂ ਮਸਜਿਦਾਂ ਦੀ ਤੋੜ-ਭੰਨ ਕੀਤੀ ਗਈ ਅਤੇ ਮੁਸਮਮਾਨਾਂ ਦੇ ਘਰਾਂ 'ਤੇ ਹਮਲੇ ਕੀਤੇ ਗਏ ਪਰ ਤ੍ਰਿਪੁਰਾ ਪੁਲਿਸ ਨੇ ਇਸ ਦਾ ਵਿਰੋਧ ਕਰਨ ਵਾਲਿਆਂ ਉਤੇ ਹੀ ਯੂ.ਏ.ਪੀ.ਏ. ਦਾ ਦੋਸ਼ ਲਾ ਦਿੱਤਾ।

ਨਵੀਂ ਦਿੱਲੀ ਅੰਦਰ ਚਾਰ ਹਫਤਿਆਂ ਤੱਕ ਜੁੰਮੇ ਦੀ ਨਮਾਜ਼ ਵਿਚ ਹਿੰਦੂ ਕੱਟੜਪੰਥੀਆਂ ਨੇ ਵਿਘਨ ਪਾਇਆ। ਅੰਤ ਵਿਚ ਪੰਜ ਨਵੰਬਰ ਨੂੰ ਮੁਸਲਮਾਨਾਂ ਨੂੰ ਉਥੋਂ ਖਦੇੜ ਕੇ ਇੱਕ ਭਾਜਪਾ ਆਗੂ ਦੀ ਅਗਵਾਈ 'ਚ ਆਰਤੀ ਕੀਤੀ ਗਈ। ਇਸ ਸੰਦਰਭ 'ਚ ਦੇਖੀਏ ਤਾਂ 'ਸੂਰਿਆਵੰਸ਼ੀ' ਵਰਗੀ ਫਿਲਮ ਮਹਿਜ਼ ਮਨੋਰੰਜਨ ਲਈ ਨਹੀਂ। ਇਹ ਮੁਸਲਮਾਨਾਂ ਵੱਲੋਂ ਤਾਂ ਕੀਤੇ ਹਮਲਿਆਂ 'ਤੇ ਉਂਗਲ ਚੁੱਕਦੀ ਹੈ ਜਦਕਿ ਹਿੰਦੂ ਕੱਟੜਪੰਥੀਆਂ ਵੱਲੋਂ ਅਨੇਕਾਂ ਵਾਰ ਕੀਤੀ ਹਿੰਸਾ ਨੂੰ ਅਸਾਨੀ ਨਾਲ ਅੱਖੋਂ ਪਰੋਖੇ ਕਰ ਜਾਂਦੀ ਹੈ। ਇਸ ਵਿਚਲਾ ਨਾਇਕ 1993 ਦੇ ਮੁੰਬਈ ਧਮਾਕੇ ਬਾਰੇ ਬੋਲਦਾ ਹੈ ਪਰ ਇਸ ਤੋਂ ਪਹਿਲਾਂ ਵਾਪਰੇ 1992 ਦੇ ਮੁਸਲਮਾਨ ਵਿਰੋਧੀ ਕਤਲੇਆਮ ਬਾਰੇ ਚੁੱਪ ਹੈ। ਉਹ 2002 ਦੇ ਗੁਜਰਾਤ ਦੰਗਿਆਂ ਬਾਰੇ ਵੀ ਕੁਝ ਨਹੀਂ ਬੋਲਦਾ, ਇਵੇਂ ਹੀ 2006 'ਚ ਹੋਏ ਮਾਲੇਗਾਂਓਂ ਧਮਾਕੇ ਜਿਨ੍ਹਾਂ 'ਚ ਜੁੰਮੇ ਦੀ ਨਮਾਜ਼ ਮਗਰੋਂ ਮੁਸਲਮਾਨਾਂ ਦੀਆਂ ਜਾਨਾਂ ਗਈਆਂ ਅਤੇ ਮਾਲੇਗਾਂਓਂ 'ਚ ਹੀ 2008 'ਚ ਹੋਏ ਧਮਾਕੇ ਜਿਨ੍ਹਾਂ ਵਿਚ ਫੌਜ ਦੇ ਸੇਵਾਮੁਕਤ ਅਫਸਰਾਂ ਦੀ ਸ਼ਮੂਲੀਅਤ ਸਾਬਤ ਹੋਈ ਸੀ।


ਭਾਰਤ ਅੰਦਰ ਮੋਦੀ ਸਰਕਾਰ ਵੱਲੋਂ ਮੁਸਲਿਮ ਮਦਰੱਸਿਆਂ ਅਤੇ ਜਥੇਬੰਦੀਆਂ ਨੂੰ ਵਿਦੇਸ਼ੀ ਪੈਸੇ ਦੀ ਸ਼ਹਿ 'ਤੇ ਅਤਿਵਾਦ ਫੈਲਾਉਣ ਦਾ ਦੋਸ਼ ਲਾ ਕੇ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਰਿਹਾ ਹੈ। ਇਸ ਫਿਲਮ 'ਚ ਮੁਸਲਮਾਨ ਵਿਦਵਾਨ ਅਤੇ ਮੌਲਵੀ ਜੋ ਸੰਸਥਾ ਚਲਾਉਂਦਾ ਹੈ, ਨੂੰ ਅਤਿਵਾਦੀ ਸਰਗਣੇ ਦਾ ਸੂਤਰਧਾਰ ਬਣਾ ਕੇ ਪੇਸ਼ ਕੀਤਾ ਹੈ ਜੋ ਪਾਕਿਸਤਾਨ ਤੋਂ ਵਿੱਤੀ ਮਦਦ ਲੈਂਦਾ ਹੈ।

ਇਸ ਫਿਲਮ ਦਾ ਨਿਰਮਾਤਾ ਕਰਨ ਜੌਹਰ ਹੈ ਜਿਸ ਨੇ 'ਮਾਈ ਨੇਮ ਇਜ਼ ਖਾਨ' ਵਰਗੀ ਫਿਲਮ ਬਣਾਈ ਜਿਹੜੀ 9/11 ਤੋਂ ਬਾਅਦ ਮੁਸਲਮਾਨਾਂ ਦਾ ਅਕਸ ਵਿਗਾੜਨ ਵਰਗੇ ਮਸਲੇ ਨੂੰ ਮੁਖਾਤਬ ਹੈ ਪਰ ਉਹ ਮੋਦੀ ਤੋਂ ਪਹਿਲਾਂ ਦੀ ਕਹਾਣੀ ਹੈ। ਜੌਹਰ ਦਾ ਨਵਾਂ ਸੰਸਾਰ-ਨਜ਼ਰੀਆ ਸਰਕਾਰ ਨੂੰ ਬਹੁਤ ਪਸੰਦ ਆਇਆ ਹੈ; ਇਸ ਬਦਲੇ ਉਹਨੇ ਹਾਲ ਹੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੌਜੂਦਗੀ 'ਚ ਦੇਸ਼ ਦਾ ਸਰਵੋਤਮ ਨਾਗਰਿਕ ਹੋਣ ਦਾ ਖਿਤਾਬ ਪ੍ਰਾਪਤ ਕੀਤਾ ਹੈ।

'ਸੂਰਿਆਵੰਸ਼ੀ' ਖਤਰਨਾਕ ਹੈ। ਇਸ ਨੂੰ ਦੇਖਣ ਬਾਅਦ ਨਾਜ਼ੀ ਜਰਮਨੀ ਦਾ ਚੇਤਾ ਨਾ ਆਵੇ, ਅਜਿਹਾ ਨਹੀਂ ਹੋ ਸਕਦਾ ਜਿੱਥੇ ਹਿਟਲਰ ਨੇ ਅਜਿਹੀ ਫਿਲਮ ਸਨਅਤ ਪੈਦਾ ਕੀਤੀ ਜਿਸ ਨੇ ਯਹੂਦੀਆਂ ਖਿਲਾਫ ਕੂੜ-ਪ੍ਰਚਾਰ ਵਾਲੀਆਂ ਫਿਲਮਾਂ ਬਣਾ ਕੇ ਹਿਟਲਰ ਦਾ ਪੂਰਾ ਮੁੱਲ ਤਾਰਿਆ। ਅਜਿਹੀਆਂ ਫਿਲਮਾਂ ਦਾ ਜਨਤਕ ਤੌਰ 'ਤੇ ਵਿਰੋਧ ਕੀਤਾ ਜਾਣਾ ਚਾਹੀਦਾ ਸੀ।

ਪਰਉਪਕਾਰੀ ਸਰਬ ਸਧਾਰੀ ਸਫਲ ਦਰਸਨ ਸਹਜਇਆ॥

## ਕਲਗੀਧਰ ਟਰਸਟ, ਕਲਗੀਧਰ ਸੁਸਾਇਟੀ ਅਤੇ ਬੜੂ ਸਾਹਿਬ ਦੇ ਰੂਹ-ਏ-ਰਵਾਂ, ਸ਼੍ਰੋਮਣੀ ਪੰਥ ਰਤਨ, ਪਦਮਸ਼੍ਰੀ
## ਅਤੇ
## ਸਿੱਖਿਆ ਦੇ ਖੇਤਰ ਵਿਚ ਨਵੇਂ ਪੂਰਨੇ ਪਾਉਣ ਵਾਲੇ ਅਤੇ ਰਾਹ-ਦਸੇਰੇ ਬ੍ਰਹਮ ਗਿਆਨੀ ਬਾਬਾ ਇਕਬਾਲ ਸਿੰਘ ਜੀ 29 ਜਨਵਰੀ, 2022 ਨੂੰ ਸਤਿਗੁਰੂ ਵਲੋਂ ਬਖਸ਼ੀ ਆਰਜਾ ਪੂਰੀ ਕਰਕੇ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਏ ਹਨ।




ਬਾਬਾ ਇਕਬਾਲ ਸਿੰਘ ਜੀ ਦੇ ਮਿਸ਼ਨ ਨੂੰ ਡਾ. ਦਵਿੰਦਰ ਸਿੰਘ ਜੀ ਅਤੇ ਡਾ. ਨਿਰਮਲ ਕੌਰ ਜੀ ਜਾਰੀ ਰੱਖਣਗੇ ਅਤੇ ਨੇਪਰੇ ਚਾੜ੍ਹਨਗੇ।

Dr. Devindrer Singh Ji and Dr. Nirmal Kaur Ji will continue to perform and complete Baba Iqbal Singh Ji's mission.

ਦੁਨੀਆ ਉਨ੍ਹਾਂ ਵੱਲੋਂ ਸਮਾਜਿਕ ਅਤੇ ਅਧਿਆਤਮਿਕ ਖੇਤਰ ਵਿਚ ਪਾਏ ਯੋਗਦਾਨ ਨੂੰ ਸਦਾ ਯਾਦ ਰੱਖੇਗੀ ਅਤੇ ਉਨ੍ਹਾਂ ਵੱਲੋਂ ਦਰਸਾਏ ਮਾਰਗ ਤੋਂ ਪ੍ਰੇਰਨਾ ਲੈਂਦੀ ਰਹੇਗੀ।

**ਮੇਜਰ ਗੁਰਚਰਨ ਸਿੰਘ ਝੱਜ, ਜੈਦੇਵ ਸਿੰਘ ਭੱਠਲ, ਸੁਖਰਾਜ ਸਿੰਘ ਤੱਖਰ ਅਤੇ ਸੇਵਕ ਪਰਿਵਾਰ, ਸ਼ਿਕਾਗੋ**